Golden State Realty
JASSI GILL
Broker/Owner
Listing and Selling Homes
From San Jose to Sacramento
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969
CA DRE# 00966763



Ad Space Available
Please call
Ph: 847-359-0746

COVERED CALIFORNIA
Certified Insurance Agent
Global Green INSURANCE AGENCY



ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
MANN@GGIABA.COM



Gurdawar Singh Mann
Gurcharan Singh Mann
Mann Insurance Brokers Inc.
4123 Dyer St., #230, Union City, CA 94587



Twenty-Second Year of Publication ਕੈਲੀਫੋਰਨੀਆ ਐਡੀਸ਼ਨ Price 50¢

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

Email:punjabtimes1@gmail.com
www.punjabtimesusa.com

# ਪੰਜਾਬ ਟਾਈਮਜ਼

Punjab Times, Vol 22, Issue 25, June 19th, 2021 — 20451 N. Plum Grove Rd., Palatine, IL 60074 — Ph:847-359-0746, Fax:847-705-9388


## ਪੰਜਾਬ ਵਿਚ ਸਿਆਸੀ ਜੋੜ-ਤੋੜ ਸਿਖਰਾਂ ਵੱਲ

### ਫਿਲਹਾਲ ਅਸਲ ਮੁੱਦੇ ਚਰਚਾ ਤੋਂ ਬਾਹਰ

**ਚੰਡੀਗੜ੍ਹ:** ਅਗਲੇ ਸਾਲ ਹੋਣ ਵਾਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸੂਬੇ ਵਿਚ ਬਣ ਰਹੇ ਸਿਆਸੀ ਸਮੀਕਰਨਾਂ ਤੋਂ ਜਾਪ ਰਿਹਾ ਹੈ ਕਿ ਇਸ ਵਾਰ ਫਿਰ ਬਾਜ਼ੀ ਰਵਾਇਤੀ ਧਿਰਾਂ ਹੱਥ ਹੀ ਰਹੇਗੀ। ਸ਼੍ਰੋਮਣੀ ਅਕਾਲੀ ਦਲ ਤੇ ਬਹੁਜਨ ਸਮਾਜ ਪਾਰਟੀ (ਬਸਪਾ) ਦੇ ਗੱਠਜੋੜ ਅਤੇ ਪਿਛਲੇ ਦਿਨੀਂ ਸੁਖਪਾਲ ਸਿੰਘ ਖਹਿਰਾ ਦੀ ਕਾਂਗਰਸੀ ਵਿਚ ਮੁੜ ਵਾਪਸੀ ਵਰਗੇ ਘਟਨਾਕ੍ਰਮਾਂ ਨੇ ਇਸ ਵਾਰ ਤੀਜੇ ਬਦਲ ਦਾ ਸੁਪਨਾ ਫਿਰ ਧੁੰਦਲਾ ਕਰ ਦਿੱਤਾ ਹੈ। ਯਾਦ ਰਹੇ ਕਿ 2019 ਦੀਆਂ






ਲੋਕ ਸਭਾ ਚੋਣਾਂ ਵੇਲੇ ਤੀਜੀ ਧਿਰ ਦਾ ਸਭ ਤੋਂ ਵੱਧ ਹੋਕਾ ਸੁਖਪਾਲ ਖਹਿਰਾ ਨੇ ਹੀ ਦਿੱਤਾ ਸੀ।

ਕੁਝ ਸਮਾਂ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਨਾਲੋਂ ਟੁੱਟ ਕੇ ਬਣੇ ਰਣਜੀਤ ਸਿੰਘ ਬ੍ਰਹਮਪੁਰਾ ਦੇ ਅਕਾਲੀ ਦਲ ਟਕਸਾਲੀ ਤੇ ਸੁਖਦੇਵ ਸਿੰਘ ਢੀਂਡਸਾ ਵਾਲੇ ਅਕਾਲੀ ਦਲ ਡੈਮੋਕਰੈਟਿਕ ਦੇ ਰਲੇਵੇਂ ਤੋਂ ਬਾਅਦ ਉਮੀਦ ਕੀਤੀ ਜਾ ਰਹੀ ਸੀ ਕਿ ਇਹ ਸਾਂਝਾ ਧੜਾ ਆਪਣੀਆਂ ਹਮਖਿਆਲੀ ਧਿਰਾਂ ਨੂੰ ਨਾਲ ਲੈ ਕੇ ਤੀਜੇ ਬਦਲ ਲਈ ਪਿੜ ਬੰਨ੍ਹੇਗਾ ਪਰ ਮੌਜੂਦਾ ਬਣ ਰਹੇ ਹਾਲਾਤ ਕੁਝ ਹੋਰ ਇਸ਼ਾਰਾ ਕਰ ਰਹੇ ਹਨ। ਚਰਚਾ ਹੈ ਕਿ ਅਕਾਲੀ ਦਲ ਬਾਦਲ ਦੀ ਬਸਪਾ ਤੋਂ ਬਾਅਦ ਖੱਬੀਆਂ ਧਿਰਾਂ ਨਾਲ ਵੀ ਗੱਲ ਚੱਲ ਰਹੀ ਹੈ।

ਅਸਲ ਵਿਚ, ਪੰਜਾਬ ਦਾ ਸਿਆਸੀ ਦ੍ਰਿਸ਼ ਇਸ ਵਾਰ ਬੜਾ ਉਲਝਣ ਵਾਲਾ ਹੈ। ਕਿਸਾਨ ਅੰਦੋਲਨ ਨੇ ਸਥਾਪਤ ਸਿਆਸੀ ਧਿਰਾਂ ਨੂੰ ਅੱਗੇ ਲਾਇਆ ਹੋਇਆ ਹੈ। ਅਕਾਲੀ ਦਲ-ਭਾਜਪਾ ਗਠਜੋੜ ਵੀ ਇਸੇ ਅੰਦੋਲਨ ਦੀ ਭੇਟ ਚੜ੍ਹ ਗਿਆ। ਅਕਾਲੀ ਦਲ ਹੁਣ ਭਾਜਪਾ ਵਾਲਾ ਘਾਟਾ ਪੂਰਨ ਲਈ ਬਸਪਾ ਅਤੇ ਖੱਬੀਆਂ ਪਾਰਟੀਆਂ ਪਿੱਛੇ ਗੇੜੇ ਮਾਰ ਰਿਹਾ ਹੈ। ਅਕਾਲੀ ਦਲ ਦੀ ਬਸਪਾ ਤੋਂ ਬਾਅਦ ਸੀ.ਪੀ.ਆਈ. ਅਤੇ ਸੀ.ਪੀ.ਐਮ. ਨਾਲ ਗੱਲ ਬਣਦੀ ਜਾਪ ਰਹੀ ਹੈ। ਬੇਸ਼ੱਕ ਖੱਬੀਆਂ ਧਿਰਾਂ ਦੀ ਹਾਲਤ ਪੰਜਾਬ ਵਿਚ ਬਹੁਤ ਪਤਲੀ ਪੈ ਗਈ ਸੀ ਪਰ ਕਿਸਾਨ ਮੋਰਚੇ ਕਾਰਨ ਖੱਬੇ ਪੱਖੀ ਤਾਕਤਾਂ ਪਹਿਲਾਂ ਨਾਲੋਂ ਕਾਫੀ ਮਜ਼ਬੂਤ ਹੋਈਆਂ ਹਨ। ਕਿਸਾਨ ਮੋਰਚੇ ਦੀਆਂ 32 ਯੂਨੀਅਨਾਂ ਵਿਚੋਂ 16-17 ਕਿਸਾਨ ਜਥੇਬੰਦੀਆਂ ਸਿਧੇ-ਅਸਿੱਧੇ ਰੂਪ ਵਿਚ ਖੱਬੇ ਪੱਖੀ ਹਨ।

ਪੰਜਾਬ ਦੀਆਂ ਸਿਆਸੀ ਧਿਰਾਂ ਦੀ ਇਸ ਵਾਰ ਸਭ ਤੋਂ ਵੱਡੀ ਪ੍ਰਾਪਤੀ ਇਹੀ ਹੋਵੇਗੀ ਕਿ ਉਹ ਕਿਸਾਨਾਂ ਦੀ ਹਮਾਇਤ ਹਾਸਲ ਕਰ ਸਕਣ। ਕਾਂਗਰਸ ਅਤੇ ਅਕਾਲੀ ਦਲ ਨੂੰ ਕਿਸਾਨ ਜਥੇਬੰਦੀਆਂ ਪਹਿਲਾਂ ਹੀ ਕੌੜੀਆਂ ਅੱਖਾਂ ਨਾਲ ਝਾਕ ਰਹੀਆਂ ਹਨ, ਹੁਣ ਅਕਾਲੀ ਦਲ ਟੇਢੇ ਢੰਗ ਨਾਲ ਇਹ ਹਮਾਇਤ ਲੈਣ ਦੀ ਤਿਆਰੀ ਵਿਚ ਹੈ। ਆਮ ਆਦਮੀ ਪਾਰਟੀ ਦੇ ਮੌਜੂਦਾ ਹਾਲਾਤ ਆਪਣੀ ਹੋਂਦ ਦੀ ਲੜਾਈ ਲੜਨ ਵਰਗੇ ਹਨ। ਉਮੀਦ ਕੀਤੀ ਜਾ ਰਹੀ ਸੀ ਕਿ ਉਹ (ਆਪ) ਆਪਣੀਆਂ ਹਮਖਿਆਲੀ ਧਿਰਾਂ ਨੂੰ ਨਾਲ ਗੰਢ ਕੇ ਕਾਂਗਰਸ ਅਤੇ ਅਕਾਲੀ ਦਲ ਨੂੰ ਟੱਕਰ ਦੇਵੇਗੀ।

ਸਿਆਸੀ ਮਾਹਰਾਂ ਵੱਲੋਂ ਕਾਂਗਰਸ ਦੇ ਅੰਦਰੂਨੀ ਕਲੇਸ਼ ਵਿਚੋਂ ਵੀ ਕੋਈ ਜੋੜ-ਤੋੜ ਹੋਣ ਦੀ ਉਮੀਦ ਲਾਈ ਜਾ ਰਹੀ ਸੀ। ਖਾਸ ਕਰਕੇ ਪਿਛਲੇ 7 ਮਹੀਨਿਆਂ ਤੋਂ ਪਾਰਟੀ ਨਾਲ ਨਾਰਾਜ਼ ਬੈਠੇ ਕਾਂਗਰਸੀ ਵਿਧਾਇਕ ਨਵਜੋਤ ਸਿੰਘ ਸਿੱਧੂ ਬਾਰੇ ਕਾਫੀ ਚਰਚਾ ਸੀ। ਆਮ ਆਦਮੀ ਪਾਰਟੀ ਸਮੇਤ ਬਾਦਲ ਧੜੇ ਨਾਲੋਂ ਟੁੱਟ ਕੇ ਬਣੇ ਦਲ ਸਿੱਧੂ ਨੂੰ ਅੱਗੇ ਲਾ ਕੇ ਚੱਲਣ ਦੀਆਂ ਵਿਉਂਤਾਂ ਘੜ ਰਹੇ ਸਨ ਪਰ ਪਿਛਲੇ ਦਿਨੀਂ ਸਿੱਧੂ ਵੱਲੋਂ ਆਪਣੇ ਆਪ ਨੂੰ ਪਾਰਟੀ ਦਾ ਵਫਾਦਾਰ ਸਿਪਾਹੀ ਦੱਸਣ ਤੇ ਹਾਈਕਮਾਨ ਵੱਲੋਂ ਚੋਣਾਂ ਤੋਂ ਪਹਿਲਾਂ ਉਸ ਨੂੰ ਕਿਸੇ ਵੱਡੇ ਅਹੁਦੇ ਨਾਲ ਨਿਵਾਜਣ ਤੋਂ ਜਾਪ ਰਿਹਾ ਹੈ ਕਿ ਪੰਜਾਬ ਕਾਂਗਰਸ ਦਾ ਕਲੇਸ਼ ਸੂਬੇ ਦੇ ਮਸਲਿਆਂ ਦੀ ਥਾਂ ਕੁਰਸੀ ਦਾ ਹੀ ਸੀ।

ਹੁਣ ਹਾਲਾਤ ਇਹ ਬਣ ਰਹੇ ਹਨ ਕਿ ਕਾਂਗਰਸ ਹਾਈਕਮਾਨ ਵੱਲੋਂ ਦਾਅਵਾ ਕੀਤਾ ਜਾ ਰਿਹਾ ਹੈ ਕਿ ਉਹ ਆਉਂਦੇ ਦਿਨਾਂ ਵਿਚ ਇਹ ਕਲੇਸ਼ ਨਬੇੜ ਕੇ ਚੋਣਾਂ ਤਿਆਰੀਆਂ ਲਈ ਪੂਰੀ ਵਾਹ ਲਾ ਦੇਵੇਗੀ। ਅਕਾਲੀ ਦਲ ਬਾਦਲ ਭਾਜਪਾ ਵਾਲਾ ਘਾਟਾ ਪੂਰਨ ਲਈ ਛੋਟੇ ਮੋਟੇ ਧੜਿਆਂ ਨੂੰ ਨਾਲ ਗੰਢਣ ਵਿਚ ਜੁਟਿਆ ਹੋਇਆ ਹੈ। ਆਮ ਆਦਮੀ ਪਾਰਟੀ ਆਪਣੇ ਦਮ ਉਤੇ ਸਿਆਸੀ ਮੈਦਾਨ ਵਿਚ ਕੁੱਦਣ ਦਾ ਮਨ ਬਣਾਈ ਬੈਠੀ ਹੈ। ਤੀਜੇ ਬਦਲ ਦੀਆਂ ਹਾਕਾਂ ਮਾਰਨ ਵਾਲੀਆਂ ਇਕ-ਦੋ ਧਿਰਾਂ ਦੂਰ ਬੈਠੀਆਂ ਤਾਜ਼ਾ ਸਿਆਸੀ ਦ੍ਰਿਸ਼ ਵੱਲ ਝਾਕ ਰਹੀਆਂ ਹਨ।

ਯਾਦ ਰਹੇ ਕਿ ਪਿਛਲੇ ਲੰਮੇ ਸਮੇਂ ਤੋਂ ਪੰਜਾਬ ਵਿਚ ਵਾਰੀ ਵੱਟੇ ਵਾਲੀ ਸਿਆਸਤ ਵਾਲਾ ਮਾਹੌਲ ਰਿਹਾ ਹੈ ਤੇ ਕਾਂਗਰਸ ਤੇ ਅਕਾਲੀ ਦਲ ਬਾਦਲ ਇਸ ਦਾ ਧੁਰਾ ਰਹੀਆਂ ਹਨ। ਪੰਜਾਬ ਦੀਆਂ ਮੌਜੂਦਾ ਚੁਣੌਤੀਆਂ ਨੂੰ ਇਨ੍ਹਾਂ ਧਿਰਾਂ ਨੇ ਸਿਆਸੀ ਹਥਿਆਰ ਵਜੋਂ ਵਰਤਿਆ ਹੈ। ਇਨ੍ਹਾਂ ਚੁਣੌਤੀਆਂ ਨੂੰ ਵਾਰੀ-ਵਾਰੀ ਚੋਣ ਮੁੱਦੇ ਵਜੋਂ ਉਭਾਰ ਕੇ ਸੱਤਾ ਦਾ ਸੁੱਖ ਭੋਗਿਆ ਹੈ ਪਰ

(ਬਾਕੀ ਸਫਾ 6 ਉਤੇ)

## ਭਾਜਪਾ ਖਿਲਾਫ ਮੁਲਕ ਪੱਧਰੀ ਪਿੜ ਬੱਝਣ ਲੱਗਾ

**ਨਵੀਂ ਦਿੱਲੀ:** ਕਿਸਾਨ ਅੰਦੋਲਨ ਦੇ ਹੱਕ ਵਿਚ ਅਤੇ ਭਾਜਪਾ ਖਿਲਾਫ ਬਣ ਰਹੇ ਮਾਹੌਲ ਪਿੱਛੋਂ ਜਿਥੇ ਸੂਬਾ ਪੱਧਰ ਉਤੇ ਸਿਆਸੀ ਸਰਗਰਮੀਆਂ ਤੇਜ਼ ਹੋ ਗਈਆਂ ਹਨ, ਉਥੇ ਭਗਵਾ ਧਿਰ ਦੇ ਟਾਕਰੇ ਲਈ ਕੌਮੀ ਸਿਆਸਤ ਵਿਚ ਲਾਮਬੰਦੀ ਲਈ ਪਿੜ ਬੰਨ੍ਹਣ ਲਈ ਕੋਸ਼ਿਸ਼ਾਂ ਤੇਜ਼ ਹੋ ਗਈਆਂ ਹਨ। ਇਹ ਸਰਗਰਮੀਆਂ ਪੱਛਮੀ ਬੰਗਾਲ ਵਿਚ ਤ੍ਰਿਣਮੂਲ ਕਾਂਗਰਸ ਦੀ ਇਤਿਹਾਸਕ ਜਿੱਤ ਤੇ ਮਮਤਾ ਬੈਨਰਜੀ ਦੇ ਵੱਡੇ ਸਿਆਸੀ



ਆਗੂ ਵਜੋਂ ਉਭਾਰ ਦੁਆਲੇ ਘੁੰਮ ਰਹੀਆਂ ਹਨ।

ਪਿਛਲੇ ਦਿਨੀਂ ਸਿਆਸੀ ਰਣਨੀਤੀਕਾਰ ਪ੍ਰਸ਼ਾਂਤ ਕਿਸ਼ੋਰ ਵੱਲੋਂ ਐਨ.ਸੀ.ਪੀ. ਪ੍ਰਧਾਨ ਸ਼ਰਦ ਪਵਾਰ ਨਾਲ ਮੁਲਾਕਾਤ ਮਗਰੋਂ ਸਿਆਸੀ ਹਲਕਿਆਂ 'ਚ ਨਵੀਆਂ ਸਿਆਸੀ ਪੇਸ਼ਬੰਦੀਆਂ ਦੀ ਚਰਚਾ ਤੇਜ਼ ਹੋ ਗਈ ਹੈ। ਪੱਛਮੀ ਬੰਗਾਲ 'ਚ ਤ੍ਰਿਣਮੂਲ ਕਾਂਗਰਸ ਅਤੇ ਤਾਮਿਲਨਾਡੂ 'ਚ ਡੀ.ਐਮ.ਕੇ. ਦੀ ਜਿੱਤ ਮਗਰੋਂ ਪ੍ਰਸ਼ਾਂਤ ਕਿਸ਼ੋਰ ਦੀ ਸ੍ਰੀ ਪਵਾਰ ਨਾਲ ਇਹ ਪਹਿਲੀ ਮੁਲਾਕਾਤ ਸੀ। ਸ੍ਰੀ ਕਿਸ਼ੋਰ ਨੇ ਦੋਵੇਂ ਪਾਰਟੀਆਂ ਦੀ ਵਿਧਾਨ ਸਭਾ ਚੋਣਾਂ 'ਚ ਜਿੱਤ ਦੀ ਰਣਨੀਤੀ ਬਣਾਈ ਸੀ। ਇਸ ਮੁਲਾਕਾਤ ਵਿਚੋਂ ਇਹ ਗੱਲ ਨਿਕਲ ਕੇ ਸਾਹਮਣੇ ਆਈ ਹੈ ਕਿ 2024 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਭਾਜਪਾ ਖਿਲਾਫ ਇਕ ਮਜ਼ਬੂਤ ਸਿਆਸੀ ਪਿੜ ਬੰਨ੍ਹਣ ਲਈ ਕੋਸ਼ਿਸ਼ਾਂ ਹੋਣਗੀਆਂ।

ਇਹ ਵੀ ਚਰਚਾ ਹੈ ਕਿ ਪ੍ਰਸ਼ਾਂਤ ਕਿਸ਼ੋਰ ਨੇ ਕਾਂਗਰਸ ਤੋਂ ਬਿਨਾਂ ਸਾਰੀਆਂ ਸਿਆਸੀ ਧਿਰਾਂ ਨੂੰ ਭਾਜਪਾ ਦੇ ਟਾਕਰੇ ਲਈ

(ਬਾਕੀ ਸਫਾ 6 ਉਤੇ)


Harmit Toor
Your Realtor® For Life!



Broker Associate
BRE Lic.# 01462579
NMLS ID 358820
2015-19 Awarded Grand Master Achievement Club Certificate
Help you Buy or Sell:
- Residential Property
- Commercial property
- Business Opportunity
Financing:
- Residential Loans
- Commercial Loans
- SBA Loans
Commercial Leasing
BEB BAY EAST BROKERS
EQUAL HOUSING OPPORTUNITY
Ph: 925-202-7027
HDtoor@gmail.com
WWW.BayEastBrokers.Com



Raja SWEETS & CATERING
AUTHORIZED CATERER FOR MAJOR 5-STAR HOTELS
Follow us on:
Toll Free 1-866-FOR-RAJA
www.rajasweets.com
msbains@rajasweets.com
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets
Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi
Catering Services:
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que
Additional Services:
- Warmers
- Chaffing Dishes
- China & Silverware
- Linen Rental
- Waiters & Bartenders
Raja Sweets & Indian Cuisine
Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

Law Office of
Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)



Manpreet S. Gahra
Attorny At Law
Berkeley Office
2161 Shattuck Ave., 304, Berkeley
Ph:510-841-4582
Fax:510-217-6847
Email: manpreet@gahralaw.com

# ਬੇਅਦਬੀ ਮਾਮਲਿਆਂ 'ਤੇ ਸਿਆਸਤ ਕਰਨ ਵਾਲਿਆਂ ਦੇ ਬਾਈਕਾਟ ਦਾ ਸੱਦਾ

### *ਸਿੱਖਾਂ ਨਾਲ ਸਬੰਧਤ ਮੁੱਦਿਆਂ ਦੇ ਹੱਲ ਲਈ ਕਮੇਟੀਆਂ ਕਾਇਮ*

**ਅੰਮ੍ਰਿਤਸਰ:** ਸਿੱਖ ਜਥੇਬੰਦੀਆਂ ਵੱਲੋਂ ਸੱਦੀ ਗਈ ਪੰਥਕ ਅਸੈਂਬਲੀ ਵਿਚ ਬੇਅਦਬੀ ਮਾਮਲਿਆਂ 'ਤੇ ਸਿਆਸਤ ਕਰਨ ਵਾਲੀਆਂ ਸਾਰੀਆਂ ਸਿਆਸੀ ਪਾਰਟੀਆਂ ਦਾ ਅਗਲੀਆਂ ਵਿਧਾਨ ਸਭਾ ਚੋਣਾਂ 'ਚ ਬਾਈਕਾਟ ਕਰਨ ਦਾ ਐਲਾਨ ਕੀਤਾ ਗਿਆ ਹੈ। ਇਥੇ ਵਰਚੁਅਲ ਮੀਟਿੰਗ ਦੌਰਾਨ ਸਿੱਖਾਂ ਨਾਲ ਸਬੰਧਤ ਮੁੱਦਿਆਂ ਦੇ ਹੱਲ ਲਈ ਵੱਖ-ਵੱਖ ਕਮੇਟੀਆਂ ਕਾਇਮ ਕੀਤੀਆਂ ਗਈਆਂ।

ਪੰਥਕ ਤਾਲਮੇਲ ਸੰਗਠਨ ਦੇ ਆਗੂ ਐਡਵੋਕੇਟ ਜਸਵਿੰਦਰ ਸਿੰਘ ਨੇ ਦੱਸਿਆ ਕਿ ਅਸੈਂਬਲੀ ਦੇ ਕਨਵੀਨਰ



ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ ਅਤੇ ਬੁਲਾਰੇ ਸ਼੍ਰੋਮਣੀ ਕਮੇਟੀ ਦੇ ਮੈਂਬਰ ਅਤੇ ਸਾਬਕਾ ਜਨਰਲ ਸਕੱਤਰ ਸੁਖਦੇਵ ਸਿੰਘ ਭੌਰ ਸਨ। ਉਨ੍ਹਾਂ ਦੱਸਿਆ ਕਿ ਪੰਥਕ ਅਸੈਂਬਲੀ ਦੌਰਾਨ ਸਰਬਸੰਮਤੀ ਨਾਲ ਚਾਰ ਮਤੇ ਪਾਸ ਕੀਤੇ ਗਏ ਹਨ। ਬੁਲਾਰਿਆਂ ਨੇ ਕਿਹਾ ਕਿ ਅਕਾਲੀ ਸਰਕਾਰ ਨੇ ਦੋਸ਼ੀਆਂ ਖਿਲਾਫ ਕਾਰਵਾਈ ਦੀ ਥਾਂ ਵੋਟ ਬੈਂਕ ਖਾਤਰ ਬੇਅਦਬੀ ਘਟਨਾਵਾਂ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ। ਕਾਂਗਰਸ ਨੇ ਵੀ ਸੱਤਾ ਹਾਸਲ ਕਰਨ ਲਈ ਬੇਅਦਬੀ ਕਾਂਡ ਨੂੰ ਵਰਤਿਆ। ਇਸ ਸਬੰਧੀ ਪਾਸ ਕੀਤੇ ਇਕ ਮਤੇ ਰਾਹੀਂ ਪੰਥਕ ਅਸੈਂਬਲੀ ਨੇ ਸਿੱਖ ਸੰਗਤ ਨੂੰ ਅਪੀਲ ਕੀਤੀ ਹੈ ਕਿ ਬੇਅਦਬੀ ਘਟਨਾਵਾਂ 'ਤੇ ਸਿਆਸਤ ਕਰਨ ਵਾਲੀਆਂ ਸਾਰੀਆਂ ਧਿਰਾਂ ਦਾ ਵਿਧਾਨ ਸਭਾ ਚੋਣਾਂ 'ਚ ਬਾਈਕਾਟ ਕੀਤਾ ਜਾਵੇ। ਪੰਥਕ ਅਸੈਂਬਲੀ ਨੇ ਲੋਕ ਮੁੱਦਿਆਂ ਨੂੰ ਸਰਗਰਮ ਕਰਨ ਲਈ ਬਣਾਈ ਚਾਰ ਮੈਂਬਰੀ ਕਮੇਟੀ ਵਿੱਚ ਗੁਰਤੇਜ ਸਿੰਘ ਸਾਬਕਾ ਆਈ.ਏ.ਐਸ, ਜਸਪਾਲ ਸਿੰਘ ਸਿੱਧੂ ਪੱਤਰਕਾਰ, ਰਜਿੰਦਰ ਸਿੰਘ ਖਾਲਸਾ ਪੰਚਾਇਤ ਤੇ ਡਾ. ਖੁਸ਼ਹਾਲ ਸਿੰਘ ਚੰਡੀਗੜ੍ਹ ਨੂੰ ਸ਼ਾਮਲ ਕੀਤਾ ਗਿਆ ਹੈ। ਇਸ ਤੋਂ ਇਲਾਵਾ ਧਰਮ ਅਤੇ ਲੋਕ ਭਾਵਨਾਵਾਂ ਨਾਲ ਖਿਲਵਾੜ ਕਰਨ ਵਾਲੀਆਂ ਸਿਆਸੀ ਪਾਰਟੀਆਂ ਤੇ ਸਿਆਸਤਦਾਨਾਂ ਖਿਲਾਫ ਕਾਰਵਾਈ ਲਈ ਵਕੀਲਾਂ ਦਾ ਇਕ ਪੈਨਲ ਕਾਇਮ ਕੀਤਾ ਗਿਆ ਹੈ।

ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਦੇ ਵਿਧੀ ਵਿਧਾਨ ਨੂੰ ਬਦਲਣ ਅਤੇ ਸ੍ਰੀ ਅਕਾਲ ਤਖਤ ਦੇ ਪ੍ਰਬੰਧ ਬਾਰੇ ਇਕ ਕਮੇਟੀ ਦਾ ਗਠਨ ਕੀਤਾ ਗਿਆ ਹੈ, ਜੋ ਕਿ ਇਸ ਸਬੰਧੀ ਲੋੜੀਂਦੀ ਕਾਰਵਾਈ ਲਈ ਕੰਮ ਕਰੇਗਾ। ਇਸ ਕਮੇਟੀ ਵਿੱਚ ਸੁਖਦੇਵ ਸਿੰਘ ਭੌਰ, ਜਸਵਿੰਦਰ ਸਿੰਘ ਐਡਵੋਕੇਟ, ਹਰਬੰਸ ਸਿੰਘ ਕਾਲਰਾ, ਰਾਣਾ ਇੰਦਰਜੀਤ ਸਿੰਘ, ਡਾ. ਖੁਸ਼ਹਾਲ ਸਿੰਘ, ਬਲਵਿੰਦਰ ਸਿੰਘ ਜੌੜਾ ਸਿੰਘਾ ਅਤੇ ਰਸ਼ਪਾਲ ਸਿੰਘ ਨੂੰ ਸ਼ਾਮਲ ਕੀਤਾ ਗਿਆ ਹੈ। ਬੁਲਾਰਿਆਂ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਵਿਧਾਨ ਨੂੰ ਬਣਿਆ 100 ਸਾਲ ਹੋ ਚੁੱਕੇ ਹਨ ਅਤੇ ਇਸ ਵਿਚ ਸਮੇਂ ਮੁਤਾਬਕ ਤਬਦੀਲੀਆਂ ਕਰਨ ਦੀ ਲੋੜ ਹੈ।


## ਡਿਸ਼ਵਾਸ਼ਰ, ਕੁੱਕ ਹੈਲਪਰ, ਵੇਟਰ ਅਤੇ ਤੰਦੂਰੀਏ ਦੀ ਲੋੜ ਹੈ

**ਮੈਡੀਸਨ, ਵਿਸਕਾਨਸਿਨ ਵਿਚ ਭਾਰਤੀ ਰੈਸਟੋਰੈਂਟ ਲਈ ਡਿਸ਼ਵਾਸ਼ਰ, ਕੁੱਕ ਹੈਲਪਰ, ਵੇਟਰ ਅਤੇ ਤੰਦੂਰੀਏ ਦੀ ਲੋੜ ਹੈ।**

**ਚੰਗੀ ਤਨਖਾਹ ਅਤੇ ਰਹਿਣ ਦਾ ਪ੍ਰਬੰਧ**

*ਸੰਪਰਕ ਕਰੋ, ਮਿਸਟਰ ਸਿੰਘ*

**ਫੋਨ: 608-886-2500**

24-28

## ਤੰਦੂਰੀਏ, ਸ਼ੈਫ ਤੇ ਕਿਚਨ ਹੈਲਪਰ ਦੀ ਲੋੜ ਹੈ

**ਐਟਲਾਂਟਾ, ਜਾਰਜੀਆ ਵਿਚ ਤੰਦੂਰੀਏ, ਸ਼ੈਫ ਤੇ ਕਿਚਨ ਹੈਲਪਰ ਦੀ ਲੋੜ ਹੈ**

**ਰਿਹਾਇਸ਼ ਅਤੇ ਖਾਣਾ ਫਰੀ**

*ਸੰਪਰਕ ਕਰੋ: ਜਸਵੀਰ ਸਿੰਘ ਢੀਂਡਸਾ*

**ਫੋਨ: 757-240-9348**

24-28


# ਸ਼੍ਰੋਮਣੀ ਕਮੇਟੀ ਦੇ ਦਸਤਾਵੇਜ਼ੀ ਫਿਲਮਾਂ ਬਣਾਉਣ ਦੇ ਫੈਸਲੇ ਉਤੇ ਇਤਰਾਜ਼

**ਅੰਮ੍ਰਿਤਸਰ:** ਅਕਾਲ ਤਖਤ ਦੇ ਸਾਬਕਾ ਜਥੇਦਾਰ ਭਾਈ ਰਣਜੀਤ ਸਿੰਘ ਨੇ ਸ਼੍ਰੋਮਣੀ ਕਮੇਟੀ ਵੱਲੋਂ ਗੁਰੂ ਤੇਗ ਬਹਾਦਰ ਨਾਲ ਸਬੰਧਤ ਸਿੱਖ ਸ਼ਖਸੀਅਤਾਂ ਦੇ ਜੀਵਨ 'ਤੇ ਅਧਾਰਤ ਦਸਤਾਵੇਜ਼ੀ ਫਿਲਮਾਂ ਤਿਆਰ ਕਰਨ ਦੇ ਫੈਸਲੇ ਦਾ ਵਿਰੋਧ ਕਰਦਿਆਂ ਕਿਹਾ ਕਿ ਕਮੇਟੀ ਨੂੰ ਇਸ ਫੈਸਲੇ 'ਤੇ ਮੁੜ ਵਿਚਾਰ ਕਰਨਾ ਚਾਹੀਦਾ ਹੈ। ਸਾਬਕਾ ਜਥੇਦਾਰ ਨੇ ਦੱਸਿਆ ਕਿ ਉਨ੍ਹਾਂ ਨੇ ਇਸ ਸਬੰਧੀ ਸ਼੍ਰੋਮਣੀ ਕਮੇਟੀ ਪ੍ਰਧਾਨ ਬੀਬੀ ਜਗੀਰ ਕੌਰ ਨੂੰ ਪੱਤਰ ਵੀ ਭੇਜਿਆ ਹੈ। ਇਸ ਪੱਤਰ ਵਿਚ



ਉਨ੍ਹਾਂ ਲਿਖਿਆ ਕਿ 20 ਫਰਵਰੀ 1934 ਨੂੰ ਸ਼੍ਰੋਮਣੀ ਕਮੇਟੀ ਦੀ ਧਾਰਮਿਕ ਸਲਾਹਕਾਰ ਕਮੇਟੀ ਨੇ ਆਪਣੀ ਰਾਏ ਦੇ ਕੇ ਸਿਫਾਰਸ਼ ਕੀਤੀ ਸੀ ਕਿ ਗੁਰੂ ਸਾਹਿਬਾਨ ਅਤੇ ਸਿੱਖ ਸ਼ਹੀਦਾਂ ਆਦਿ ਦੀਆਂ ਇਤਿਹਾਸਕ ਸਾਖੀਆਂ ਫਿਲਮਾਉਣਾ, ਸਿੱਖ ਸੰਸਕਾਰਾਂ ਦੀ ਨਕਲ ਕਰਨਾ ਅਤੇ ਫਿਲਮਾਂ ਬਣਾਉਣੀਆਂ ਸਿੱਖ ਅਸੂਲਾਂ ਦੇ ਵਿਰੁੱਧ ਹੈ। ਉਨ੍ਹਾਂ ਕਿਹਾ ਕਿ ਸਿਆਸਤ ਦੀ ਖੇਡ ਵਿਚ ਫਸ ਕੇ ਕੌਮ ਦੇ ਸ਼ਾਨਾਮੱਤੇ ਇਤਿਹਾਸ ਨੂੰ ਢਾਹ ਲਾਉਣ ਦੀ ਕੋਸ਼ਿਸ਼ ਨਾ ਕੀਤੀ ਜਾਵੇ।


ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਫਿਲਮਾਂ ਬਣਾਉਣ ਦੀ ਥਾਂ ਲਾਪਤਾ ਸਰੂਪਾਂ ਦੇ ਮਾਮਲੇ ਦੀ ਜਾਂਚ ਦਾ ਜਵਾਬ ਦੇਵੇ। ਇਕ ਕੇਸ ਵਿਚ ਅਦਾਲਤ 2004 ਤੋਂ ਸ਼੍ਰੋਮਣੀ ਕਮੇਟੀ ਕੋਲੋਂ ਸਾਕਾ ਨੀਲਾ ਤਾਰਾ ਫੌਜੀ ਹਮਲੇ ਤੋਂ ਪਹਿਲਾਂ ਸਿੱਖ ਰੈਫਰੈਂਸ ਲਾਇਬਰੇਰੀ ਵਿਚਲੇ ਗ੍ਰੰਥਾਂ ਅਤੇ ਹੁਕਮਨਾਮਿਆਂ ਬਾਰੇ ਪੁੱਛ ਰਹੀ ਹੈ। ਇਸ ਸਬੰਧੀ 2004 ਤੋਂ ਬਾਅਦ ਹੁਣ ਤਕ ਕਿਸੇ ਵੀ ਪ੍ਰਧਾਨ ਨੇ ਜਵਾਬ ਨਹੀਂ ਦਿੱਤਾ।

ਭਾਈ ਰਣਜੀਤ ਸਿੰਘ ਨੇ ਸ਼੍ਰੋਮਣੀ ਕਮੇਟੀ ਵੱਲੋਂ ਜੂਨ 1984 ਵਿਚ ਫੌਜੀ ਹਮਲੇ ਵੇਲੇ ਗੋਲੀ ਲੱਗਣ ਕਾਰਨ ਨੁਕਸਾਨੀ ਗਈ ਬੀੜ ਦੇ ਦਰਸ਼ਨ ਕਰਵਾਉਣ ਦੇ ਫੈਸਲੇ ਦਾ ਸਵਾਗਤ ਕੀਤਾ ਪਰ ਨਾਲ ਹੀ ਸਵਾਲ ਕੀਤਾ ਕਿ ਕਮੇਟੀ ਨੂੰ 37 ਸਾਲ ਇਸ ਦੀ ਯਾਦ ਕਿਉਂ ਨਹੀਂ ਆਈ। ਇਸ ਬੀੜ ਦੇ ਪਿੰਡਾਂ ਵਿਚ ਲੋਕਾਂ ਨੂੰ ਦਰਸ਼ਨ ਕਰਵਾਉਣ ਦੀ ਯੋਜਨਾ ਬਾਰੇ ਉਨ੍ਹਾਂ ਕਿਹਾ ਕਿ ਇਸ ਦੇ ਨਾਲ ਹੀ ਬਰਗਾੜੀ ਵਾਲੀ ਬੀੜ ਦੇ ਵੀ ਦਰਸ਼ਨ ਕਰਵਾਏ ਜਾਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਜੇ ਸ਼੍ਰੋਮਣੀ ਕਮੇਟੀ ਨੇ ਅਜਿਹਾ ਨਾ ਕੀਤਾ ਤਾਂ ਉਹ ਨਗਰ ਕੀਰਤਨ ਦੇ ਰੂਪ 'ਚ ਬਰਗਾੜੀ ਵਾਲੀ ਬੀੜ ਸੰਗਤ ਦੇ ਦਰਸ਼ਨ ਲਈ ਲੈ ਕੇ ਜਾਣਗੇ।

# ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਚ ਸੌਰ ਪਲਾਂਟ ਲਾਉਣ ਦੀ ਸ਼ੁਰੂਆਤ

**ਅੰਮ੍ਰਿਤਸਰ:** ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਖੇ ਸੂਰਜੀ ਊਰਜਾ ਰਾਹੀਂ ਬਿਜਲੀ ਪੈਦਾ ਕਰਨ ਅਤੇ ਬਿਜਲੀ ਖਰਚਿਆਂ 'ਚ ਬੱਚਤ ਕਰਨ ਹਿੱਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਅਮਰੀਕੀ ਸਿੱਖ ਸੰਸਥਾ ਦੇ ਸਹਿਯੋਗ ਨਾਲ ਮਾਤਾ ਗੰਗਾ ਜੀ ਨਿਵਾਸ ਦੀ ਛੱਤ 'ਤੇ 700 ਕਿਲੋਵਾਟ ਦੀ ਸਮਰੱਥਾ ਵਾਲਾ ਸੋਲਰ (ਸੌਰ) ਪਲਾਂਟ ਲਗਾਉਣ ਦੀ ਸ਼ੁਰੂਆਤ ਕੀਤੀ ਗਈ ਹੈ। ਇਸ ਸੋਲਰ ਪਲਾਂਟ ਦੀ ਸੇਵਾ ਯੂਨਾਈਟਿਡ ਸਿੱਖ ਮਿਸ਼ਨ ਅਮਰੀਕਾ ਵੱਲੋਂ ਕਰਵਾਈ ਜਾ ਰਹੀ ਹੈ।

ਇਸ ਮੌਕੇ ਸ਼੍ਰੋਮਣੀ ਕਮੇਟੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਕਿਹਾ ਕਿ ਜਲਦ ਹੀ ਇਸ ਪਾਵਨ ਅਸਥਾਨ ਲਈ ਸੂਰਜੀ ਊਰਜਾ ਨਾਲ ਬਿਜਲੀ ਦੀ ਪੈਦਾਵਾਰ ਸ਼ੁਰੂ ਹੋ ਜਾਵੇਗੀ। ਉਨ੍ਹਾਂ ਦੱਸਿਆ ਕਿ ਇਸ ਸੋਲਰ ਸਿਸਟਮ ਦੀ ਸਥਾਪਨਾ ਨਾਲ ਜਿਥੇ ਕੁਦਰਤੀ ਸੋਮਿਆਂ ਦੀ ਵਰਤੋਂ ਦਾ ਸੁਨੇਹਾ ਦਰਸ਼ਨ ਕਰਨ ਆਉਣ ਵਾਲੀਆਂ ਸੰਗਤ ਵਿਚ ਜਾਵੇਗਾ, ਉਥੇ ਬਿਜਲੀ ਬਿੱਲਾਂ ਦੇ ਖਰਚਿਆਂ ਵਿਚ ਵੀ ਵੱਡੀ ਕਮੀ ਆਵੇਗੀ। ਉਨ੍ਹਾਂ ਕਿਹਾ ਕਿ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਖੇ 2 ਮੈਗਾਵਾਟ ਬਿਜਲੀ ਉਤਪਾਦਨ ਵਾਲੇ ਸੋਲਰ ਪਲਾਂਟ ਦੀ ਲੋੜ ਹੈ। ਸ਼੍ਰੋਮਣੀ ਕਮੇਟੀ ਨੇ ਪੰਜਾਬ ਸਰਕਾਰ ਤੋਂ ਅੰਮ੍ਰਿਤਸਰ ਨਜ਼ਦੀਕ ਗੁਰਦੁਆਰਾ ਸਤਲਾਣੀ ਸਾਹਿਬ ਵਿਖੇ 4 ਮੈਗਾਵਾਟ ਸੋਲਰ ਪਲਾਂਟ ਲਗਾਉਣ ਲਈ ਪ੍ਰਵਾਨਗੀ ਮੰਗੀ ਸੀ, ਇਸ ਬਾਰੇ ਮੁੱਖ ਮੰਤਰੀ ਨਾਲ ਵੀ ਮੁਲਾਕਾਤ ਕੀਤੀ ਗਈ ਸੀ ਪਰ ਅਜੇ ਤੱਕ ਮਨਜ਼ੂਰੀ ਨਹੀਂ ਮਿਲੀ। ਉਨ੍ਹਾਂ ਕਿਹਾ ਕਿ ਨੇੜ ਭਵਿੱਖ ਵਿਚ ਜਦੋਂ ਸਰਕਾਰ ਦੀ ਮਨਜ਼ੂਰੀ ਮਿਲ ਗਈ ਤਾਂ 2 ਮੈਗਾਵਾਟ ਦਾ ਇਕ ਹੋਰ ਸੂਰਜੀ ਊਰਜਾ ਪਲਾਂਟ ਲਗਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਅੱਜ ਦੇ ਸਮੇਂ ਦੀ ਮੁੱਖ ਲੋੜ ਕੁਦਰਤੀ ਸਾਧਨਾਂ ਦੀ ਵੱਧ ਤੋਂ ਵੱਧ ਵਰਤੋਂ ਕਰਨ ਦੀ ਹੈ ਅਤੇ ਸ਼੍ਰੋਮਣੀ ਕਮੇਟੀ ਸੰਗਤ ਦੇ ਸਹਿਯੋਗ ਨਾਲ ਇਸ ਪਾਸੇ ਹੰਭਲਾ ਮਾਰ ਰਹੀ ਹੈ।


## For Homeland

A novel by Lalita Gandbhir

*The epic saga of a Sikh family whose lives are violently disrupted and their loyalties divided by the partition of British India in the 1940s, and again by the Sikh community's struggle for a separate nation of Khalistan.*



Winner of the Maharashtra Government Award for fiction

**Available at Amazon.com**

Paperback: $9.99

Kindle: $2.99

*For more information visit:*

ForHomelandTheNovel.com

# ਕਰੋਨਾ ਦੇ ਬਾਵਜੂਦ ਭਾਰਤੀ ਖੇਤੀ ਵਸਤਾਂ ਦੀ ਬਰਾਮਦ ਨੇ ਤੋੜੇ ਰਿਕਾਰਡ

**ਨਵੀਂ ਦਿੱਲੀ:** ਕਰੋਨਾ ਵਾਇਰਸ ਮਹਾਮਾਰੀ ਕਾਰਨ ਲੱਗੀਆਂ ਪਾਬੰਦੀਆਂ ਦੇ ਬਾਵਜੂਦ ਭਾਰਤ ਦੀ ਖੇਤੀ ਵਸਤਾਂ ਬਰਾਮਦ (ਸਮੁੰਦਰੀ ਤੇ ਪੌਦਿਆਂ ਸਬੰਧੀ ਉਤਪਾਦਾਂ ਸਮੇਤ) ਦਰ ਵਿਚ 2020-21 'ਚ 17.34 ਫੀਸਦ ਵਾਧਾ ਦਰਜ ਕੀਤਾ ਗਿਆ ਹੈ। 17.34 ਫੀਸਦ ਦੇ ਇਸ ਵਾਧੇ ਨਾਲ ਭਾਰਤ ਦੀ ਖੇਤੀਬਾੜੀ ਬਰਾਮਦ 41.25 ਅਰਬ ਡਾਲਰ ਤੱਕ ਪਹੁੰਚ ਗਈ ਹੈ। ਇਹ ਜਾਣਕਾਰੀ ਵਣਜ ਮੰਤਰਾਲੇ ਦੇ ਇਕ ਚੋਟੀ ਦੇ ਅਧਿਕਾਰੀ ਨੇ ਦਿੱਤੀ।

ਵਣਜ ਸਕੱਤਰ ਅਨੂਪ ਵਧਾਵਨ ਨੇ ਕਿਹਾ ਕਿ ਵਿੱਤੀ ਵਰ੍ਹੇ 2020-21 ਵਿਚ ਖੇਤੀ ਵਸਤਾਂ ਬਰਾਮਦ ਦੀ ਵਿਕਾਸ ਦਰ ਬਹੁਤ ਵਧੀਆ ਦਰਜ ਕੀਤੀ ਗਈ ਹੈ। ਇਸ ਤੋਂ ਪਹਿਲਾਂ ਪਿਛਲੇ ਤਿੰਨ ਸਾਲ ਇਹ ਦਰ ਸਥਿਰ ਸੀ। ਸਾਲ 2017-18 ਵਿਚ 38.43 ਅਰਬ ਅਮਰੀਕੀ ਡਾਲਰ ਦੀ ਖੇਤੀ ਵਸਤਾਂ ਬਰਾਮਦ ਹੋਈਆਂ, ਸਾਲ 2018-19 'ਚ 38.74 ਅਰਬ ਅਮਰੀਕੀ ਡਾਲਰ ਦੀ ਖੇਤੀ ਵਸਤਾਂ ਬਰਾਮਦ ਹੋਈਆਂ ਅਤੇ ਸਾਲ 2019-20 ਵਿਚ 35.16 ਅਰਬ ਡਾਲਰ ਦੀਆਂ ਖੇਤੀ ਵਸਤਾਂ ਬਰਾਮਦ ਹੋਈਆਂ ਸਨ। ਰੁਪਿਆਂ ਵਜੋਂ ਦੇਖਿਆ ਜਾਵੇ ਤਾਂ ਸਾਲ 2020-21 'ਚ ਖੇਤੀ ਵਸਤਾਂ ਬਰਾਮਦ 'ਚ 22.62 ਫੀਸਦ ਵਾਧਾ ਹੋਇਆ ਜੋ ਕਿ 3.05 ਲੱਖ ਕਰੋੜ ਰੁਪਏ ਹੈ। ਸਾਲ 2019-20 'ਚ ਇਹ 2.49 ਲੱਖ ਕਰੋੜ ਰੁਪਏ ਸੀ।

ਸਾਲ 2019-20 ਵਿਚ ਭਾਰਤੀ ਖੇਤੀ ਵਸਤਾਂ ਤੇ ਹੋਰ ਸਬੰਧਤ ਉਤਪਾਦਾਂ ਦੀ ਦਰਾਮਦ 20.64 ਅਰਬ ਅਮਰੀਕੀ ਡਾਲਰ ਸੀ ਜਦਕਿ ਸਾਲ 2020-21 ਵਿਚ ਕੋਵਿਡ-19 ਸਬੰਧੀ ਦਿੱਕਤਾਂ ਦੇ ਬਾਵਜੂਦ ਇਹ 20.67 ਅਰਬ ਅਮਰੀਕੀ ਡਾਲਰ ਰਹੀ। ਖੇਤੀ ਵਿਚ ਕਾਰੋਬਾਰੀ ਸੰਤੁਲਨ 'ਚ 42.16 ਫੀਸਦ ਸੁਧਾਰ ਆਇਆ ਹੈ। ਪਿਛਲੀ ਵਾਰ ਇਹ 14.51 ਅਰਬ ਅਮਰੀਕੀ ਡਾਲਰ ਸੀ ਜੋ ਕਿ ਸੁਧਰ ਕੇ 20.58 ਅਰਬ ਅਮਰੀਕੀ ਡਾਲਰ ਹੋ ਗਿਆ ਹੈ।

ਭਾਰਤੀ ਖੇਤੀ ਵਸਤਾਂ ਲਈ ਸਭ ਤੋਂ ਵੱਡੇ ਬਾਜ਼ਾਰ ਅਮਰੀਕਾ, ਚੀਨ, ਬੰਗਲਾਦੇਸ਼, ਸੰਯੁਕਤ ਅਰਬ ਅਮੀਰਾਤ, ਵੀਅਤਨਾਮ, ਸਾਊਦੀ ਅਰਬ, ਇੰਡੋਨੇਸ਼ੀਆ, ਨੇਪਾਲ, ਇਰਾਨ ਤੇ ਮਲੇਸ਼ੀਆ ਹਨ। ਇੰਡੋਨੇਸ਼ੀਆ ਨੂੰ ਬਰਾਮਦ ਵਿਚ ਸਭ ਤੋਂ ਵੱਧ 102.42 ਫੀਸਦ ਵਾਧਾ ਦਰਜ ਕੀਤਾ ਗਿਆ ਹੈ।

ਦਾਲਾਂ ਦੇ ਨਾਲ ਗੈਰ-ਬਾਸਮਤੀ ਚੌਲਾਂ ਦੀ ਬਰਾਮਦ 136.04 ਫੀਸਦ ਦੇ ਭਾਰੀ ਵਾਧੇ ਨਾਲ 4794.54 ਮਿਲੀਅਨ ਅਮਰੀਕੀ ਡਾਲਰ, ਕਣਕ 774.17 ਫੀਸਦ ਨਾਲ 549.16 ਮਿਲੀਅਨ ਅਮਰੀਕੀ ਡਾਲਰ ਅਤੇ ਹੋਰ ਮੋਟੇ ਅਨਾਜ (ਬਾਜਰਾ, ਮੱਕੀ ਆਦਿ) ਦੀ ਬਰਾਮਦ 238.28 ਫੀਸਦ ਨਾਲ 694.14 ਮਿਲੀਅਨ ਅਮਰੀਕੀ ਡਾਲਰ ਤੱਕ ਪਹੁੰਚੀ ਹੈ। ਇਸ ਤੋਂ ਇਲਾਵਾ ਹੋਰ ਖੇਤੀ ਵਸਤਾਂ ਜਿਨ੍ਹਾਂ ਦੀ ਬਰਾਮਦ ਵਿਚ 2019-20 ਦੇ ਮੁਕਾਬਲੇ ਚੰਗਾ ਵਾਧਾ ਦਰਜ ਹੋਇਆ ਹੈ, ਉਹ ਹਨ ਤੇਲ ਵਾਲੀਆਂ ਫਸਲਾਂ (90.28 ਫੀਸਦ ਵਾਧੇ ਨਾਲ 1575.34 ਮਿਲੀਅਨ ਅਮਰੀਕੀ ਡਾਲਰ), ਖੰਡ (41.88 ਫੀਸਦ ਵਾਧੇ ਨਾਲ 2789.97 ਮਿਲੀਅਨ ਅਮਰੀਕੀ ਡਾਲਰ), ਕੱਚਾ ਨਰਮਾ (79.43 ਫੀਸਦ ਵਾਧੇ ਨਾਲ 1897.20 ਮਿਲੀਅਨ ਅਮਰੀਕੀ ਡਾਲਰ), ਤਾਜ਼ੀ ਸਬਜ਼ੀਆਂ (10.71 ਫੀਸਦ ਵਾਧੇ ਨਾਲ 721.47 ਮਿਲੀਅਨ ਅਮਰੀਕੀ ਡਾਲਰ) ਅਤੇ ਸਬਜ਼ੀਆਂ ਵਾਲੇ ਤੇਲ (254.39 ਫੀਸਦ ਵਾਧੇ ਨਾਲ 602.77 ਮਿਲੀਅਨ ਅਮਰੀਕੀ ਡਾਲਰ) ਤੱਕ ਪਹੁੰਚੇ ਹਨ।

ਤੰਦੂਰੀਏ, ਵੇਟਰ ਤੇ ਕਿਚਨ ਹੈਲਪਰ ਦੀ ਲੋੜ ਹੈ

ਸੇਂਟ ਪੌਲ, ਮਿਨੀਸੋਟਾ ਵਿਚ ਭਾਰਤੀ ਰੈਸਟੋਰੈਂਟ ਲਈ ਅਨੁਭਵੀ ਤੰਦੂਰੀਏ, ਵੇਟਰ ਤੇ ਕਿਚਨ ਹੈਲਪਰ ਦੀ ਲੋੜ ਹੈ।



ਚੰਗੀ ਤਨਖਾਹ, ਰਿਹਾਇਸ਼ ਦਾ ਪ੍ਰਬੰਧ

ਸੰਪਰਕ ਕਰੋ:

ਫੋਨ: 651-353-9584

24-28

ਕੁੱਕ, ਤੰਦੂਰੀਏ ਅਤੇ ਡਿਸ਼ਵਾਸ਼ਰ ਦੀ ਲੋੜ ਹੈ

ਵਿਸਕਾਨਸਿਨ ਵਿਚ 'ਮਹਾਰਾਜਾ ਰੈਸਟੋਰੈਂਟ' ਲਈ ਕੁਕ, ਤੰਦੂਰੀਏ ਅਤੇ ਡਿਸ਼ਵਾਸ਼ਰ ਦੀ ਲੋੜ ਹੈ

ਰਿਹਾਇਸ਼ ਅਤੇ ਖਾਣਾ ਫਰੀ

ਸੰਪਰਕ ਕਰੋ: ਬਲਬੀਰ ਸਿੰਘ

ਫੋਨ: 414-581-3784

22-24

A & I WATSONVILLE, CA

A & I Transport Inc.

123 E Lee Rd Watsonville, CA Ph: 831-763-7805

ਓਨਰ ਆਪਰੇਟਰਾਂ ਅਤੇ ਕੰਪਨੀ ਟਰੱਕ ਡਰਾਈਵਰਾਂ ਦੀ ਫੌਰੀ ਲੋੜ ਹੈ


ਕਲਾਸ 'ਏ' ਡਰਾਈਵਰ; 6 ਮਹੀਨੇ ਦਾ ਤਜਰਬਾ ਜਰੂਰੀ; ਕੈਲੀਫੋਰਨੀਆ ਅਤੇ ਟੈਕਸਸ ਰੂਟ

ਸੋਲੋ ਡਰਾਈਵਰ 55 ਸੈਂਟ ਪ੍ਰਤੀ ਮੀਲ ਅਤੇ ਟੀਮ ਡਰਾਈਵਰ 70 ਸੈਂਟ ਪ੍ਰਤੀ ਮੀਲ


*ਸਾਫ-ਸੁਥਰਾ ਡਰਾਈਵਿੰਗ ਰਿਕਾਰਡ
*DOT ਡਰੱਗ ਟੈਸਟ ਪਾਸ ਹੋਵੇ ਜਾਂ ਕਰ ਸਕਦਾ ਹੋਵੇ
*ਨਵੇਂ ਉਪਰਕਣ (2019-2021)
*$3000 ਸਾਈਨਿੰਗ ਬੋਨਸ (11 ਵੈਸਟਰਨ ਸਟੇਟਾਂ ਲਈ)
*$1000 ਸਾਈਨਿੰਗ ਬੋਨਸ (ਖੇਤਰੀ ਡਰਾਈਵਰਾਂ ਲਈ)
*ਅਸੀਂ 34 ਘੰਟਿਆਂ ਦੀ ਰੀਸੈਟ ਲਈ $75 ਤੋਂ $150 ਤੱਕ ਅਦਾ ਕਰਦੇ ਹਾਂ *ਮੈਡੀਕਲ, ਵਿਜ਼ਨ ਅਤੇ ਡੈਂਟਲ ਲਾਭ
*ਹਫਤਾਵਾਰੀ ਤਨਖਾਹ *ਸਾਲਾਨਾ ਮਾਈਲਜ਼ ਬੋਨਸ
*ਸਾਡੀ ਪੇਸ਼ਕਸ਼ 3500 ਤੋਂ 3800+ ਮੀਲ



ਅਮੋਲਕ ਸਿੰਘ ਗਾਖਲ



ਪਲਵਿੰਦਰ ਸਿੰਘ ਗਾਖਲ



ਇਕਬਾਲ ਸਿੰਘ ਗਾਖਲ

NOW HIRING

Owner Operators and Company TRUCK DRIVERS WITH 6 MONTHS EXPERIENCE FOR 11 WESTERN STATES, AND REGIONAL. CALIFORNIA & TEXAS ROUTES.

We pay Solo 55 cents per mile and Teams 70 cents per mile.

*Job Requirements:*

• Class A Driver. • Clean driving record • Ability to pass DOT drug test.

*We offer the following benefits of employment*

• 55 Cents Per Mile or loaded-Solo • 70 Cents Per Mile-Teams.
• Newer equipment for Driver comfort (2019-2021).
• *$3,000 Signing Bonus For Drivers for 11 western states.
• *$1,000 Signing Bonus For Regional Drivers.
• We pay $75 to $150 for 34 hours reset. • Weekly pay.
• Yearly mileage bonus. • We offer 3,500-3,800+ miles
• Medical, Vision, and Dental Benefits. • Stop Pay & Bonus Layover Pay.
• Referral-Bonus for referring other Class A Drivers. • 401k Plan.

**Signing bonus subject to terms and conditions.*

For More Information Call (24 hours) Armando or Vicente, Ph: (831) 763-7805

# ਮਿਸ਼ਨ 2022: ਅਕਾਲੀ ਦਲ ਨੇ ਬਸਪਾ ਨਾਲ ਮਿਲਾਇਆ ਹੱਥ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਅਤੇ ਬਹੁਜਨ ਸਮਾਜ ਪਾਰਟੀ (ਬਸਪਾ) ਨੇ 2022 ਦੀਆਂ ਵਿਧਾਨ ਸਭਾ ਚੋਣਾਂ ਰਲ ਕੇ ਲੜਨ ਦਾ ਰਸਮੀ ਐਲਾਨ ਕਰ ਦਿੱਤਾ। ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਬਸਪਾ ਦੇ ਜਨਰਲ ਸਕੱਤਰ ਸਤੀਸ਼ ਮਿਸ਼ਰਾ ਨੇ ਇਥੇ ਗੱਠਜੋੜ ਦਾ ਐਲਾਨ ਕੀਤਾ।

ਸ੍ਰੀ ਮਿਸ਼ਰਾ ਨੇ ਕਿਹਾ ਕਿ ਬਸਪਾ ਸੁਪਰੀਮੋ ਮਾਇਆਵਤੀ ਨੇ ਗੱਠਜੋੜ ਲਈ ਪ੍ਰਵਾਨਗੀ ਦਿੱਤੀ ਹੈ ਅਤੇ ਉਨ੍ਹਾਂ ਐਲਾਨ ਕੀਤਾ ਕਿ ਦੋਵੇਂ ਪਾਰਟੀਆਂ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਸੂਬੇ ਵਿਚ ਅਗਲੀ ਸਰਕਾਰ ਬਣਾਉਣ ਲਈ ਕੰਮ ਕਰਨਗੀਆਂ। ਗੱਠਜੋੜ ਤਹਿਤ ਅਕਾਲੀ ਦਲ ਨੇ ਬਸਪਾ ਨੂੰ 20 ਸੀਟਾਂ ਦਿੱਤੀਆਂ ਹਨ ਜਿਸ 'ਚ ਦੋਆਬਾ ਦੀਆਂ 8, ਮਾਲਵਾ ਦੀਆਂ 7 ਅਤੇ ਮਾਝਾ ਦੀਆਂ 5 ਸੀਟਾਂ ਸ਼ਾਮਲ ਹਨ।

ਇਨ੍ਹਾਂ ਸੀਟਾਂ ਵਿਚ ਕਰਤਾਰਪੁਰ, ਜਲੰਧਰ ਵੈਸਟ, ਜਲੰਧਰ ਨਾਰਥ, ਫਗਵਾੜਾ, ਹੁਸ਼ਿਆਰਪੁਰ ਸ਼ਹਿਰ, ਟਾਂਡਾ, ਦਸੂਹਾ, ਚਮਕੌਰ ਸਾਹਿਬ, ਬਸੀ ਪਠਾਣਾਂ, ਮਹਿਲ ਕਲਾਂ, ਨਵਾਂਸ਼ਹਿਰ, ਲੁਧਿਆਣਾ ਨਾਰਥ, ਸੁਜਾਨਪੁਰ, ਭੋਆ, ਪਠਾਨਕੋਟ, ਆਨੰਦਪੁਰ ਸਾਹਿਬ, ਮੁਹਾਲੀ, ਅੰਮ੍ਰਿਤਸਰ ਨਾਰਥ, ਅੰਮ੍ਰਿਤਸਰ ਸੈਂਟਰਲ ਅਤੇ ਪਾਇਲ ਸ਼ਾਮਲ ਹਨ।

ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ ਦੋਵੇਂ ਪਾਰਟੀਆਂ ਦੇ ਆਗੂਆਂ ਦੀ ਤਾਲਮੇਲ ਕਮੇਟੀ ਬਣਾਈ ਜਾਵੇਗੀ ਤਾਂ ਜੋ ਸਾਰੇ ਹਲਕਿਆਂ ਵਿਚ ਕੰਮਕਾਜ ਸਹਿਜੇ ਹੀ ਕੀਤਾ ਜਾਣਾ ਯਕੀਨੀ ਬਣਾਇਆ ਜਾ ਸਕੇ। ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਇਹ ਗੱਠਜੋੜ ਸਿਰਫ 2022 ਵਿਧਾਨ ਸਭਾ ਚੋਣਾਂ ਲਈ ਨਹੀਂ ਹੈ ਬਲਕਿ ਇਹ ਭਵਿੱਖ ਵਿਚ ਹੋਣ ਵਾਲੀਆਂ ਸੰਸਦੀ ਜਾਂ ਹੋਰ ਚੋਣਾਂ ਲਈ ਵੀ ਹੈ। ਉਨ੍ਹਾਂ ਕਿਹਾ ਕਿ ਅਕਾਲੀ ਦਲ ਤੇ ਬਸਪਾ ਦੋਹਾਂ ਦੀ ਵਿਚਾਰਧਾਰਾ ਇਕ ਹੈ ਅਤੇ ਦੋਵੇਂ ਕਿਸਾਨਾਂ, ਦਲਿਤਾਂ, ਗਰੀਬਾਂ ਤੇ ਖੇਤ ਮਜ਼ਦੂਰਾਂ ਦੀ ਭਲਾਈ ਲਈ ਕੰਮ ਕਰਦੇ ਹਨ। ਉਨ੍ਹਾਂ ਕਿਹਾ ਕਿ ਨਵਾਂ ਗੱਠਜੋੜ ਸ਼ਾਂਤੀ ਤੇ ਫਿਰਕੂ ਸਦਭਾਵਨਾ ਬਣਾਈ ਰੱਖਣ ਦੇ ਮੂਲ ਫਲਸਫੇ 'ਤੇ ਚੱਲੇਗਾ।



ਉਨ੍ਹਾਂ ਕਿਹਾ ਕਿ ਅਕਾਲੀ ਦਲ ਦਾ 100 ਸਾਲਾ ਇਤਿਹਾਸ ਗਵਾਹ ਹੈ ਕਿ ਇਹ ਪਾਰਟੀ ਸਮਾਜ ਦੇ ਸਾਰੇ ਵਰਗਾਂ ਨੂੰ ਨਾਲ ਲੈ ਕੇ ਚੱਲਦੀ ਰਹੀ ਹੈ। ਇਸ ਦੌਰਾਨ ਬਸਪਾ ਆਗੂ ਸਤੀਸ਼ ਮਿਸ਼ਰਾ ਨੇ ਕਿਹਾ ਕਿ ਅੱਜ ਪੰਜਾਬ ਦੇ ਇਤਿਹਾਸ ਵਿਚ ਬਹੁਤ ਵੱਡਾ ਦਿਨ ਹੈ ਜਦੋਂ ਬਸਪਾ ਨੇ ਹਿੰਦੁਸਤਾਨ ਦੇ ਰਾਜਸੀ ਖੇਤਰ ਦੀ ਇਕ ਪੁਰਾਣੀ ਪਾਰਟੀ ਨਾਲ ਗੱਠਜੋੜ ਕੀਤਾ ਹੈ। ਉਨ੍ਹਾਂ ਕਿਹਾ ਕਿ ਦੋਵੇਂ ਪਾਰਟੀਆਂ 25 ਸਾਲ ਬਾਅਦ ਮੁੜ ਇਕੱਠੀਆਂ ਹੋਈਆਂ ਹਨ ਅਤੇ ਪਿਛਲੀ ਵਾਰ ਜਦੋਂ ਦੋਵਾਂ ਪਾਰਟੀਆਂ ਨੇ ਰਲ ਕੇ 1996 ਦੀਆਂ ਚੋਣਾਂ ਲੜੀਆਂ ਸਨ ਤਾਂ ਲੋਕ ਸਭਾ ਦੀਆਂ 13 ਵਿਚੋਂ 11 ਸੀਟਾਂ 'ਤੇ ਜਿੱਤ ਹਾਸਲ ਕੀਤੀ ਸੀ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਦਲਿਤਾਂ ਨਾਲ ਧੱਕੇਸ਼ਾਹੀ ਕਰ ਰਹੀ ਹੈ ਅਤੇ ਐਸ.ਸੀ. ਵਿਦਿਆਰਥੀਆਂ ਲਈ ਰਾਖਵੇਂ ਫੰਡ ਜਾਰੀ ਨਹੀਂ ਕਰ ਰਹੀ ਹੈ, ਆਟਾ-ਦਾਲ ਸਕੀਮ ਤੇ ਬੁਢਾਪਾ ਪੈਨਸ਼ਨਾਂ ਦੇ ਲੱਖਾਂ ਲਾਭਪਾਤਰੀਆਂ ਦੇ ਨਾਂ ਕੱਟ ਦਿੱਤੇ ਹਨ, ਐਸ.ਸੀ. ਤੇ ਓ.ਬੀ.ਸੀ. ਅਸਾਮੀਆਂ ਭਰੀਆਂ ਨਹੀਂ ਜਾ ਰਹੀਆਂ ਤੇ ਬੇਘਰਿਆਂ ਨੂੰ ਘਰ ਦੇਣ ਦੀ ਸਕੀਮ ਤਹਿਤ ਘਰ ਨਹੀਂ ਦਿੱਤੇ ਜਾ ਰਹੇ ਹਨ।

ਸ਼੍ਰੋਮਣੀ ਅਕਾਲੀ ਦਲ ਵੱਲੋਂ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਗੱਠਜੋੜ ਦਾ ਐਲਾਨ ਕਰਕੇ ਕਾਂਗਰਸ ਅਤੇ ਆਮ ਆਦਮੀ ਪਾਰਟੀ (ਆਪ) ਨੂੰ ਚੁਣੌਤੀ ਦੇ ਦਿੱਤੀ ਹੈ। ਜ਼ਿਕਰਯੋਗ ਹੈ ਕਿ ਸ਼੍ਰੋਮਣੀ ਅਕਾਲੀ ਦਲ ਸੰਯੁਕਤ ਅਤੇ ਆਮ ਆਦਮੀ ਪਾਰਟੀ ਵੱਲੋਂ ਵੀ ਬਸਪਾ 'ਤੇ ਡੋਰੇ ਪਾਉਣ ਦੇ ਯਤਨ ਕੀਤੇ ਜਾ ਰਹੇ ਸਨ। ਭਾਜਪਾ ਨਾਲ ਤੋੜ ਵਿਛੋੜਾ ਹੋਣ ਤੋਂ ਬਾਅਦ ਅਕਾਲੀ ਦਲ ਵੱਲੋਂ ਬਸਪਾ ਨਾਲ ਸਾਂਝ ਪਾਉਣ ਦੇ ਲਗਾਤਾਰ ਯਤਨ ਕੀਤੇ ਜਾ ਰਹੇ ਸਨ।

## ਪੰਜਾਬ 'ਚ ਖੁਸ਼ਹਾਲੀ ਦਾ ਨਵਾਂ ਯੁੱਗ ਸ਼ੁਰੂ ਹੋਵੇਗਾ: ਮਾਇਆਵਤੀ

**ਚੰਡੀਗੜ੍ਹ:** ਬਸਪਾ ਮੁਖੀ ਮਾਇਆਵਤੀ ਨੇ ਦਲ ਨਾਲ ਗੱਠਜੋੜ ਨੂੰ ਨਵੀਂ ਸਿਆਸੀ ਅਤੇ ਸਮਾਜਿਕ ਪਹਿਲ ਕਰਾਰ ਦਿੰਦਿਆਂ ਕਿਹਾ ਹੈ ਕਿ ਦੋਵੇਂ ਪਾਰਟੀਆਂ ਦੇ ਰਲ ਕੇ ਕੰਮ ਕਰਨ ਨਾਲ ਪੰਜਾਬ 'ਚ ਤਰੱਕੀ ਅਤੇ ਖੁਸ਼ਹਾਲੀ ਦਾ ਨਵਾਂ ਯੁੱਗ ਸ਼ੁਰੂ ਹੋਵੇਗਾ। ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਸ਼੍ਰੋਮਣੀ ਅਕਾਲੀ ਦਲ ਅਤੇ ਬਸਪਾ ਗੱਠਜੋੜ ਨੂੰ ਸੂਬੇ 'ਚ ਧਰਮ ਨਿਰਪੱਖ, ਸੰਘੀ ਲੋਕਤੰਤਰੀ ਇਨਕਲਾਬ ਦੀ ਸ਼ੁਰੂਆਤ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਮੁਲਕ 'ਚ ਸਮਾਜਿਕ-ਆਰਥਿਕ ਅਤੇ ਸਿਆਸਤ ਦੀ ਨੁਹਾਰ 'ਚ ਵੀ ਬਦਲਾਅ ਆਵੇਗਾ। ਗੱਠਜੋੜ ਦੇ ਐਲਾਨ ਮਗਰੋਂ ਸ੍ਰੀ ਬਾਦਲ ਨੇ ਮਾਇਆਵਤੀ ਨੂੰ ਫੋਨ 'ਤੇ ਵਧਾਈ ਦਿੱਤੀ ਅਤੇ ਪੰਜਾਬ ਆਉਣ ਦਾ ਸੱਦਾ ਦਿੱਤਾ।

## ਨਰਿੰਦਰ ਮੋਦੀ ਦੇ ਇਸ਼ਾਰੇ 'ਤੇ ਕੀਤਾ ਗੱਠਜੋੜ: ਆਪ

ਆਮ ਆਦਮੀ ਪਾਰਟੀ (ਆਪ) ਪੰਜਾਬ ਨੇ 2022 ਦੀਆਂ ਵਿਧਾਨ ਸਭਾ ਚੋਣਾਂ ਲਈ ਸ਼੍ਰੋਮਣੀ ਅਕਾਲੀ ਦਲ ਤੇ ਬਹੁਜਨ ਸਮਾਜ ਪਾਰਟੀ ਦੇ ਗੱਠਜੋੜ ਨੂੰ ਪੰਜਾਬ ਵਿਰੋਧੀ ਕਰਾਰ ਦਿੱਤਾ। ਪੰਜਾਬ ਮਾਮਲਿਆਂ ਦੇ ਸਹਿ ਇੰਚਾਰਜ ਰਾਘਵ ਚੱਢਾ ਅਤੇ ਪੰਜਾਬ ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਪੰਜਾਬ ਵਿਚ ਆਮ ਆਦਮੀ ਪਾਰਟੀ ਨੂੰ ਲੋਕਾਂ ਵੱਲੋਂ ਮਿਲ ਰਹੇ ਪਿਆਰ ਤੋਂ ਵਿਰੋਧੀ ਪਾਰਟੀਆਂ ਘਬਰਾ ਰਹੀਆਂ ਹਨ, ਇਸ ਲਈ ਆਉਂਦੀਆਂ ਵਿਧਾਨ ਸਭਾ ਚੋਣਾਂ ਵਿਚ 'ਆਪ' ਦੀ ਸਰਕਾਰ ਬਣਨ ਤੋਂ ਰੋਕਣ ਲਈ ਇਕਜੁੱਟ ਹੋ ਕੇ ਕਾਰਜ ਕਰਨ ਲੱਗੀਆਂ ਹਨ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਇਸ਼ਾਰੇ 'ਤੇ ਪੰਜਾਬ ਵਿਚ 'ਆਪ' ਦਾ ਰਾਹ ਰੋਕਣ ਲਈ ਗੱਠਜੋੜ ਦਾ ਵਜੂਦ ਬਣਾਇਆ ਗਿਆ ਹੈ।

# ਹਮਖਿਆਲੀਆਂ ਨਾਲ ਗੱਠਜੋੜ ਨਾ ਹੋਣ 'ਤੇ ਇਕੱਲਿਆਂ ਚੋਣਾਂ ਲੜਾਂਗੇ: ਢੀਂਡਸਾ

**ਮੁਹਾਲੀ:** ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਅਤੇ ਸੀਨੀਅਰ ਮੀਤ ਪ੍ਰਧਾਨ ਬੀਰਦਵਿੰਦਰ ਸਿੰਘ ਨੇ ਕਿਹਾ ਹੈ ਕਿ ਆਗਾਮੀ ਵਿਧਾਨ ਸਭਾ ਚੋਣਾਂ ਵਿਚ ਕਿਸੇ ਜੇ ਹਮਖਿਆਲੀ ਪਾਰਟੀ ਨਾਲ ਸਿਆਸੀ ਗੱਠਜੋੜ ਨਹੀਂ ਹੋਇਆ ਤਾਂ ਉਨ੍ਹਾਂ ਦੀ ਪਾਰਟੀ ਆਪਣੇ ਬਲਬੂਤੇ 'ਤੇ ਸਾਰੀਆਂ ਸੀਟਾਂ 'ਤੇ ਚੋਣ ਲੜੇਗੀ।

ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਕਸ਼ਮੀਰ ਸਿੰਘ ਮਵੀ, ਜਥੇਦਾਰ ਸੂਬਾ ਸਿੰਘ ਗਲੋੜੀ, ਧਰਮ ਸਿੰਘ ਮਵੀ, ਸੁਖਜਿੰਦਰ ਸਿੰਘ ਮਵੀ, ਗਜਿੰਦਰ ਸਿੰਘ ਪਾਤੜਾਂ, ਗੁਰਬਚਨ ਸਿੰਘ ਪ੍ਰੇਮ ਸਿੰਘ ਵਾਲਾ, ਨਿਰਭੈ ਸਿੰਘ ਨਿਆਣ ਤੇ ਹੋਰਨਾਂ ਨੇ ਪਾਰਟੀ ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਵਿਚ ਸ਼ਾਮਲ ਹੋਣ ਦਾ ਐਲਾਨ ਕੀਤਾ, ਜਿਨ੍ਹਾਂ ਦਾ ਸਿਰੋਪਾਉ ਦੇ ਕੇ ਸਨਮਾਨ ਕੀਤਾ ਗਿਆ।

ਸ੍ਰੀ ਢੀਂਡਸਾ ਨੇ ਕਿਹਾ ਕਿ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਸਰਕਾਰ ਦੇ ਕੋਵਿਡ ਵੈਕਸੀਨ, ਫਤਿਹ ਕਿੱਟ ਸਮੇਤ ਹੋਰ ਘੁਟਾਲਿਆਂ ਸਮੇਤ ਭ੍ਰਿਸ਼ਟਾਚਾਰ ਮੁਕਤ ਸਮਾਜ, ਵਿਕਾਸ, ਸਿੱਖਿਆ ਤੇ ਸਿਹਤ ਅਤੇ ਕਿਸਾਨੀ ਪ੍ਰਮੁੱਖ ਮੁੱਦੇ ਹੋਣਗੇ। ਇਸ ਤੋਂ ਇਲਾਵਾ ਕੋਟਕਪੂਰਾ ਗੋਲੀਕਾਂਡ ਅਤੇ ਬੇਅਦਬੀ ਮਾਮਲਿਆਂ ਲਈ ਜ਼ਿੰਮੇਵਾਰ ਰਾਜਸੀ ਆਗੂਆਂ ਅਤੇ ਅਫਸਰਾਂ ਨੂੰ ਕਾਨੂੰਨ ਮੁਤਾਬਕ ਸਜ਼ਾਵਾਂ ਦਿਵਾਉਣ ਲਈ ਚਾਰਾਜੋਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਜਲਦੀ ਜਥੇਬੰਦਕ ਢਾਂਚੇ ਦੇ ਬਾਕੀ ਅਹੁਦੇਦਾਰਾਂ ਦਾ ਐਲਾਨ ਕੀਤਾ ਜਾਵੇਗਾ ਅਤੇ ਨਾਲ ਹੀ ਯੂਥ ਵਿੰਗ ਅਤੇ ਮਹਿਲਾ ਵਿੰਗ ਕਾਇਮ ਕਰਕੇ ਨੌਜਵਾਨਾਂ ਤੇ ਔਰਤਾਂ ਨੂੰ ਅਹਿਮ ਜ਼ਿੰਮੇਵਾਰੀ ਦਿੱਤੀ ਜਾਵੇਗੀ ਅਤੇ ਪਾਰਟੀ ਦੀ ਮਜ਼ਬੂਤੀ ਲਈ ਪਿੰਡ ਤੇ ਬੂਥ ਪੱਧਰ 'ਤੇ ਵਰਕਰਾਂ ਦੀਆਂ ਸਬ ਕਮੇਟੀਆਂ ਬਣਾਈਆਂ ਜਾਣਗੀਆਂ।



PERSONAL INJURY ATTORNEYS
LAW OFFICES OF MANPREET S. BAINS
LAW OFFICES OF WILLIAM E. WEISS
AN ASSOCIATION OF LAW FIRMS



Offering Joint Representation at No Additional Cost
No Fees Unless Recovery for Your Injuries is Made
Car Accidents • Motorcycle and Bicycle Accidents • Bus and Truck Accidents
Injured Pedestrian • Wrongful Death • Brain and Head Injuries • Burn Injuries
Spinal Cord Injuries • Fractures and Joint Injuries • Construction Injuries • Civil Rights
RECENT RECOVERIES OBTAINED:*
$4,000,000 Settlement for Motor Vehicle Accident
$10,100,000 Confidential Settlement for Motorcycle/Truck Accident
$4,200,000 Judgment for Premises Liability/Assault
*Past Performance Not a Guarantee of Future Results
Personal Injury matters are time sensitive!
For a free consultation, please call (510) 474-0028
E-mail: BainsWeiss@gmail.com
Serving the Bay Area and Beyond • Offices in San Francisco and Union City



Low Interest Rates in History
No Cost Refinancing Available!



Madan Khatri
NMLS # 1980752
Call Madan Khatri
Ph: 847-530-1550
Madan@MoonstarMortgage.com
IL and CA Mortgage Loan Licensee
We Works From Start to End!
Moonstar Mortgage Inc.
MOONSTAR Mortgage
953 Plum Grove Road, Unit B, Schaumburg, IL 60173



ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ
ਫੋਨ (408) 687-1899
Gurdip Singh Sandhu
Homeopathic Practitioner/Consultant Since 1973
DHMS-Gold Medalist, BAMS, MDEh.- India
Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
EX Member: The California Homeopathic Society
National Center For Homeopathy- USA



Gurdip Singh Sandhu
Live on Jas TV
Saturday 9:30AM and Sunday 4PM (Pacific Time)
7021 Village Park Way, Dublin, CA 94568
Email: Homeomedicine@yahoo.com

# ਵਜ਼ੀਫਾ ਸਕੀਮ: ਚੁਫੇਰਿਉਂ ਘੇਰਾਬੰਦੀ ਪਿੱਛੋਂ ਖੁੱਲ੍ਹੀ ਪੰਜਾਬ ਸਰਕਾਰ ਦੀ ਜਾਗ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਚੁਫੇਰਿਉਂ ਘੇਰਾਬੰਦੀ ਪਿੱਛੋਂ ਪੋਸਟ ਮੈਟ੍ਰਿਕ ਵਜੀਫਾ ਸਕੀਮ ਦੀ ਤਿੰਨ ਵਰ੍ਹਿਆਂ ਦੀ ਬਕਾਇਆ ਰਾਸ਼ੀ (ਸਟੇਟ ਹਿੱਸੇਦਾਰੀ) ਜਾਰੀ ਕਰਨ ਦਾ ਫੈਸਲਾ ਕੀਤਾ ਹੈ, ਜਿਸ ਮਗਰੋਂ ਹੁਣ ਪੰਜਾਬ 'ਚ ਤਕਰੀਬਨ ਪੌਣੇ ਦੋ ਲੱਖ ਦਲਿਤ ਵਿਦਿਆਰਥੀਆਂ ਦੇ ਰੋਲ ਨੰਬਰ ਜਾਰੀ ਹੋਣ ਲਈ ਰਾਹ ਪੱਧਰਾ ਹੋ ਗਿਆ ਹੈ। ਚੇਤੇ ਰਹੇ ਕਿ ਜੁਆਇੰਟ ਐਸੋਸੀਏਸ਼ਨ ਆਫ ਕਾਲਜਿਜ ਦੇ ਸੱਦੇ 'ਤੇ ਬਕਾਇਆ ਰਾਸ਼ੀ ਜਾਰੀ ਕਰਵਾਉਣ ਲਈ ਕਾਲਜ ਪ੍ਰਬੰਧਕਾਂ ਨੇ ਦਲਿਤ ਵਿਦਿਆਰਥੀਆਂ ਦੇ ਰੋਲ ਨੰਬਰ ਰੋਕ ਲਏ ਸਨ। ਭਾਜਪਾ ਵੱਲੋਂ ਦਲਿਤ ਵਿਦਿਆਰਥੀਆਂ ਦੇ ਇਸ ਮੁੱਦੇ 'ਤੇ ਪੰਜਾਬ ਸਰਕਾਰ ਦੀ ਘੇਰਾਬੰਦੀ ਕੀਤੀ ਜਾ ਰਹੀ ਸੀ। ਕਾਲਜਾਂ ਦੀ ਇਹ ਬਕਾਇਆ ਰਾਸ਼ੀ ਕਾਫੀ ਸਮੇਂ ਤੋਂ ਲਟਕ ਰਹੀ ਸੀ ਅਤੇ ਕਾਲਜ ਪ੍ਰਬੰਧਕ ਰਾਸ਼ੀ ਜਾਰੀ ਕਰਨ ਦੀ ਮੰਗ ਕਰ ਰਹੇ ਸਨ।

ਕੌਮੀ ਅਨੁਸੂਚਿਤ ਜਾਤੀ ਕਮਿਸ਼ਨ ਦੇ ਚੇਅਰਮੈਨ ਵਿਜੈ ਸਾਂਪਲਾ ਨੇ 17 ਜੂਨ ਨੂੰ ਵਜੀਫਾ ਸਕੀਮ ਮਾਮਲੇ ਨੂੰ ਲੈ ਕੇ ਪੰਜਾਬ ਦੇ ਮੁੱਖ ਸਕੱਤਰ ਅਤੇ ਹੋਰ ਅਧਿਕਾਰੀਆਂ ਨੂੰ ਦਿੱਲੀ ਤਲਬ ਕੀਤਾ ਸੀ। ਇਧਰ, ਵਿਰੋਧੀ ਧਿਰਾਂ ਨੇ ਇਸ ਮਾਮਲੇ ਨੂੰ ਸਿਆਸੀ ਰੰਗ ਦੇਣਾ ਸ਼ੁਰੂ ਕਰ ਦਿੱਤਾ ਸੀ। ਪੰਜਾਬ ਸਰਕਾਰ ਨੇ ਸਥਿਤੀ ਨੂੰ ਭਾਂਪਦੇ ਹੋਏ ਵਜੀਫਾ ਮਾਮਲੇ ਦੇ ਬਕਾਏ ਦਾ ਹੱਲ ਕੱਢ ਲਿਆ ਹੈ। ਕੈਬਨਿਟ ਮੰਤਰੀ ਮਨਪ੍ਰੀਤ ਸਿੰਘ ਬਾਦਲ, ਤ੍ਰਿਪਤ ਰਜਿੰਦਰ ਸਿੰਘ ਬਾਜਵਾ, ਚਰਨਜੀਤ ਸਿੰਘ ਚੰਨੀ ਅਤੇ ਸਾਧੂ ਸਿੰਘ ਧਰਮਸੋਤ ਅਧਾਰਿਤ ਮੰਤਰੀ ਸਮੂਹ ਨੇ ਜੁਆਇੰਟ ਐਸੋਸੀਏਸ਼ਨ ਆਫ ਕਾਲਜਿਜ ਨਾਲ ਮੀਟਿੰਗ ਕੀਤੀ।

ਵੇਰਵਿਆਂ ਅਨੁਸਾਰ, ਪੰਜਾਬ ਸਰਕਾਰ ਨੇ ਇਸ ਸਾਂਝੀ ਮੀਟਿੰਗ ਵਿਚ ਫੈਸਲਾ ਕੀਤਾ ਕਿ ਪਿਛਲੇ ਤਿੰਨ ਵਰ੍ਹਿਆਂ (2017-18, 2018-19 ਅਤੇ 2019-20) ਦੀ ਪੋਸਟ ਮੈਟ੍ਰਿਕ ਵਜੀਫਾ ਸਕੀਮ ਦੀ ਬਕਾਇਆ ਰਾਸ਼ੀ ਦੀ ਬਣਦੀ 40 ਫੀਸਦੀ ਸੂਬੇ ਦੀ ਹਿੱਸੇਦਾਰੀ ਦੋ ਵਰ੍ਹਿਆਂ ਵਿਚ ਜਾਰੀ ਕੀਤੀ ਜਾਵੇਗੀ ਅਤੇ ਪੰਜਾਬ ਸਰਕਾਰ ਹਿੱਸੇਦਾਰੀ ਦੀ ਬਣਦੀ ਰਕਮ ਦਾ 50 ਫੀਸਦੀ ਹਿੱਸਾ ਇਸੇ ਵਿੱਤੀ



ਵਰ੍ਹੇ ਦੌਰਾਨ ਜਾਰੀ ਕਰੇਗੀ। ਪੰਜਾਬ ਸਰਕਾਰ ਨੇ ਕੇਂਦਰ ਸਰਕਾਰ ਤੋਂ ਬਾਕੀ 60 ਫੀਸਦੀ ਹਿੱਸੇਦਾਰੀ ਜਾਰੀ ਕਰਵਾਉਣ ਦਾ ਭਰੋਸਾ ਦਿੱਤਾ ਹੈ।

ਐਸੋਸੀਏਸ਼ਨ ਨੇ ਵਿਦਿਆਰਥੀਆਂ ਦੇ ਹਿੱਤ ਵਿਚ ਰੋਕੇ ਗਏ ਰੋਲ ਨੰਬਰ ਜਾਰੀ ਕਰਨ ਦਾ ਫੈਸਲਾ ਕੀਤਾ ਹੈ। ਇਸੇ ਦੌਰਾਨ ਸਾਂਝੀ ਮੀਟਿੰਗ ਵਿਚ ਮੰਤਰੀ ਸਮੂਹ ਨੇ ਕਾਲਜਾਂ ਦੀਆਂ ਫੀਸਾਂ ਇਕਸਾਰਤਾ ਦੀ ਕਮੀ ਦੇ ਮਾਮਲੇ ਨੂੰ ਨਜਿੱਠਣ ਲਈ 'ਫੀਸ ਨਿਰਧਾਰਤ ਕਮੇਟੀ' ਬਣਾਉਣ ਦਾ ਫੈਸਲਾ ਕੀਤਾ ਹੈ ਜੋ ਕਿ ਈ.ਟੀ.ਟੀ, ਬੀ.ਐੱਡ, ਆਈ.ਟੀ.ਆਈ. ਅਤੇ ਐਮ.ਐਡ. ਆਦਿ ਕੋਰਸਾਂ ਦੀਆਂ ਫੀਸਾਂ ਨੂੰ ਤਰਕਸੰਗਤ ਬਣਾਉਣ ਲਈ 30 ਦਿਨਾਂ ਵਿਚ ਆਪਣੀ ਰਿਪੋਰਟ ਦੇਵੇਗੀ।

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਬੀਤੇ ਦਿਨੀਂ ਹੀ ਕੇਂਦਰ ਸਰਕਾਰ ਨੂੰ ਪੋਸਟ ਮੈਟ੍ਰਿਕ ਸਕਾਲਰਸ਼ਿਪ ਦੀ ਬਕਾਇਆ ਰਾਸ਼ੀ ਜਾਰੀ ਕਰਨ ਲਈ ਪੱਤਰ ਲਿਖਿਆ ਹੈ। ਕੇਂਦਰ ਸਰਕਾਰ ਵੱਲ 2017-20 ਦੀ ਕੇਂਦਰੀ ਹਿੱਸੇ ਦੀ 1563 ਕਰੋੜ ਰੁਪਏ ਦੀ ਬਕਾਇਆ ਰਾਸ਼ੀ ਖੜ੍ਹੀ ਹੈ। ਮੰਤਰੀ ਸਮੂਹ ਨੇ ਵਜੀਫਾ ਦੇ ਬਕਾਇਆ ਰਾਸ਼ੀ ਦਾ ਇਕ ਦਫਾ ਨਿਪਟਾਰਾ ਕਰਕੇ ਗੇਂਦ ਕੇਂਦਰ ਸਰਕਾਰ ਦੇ ਪਾਲੇ ਵਿਚ ਸੁੱਟ ਦਿੱਤੀ ਹੈ।

## ਧਰਮਸੋਤ ਦੀ ਗ੍ਰਿਫਤਾਰੀ ਲਈ ਮੁਜ਼ਾਹਰੇ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਨੇ ਪੋਸਟ ਮੈਟ੍ਰਿਕ ਵਜੀਫਾ ਘੁਟਾਲੇ ਕਾਰਨ ਦੋ ਲੱਖ ਦਲਿਤ ਵਿਦਿਆਰਥੀਆਂ ਦੇ ਰੁਕੇ ਰੋਲ ਨੰਬਰਾਂ ਦੇ ਮਾਮਲੇ 'ਚ ਮੰਤਰੀ ਧਰਮਸੋਤ ਦੀ ਗ੍ਰਿਫਤਾਰੀ ਦੀ ਮੰਗ ਕਰਦਿਆਂ ਸੂਬੇ ਭਰ ਵਿਚ ਰੋਸ ਮੁਜ਼ਾਹਰੇ ਕੀਤੇ। ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ ਅਤੇ ਵਿਰੋਧੀ ਧਿਰ ਦੇ ਉਪ ਨੇਤਾ ਸਰਬਜੀਤ ਕੌਰ ਮਾਣੂੰਕੇ ਨੇ ਕਿਹਾ ਕਿ ਮੌਜੂਦਾ ਕਾਂਗਰਸ ਸਰਕਾਰ ਅਤੇ ਇਸ ਤੋਂ ਪਹਿਲਾਂ ਅਕਾਲੀ-ਭਾਜਪਾ ਸਰਕਾਰ ਨੇ ਦਲਿਤਾਂ ਨੂੰ ਲੁੱਟਿਆ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਪਾਰਟੀਆਂ ਨੇ ਹਮੇਸ਼ਾ ਦਲਿਤਾਂ ਦੇ ਬੱਚਿਆਂ ਨਾਲ ਵਿਤਕਰਾ ਕਰਦਿਆਂ ਉਨ੍ਹਾਂ ਲਈ ਰਾਖਵੇਂ ਰੱਖੇ ਪੈਸਿਆਂ 'ਤੇ ਵੀ ਡਾਕਾ ਮਾਰਿਆ ਹੈ।

## ਵਜ਼ੀਫਿਆਂ ਦੇ ਬਕਾਏ ਲਈ ਪ੍ਰਧਾਨ ਮੰਤਰੀ ਨੂੰ ਪੱਤਰ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਵਿਚ ਕਨਫੈਡਰੇਸ਼ਨ ਆਫ ਕਾਲਜਿਜ ਵੱਲੋਂ ਦਲਿਤ ਵਿਦਿਆਰਥੀਆਂ ਦੇ ਰੋਲ ਨੰਬਰ ਰੋਕੇ ਜਾਣ ਤੋਂ ਬਾਅਦ ਪੈਦਾ ਹੋਏ ਹਾਲਾਤ ਨੂੰ ਦੇਖਦੇ ਹੋਏ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਲਿਖ ਕੇ ਪੰਜਾਬ ਦੇ ਬਕਾਇਆ ਫੰਡਾਂ ਅਤੇ ਅਨੁਸੂਚਿਤ ਜਾਤੀਆਂ ਲਈ ਪੋਸਟ ਮੈਟ੍ਰਿਕ ਸਕਾਲਰਸ਼ਿਪ ਤਹਿਤ ਸਾਲ 2017-2020 ਲਈ ਭਾਈਵਾਲੀ ਦੇ ਸੋਧੇ ਹੋਏ ਪੈਟਰਨ ਦੀ ਰਾਸ਼ੀ ਜਾਰੀ ਕਰਨ ਦੀ ਮੰਗ ਕੀਤੀ ਹੈ।

ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਨੇ 31 ਦਸੰਬਰ, 2020 ਨੂੰ ਕੇਂਦਰ ਅਤੇ ਰਾਜਾਂ (60:40) ਦਰਮਿਆਨ ਭਾਈਵਾਲੀ ਦਾ ਸੋਧਿਆ ਹੋਇਆ ਪੈਟਰਨ ਪੇਸ਼ ਕਰਨ ਲਈ ਸਕਾਲਰਸ਼ਿਪ ਸਬੰਧੀ ਦਿਸ਼ਾ-ਨਿਰਦੇਸ਼ਾਂ ਵਿਚ ਸੋਧ ਕੀਤੀ ਸੀ ਅਤੇ ਇਸ ਨੂੰ ਪਹਿਲੀ ਅਪਰੈਲ, 2020 ਤੋਂ ਲਾਗੂ ਕੀਤਾ ਗਿਆ ਸੀ।

ਹਾਲਾਂਕਿ ਪਹਿਲੀ ਅਪਰੈਲ 2017 ਤੋਂ 31 ਮਾਰਚ 2020 ਦੀ ਮਿਆਦ ਲਈ ਇਸ ਮੁੱਦੇ 'ਤੇ ਕੋਈ ਫੈਸਲਾ ਨਹੀਂ ਦਿੱਤਾ ਗਿਆ ਸੀ, ਜਿਸ ਨਾਲ ਅਨੁਸੂਚਿਤ ਜਾਤੀ ਦੇ ਲੱਖਾਂ ਵਿਦਿਆਰਥੀਆਂ ਦਾ ਭਵਿੱਖ ਖਤਰੇ ਵਿਚ ਪੈ ਗਿਆ ਹੈ।

# ਸਰਕਾਰੀ ਸਕੂਲਾਂ 'ਚ ਵਿਦੇਸ਼ੀ ਭਾਸ਼ਾਵਾਂ ਪੜ੍ਹਾਈ ਜਾਵੇਗੀ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਭਵਿੱਖ ਦਾ ਹਾਣੀ ਬਣਾਉਣ ਲਈ ਸਰਕਾਰੀ ਸਕੂਲਾਂ ਵਿਚ ਵਿਦੇਸ਼ੀ ਭਾਸ਼ਾਵਾਂ ਪੜ੍ਹਾਉਣ ਦੇ ਮੌਕੇ ਦੇਣ ਲਈ ਸਕੂਲ ਸਿੱਖਿਆ ਵਿਭਾਗ ਨੂੰ ਇਸ ਵਾਸਤੇ ਰੂਪ ਰੇਖਾ ਤਿਆਰ ਲਈ ਕਿਹਾ ਹੈ ਤਾਂ ਜੋ ਚਾਹਵਾਨ ਵਿਦਿਆਰਥੀ ਚੋਣਵੇਂ ਵਿਸ਼ੇ ਵਜੋਂ ਵਿਦੇਸ਼ੀ ਭਾਸ਼ਾ ਸਿੱਖ ਸਕਣ। ਮੁੱਖ ਮੰਤਰੀ ਨੇ ਗ੍ਰੇਡਿੰਗ ਇੰਡੈਕਸ (ਪੀ.ਜੀ.ਆਈ.) 2019-20 ਵਿਚ ਪੰਜਾਬ ਦੇ ਅੱਵਲ ਆਉਣ 'ਤੇ ਸਰਕਾਰੀ ਸਕੂਲਾਂ ਦੇ ਅਧਿਆਪਕਾਂ ਨਾਲ ਗੱਲਬਾਤ ਕਰ ਰਹੇ ਸਨ। ਅਧਿਆਪਕਾਂ ਨੇ ਸਿੱਖਿਆ ਸੁਧਾਰਾਂ ਬਾਰੇ ਆਪਣੇ ਤਜਰਬੇ ਮੁੱਖ ਮੰਤਰੀ ਨਾਲ ਸਾਂਝੇ ਕੀਤੇ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਵਿਦੇਸ਼ੀ ਭਾਸ਼ਾਵਾਂ ਤੋਂ ਜਾਣੂ ਹੋਣ ਨਾਲ ਵਿਸ਼ਵ ਭਰ 'ਚ ਰੁਜ਼ਗਾਰ ਪ੍ਰਾਪਤੀ ਲਈ ਰਾਹ ਮੋਕਲੇ ਹੁੰਦੇ ਹਨ। ਅਮਰਿੰਦਰ ਨੇ ਸਕੂਲ ਸਿੱਖਿਆ ਵਿਭਾਗ ਨੂੰ ਹਦਾਇਤ ਕੀਤੀ ਕਿ ਚੀਨੀ, ਅਰਬੀ ਅਤੇ ਫਰੈਂਚ ਜਿਹੀਆਂ ਵਿਦੇਸ਼ੀ ਭਾਸ਼ਾਵਾਂ ਸਿੱਖਣ ਦੇ ਯੋਗ ਬਣਾਉਣ ਲਈ ਮੌਕੇ ਤਲਾਸ਼ੇ ਜਾਣ। ਉਨ੍ਹਾਂ ਪੰਜਾਬੀ ਭਾਸ਼ਾ ਨੂੰ ਯਾਦ ਕਰਦਿਆਂ ਕਿਹਾ ਕਿ ਅੰਗਰੇਜ਼ੀ ਭਾਸ਼ਾ ਤਾਂ ਪਹਿਲਾਂ ਹੀ ਸਕੂਲਾਂ ਵਿਚ ਸਿਖਾਈ ਜਾ ਰਹੀ ਹੈ। ਹੁਣ ਵਿਦੇਸ਼ੀ ਭਾਸ਼ਾਵਾਂ ਨੂੰ ਕਰੀਅਰ ਬਿਹਤਰੀ ਲਈ ਸਿਖਾਇਆ ਜਾਣਾ ਬਣਦਾ ਹੈ।

ਅਮਰਿੰਦਰ ਸਿੰਘ ਨੇ ਕਪੂਰਥਲਾ ਜਿਲ੍ਹੇ 'ਚ ਇਟਾਲੀਅਨ ਭਾਸ਼ਾ ਸਿਖਾਏ ਜਾਣ ਵਾਲੀ ਲੱਗੀ ਤਖਤੀ ਦਾ ਜਿਕਰ ਵੀ ਕੀਤਾ। ਉਨ੍ਹਾਂ ਕਿਹਾ ਕਿ ਜੋ ਨੌਜਵਾਨ ਵਿਦੇਸ਼ਾਂ ਵਿਚ ਵਸਣਾ ਚਾਹੁੰਦੇ ਹਨ, ਉਨ੍ਹਾਂ ਲਈ ਵਿਦੇਸ਼ੀ ਭਾਸ਼ਾਵਾਂ ਤੋਂ ਜਾਣੂ ਕਰਾਉਣ ਵਿਚ ਸਕੂਲ ਸਿੱਖਿਆ ਵਿਭਾਗ ਭੂਮਿਕਾ ਨਿਭਾਏਗਾ।

ਮੁੱਖ ਮੰਤਰੀ ਨੇ ਸਕੂਲ ਸਿੱਖਿਆ ਮੰਤਰੀ ਨੂੰ ਸਕੂਲਾਂ ਵਿਚ ਖੇਡ ਮੈਦਾਨ ਵਿਕਸਤ ਕਰਨ ਦੀਆਂ ਸੰਭਾਵਨਾਵਾਂ ਦੀ ਪੜਚੋਲ ਕਰਨ ਵਾਸਤੇ ਵੀ ਆਖਿਆ। ਮੁੱਖ ਮੰਤਰੀ ਨੇ ਕਾਰਗੁਜ਼ਾਰੀ ਗ੍ਰੇਡਿੰਗ ਇੰਡੈਕਸ (ਪੀ.ਜੀ.ਆਈ.) 2019-20 ਵਿਚ ਦੇਸ ਭਰ 'ਚ ਪੰਜਾਬ ਨੂੰ ਅੱਵਲ ਦਰਜੇ ਦਾ ਸੂਬਾ ਬਣਾਉਣ ਲਈ ਅਧਿਆਪਕਾਂ ਅਤੇ ਸਕੂਲ ਸਿੱਖਿਆ ਵਿਭਾਗ ਦੇ ਸਮੁੱਚੇ ਸਟਾਫ ਨੂੰ ਵਧਾਈ ਵੀ ਦਿੱਤੀ।

ਉਨ੍ਹਾਂ ਆਨਲਾਈਨ ਅਧਿਆਪਕ ਤਬਾਦਲਾ ਨੀਤੀ, ਸਮਾਰਟ ਸਕੂਲ ਨੀਤੀ, ਪ੍ਰੀ-ਪ੍ਰਾਇਮਰੀ ਸਿੱਖਿਆ, ਡਿਜੀਟਲ ਸਿੱਖਿਆ ਅਤੇ ਸਰਹੱਦੀ ਖੇਤਰਾਂ ਵਿਚ ਕੰਮ ਕਰ ਰਹੇ ਅਧਿਆਪਕਾਂ ਦਾ ਵਿਸ਼ੇਸ਼ ਕਾਡਰ ਬਣਾਉਣ ਜਿਹੀਆਂ ਕੁਝ ਅਹਿਮ ਪਹਿਲਕਦਮੀਆਂ ਲਈ ਸਕੂਲ ਸਿੱਖਿਆ ਮਹਿਕਮੇ ਦੀ ਪਿੱਠ ਥਾਪੜੀ। ਮੁੱਖ ਮੰਤਰੀ ਨੇ ਦਾਖਲਿਆਂ ਵਿਚ 29 ਫੀਸਦੀ ਵਾਧੇ ਦਾ ਵਿਸ਼ੇਸ਼ ਤੌਰ 'ਤੇ ਜਿਕਰ ਕੀਤਾ। ਸਕੂਲ ਸਿੱਖਿਆ ਮੰਤਰੀ ਵਿਜੈ ਇੰਦਰ ਸਿੰਗਲਾ ਨੇ ਮੁੱਖ ਮੰਤਰੀ ਨੂੰ ਯਕੀਨ ਦਿਵਾਇਆ ਕਿ ਵਿਭਾਗ ਵਿਦੇਸ਼ੀ ਭਾਸ਼ਾਵਾਂ ਵਿਚ ਆਨਲਾਈਨ ਕੋਰਸਾਂ ਦੀ ਸਹੂਲਤ ਵਾਲੇ ਡਿਜੀਟਲ ਪਲੇਟਫਾਰਮਾਂ ਨਾਲ ਨੇੜਿਉਂ ਕੰਮ ਕਰੇਗਾ ਤਾਂ ਜੋ ਸਾਡੇ ਵਿਦਿਆਰਥੀ ਆਪਣੀ ਪਸੰਦ ਦੀਆਂ ਵਿਦੇਸ਼ੀ ਭਾਸ਼ਾਵਾਂ ਸਿੱਖ ਸਕਣ। ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਨੇ ਸੂਬੇ ਵਿਚ ਸਕੂਲ ਸਿੱਖਿਆ ਵਿਭਾਗ ਦੀ ਆਨਲਾਈਨ ਅਧਿਆਪਕ ਤਬਾਦਲਾ ਨੀਤੀ ਦੀ ਸ਼ਲਾਘਾ ਕੀਤੀ।


ਤੰਦੂਰੀਏ ਹੈਲਪਰ, ਡਿਸ਼ਵਾਸ਼ਰ, ਵੇਟਰ ਤੇ ਮੀਟ ਕੱਟਣ ਵਾਲੇ ਦੀ ਲੋੜ ਹੈ

ਇੰਡੀਅਨਐਪੋਲਿਸ, ਇੰਡੀਆਨਾ ਵਿਚ ਭਾਰਤੀ ਰੈਸਟੋਰੈਂਟ ਲਈ ਤੰਦੂਰੀਏ ਹੈਲਪਰ, ਡਿਸ਼ਵਾਸ਼ਰ, ਵੇਟਰ ਅਤੇ ਮੀਟ ਕੱਟਣ ਵਾਲੇ ਦੀ ਲੋੜ ਹੈ।

ਰਿਹਾਇਸ਼ ਤੇ ਖਾਣਾ ਮੁਫਤ, ਚੰਗੀ ਤਨਖਾਹ

ਸੰਪਰਕ ਕਰੋ, ਫੋਨ: 317-406-9924


13-16+



Homeopathicvibes

Harminder Singh Gill

Homeopathic Consultant and Practitioner



D.H.M.S; B.C.I.H

(Ex Homeopathic Medical officer Punjab Govt.)

Now we have two locations:

940 E. El Camino Real, Sunnyvale, CA 94087

39039 Paseo Padre Pkwy, Suite# 209 (upstairs), Fremont, CA 94538

Ph: (408) 737-7100

Fax: (408)737-7102 www.homeopathicvibes.com

We sell and ship homeopathic remedies through out North America.



LAW OFFICES OF VIVEK MALIK

Follow us on :



ACCOMPLISHED IMMIGRATION Attorneys help FAMILIES REUNITE in the UNITED STATES

Our Global & Nationwide Services in the field of U.S. Immigration & Nationality Law

Come talk to an experienced immigration attorney

Toll Free No. 866-424-4000

OUR OFFICES
- 432 S Emerson Ave, Suite 220, Greenwood, IN 46143 Phone: 317.560.4777
- 1067 N Mason Rd., Suite 4, St Louis, Missouri 63141 Phone: 314.416.8000
- 2440 W Shaw Ave., Suite 205, Fresno, California 93711 Phone: 559.578.4344

www.usa-immigrationlaw.com

Business Immigration & Worksite Compliance
ਬਿੰਜਨੈਸ ਇਮੀਗਰੇਸ਼ਨ ਐਂਡ ਵਰਕਸਾਈਟ ਕਮਪਲਾਇਸ

Family & General Immigration
ਫੈਮਿਲੀ ਐਂਡ ਜਨਰਲ ਇਮੀਗਰੇਸ਼ਨ

Naturalization & Citizenship
ਨੈਚੁਰਲਾਈਜ਼ੇਸ਼ਨ ਐਂਡ ਸਿਟੀਜ਼ਨਸ਼ਿਪ

Removal Defense & Waivers
ਰੀਮੁਵਲ ਡਿਫੈਂਸੀ ਐਂਡ ਵੈਵੇਰਸ

Languages SPOKEN Punjabi | Hindi | Urdu | Spanish & English

**Punjab Times**
Established in 2000
22nd Year in Publication

Published every Saturday
by A B Publication Inc.
20451 N Plum Grove Rd.
Palatine, IL 60074-2018

Ph:847-359-0746
Fax:847-705-9388
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Gurbakhsh Singh Bhandal
Baljit Basi
Buta Singh
Tarlochan Singh Dupalpur
Major Kular

**California:**
Shiara Dhindsa
Photographer
661-703-6664

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਪੰਜਾਬ 'ਚ ਆਇਆ ਪਾਸਪੋਰਟਾਂ ਦਾ ਹੜ੍ਹ

**ਚੰਡੀਗੜ੍ਹ:** ਪੰਜਾਬ 'ਚ ਪਾਸਪੋਰਟਾਂ ਦਾ ਹੜ੍ਹ ਵੇਖ ਕੇ ਲੱਗਦਾ ਹੈ ਕਿ ਇਸ ਮਾਮਲੇ 'ਚ ਪੰਜਾਬੀਆਂ ਦੀ ਕੋਈ ਰੀਸ ਨਹੀਂ ਹੈ। ਪੰਜਾਬ 'ਚ ਕਰੀਬ 55 ਲੱਖ ਘਰ ਹਨ ਜਦਕਿ ਲੰਘੇ ਸੱਤ ਵਰ੍ਹਿਆਂ 'ਚ 54.36 ਲੱਖ ਪਾਸਪੋਰਟ ਬਣ ਗਏ ਹਨ, ਭਾਵ ਪੰਜਾਬ ਦੇ ਔਸਤਨ ਹਰ ਘਰ ਕੋਲ ਇਕ ਪਾਸਪੋਰਟ ਹੈ। ਹੁਣ ਕਰੋਨਾ ਮਹਾਮਾਰੀ ਨੇ ਪੰਜਾਬ 'ਚ ਪਾਸਪੋਰਟਾਂ ਦੇ ਹੜ੍ਹ ਨੂੰ ਠੱਲ੍ਹ ਪਾਈ ਹੈ।

ਦੱਸਣਯੋਗ ਹੈ ਕਿ ਜਦੋਂ ਤੋਂ ਵਿਦੇਸ਼ਾਂ ਲਈ ਸਟੱਡੀ ਵੀਜ਼ੇ ਲਈ ਰਾਹ ਖੁੱਲ੍ਹੇ ਹਨ, ਉਦੋਂ ਤੋਂ ਪੰਜਾਬ 'ਚ ਧੜਾਧੜ ਨਵੇਂ ਪਾਸਪੋਰਟ ਬਣ ਰਹੇ ਹਨ। ਉਤਰੀ ਭਾਰਤ 'ਚੋਂ ਪੰਜਾਬ ਨੇ ਇਸ ਮਾਮਲੇ 'ਚ ਪਹਿਲਾ ਨੰਬਰ ਹਾਸਲ ਕੀਤਾ ਹੈ। ਪਹਿਲੀ ਜਨਵਰੀ 2014 ਤੋਂ ਫਰਵਰੀ 2021 ਤੱਕ ਪੰਜਾਬ 'ਚ 54.36 ਲੱਖ ਪਾਸਪੋਰਟ ਬਣੇ ਹਨ। ਕੇਂਦਰੀ ਵਿਦੇਸ਼ ਮੰਤਰਾਲੇ ਦੇ ਵੇਰਵਿਆਂ ਅਨੁਸਾਰ ਪੰਜਾਬ ਵਿੱਚ ਲੰਘੇ ਵਰ੍ਹੇ 2020 ਦੌਰਾਨ 4.82 ਲੱਖ ਪਾਸਪੋਰਟ ਬਣੇ ਹਨ ਜਦਕਿ ਸਾਲ 2019 ਵਿੱਚ 9.46 ਲੱਖ ਪਾਸਪੋਰਟ ਬਣੇ ਸਨ। ਇਸ ਲਿਹਾਜ਼ ਨਾਲ ਦੇਖੀਏ ਤਾਂ ਪੰਜਾਬ ਵਿਚ ਮਹਾਮਾਰੀ ਕਰਕੇ ਪਾਸਪੋਰਟ ਬਣਨ ਦੀ ਰਫਤਾਰ ਪੰਜਾਹ ਫੀਸਦੀ ਥੱਲੇ ਆਈ ਹੈ। ਸਾਲ 2019 ਦੌਰਾਨ ਔਸਤਨ ਰੋਜ਼ਾਨਾ 2593 ਪਾਸਪੋਰਟ ਬਣਦੇ ਸਨ ਜਦਕਿ ਸਾਲ 2020 (ਮਹਾਮਾਰੀ ਵਾਲਾ ਸਾਲ) ਦੌਰਾਨ ਰੋਜ਼ਾਨਾ ਔਸਤਨ 1321 ਪਾਸਪੋਰਟ ਬਣੇ ਹਨ।

ਚਾਲੂ ਵਰ੍ਹੇ ਦੇ ਪਹਿਲੇ ਦੋ ਮਹੀਨਿਆਂ ਦੌਰਾਨ 90,791 ਪਾਸਪੋਰਟ ਬਣੇ ਹਨ। ਬੇਸ਼ੱਕ ਸਮੁੱਚੇ ਭਾਰਤ ਵਿਚ ਨਵੇਂ ਪਾਸਪੋਰਟ ਬਣਨ ਦੀ ਗਿਣਤੀ ਨੂੰ ਬਰੇਕ ਲੱਗੀ ਹੈ ਪਰ ਪੰਜਾਬ ਦੂਸਰੇ ਸੂਬਿਆਂ ਦੇ ਮੁਕਾਬਲੇ ਫਿਰ ਵੀ ਪਾਸਪੋਰਟ ਬਣਾਉਣ ਵਿਚ ਜੁਟਿਆ ਰਿਹਾ ਹੈ। ਪਾਸਪੋਰਟ ਬਣਾਏ ਜਾਣ 'ਤੇ ਔਸਤਨ ਕਰੀਬ ਦੋ ਹਜ਼ਾਰ ਰੁਪਏ ਤੋਂ ਵੱਧ ਖਰਚ ਆਉਂਦਾ ਹੈ ਅਤੇ ਲੰਘੇ ਸੱਤ ਸਾਲਾਂ ਵਿਚ ਪੰਜਾਬੀਆਂ ਨੇ ਕਰੀਬ 900 ਕਰੋੜ ਪਾਸਪੋਰਟ ਬਣਾਉਣ 'ਤੇ ਹੀ ਖਰਚ ਦਿੱਤੇ ਹਨ।

## ਪੰਜਾਬੀ ਨੌਜਵਾਨ ਦੀ ਕੈਨੇਡਾ ਦੇ ਬੀਚ 'ਚ ਡੁੱਬਣ ਕਾਰਨ ਮੌਤ

**ਚੇਤਨਪੁਰਾ:** ਪਿੰਡ ਨੰਗਲੀ (ਫਤਹਿਗੜ੍ਹ ਚੂੜੀਆਂ ਰੋਡ) ਦੇ 22 ਸਾਲਾ ਨੌਜਵਾਨ ਗੁਰਪ੍ਰੀਤ ਸਿੰਘ ਗਿੱਲ ਦੀ ਕੈਨੇਡਾ ਦੇ ਸੂਬੇ ਓਂਟਾਰੀਓ ਦੀ ਵਸਾਖਾ ਬੀਚ 'ਤੇ ਡੁੱਬਣ ਨਾਲ ਮੌਤ ਹੋ ਗਈ। ਉਹ ਮਾਪਿਆਂ ਦਾ ਇਕਲੌਤਾ ਪੁੱਤਰ ਸੀ। ਪਿਤਾ ਸਤਵਿੰਦਰ ਸਿੰਘ ਗਿੱਲ ਅਤੇ ਮਾਤਾ ਦਲਜੀਤ ਕੌਰ ਦੱਸਿਆ ਕਿ ਉਨ੍ਹਾਂ ਗੁਰਪ੍ਰੀਤ ਨੂੰ 20 ਨਵੰਬਰ 2017 ਕੈਨੇਡਾ ਪੜ੍ਹਨ ਭੇਜਿਆ ਸੀ। ਉਹ ਇਸ ਵੇਲੇ ਬਰੈਪਟਨ ਵਿਚ ਰਹਿੰਦਾ ਸੀ ਤੇ ਬੀਤੇ ਦਿਨੀਂ ਕੰਮ ਤੋਂ ਛੁੱਟੀ ਹੋਣ ਕਰਕੇ ਆਪਣੇ ਪੰਜ ਸਾਥੀਆਂ ਨਾਲ ਵਸਾਖਾ ਬੀਚ 'ਤੇ ਨਹਾਉਣ ਗਿਆ ਸੀ, ਉਹ ਨਹਾਉਂਦੇ ਸਮੇਂ ਪਾਣੀ 'ਚ ਡੁੱਬ ਗਿਆ ਜਿਸ ਨੂੰ ਬਾਹਰ ਕੱਢਣ ਪਿਛੋਂ ਬਚਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ ਪਰ ਉਸ ਦੀ ਮੌਤ ਹੋ ਗਈ।

# ਅਮਰੀਕਾ 'ਚ ਭਾਰਤੀਆਂ ਨਾਲ ਨਿੱਤ ਦਿਨ ਹੁੰਦਾ ਹੈ ਵਿਤਕਰਾ

**ਵਾਸ਼ਿੰਗਟਨ:** ਅਮਰੀਕਾ ਵਿਚ ਪਰਵਾਸੀਆਂ ਦੀ ਦੂਜੀ ਸਭ ਤੋਂ ਵੱਡੀ ਆਬਾਦੀ ਵਾਲੇ ਭਾਰਤੀ ਮੂਲ ਦੇ ਨਾਗਰਿਕਾਂ ਨੂੰ ਹਰ ਰੋਜ਼ ਵਿਤਕਰੇ ਅਤੇ ਧਰੁਵੀਕਰਨ ਦਾ ਸਾਹਮਣਾ ਕਰਨਾ ਪੈਂਦਾ ਹੈ। ਇਹ ਖੁਲਾਸਾ ਇਕ ਸਰਵੇਖਣ ਵਿਚ ਕੀਤਾ ਗਿਆ ਹੈ। 'ਭਾਰਤੀ ਅਮਰੀਕੀਆਂ ਦੀ ਸਮਾਜਿਕ ਹਕੀਕਤ: 2020 ਭਾਰਤੀ ਅਮਰੀਕੀ ਰੁਝਾਨ ਸਰਵੇਖਣ ਦੇ ਨਤੀਜੇ' ਸਿਰਲੇਖ ਹੇਠ ਇਹ ਰਿਪੋਰਟ ਭਾਰਤੀ-ਅਮਰੀਕੀ ਵਿਹਾਰ ਸਰਵੇਖਣ (ਆਈ.ਏ.ਏ.ਐਸ.) ਨੇ ਜਾਰੀ ਕੀਤੀ ਹੈ।

ਇਹ ਰਿਪੋਰਟ ਅਮਰੀਕਾ ਵਿਚ ਰਹਿੰਦੇ 1200 ਭਾਰਤੀ-ਅਮਰੀਕੀ ਲੋਕਾਂ ਦੇ ਆਨਲਾਈਨ ਸਰਵੇਖਣ 'ਤੇ ਅਧਾਰਤ ਹੈ, ਜੋ ਖੋਜ ਅਤੇ ਵਿਸ਼ਲੇਸ਼ਣ ਸਬੰਧੀ ਕੰਪਨੀ 'ਯੂਗੋਵ' ਨਾਲ ਮਿਲ ਕੇ ਪਹਿਲੀ ਸਤੰਬਰ ਤੋਂ 20 ਸਤੰਬਰ 2020 ਦੌਰਾਨ ਕੀਤਾ ਗਿਆ।

ਰਿਪੋਰਟ ਵਿਚ ਕਿਹਾ ਗਿਆ ਹੈ, ''ਭਾਰਤੀ-ਅਮਰੀਕੀ ਨਾਗਰਿਕਾਂ ਨੂੰ ਹਰ ਰੋਜ਼ ਵਿਤਕਰੇ ਦਾ ਸ਼ਿਕਾਰ ਹੋਣਾ ਪੈਂਦਾ ਹੈ। ਦੋ ਵਿਚੋਂ ਇਕ ਭਾਰਤੀ ਅਮਰੀਕੀ ਨੇ ਪਿਛਲੇ ਇਕ ਸਾਲ ਵਿਚ ਭੇਦਭਾਵ ਹੋਣ ਦੀ ਸ਼ਿਕਾਇਤ ਦਰਜ ਕਰਵਾਈ ਹੈ।

ਇਨ੍ਹਾਂ ਵਿਚੋਂ ਜ਼ਿਆਦਾਤਰ ਨਾਲ ਵਿਤਕਰਾ ਚਮੜੀ ਦੇ ਰੰਗ ਦੇ ਅਧਾਰ 'ਤੇ ਕੀਤਾ ਗਿਆ। ਹੈਰਾਨੀ ਦੀ ਗੱਲ ਹੈ ਕਿ ਅਮਰੀਕਾ ਵਿਚ ਜੰਮੇ ਭਾਰਤੀਆਂ ਨੂੰ ਵਿਤਕਰੇਬਾਜ਼ੀ ਦਾ ਵੱਧ ਸ਼ਿਕਾਰ ਹੋਣਾ ਪੈ ਰਿਹਾ ਹੈ।'' ਰਿਪੋਰਟ ਵਿਚ ਇਹ ਵੀ ਕਿਹਾ ਗਿਆ ਹੈ ਕਿ ਜ਼ਿਆਦਾਤਰ ਭਾਰਤੀ-ਅਮਰੀਕੀਆਂ ਨੇ ਆਪਣੇ ਹੀ ਭਾਈਚਾਰੇ ਵਿਚ ਵਿਆਹ ਕਰਵਾਇਆ ਹੈ। ਸਰਵੇਖਣ ਵਿਚ ਹਿੱਸਾ ਲੈਣ ਵਾਲੇ ਦਸ ਲੋਕਾਂ ਵਿਚੋਂ ਅੱਠ ਦਾ ਜੀਵਨ ਸਾਥੀ ਭਾਰਤੀ ਮੂਲ ਦਾ ਹੈ।

# ਵੈਨਕੂਵਰ ਤੇ ਸਰੀ ਵਿਚ ਪੁਲਿਸ ਵੱਲੋਂ ਹਥਿਆਰ, ਨਸ਼ੀਲੇ ਪਦਾਰਥ ਤੇ ਨਗਦੀ ਬਰਾਮਦ

**ਸਰੀ (ਹਰਦਮ ਮਾਨ):** ਵੈਨਕੂਵਰ ਪੁਲਿਸ ਵੱਲੋਂ ਕਮਿਊਨਿਟੀ ਸੇਫਟੀ ਯੂਨਿਟ ਦੇ ਸਹਿਯੋਗ ਨਾਲ ਇਕ ਗੈਰਲਾਈਸੈਂਸੀ ਮੈਰੂਆਨਾ ਸਟੋਰ ਵਿਚੋਂ ਦੋ ਬੰਦੂਕਾਂ ਮਿਲੀਆਂ ਹਨ। ਕਾਂਸਟੇਬਲ ਤਾਨੀਆ ਵਿਸਿੰਟਨ ਨੇ ਦੱਸਿਆ ਕਿ ਕਲਾਰਕ ਡਰਾਈਵ ਅਤੇ ਵਿਲੀਅਮ ਸਟ੍ਰੀਟ ਦੇ ਇਲਾਕੇ ਵਿਚ ਸਥਿਤ ਇਸ ਸਟੋਰ ਦੀ ਜਾਂਚ ਦੌਰਾਨ ਤਕਰੀਬਨ 60,000 ਡਾਲਰ ਕੀਮਤ ਦੇ ਕੈਨਬਿਸ ਪਦਾਰਥਾਂ ਤੋਂ ਇਲਾਵਾ ਕੁਝ ਹੋਰ ਪਦਾਰਥ ਵੀ ਬਰਾਮਦ ਹੋਏ ਜਿਨ੍ਹਾਂ ਦੀ ਕੀਮਤ 100,000 ਦੇ ਕਰੀਬ ਦੱਸੀ ਗਈ ਹੈ। ਇਸ ਮਾਮਲੇ 'ਚ ਇਕ 35 ਸਾਲਾ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਅਤੇ ਮਾਮਲੇ ਦੀ ਜਾਂਚ ਜਾਰੀ ਹੈ।

ਇਸੇ ਦੌਰਾਨ ਸਰੀ ਆਰ.ਸੀ.ਐਮ.ਪੀ. ਦੀ ਗੈਂਗ ਐਨਫੋਰਸਮੈਂਟ ਟੀਮ ਵੱਲੋਂ ਕਲੋਵਰਡੇਲ ਇਲਾਕੇ ਵਿਚ ਸ਼ੱਕੀ ਫੈਂਟਾਨਿਲ ਅਤੇ ਮੈਥਮਫਿਟਾਮੀਨ ਬਰਾਮਦ ਕੀਤੀ ਗਈ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ 176 ਸਟ੍ਰੀਟ ਅਤੇ ਫਰੇਜ਼ਰ ਹਾਈਵੇਅ ਦੇ ਇਲਾਕੇ ਵਿਚ ਪੁਲਿਸ ਵੱਲੋਂ ਇਕ ਵਾਹਨ ਨੂੰ ਰੋਕਿਆ ਗਿਆ। ਡਰਾਈਵਰ ਨਾਲ ਗੱਲਬਾਤ ਦੌਰਾਨ ਅਫਸਰਾਂ ਨੂੰ ਕੁਝ ਸ਼ੱਕ ਹੋਇਆ ਅਤੇ ਜਾਂਚ ਦੌਰਾਨ ਹਥਿਆਰ, 89 ਗ੍ਰਾਮ ਸ਼ੱਕੀ ਫੈਂਟਾਨਿਲ ਅਤੇ 58 ਗ੍ਰਾਮ ਸ਼ੱਕੀ ਮੈਥਮਫਿਟਾਮੀਨ ਅਤੇ 1,200 ਡਾਲਰ ਨਗਦ ਬਰਾਮਦ ਹੋਏ। ਇਸ ਸਬੰਧੀ ਸਰੀ ਦੇ ਇਕ 47 ਸਾਲਾ ਆਦਮੀ ਨੂੰ ਹਿਰਾਸਤ ਵਿਚ ਲਿਆ ਗਿਆ ਪਰ ਬਾਅਦ ਵਿਚ ਛੱਡ ਦਿੱਤਾ ਗਿਆ।

ਇਕ ਹੋਰ ਘਟਨਾ ਦੌਰਾਨ ਪੁਲਿਸ ਨੇ 7 ਇਮਿਟੇਸ਼ਨ ਫਾਇਰਆਰਮ ਅਤੇ ਵੱਡੀ ਮਾਤਰਾ 'ਚ ਸ਼ੱਕੀ ਫੈਂਟਾਨਿਲ ਬਰਾਮਦ ਕੀਤੀ ਹੈ। ਕਾਂਸਟੇਬਲ ਸਰਬਜੀਤ ਸੰਘਾ ਨੇ ਦੱਸਿਆ ਹੈ ਕਿ ਸਰੀ ਆਰ.ਸੀ.ਐਮ.ਪੀ. ਦੇ ਫਰੰਟਲਾਈਨ ਅਫ਼ਸਰਾਂ ਨੇ ਇਕ ਟਰੈਫਿਕ ਸਟੌਪ ਦੌਰਾਨ ਕਿੰਗ ਜੌਰਜ ਬੁਲੇਵਾਰਡ ਅਤੇ 94 ਐਵੀਨਿਊ ਦੇ ਇਲਾਕੇ 'ਚ ਇਕ ਗੱਡੀ ਨੂੰ ਰੋਕਿਆ। ਗੱਲਬਾਤ ਦੌਰਾਨ ਅਫਸਰਾਂ ਨੂੰ ਡਰੱਗ ਤਸਕਰੀ ਨਾਲ ਸਬੰਧਤ ਹੋਣ ਦਾ ਸ਼ੱਕ ਹੋਇਆ ਅਤੇ ਤਲਾਸ਼ੀ ਦੌਰਾਨ ਉਨ੍ਹਾਂ ਪਾਸੋਂ 7 ਇਮਿਟੇਸ਼ਨ ਬੰਦੂਕਾਂ, ਇਕ ਤਲਵਾਰ, ਚਾਕੂ ਤੋਂ ਇਲਾਵਾ 157 ਗ੍ਰਾਮ ਸ਼ੱਕੀ ਫੈਂਟਾਨਿਲ ਅਤੇ 250 ਡਾਲਰ ਕੈਸ਼ ਬਰਾਮਦ ਹੋਏ।

ਇਸ ਮਾਮਲੇ 'ਚ ਸਰੀ ਦੇ ਇਕ 34 ਸਾਲਾ ਆਦਮੀ ਅਤੇ ਪੋਰਟ ਕੋਕਟਲਮ ਦੀ ਇਕ 34 ਸਾਲਾ ਔਰਤ ਨੂੰ ਗ੍ਰਿਫਤਾਰ ਕੀਤਾ ਗਿਆ ਪਰ ਮੌਕੇ ਉਤੇ ਰਿਹਾਅ ਕਰ ਦਿੱਤਾ ਗਿਆ।

## ਭਾਰਤੀ-ਅਮਰੀਕੀ ਵਿਦਿਆਰਥਣ ਨੂੰ ਵੱਕਾਰੀ ਪੁਰਸਕਾਰ

**ਵਾਸ਼ਿੰਗਟਨ:** ਭਾਰਤੀ ਮੂਲ ਦੀ ਅਮਰੀਕੀ ਵਿਦਿਆਰਥਣ ਨੂੰ ਵਾਤਾਵਰਨ ਅਨੁਕੂਲ ਢੰਗ ਵਿਕਸਤ ਕਰਨ ਸਬੰਧੀ ਪ੍ਰੋਜੈਕਟ ਲਈ ਵੱਕਾਰੀ ਪੁਰਸਕਾਰ ਦਿੱਤਾ ਗਿਆ ਹੈ। ਉਸ ਦਾ ਇਹ ਪ੍ਰੋਜੈਕਟ 1984 ਦੀ ਭੋਪਾਲ ਗੈਸ ਤ੍ਰਾਸਦੀ ਦੇ ਪ੍ਰਭਾਵ ਤੋਂ ਪ੍ਰੇਰਿਤ ਸੀ। ਵਰਚੁਅਲ ਰੀਜਨਰੋਨ ਇੰਟਰਨੈਸ਼ਨਲ ਸਾਇੰਸ ਐਂਡ ਇੰਜੀਨੀਅਰਿੰਗ ਫੇਅਰ (ਆਈ.ਐਸ.ਈ.ਐਫ.) ਦੌਰਾਨ ਟੈਕਸਾਸ ਹਾਈ ਸਕੂਲ ਦੀ ਵਿਦਿਆਰਥਣ ਸੋਹੀ ਸੰਜੇ ਪਟੇਲ ਨੂੰ ਪੈਟ੍ਰਿਕ ਐਚ ਹਰਡ ਸਥਿਰਤਾ ਪੁਰਸਕਾਰ-2021 ਦਾ ਜੇਤੂ ਐਲਾਨਿਆ ਗਿਆ। ਅਮਰੀਕਾ ਦੀ ਵਾਤਾਵਰਨ ਸੁਰੱਖਿਆ ਏਜੰਸੀ ਈ.ਪੀ.ਏ. ਨੇ ਉਸ ਨੂੰ ਇਹ ਪੁਰਸਕਾਰ ਦਿੱਤਾ ਹੈ।

## ਭਾਜਪਾ ਖਿਲਾਫ ਮੁਲਕ ਪੱਧਰੀ ਪਿੜ ਬੱਝਣ ਲੱਗਾ

*(ਸਫਾ ਇਕ ਦੀ ਬਾਕੀ)*

ਇਕਜੁਟ ਕਰਨ ਦਾ ਫਾਰਮੂਲਾ ਦਿੱਤਾ ਹੈ। ਉਧਰ, ਬੰਗਾਲ ਫਤਿਹ ਤੋਂ ਬਾਅਦ ਮਮਤਾ ਨੇ ਭਾਜਪਾ ਨੂੰ ਸੱਤਾ ਤੋਂ ਲਾਂਭੇ ਕਰਨ ਲਈ ਵਿਰੋਧੀ ਧਿਰਾਂ ਨੂੰ ਇਕ ਮੰਚ ਉਤੇ ਆਉਣ ਦਾ ਸੱਦਾ ਦਿੱਤਾ ਹੈ। ਪਿਛਲੇ ਦਿਨੀਂ ਕਿਸਾਨ ਆਗੂ ਰਾਕੇਸ਼ ਟਿਕੈਤ ਦੀ ਮਮਤਾ ਨਾਲ ਮੁਲਾਕਾਤ ਨੂੰ ਵੀ ਇਸੇ ਪਾਸੇ ਰੱਖ ਕੇ ਦੇਖਿਆ ਜਾ ਰਿਹਾ ਹੈ। ਚਰਚਾ ਹੈ ਕਿ ਇਸ ਮਿਸ਼ਨ ਦੀ ਸ਼ੁਰੂਆਤ ਅਗਲੇ ਸਾਲ ਉਤਰ ਪ੍ਰਦੇਸ਼ ਵਿਚ ਹੋ ਰਹੀਆਂ ਵਿਧਾਨ ਸਭਾ ਚੋਣਾਂ ਤੋਂ ਹੋ ਸਕਦੀ ਹੈ। ਕਿਸਾਨ ਆਗੂ ਨਾਲ ਮੁਲਾਕਾਤ ਪਿਛੋਂ ਮਮਤਾ ਦੇ ਕੇਂਦਰ ਸਰਕਾਰ ਖਿਲਾਫ ਸੁਰ ਹੋਰ ਤਿੱਖੇ ਹੋ ਗਏ ਹਨ।

## ਪੰਜਾਬ ਵਿਚ ਸਿਆਸੀ ਜੋੜ-ਤੋੜ ਸਿਖਰਾਂ ਵੱਲ

*(ਸਫਾ ਇਕ ਦੀ ਬਾਕੀ)*

ਸਮੱਸਿਆਵਾਂ ਜਿਉਂ ਦੀ ਤਿਉਂ ਬਰਕਰਾਰ ਰਹੀਆਂ। ਨਸ਼ਾ, ਰੇਤ ਮਾਫੀਆ, ਕਿਸਾਨ-ਮਜ਼ਦੂਰ ਖੁਦਕੁਸ਼ੀਆਂ, ਬੇਰੁਜ਼ਗਾਰੀ, ਮਹਿੰਗੀ ਬਿਜਲੀ ਆਦਿ ਅਜਿਹੇ ਮਸਲੇ ਹਨ, ਜਿਨ੍ਹਾਂ ਨੂੰ ਹੱਲ ਕਰਨ ਦੀ ਥਾਂ ਰਵਾਇਤੀ ਪਾਰਟੀਆਂ ਨੇ ਹੋਰ ਉਲਝਾਇਆ ਹੈ।

ਅਗਲੇ ਸਾਲ ਵਿਧਾਨ ਸਭਾ ਦੀਆਂ ਚੋਣਾਂ ਹੋਣੀਆਂ ਹਨ। ਇਸ ਲਈ ਸਾਢੇ ਚਾਰ ਸਾਲ ਤੱਕ ਠੰਢੇ ਬਸਤੇ 'ਚ ਪਏ ਸੂਬੇ ਦੇ ਅਹਿਮ ਮਸਲੇ ਫਿਰ ਵੱਖ-ਵੱਖ ਸਿਆਸੀ ਪਾਰਟੀਆਂ ਵੱਲੋਂ ਲੋਕਾਂ ਦਾ ਧਿਆਨ ਖਿੱਚਣ ਲਈ ਉਭਾਰੇ ਤੇ ਪਸਾਰੇ ਜਾ ਰਹੇ ਹਨ।

ਇਨ੍ਹਾਂ ਮੁੱਦਿਆਂ ਕਾਰਨ ਹੀ 2017 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਅਕਾਲੀ ਦਲ ਦੇ ਵੋਟ ਬੈਂਕ ਨੂੰ ਲੱਗੇ ਵੱਡੇ ਖੋਰੇ ਕਰ ਕੇ ਪਾਰਟੀ 15 ਸੀਟਾਂ ਤੱਕ ਸੀਮਤ ਹੋ ਗਈ ਸੀ। ਨਸ਼ੇ, ਰੇਤ-ਬਜਰੀ ਵਰਗੇ ਮੁੱਦਿਆਂ ਖਾਸ ਤੌਰ ਉਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮਾਮਲੇ ਨਾਲ ਅਕਾਲੀ ਦਲ ਦਾ ਵੋਟ ਬੈਂਕ ਹਿੱਲ ਗਿਆ ਸੀ। ਇਨ੍ਹਾਂ ਮਸਲਿਆਂ ਨੇ ਹੀ ਕਾਂਗਰਸ ਹੱਥ ਸੱਤਾ ਦਿੱਤੀ। ਹੁਣ ਕਾਂਗਰਸ ਨੇ ਸਾਢੇ ਚਾਰ ਸਾਲ ਤੱਕ ਇਕ ਵੀ ਮਸਲਾ ਹੱਲ ਨਹੀਂ ਕੀਤਾ। ਚੋਣਾਂ ਤੋਂ 6-7 ਮਹੀਨੇ ਪਹਿਲਾਂ ਇਹ ਮਸਲੇ ਮੁੜ ਸਿਆਸੀ ਧਿਰਾਂ ਲਈ ਹਥਿਆਰ ਬਣੇ ਜਾਪ ਰਹੇ ਹਨ।

# ਪਿੰਡ ਚੱਕ ਭਾਈ ਕਾ 'ਚ ਰਾਤ ਨੂੰ ਫਿਰਦੀ ਮੰਦ-ਬੁੱਧੀ ਲੜਕੀ ਨੂੰ ਪੁਚਾਇਆ ਸਰਾਭਾ ਆਸ਼ਰਮ

**ਪਿੰਡ ਚੱਕ ਭਾਈ ਕਾ:** ਓਪਰੀ ਨਜ਼ਰੇ ਵੇਖਿਆਂ ਭਾਵੇਂ ਇਹ ਆਮ ਜਿਹੀ ਗੱਲ ਲੱਗਦੀ ਹੈ ਪਰ ਸਮਾਜਕ ਕਾਰਕੁਨਾਂ ਲਈ ਅਜਿਹੀ ਘਟਨਾ ਚਿੰਤਾ ਦਾ ਵਿਸ਼ਾ ਬਣ ਜਾਂਦੀ ਹੈ ਜਦੋਂ ਕੋਈ ਅਗਿਆਤ ਲੜਕੀ ਰਾਤ ਨੂੰ ਸ਼ੱਕੀ ਨਜ਼ਰ ਵਿੱਚ ਇਕੱਲੀ ਫਿਰਦੀ ਨਜ਼ਰ ਪੈ ਜਾਵੇ। ਅਜਿਹੀ ਹੀ ਇੱਕ ਘਟਨਾ 15 ਮਈ ਦੀ ਰਾਤ ਨੂੰ ਰਾਇਕੋਟ ਤਹਿਸੀਲ ਦੇ ਪਿੰਡ 'ਚੱਕ ਭਾਈ ਕਾ' ਵਿਖੇ ਵਾਪਰੀ ਜਦੋਂ ਪਿੰਡ ਦੇ ਕੁੱਝ ਵਿਅਕਤੀਆਂ ਨੇ ਇੱਕ ਮੰਦ-ਬੁੱਧੀ ਲੜਕੀ ਨੂੰ ਤਰਸਯੋਗ ਹਾਲਤ ਵਿੱਚ ਪਿੰਡ ਦੀ ਸੜਕ 'ਤੇ ਇਕੱਲੀ ਨੂੰ ਬੈਠਿਆਂ ਵੇਖਿਆ। ਉਨ੍ਹਾਂ ਨੇ ਪਿੰਡ ਦੀ ਸਰਪੰਚ ਬੀਬੀ ਚਰਨਜੀਤ ਕੌਰ, ਪੰਚ ਅਮਰਜੀਤ ਸਿੰਘ ਆਦਿ ਨਾਲ ਮਿਲ ਕੇ ਇਸ ਸਬੰਧੀ ਰਾਇਕੋਟ ਪੁਲਿਸ ਨੂੰ ਸੂਚਿਤ ਕੀਤਾ।



ਉਸ ਰਾਤ ਇਸ ਲੜਕੀ ਨੂੰ ਪਿੰਡ ਦੇ ਗੁਰਦੁਵਾਰਾ ਸਾਹਿਬ ਵਿੱਚ ਰੱਖਿਆ ਗਿਆ।ਦੂਜੇ ਦਿਨ 16 ਮਈ ਨੂੰ ਰਾਇਕੋਟ ਪੁਲਿਸ ਦੀ ਸਲਾਹ ਤੇ ਚੱਕ ਭਾਈ ਕਾ ਪਿੰਡ ਦੇ ਰਿਸ਼ੀ ਸਿੰਘ, ਸੁਖਰਾਜ ਸਿੰਘ ਅਤੇ ਕੁੱਝ ਹੋਰ ਪਤਵੰਤੇ ਸੱਜਣ ਇਸ ਨੂੰ ਸਰਾਭਾ ਪਿੰਡ ਦੇ ਨਜ਼ਦੀਕ ਬਣੇ ਗੁਰੂ ਅਮਰ ਦਾਸ ਅਪਾਹਜ ਆਸ਼ਰਮ ਵਿੱਚ ਛੱਡ ਕੇ ਗਏ। ਇਸ ਲੜਕੀ ਨੇ ਆਪਣਾ ਨਾਉਂ ਸੁਸ਼ੀਲਾ ਦੱਸਿਆ ਹੈ, ਇਹ ਵੀ ਦੱਸਿਆ ਕਿ ਅਸੀਂ ਛੇ ਭੈਣਾਂ ਅਤੇ ਦੋ ਭਰਾ ਹਾਂ। ਪਰ ਇਹ ਨਹੀਂ ਦੱਸ ਸਕਦੀ ਕਿ ਮਾਤਾ-ਪਿਤਾ ਅਤੇ ਪਰਿਵਾਰ ਦੇ ਜੀਅ ਕਿੱਥੇ ਰਹਿੰਦੇ ਹਨ। ਆਸ਼ਰਮ ਵਿੱਚ ਇਸ ਦਾ ਇਲਾਜ ਦਿਆ ਨੰਦ ਹਸਪਤਾਲ ਲੁਧਿਆਣਾ ਦੇ ਮਸ਼ਹੂਰ ਰਿਟਾਇਡ ਸਾਇਕੈਟਰਿਸਟ ਡਾ. ਆਰ. ਐਲ ਨਾਰੰਗ ਵੱਲੋਂ ਕੀਤਾ ਜਾਵੇਗਾ।

ਆਸ਼ਰਮ ਦੇ ਸੰਸਥਾਪਕ ਡਾ. ਨੌਰੰਗ ਸਿੰਘ ਮਾਂਗਟ ਅਤੇ ਪ੍ਰਧਾਨ ਚਰਨ ਸਿੰਘ ਜੋਧਾਂ ਨੇ ਦੱਸਿਆ ਕਿ ਇਸ ਆਸ਼ਰਮ ਵਿੱਚ ਡੇਢ ਸੌ ਦੇ ਕਰੀਬ ਅਪਾਹਜ, ਨੇਤਰਹੀਣ, ਦਿਮਾਗੀ ਸੰਤੁਲਨ ਗੁਆ ਚੁੱਕੇ, ਅਧਰੰਗ, ਸ਼ੂਗਰ, ਏਡਜ਼, ਕਾਲਾ ਪੀਲੀਆ, ਟੀ.ਬੀ. ਆਦਿ ਨਾਲ ਪੀੜਤ ਮਰੀਜ਼ ਰਹਿੰਦੇ ਹਨ।ਇਹ ਸਾਰੇ ਹੀ ਲਾਵਾਰਸ, ਬੇਘਰ ਅਤੇ ਬੇਸਹਾਰਾ ਹਨ। ਇਨ੍ਹਾਂ ਮਰੀਜ਼ਾਂ ਦੀ ਸੇਵਾ-ਸੰਭਾਲ ਮੁਫ਼ਤ ਕੀਤੀ ਜਾਂਦੀ ਹੈ। ਆਸ਼ਰਮ ਦੇ ਲੱਖਾਂ ਰੁਪਏ ਮਹੀਨੇ ਦਾ ਖਰਚਾ ਸੰਗਤਾਂ ਦੇ ਸਹਿਯੋਗ ਨਾਲ ਹੀ ਚਲਦਾ ਹੈ। ਆਸ਼ਰਮ ਬਾਰੇ ਹੋਰ ਜਾਣਕਾਰੀ ਲਈ ਇੰਡੀਆ ਵਿੱਚ (ਮੋਬਾ) 95018-42506 ਅਤੇ ਕੈਨੇਡਾ ਵਿੱਚ 403-401-8787 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਸਵਰਨਜੀਤ ਸਿੰਘ ਢਿਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਮਮਤਾ ਵੱਲੋਂ ਵਿਰੋਧੀ ਪਾਰਟੀਆਂ ਨੂੰ ਕਿਸਾਨਾਂ ਦੇ ਸਮਰਥਨ 'ਚ ਇਕਜੁਟਤਾ ਦਾ ਸੱਦਾ

**ਕੋਲਕਾਤਾ:** ਭਾਰਤੀ ਜਨਤਾ ਪਾਰਟੀ ਖਿਲਾਫ ਆਪਣੀ ਲੜਾਈ ਨੂੰ ਉੱਤਰ ਪ੍ਰਦੇਸ਼ ਵੱਲ ਵਧਾਉਣ ਦੀ ਕੋਸ਼ਿਸ਼ ਵਜੋਂ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਸੰਘਰਸ਼ ਕਰ ਰਹੇ ਕਿਸਾਨਾਂ ਦੇ ਸਮਰਥਨ ਵਿਚ ਵਿਰੋਧੀ ਪਾਰਟੀਆਂ ਦੀ ਸੱਤਾ ਵਾਲੇ ਰਾਜਾਂ ਨੂੰ ਇਕਜੁੱਟ ਕਰਨ ਦਾ ਵਾਅਦਾ ਕੀਤਾ। ਬੈਨਰਜੀ ਨੇ ਕਿਹਾ ਕਿ ਉਨ੍ਹਾਂ ਦਾ ਮਕਸਦ ਨਰਿੰਦਰ ਮੋਦੀ ਸਰਕਾਰ ਨੂੰ ਸੱਤਾ ਤੋਂ ਲਾਂਭੇ ਕਰਨਾ ਹੈ। ਉਨ੍ਹਾਂ ਕਿਹਾ ਕਿ ਇਹ ਕਿਸਾਨ ਅੰਦੋਲਨ ਸਿਰਫ ਪੰਜਾਬ, ਹਰਿਆਣਾ ਜਾਂ ਉਤਰ ਪ੍ਰਦੇਸ਼ ਲਈ ਨਹੀਂ ਹੈ ਬਲਕਿ ਸਮੁੱਚੇ ਦੇਸ਼ ਲਈ ਹੈ। ਰਾਕੇਸ਼ ਟਿਕੈਤ ਤੇ ਯੁਧਵੀਰ ਸਿੰਘ ਦੀ ਅਗਵਾਈ ਹੇਠ ਪਹੁੰਚੇ ਕਿਸਾਨ ਆਗੂਆਂ ਨਾਲ ਇਕ ਮੀਟਿੰਗ ਦੌਰਾਨ ਤ੍ਰਿਣਮੂਲ ਕਾਂਗਰਸ ਦੀ ਮੁਖੀ ਨੇ ਕਿਹਾ ਕਿ ਅਜਿਹਾ ਇਕ ਪਲੇਟਫਾਰਮ ਹੋਣਾ ਚਾਹੀਦਾ ਹੈ ਜਿੱਥੇ ਕਿ ਸਾਰੇ ਸੂਬੇ ਨੀਤੀਗਤ ਮੁੱਦਿਆਂ ਬਾਰੇ ਚਰਚਾ ਕਰ ਸਕਣ। ਉਨ੍ਹਾਂ ਕਿਹਾ, ''ਰਾਜਾਂ ਨੂੰ ਨਿਸ਼ਾਨਾ ਬਣਾਉਣਾ ਸੰਘੀ ਢਾਂਚੇ ਲਈ ਠੀਕ ਨਹੀਂ ਹੈ।'' ਕਿਸਾਨ ਆਗੂ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਵੱਲੋਂ ਪਾਸ ਕੀਤੇ ਗਏ ਖੇਤੀ ਕਾਨੂੰਨਾਂ ਖਿਲਾਫ ਅਤੇ ਖੇਤੀ ਜਿਣਸਾਂ ਲਈ ਘੱਟੋ-ਘੱਟ ਸਮਰਥਨ ਮੁੱਲ ਸਬੰਧੀ ਇਕ ਕੌਮੀ ਕਾਨੂੰਨ ਲੈ ਕੇ ਆਉਣ ਦੀ ਮੰਗ ਨੂੰ ਲੈ ਕੇ ਉਨ੍ਹਾਂ ਵੱਲੋਂ ਕੀਤੇ ਜਾ ਰਹੇ ਸੰਘਰਸ਼ ਵਿਚ ਮੁੱਖ ਮੰਤਰੀ ਮਮਤਾ ਬੈਨਰਜੀ ਦਾ ਸਮਰਥਨ ਮੰਗਣ ਲਈ ਇਥੇ ਆਏ ਸਨ। ਤ੍ਰਿਣਮੂਲ ਕਾਂਗਰਸ ਵੱਲੋਂ ਪੱਛਮੀ ਬੰਗਾਲ ਤੋਂ ਬਾਹਰ ਵੀ ਪੈਰ ਪਸਾਰਨ ਦੇ ਕੀਤੇ ਗਏ ਐਲਾਨ ਤੋਂ ਕੁਝ ਦਿਨਾਂ ਬਾਅਦ ਮਮਤਾ ਬੈਨਰਜੀ ਵੱਲੋਂ ਉੱਤਰ ਭਾਰਤ ਦੀਆਂ ਕਿਸਾਨ ਯੂਨੀਅਨਾਂ ਨੂੰ ਸਮਰਥਨ ਦੇਣ ਦਾ ਐਲਾਨ ਕੀਤਾ ਗਿਆ ਹੈ। ਰਾਕੇਸ਼ ਟਿਕੈਤ ਤੇ ਯੁਧਵੀਰ ਸਿੰਘ ਦੀ ਅਗਵਾਈ ਵਾਲੀ ਭਾਰਤੀ ਕਿਸਾਨ ਯੂਨੀਅਨ ਵੱਲੋਂ ਪੱਛਮੀ ਬੰਗਾਲ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ 'ਭਾਜਪਾ ਨੂੰ ਵੋਟ ਨਾ ਦਿਓ' ਮੁਹਿੰਮ ਦਾ ਸਮਰਥਨ ਕੀਤਾ ਗਿਆ ਸੀ ਅਤੇ ਅੱਗੇ ਹੋਰ ਰਾਜਾਂ ਵਿਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਵਿਚ ਵੀ ਇਹ ਮੁਹਿੰਮ ਚਲਾਉਣ ਦੀ ਯੋਜਨਾ ਹੈ।

ਮਮਤਾ ਬੈਨਰਜੀ ਨੇ ਐਲਾਨ ਕੀਤਾ ਕਿ ਕਿਸਾਨ ਅੰਦੋਲਨ ਨੂੰ ਪੂਰਾ ਸਮਰਥਨ ਦਿੱਤਾ ਜਾਵੇਗਾ। ਇਸ ਦੌਰਾਨ ਕੇਂਦਰ 'ਤੇ ਵਰ੍ਹਦਿਆਂ ਉਨ੍ਹਾਂ ਕਿਹਾ, ''ਭਾਰਤ ਅਜਿਹੀਆਂ ਨੀਤੀਆਂ ਦੀ ਉਡੀਕ ਕਰ ਰਿਹਾ ਹੈ ਜੋ ਕੋਵਿਡ-19 ਖਿਲਾਫ ਲੜਾਈ 'ਚ ਮਦਦਗਾਰ ਸਾਬਤ ਹੋਣ ਅਤੇ ਕਿਸਾਨਾਂ ਤੇ ਸਨਅਤ ਲਈ ਵੀ ਸਹਾਈ ਹੋਣ।'' ਮੁੱਖ ਮੰਤਰੀ ਨੇ ਪੁੱਛਿਆ, ''ਕਿਸਾਨਾਂ ਨਾਲ ਗੱਲ ਕਰਨਾ ਐਨਾ ਮੁਸ਼ਕਿਲ ਕਿਉਂ ਹੈ?'' ਮਮਤਾ ਬੈਨਰਜੀ ਨੇ ਕਿਹਾ, ''ਭਾਜਪਾ ਦਾ ਰਾਜ ਸਿਹਤ ਸੰਭਾਲ ਤੋਂ ਲੈ ਕੇ ਕਿਸਾਨਾਂ ਤੇ ਸਨਅਤ ਤੱਕ ਹਰੇਕ ਖੇਤਰ ਲਈ ਤਬਾਹਕੁਨ ਸਾਬਤ ਹੋਇਆ ਹੈ। ਭਾਰਤ ਭੁਗਤ ਰਿਹਾ ਹੈ...ਅਸੀਂ ਕੁਦਰਤੀ ਤੇ ਸਿਆਸੀ ਦੋਵੇਂ ਤਰ੍ਹਾਂ ਦੀਆਂ ਆਫਤਾਂ ਦਾ ਸਾਹਮਣਾ ਕਰ ਰਹੇ ਹਾਂ।''

# ਵੈਕਸੀਨ: ਪੇਂਡੂ ਵਿਕਾਸ ਫੰਡ 'ਤੇ ਟਿਕੀਆਂ ਪੰਜਾਬ ਸਰਕਾਰ ਦੀਆਂ ਨਜ਼ਰਾਂ

**ਚੰਡੀਗੜ੍ਹ:** ਪੰਜਾਬ ਸਰਕਾਰ 15ਵੇਂ ਵਿੱਤ ਕਮਿਸ਼ਨ ਤਹਿਤ ਕੇਂਦਰ ਸਰਕਾਰ ਵੱਲੋਂ 205 ਕਰੋੜ ਦਾ ਪੇਂਡੂ ਵਿਕਾਸ ਫੰਡ ਕੋਵਿਡ ਵੈਕਸੀਨ ਖਰੀਦਣ ਲਈ ਰਾਜ ਸਰਕਾਰ ਨੂੰ ਦੇਣ ਵਾਸਤੇ ਜ਼ਿਲ੍ਹਾ ਪਰਿਸ਼ਦ ਰਾਹੀਂ ਮਤੇ ਪਾਸ ਕਰਵਾ ਰਹੀ ਹੈ। ਵਿਭਾਗੀ ਸੂਤਰਾਂ ਅਨੁਸਾਰ ਸਰਕਾਰ ਨੇ ਕੁਝ ਦਿਨ ਪਹਿਲਾਂ ਇਕ ਵੀਡੀਓ ਕਾਨਫਰੰਸ ਵਿਚ ਵਿਕਾਸ ਅਧਿਕਾਰੀਆਂ ਨੂੰ ਟੀਕਾ ਖਰੀਦਣ ਲਈ ਇਹ ਫੰਡ ਮੋੜਨ ਵਾਸਤੇ ਮਤੇ ਪਾਸ ਕਰਨ ਲਈ ਆਖਿਆ ਹੈ। ਸੂਬਾ ਸਰਕਾਰ ਨੇ ਫੰਡ ਤਬਦੀਲ ਕਰਵਾਉਣ ਲਈ ਮਤੇ ਦਾ ਵਿਸ਼ੇਸ਼ ਡਰਾਫਟ ਤਿਆਰ ਕਰਕੇ ਵਿਕਾਸ ਅਫਸਰਾਂ ਨੂੰ ਭੇਜ ਦਿੱਤਾ ਹੈ।

ਫਾਰਮੈਟ ਵਿਚ ਲਿਖਿਆ ਹੈ ਕਿ ਮਹਾਮਾਰੀ ਦੀ ਸੰਭਾਵੀ ਤੀਜੀ ਲਹਿਰ ਨਾਲ ਨਜਿੱਠਣ ਲਈ ਪੰਜਾਬ 'ਚ ਵੱਡੇ ਪੱਧਰ 'ਤੇ ਵੈਕਸੀਨ ਦੀ ਲੋੜ ਹੈ। ਪੰਚਾਇਤ ਦਾ ਫਰਜ਼ ਬਣਦਾ ਹੈ ਕਿ ਉਹ ਲੋਕਾਂ ਦੀ ਜਾਨ ਬਚਾਉਣ ਲਈ ਯੋਗ ਪ੍ਰਬੰਧ ਕਰੇ, ਜਿਸ ਵਿਚ ਟੀਕਾਕਰਨ ਵੀ ਸ਼ਾਮਲ ਹੈ। ਇਸ ਲਈ ਜਿਲ੍ਹਾ ਪਰਿਸ਼ਦ ਅਤੇ ਪੰਚਾਇਤ ਸਮਿਤੀਆਂ ਨੂੰ ਭਾਰਤ ਸਰਕਾਰ ਵੱਲੋਂ 15ਵੇਂ ਵਿੱਤ ਕਮਿਸ਼ਨ ਦੇ ਜਾਰੀ ਕੀਤੇ ਗਏ ਫੰਡ ਕੋਵਿਡ ਟੀਕਾਕਰਨ ਲਈ ਵਰਤਣ ਦਾ ਸੁਝਾਅ ਦਿੱਤਾ ਗਿਆ ਹੈ।

ਫਾਰਮੈਟ ਵਿਚ ਫੰਡ ਦੀ ਪਹਿਲੀ ਕਿਸ਼ਤ ਦਾ ਅਣਚਾਹਿਆ ਹਿੱਸਾ ਵੈਕਸੀਨ ਖਰੀਦਣ ਲਈ ਦੇਣ ਦਾ ਮਤਾ ਪਾ ਕੇ ਜਿਲ੍ਹਾ ਪਰਿਸ਼ਦ ਨੂੰ ਭੇਜਣ ਲਈ ਆਖਿਆ ਗਿਆ ਹੈ। ਇਕ ਅਧਿਕਾਰੀ ਨੇ ਨਾਮ ਨਾ ਲਿਖਣ ਦੀ ਸ਼ਰਤ 'ਤੇ ਦੱਸਿਆ ਕਿ ਸਰਕਾਰ ਵੱਲੋਂ ਵੈਕਸੀਨ ਖਰੀਦਣ ਲਈ ਅਣਚਾਹੇ ਫੰਡ ਦੀ ਵਰਤੋਂ ਕਰਨ ਦਾ ਮਾਮਲਾ ਵਿਚਾਰਿਆ ਜਾ ਰਿਹਾ ਹੈ।

**ਕੇਂਦਰ ਪ੍ਰਾਈਵੇਟ ਹਸਪਤਾਲਾਂ ਨੂੰ ਵੈਕਸੀਨ ਕਿਉਂ ਵੰਡੇ:** ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਮੋਦੀ ਸਰਕਾਰ 'ਤੇ ਸੰਘਵਾਦ ਦੇ ਆਸੇ ਤੋਂ ਥਿੜਕਣ ਦਾ ਦੋਸ਼ ਲਾਉਂਦਿਆਂ ਹੈਰਾਨੀ ਜਤਾਈ ਕਿ ਕੇਂਦਰ ਨੇ 25 ਫੀਸਦ ਕੋਵਿਡ-19 ਵੈਕਸੀਨਾਂ ਨਿੱਜੀ ਹਸਪਤਾਲਾਂ ਨੂੰ ਵੰਡਣ ਦਾ ਅਧਿਕਾਰ ਰਾਜਾਂ ਨੂੰ ਦੇਣ ਦੀ ਥਾਂ ਆਪਣੇ ਕੋਲ ਕਿਉਂ ਰੱਖਿਆ। ਚੇਤੇ ਰਹੇ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਐਲਾਨ ਕੀਤਾ ਸੀ ਕਿ ਕੇਂਦਰ ਸਰਕਾਰ ਨੇ ਵੈਕਸੀਨ ਨਿਰਮਾਤਾਵਾਂ ਤੋਂ 75 ਫੀਸਦ ਟੀਕੇ ਖਰੀਦਣ ਦਾ ਫੈਸਲਾ ਕੀਤਾ ਹੈ, ਜੋ ਅੱਗੇ ਰਾਜਾਂ ਨੂੰ ਮੁਫਤ ਮੁਹੱਈਆ ਕੀਤੇ ਜਾਣਗੇ ਜਦੋਂਕਿ ਪ੍ਰਾਈਵੇਟ ਹਸਪਤਾਲ ਬਾਕੀ ਬਚਦੇ 25 ਫੀਸਦ ਟੀਕੇ ਪਹਿਲਾਂ ਵਾਂਗ ਹਾਸਲ ਕਰ ਸਕਣਗੇ।

# ਪਰਿਵਾਰ ਸਣੇ ਮੋਟਰਸਾਈਕਲ ਨਹਿਰ 'ਚ ਸੁੱਟਿਆ

**ਫਿਰੋਜ਼ਪੁਰ:** ਇਥੇ ਫਿਰੋਜ਼ਪੁਰ-ਜ਼ੀਰਾ ਰੋਡ ਤੋਂ ਲੰਘਦੀ ਰਾਜਸਥਾਨ ਨਹਿਰ ਵਿਚ ਇਕ ਸਕੂਲ ਦੇ ਮਾਲਕ ਨੇ ਆਪਣੇ ਪਰਿਵਾਰ ਸਣੇ ਮੋਟਰਸਾਈਕਲ ਨਹਿਰ ਵਿਚ ਸੁੱਟ ਦਿੱਤਾ। ਮੌਕੇ 'ਤੇ ਮੌਜੂਦ ਕੁਝ ਲੋਕਾਂ ਨੇ ਹਿੰਮਤ ਕਰ ਕੇ ਉਸ ਦੀ ਪਤਨੀ ਤੇ ਧੀ ਨੂੰ ਤਾਂ ਨਹਿਰ ਵਿਚੋਂ ਜਿਊਂਦੇ ਬਾਹਰ ਕੱਢ ਲਿਆ ਪਰ ਸਕੂਲ ਮਾਲਕ ਤੇ ਉਸ ਦੇ ਅੱਠ ਸਾਲਾ ਪੁੱਤਰ ਦਾ ਕੋਈ ਸੁਰਾਗ ਨਹੀਂ ਲੱਗਿਆ ਹੈ। ਪੁਲਿਸ ਵੱਲੋਂ ਕੀਤੀ ਗਈ ਮੁੱਢਲੀ ਪੜਤਾਲ ਦੌਰਾਨ ਇਹ ਮਾਮਲਾ ਖੁਦਕੁਸ਼ੀ ਦਾ ਜਾਪਦਾ ਹੈ। ਮਿਲੇ ਵੇਰਵਿਆਂ ਮੁਤਾਬਕ ਬੇਅੰਤ ਸਿੰਘ (35) ਵਾਸੀ ਪਿੰਡ ਲਹੁਕੇ ਖੁਰਦ ਹਾਲ ਆਬਾਦ ਪਿੰਡ ਸ਼ਾਹ ਵਾਲਾ ਆਪਣੇ ਖੁਦ ਦੇ ਸਕੂਲ ਵਿਚ ਪੜ੍ਹਾਉਂਦਾ ਸੀ ਜਦਕਿ ਉਸ ਦੀ ਪਤਨੀ ਉਸੇ ਸਕੂਲ ਦੀ ਪ੍ਰਿੰਸੀਪਲ ਹੈ।

ਬੇਅੰਤ ਸਿੰਘ ਆਪਣੀ ਪਤਨੀ ਵੀਰਜੀਤ ਕੌਰ (34), ਪੁੱਤਰ ਗੁਰਬਖਸ਼ ਸਿੰਘ (8) ਅਤੇ ਧੀ ਰਹਿਮਤ (7 ਮਹੀਨੇ) ਦੇ ਨਾਲ ਆਪਣੇ ਮੋਟਰਸਾਈਕਲ 'ਤੇ ਪਿੰਡ ਸੁਰ ਸਿੰਘ ਵਾਲਾ ਵਿਚ ਸਥਿਤ ਗੁਰਦੁਆਰੇ ਮੱਥਾ ਟੇਕਣ ਗਿਆ ਸੀ। ਉਸ ਤੋਂ ਬਾਅਦ ਜਿਵੇਂ ਹੀ ਉਹ ਰਾਜਸਥਾਨ ਫੀਡਰ ਨੇੜੇ ਪਹੁੰਚਿਆ ਤਾਂ ਉਸ ਨੇ ਆਪਣਾ ਮੋਟਰਸਾਈਕਲ ਨਹਿਰ ਦੇ ਨਾਲ ਜਾਂਦੀ ਸੜਕ 'ਤੇ ਪਾ ਲਿਆ। ਨਹਿਰ ਦੀ ਪਹਿਲੀ ਪੌੜੀ ਕੋਲ ਪਹੁੰਚਦਿਆਂ ਹੀ ਉਸ ਨੇ ਮੋਟਰਸਾਈਕਲ ਨਹਿਰ ਵਿਚ ਸੁੱਟ ਦਿੱਤਾ।

# Matrimonials

## ਲੜਕੇ ਦੀ ਲੋੜ ਹੈ

Reputed Jatt Sikh family that is well settled in the Midwest invite a matrimonial alliance for their beautiful and accomplished daughter: 28 years old, 5'-5", US citizen, never married, has great family values, educated (Masters in Communications and Juris Doctorate) and employed as an attorney at a law firm. We invite serious responses from a suitable, modern Jatt Sikh gentleman (ages 28-33) who is also a US permanent resident or citizen, compatible in education/professional levels and also has excellent family values. Please respond with recent photographs and detailed bio-data to: kjs939798@gmail.com or call, Ph: 317-670-7665

Jatt Sikh smart girl 27 yrs old, 5'-6", MS Computer Science from US, Software Engineer at top company on H1B visa, Brother US citizen, Educated green card family, Vegetarian, Looking for suitable good looking educated cultured match residing in USA, Contact with bio-data and photos: jsp558792@gmail.com; Ph. 608-770-9437 14-17

## ਲੜਕੀ ਦੀ ਲੋੜ ਹੈ

Looking for a suitable girl for Sikh Professional Engineer, 27 Years, 5'-9", BS & MS (USA) working in Top MNC in Silicon Valley, San Jose (CA). Boy is clean shaven/Ramgarhia. NO CASTE BAR. Contact, Ph: 408-398-4644; Email: jrksnn@gmail.com 20-23

Wanted Suitable girl for US Citizen Khatri Gursikh boy, 36 years, height 5'-10', BS & MS (USA), working as a Pharmaceutical Engineer in Chicago area. Serious inquiries only. Contact, Ph: 630-290-1375 or neenakr2016@gmail.com 14-18

Looking for a suitable match for a MS Computer Science professional working in MNC in California, 27 years, 5'-8" Clean Shaven handsome Kamboj Sikh boy from a well established business family. Contact, Ph: +1-858-205-9624

*To Advertise with Punjab Times Call: 847-359-0746*

*Visit us on the web:* ***www.punjabtimesusa.com***


**Indianapolis, Indiana ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ**

*One of the Fastest Growing City in America and Best School System...*

- ਨਵੇਂ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
- 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ
- 4-6 ਬੈਡ ਰੂਮ, 3-4 ਬਾਥ ਰੂਮ
- ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
- ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ

For the Best advice for BUYING-SELLING-RENTING

Ben Singh Bashal (Realtor/Broker) Ph: 317-809-1818 midlandrealtygroup@yahoo.com

Kamaljeet Kaur (Realtor/Broker) Ph: 317-909-9295 kahlonkamaljeet@gmail.com



*Kamaljeet Kaur*

*Mortgage rates available from 2.1% to 3%*

Midland Realty Group-Company You Trust

**ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ**

ਪਿਛਲੇ 15 ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
- 3 Axle Alignment $199
- Trailer Alignment $150

**Grand Opening Special Price for Truck Wash**

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.982.9996
FAX: 209.982.9997
www.globalmultiservices.com info@globalmultiservices.com

**REPAIR SHOP**

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

TEL: 209.547.9210
FAX: 209.547.9211

**REGISTRATION SERVICES**

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

TEL: 209.982.9996
FAX: 209.982.9997


Tel.: 317-426-5410
Ext. 2001 & 2403
XPressCargo
100% ਓਨਰ ਆਪਰੇਟਰ ਕੰਪਨੀ
Pay Every Week
100% OWNER OPERATOR COMPANY
Pay Single 48 Cent + Team 58 Cent
IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)
ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।
• ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
• ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
• ਟਰੱਕ ਦੀ ਲਾਇਸੈਂਸ ਪਲੇਟ
• ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
• ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
• ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ
ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ
CA >> IN, OH, KY, PA, MD, VA
IN >> KS, TN, WI, MI, KY, IL, GA
ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ
ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ
ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ
ਵੀਕਲੀ ਹੋਮ
ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ
Hiring Owner Operators and Drivers
ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।
2330 Enterprise Park Dr., Indianapolis, IN 46218
Online Application @ www.xpresscargoinc.com

# ਕੋਟਕਪੂਰਾ ਗੋਲੀ ਕਾਂਡ: ਬਾਦਲ ਤੋਂ 22 ਜੂਨ ਨੂੰ ਹੋਵੇਗੀ ਪੁੱਛਗਿੱਛ

**ਫਰੀਦਕੋਟ:** ਕੋਟਕਪੂਰਾ ਗੋਲੀ ਕਾਂਡ ਦੀ ਪੜਤਾਲ ਕਰ ਰਹੀ ਵਿਸ਼ੇਸ਼ ਜਾਂਚ ਟੀਮ 22 ਜੂਨ ਨੂੰ ਐਮ.ਐਲ.ਏ. ਹੋਸਟਲ ਵਿਚ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੋਂ ਪੁੱਛਗਿੱਛ ਕਰੇਗੀ। ਜਾਂਚ ਟੀਮ ਨੇ ਇਹ ਪੁੱਛਗਿੱਛ 16 ਜੂਨ ਨੂੰ ਕਰਨੀ ਸੀ ਪਰ ਬਾਦਲ ਨੇ ਆਪਣੀ ਸਿਹਤ ਦਾ ਹਵਾਲਾ ਦੇ ਕੇ ਤਿੰਨ ਹਫਤਿਆਂ ਦਾ ਹੋਰ ਸਮਾਂ ਮੰਗਿਆ ਸੀ। ਜਾਂਚ ਟੀਮ ਨੇ ਬਾਦਲ ਨੂੰ ਪੱਤਰ ਲਿਖ ਕੇ ਕਿਹਾ ਹੈ ਕਿ ਉਹ 22 ਜੂਨ ਨੂੰ ਸੈਕਟਰ 4 ਦੇ ਐਮ.ਐਲ.ਏ. ਹੋਸਟਲ ਵਿਚ ਮੌਜੂਦ ਰਹਿਣ ਜਿੱਥੇ ਉਨ੍ਹਾਂ ਤੋਂ ਕੋਟਕਪੂਰਾ ਗੋਲੀ ਕਾਂਡ ਬਾਰੇ ਪੁੱਛ ਪੜਤਾਲ ਕੀਤੀ ਜਾਵੇਗੀ।

ਯਾਦ ਰਹੇ ਕਿ ਕੋਟਕਪੂਰਾ ਗੋਲੀ ਕਾਂਡ ਦੀ ਪੜਤਾਲ ਕਰ ਰਹੀ ਵਿਸ਼ੇਸ਼ ਜਾਂਚ ਟੀਮ (ਸਿਟ) ਨੇ ਪ੍ਰਕਾਸ਼ ਸਿੰਘ ਬਾਦਲ ਨੂੰ 16 ਜੂਨ ਨੂੰ ਮੁਹਾਲੀ ਦੇ ਫੇਜ਼-8 ਵਿਚ ਪੁੱਛ-ਗਿੱਛ ਲਈ ਬੁਲਾਇਆ ਸੀ ਪਰ ਉਨ੍ਹਾਂ ਸਿਹਤ ਦਾ ਹਵਾਲਾ ਦੇ ਕੇ ਫਿਲਹਾਲ ਜਾਂਚ ਵਿਚ ਸ਼ਾਮਿਲ ਹੋਣ ਤੋਂ ਅਸਮਰੱਥਾ ਜਤਾਈ ਸੀ। ਇਸ ਤੋਂ ਪਹਿਲਾਂ ਪ੍ਰਕਾਸ਼ ਸਿੰਘ ਬਾਦਲ ਕੋਟਕਪੂਰਾ ਅਤੇ ਬਹਿਬਲ ਗੋਲੀ ਕਾਂਡ ਦੇ ਸਬੰਧ ਵਿਚ ਕੁੰਵਰ ਵਿਜੈ ਪ੍ਰਤਾਪ ਦੀ ਅਗਵਾਈ ਹੇਠਲੀ ਟੀਮ ਅੱਗੇ ਪੁੱਛ-ਪੜਤਾਲ ਲਈ ਪੇਸ਼ ਹੋ ਚੁੱਕੇ ਹਨ।

ਨਵੀਂ ਜਾਂਚ ਟੀਮ ਨੇ ਸਾਬਕਾ ਡੀ.ਜੀ.ਪੀ. ਅਤੇ ਪੰਜ ਹੋਰ ਆਈ.ਪੀ.ਐਸ. ਅਧਿਕਾਰੀਆਂ ਤੋਂ ਪੁੱਛ-ਪੜਤਾਲ ਮੁਕੰਮਲ ਕਰਕੇ ਹੁਣ ਪ੍ਰਕਾਸ਼ ਸਿੰਘ ਬਾਦਲ ਨੂੰ ਜਾਂਚ ਲਈ ਸੱਦਿਆ ਸੀ। ਜਾਣਕਾਰੀ ਮੁਤਾਬਕ ਗੋਲੀ ਕਾਂਡ ਤੋਂ ਪਹਿਲਾਂ ਤਤਕਾਲੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਫਰੀਦਕੋਟ ਪ੍ਰਸ਼ਾਸਨ ਨਾਲ ਲੰਬੀ ਗੱਲਬਾਤ ਹੋਈ ਸੀ ਅਤੇ ਦਾਅਵਾ ਕੀਤਾ ਜਾ ਰਿਹਾ ਹੈ ਕਿ ਉਨ੍ਹਾਂ ਪ੍ਰਸ਼ਾਸਨ ਨੂੰ ਗੱਲਬਾਤ ਰਾਹੀਂ ਮਾਮਲਾ ਨਜਿੱਠਣ ਲਈ ਕਿਹਾ ਸੀ। ਗੱਲਬਾਤ ਹੋਣ ਦੇ ਕਰੀਬ ਇਕ ਘੰਟੇ ਬਾਅਦ ਹੀ ਕੋਟਕਪੂਰਾ 'ਚ ਗੋਲੀ ਚੱਲ ਗਈ ਸੀ। ਜਾਂਚ ਟੀਮ ਇਹ ਜਾਣਨਾ ਚਾਹੁੰਦੀ ਹੈ ਕਿ ਜਦੋਂ ਪ੍ਰਕਾਸ਼ ਸਿੰਘ ਬਾਦਲ ਨੇ ਮੁੱਖ ਮੰਤਰੀ ਵਜੋਂ ਮਾਮਲਾ ਗੱਲਬਾਤ ਰਾਹੀਂ ਨਿਬੇੜਨ ਦੇ ਆਦੇਸ਼ ਦਿੱਤੇ ਸਨ ਤਾਂ ਫਿਰ ਗੋਲੀ ਕਿਸ ਦੇ ਹੁਕਮਾਂ 'ਤੇ ਚਲਾਈ ਗਈ।

ਹੁਣ ਜਿਵੇਂ-ਜਿਵੇਂ ਵਿਧਾਨ ਸਭਾ ਚੋਣਾਂ ਨੇੜੇ ਆ ਰਹੀਆਂ ਹਨ ਤਾਂ ਬੇਅਦਬੀ ਦੀਆਂ ਘਟਨਾਵਾਂ ਅਤੇ ਕੋਟਕਪੂਰਾ ਗੋਲੀ ਕਾਂਡ ਦਾ ਮਾਮਲਾ ਭਖਣ ਦੀ ਸੰਭਾਵਨਾ ਹੈ। ਸਿੱਖਾਂ ਅਤੇ ਵਿਰੋਧੀ ਪਾਰਟੀਆਂ ਵੱਲੋਂ ਬੇਅਦਬੀ ਮਾਮਲੇ ਲਈ ਜ਼ਿੰਮੇਵਾਰ ਰਾਜਸੀ ਆਗੂਆਂ ਅਤੇ ਪੁਲਿਸ ਅਧਿਕਾਰੀਆਂ ਨੂੰ ਫੜ ਕੇ ਜੇਲ੍ਹ ਵਿਚ ਡੱਕਣ ਦੀ ਮੰਗ ਲਗਾਤਾਰ ਜ਼ੋਰ ਫੜ ਰਹੀ ਹੈ।

## ਸੈਣੀ, ਉਮਰਾਨੰਗਲ ਦੇ ਨਾਰਕੋ ਟੈਸਟ ਲਈ ਅਰਜ਼ੀ

**ਫਰੀਦਕੋਟ:** ਵਿਸ਼ੇਸ਼ ਜਾਂਚ ਟੀਮ ਨੇ ਕੋਟਕਪੂਰਾ ਗੋਲੀ ਕਾਂਡ ਵਿਚ ਪੰਜਾਬ ਦੇ ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ, ਮੁਅੱਤਲ ਆਈ.ਜੀ. ਪਰਮਰਾਜ ਸਿੰਘ ਉਮਰਾਨੰਗਲ ਅਤੇ ਸਾਬਕਾ ਐਸ.ਐਸ.ਪੀ. ਚਰਨਜੀਤ ਸ਼ਰਮਾ ਦੇ ਨਾਰਕੋ ਟੈਸਟ ਕਰਵਾਉਣ ਲਈ ਅਦਾਲਤ ਵਿਚ ਅਰਜ਼ੀ ਦਿੱਤੀ ਹੈ। ਜਾਂਚ ਟੀਮ ਨੇ ਅਦਾਲਤ ਨੂੰ ਦੱਸਿਆ ਕਿ ਇਹ ਪੁਲਿਸ ਅਫਸਰ ਸੱਚ ਲੁਕਾ ਰਹੇ ਹਨ। ਇਸ ਲਈ ਇਨ੍ਹਾਂ ਦੇ ਨਾਰਕੋ ਟੈਸਟ ਕਰਵਾਉਣ ਦੀ ਲੋੜ ਹੈ। ਅਦਾਲਤ ਨੇ ਜਾਂਚ ਟੀਮ ਦੀ ਅਰਜ਼ੀ ਲੈਣ ਤੋਂ ਬਾਅਦ ਮੁਲਜ਼ਮਾਂ ਨੂੰ ਇਸ ਮਾਮਲੇ ਵਿਚ ਆਪਣਾ ਪੱਖ ਰੱਖਣ ਦਾ ਮੌਕਾ ਦਿੱਤਾ ਹੈ।

## ਸਿੱਟ ਨੇ ਸਹੀ ਦਿਸ਼ਾ 'ਚ ਉਠਾਇਆ ਕਦਮ: ਬਾਜਵਾ

ਕਾਂਗਰਸ ਦੇ ਰਾਜ ਸਭਾ ਮੈਂਬਰ ਪ੍ਰਤਾਪ ਸਿੰਘ ਬਾਜਵਾ ਨੇ ਸਿਟ ਵੱਲੋਂ ਪ੍ਰਕਾਸ਼ ਸਿੰਘ ਬਾਦਲ ਨੂੰ ਤਲਬ ਕੀਤੇ ਜਾਣ ਦੇ ਫੈਸਲੇ ਨੂੰ ਸਹੀ ਦਿਸ਼ਾ 'ਚ ਉਠਾਇਆ ਗਿਆ ਕਦਮ ਕਰਾਰ ਦਿੱਤਾ ਹੈ। ਸ੍ਰੀ ਬਾਜਵਾ ਨੇ ਬਿਆਨ 'ਚ ਕਿਹਾ,"ਇਹ ਢੁਕਵੀਂ ਜਾਂਚ ਕਰਨ ਦਾ ਵੇਲਾ ਹੈ ਤਾਂ ਜੋ ਤਤਕਾਲੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਅਤੇ ਤਤਕਾਲੀ ਡੀ.ਜੀ.ਪੀ. ਸੁਮੇਧ ਸਿੰਘ ਸੈਣੀ ਦੀ ਭੂਮਿਕਾ ਦਾ ਪਤਾ ਲਾਇਆ ਜਾ ਸਕੇ।" ਉਨ੍ਹਾਂ ਕਿਹਾ ਕਿ ਇਕ ਮਹੀਨੇ ਦੇ ਅੰਦਰ ਜਾਂਚ ਮੁਕੰਮਲ ਹੋਣ 'ਤੇ ਫਰੀਦਕੋਟ ਅਦਾਲਤ 'ਚ ਕੇਸ ਦੀ ਰੋਜ਼ਾਨਾ ਸੁਣਵਾਈ ਦੀ ਮੰਗ ਕਰਦਿਆਂ ਅਰਜ਼ੀ ਪਾਈ ਜਾ ਸਕਦੀ ਹੈ ਤਾਂ ਜੋ ਕੋਟਕਪੂਰਾ ਗੋਲੀ ਕਾਂਡ ਅਤੇ ਬੇਅਦਬੀ ਕਾਂਡ ਦੇ ਦੋਸ਼ੀਆਂ ਨੂੰ ਸਜਾ ਸੁਣਾਈ ਜਾ ਸਕੇ।

# ਗੈਂਗਸਟਰ ਜੈਪਾਲ ਭੁੱਲਰ ਦੀ ਮੌਤ ਉਤੇ ਉਠੇ ਸਵਾਲ



**ਫਿਰੋਜ਼ਪੁਰ:** ਗੈਂਗਸਟਰ ਜੈਪਾਲ ਭੁੱਲਰ ਦੀ ਮੌਤ 'ਤੇ ਉਸ ਦੇ ਪਰਿਵਾਰਕ ਮੈਂਬਰਾਂ ਨੇ ਪੁਲਿਸ ਦੀ ਕਾਰਗੁਜ਼ਾਰੀ 'ਤੇ ਸਵਾਲ ਖੜ੍ਹਾ ਕੀਤਾ ਹੈ। ਪਰਿਵਾਰ ਦਾ ਕਹਿਣਾ ਹੈ ਕਿ ਜੈਪਾਲ ਤੇ ਉਸ ਦੇ ਸਾਥੀ ਜਸਪ੍ਰੀਤ ਜੱਸੀ ਦੀ ਮੌਤ ਤੋਂ ਤੁਰਤ ਬਾਅਦ ਸੋਸ਼ਲ ਮੀਡੀਆ 'ਤੇ ਵਾਇਰਲ ਹੋਈਆਂ ਤਸਵੀਰਾਂ ਤੋਂ ਸਾਫ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਪੁਲਿਸ ਮੁਕਾਬਲੇ ਵੇਲੇ ਦੋਵੇਂ ਆਪਣੇ ਕਮਰੇ ਵਿਚ ਆਰਾਮ ਕਰ ਰਹੇ ਸਨ। ਜੇ ਪੁਲੀਸ ਚਾਹੁੰਦੀ ਤਾਂ ਦੋਵਾਂ ਤੋਂ ਆਤਮ-ਸਮਰਪਣ ਕਰਵਾ ਸਕਦੀ ਸੀ ਪਰ ਪੁਲਿਸ ਨੇ ਅਜਿਹਾ ਕਰਨ ਦੀ ਬਜਾਏ ਦੋਵਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਪਰਿਵਾਰ ਦੇ ਨਜ਼ਦੀਕੀ ਰਿਸ਼ਤੇਦਾਰ ਸਾਬਕਾ ਮੈਂਬਰ ਪਾਰਲੀਮੈਂਟ ਤੇ ਮੁਤਵਾਜ਼ੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਨੇ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਪਾਸੋਂ ਮੁਕਾਬਲੇ ਦੀ ਉੱਚ ਪੱਧਰੀ ਜਾਂਚ ਕਰਵਾਏ ਜਾਣ ਦੀ ਮੰਗ ਕੀਤੀ ਹੈ।

ਜੈਪਾਲ ਦੇ ਪਿਤਾ ਭੁਪਿੰਦਰ ਸਿੰਘ ਨੇ ਸ਼ੱਕ ਜ਼ਾਹਰ ਕੀਤਾ ਹੈ ਕਿ ਮੁਕਾਬਲੇ ਤੋਂ ਪਹਿਲਾਂ ਉਸ ਦੀਆਂ ਬਾਂਹਾਂ ਤੇ ਪਸਲੀਆਂ ਤੋੜ ਦਿੱਤੀਆਂ ਸਨ। ਇਸ ਗੱਲ ਦਾ ਪਤਾ ਪਰਿਵਾਰ ਨੂੰ ਉਦੋਂ ਲੱਗਾ ਜਦੋਂ ਉਹ ਜੈਪਾਲ ਦੀ ਦੇਹ ਨੂੰ ਨਹਾਉਣ ਲੱਗੇ। ਪਿਤਾ ਭੁਪਿੰਦਰ ਸਿੰਘ, ਜੋ ਪੰਜਾਬ ਪੁਲਿਸ ਦੇ ਸੇਵਾਮੁਕਤ ਇੰਸਪੈਕਟਰ ਹਨ, ਦਾ ਕਹਿਣਾ ਹੈ ਕਿ ਪਰਿਵਾਰ ਉਪਰ ਛੇਤੀ ਸਸਕਾਰ ਕਰਨ ਦਾ ਦਬਾਅ ਪਾਇਆ ਜਾ ਰਿਹਾ ਸੀ। ਪਿਤਾ ਨੇ ਡਿਪਟੀ ਕਮਿਸ਼ਨਰ ਤੱਕ ਪਹੁੰਚ ਕਰਕੇ ਪੁੱਤ ਦਾ ਦੁਬਾਰਾ ਪੋਸਟਮਾਰਟਮ ਕਰਵਾਉਣ ਦੀ ਮੰਗ ਕੀਤੀ। ਦੱਸ ਦਈਏ ਕਿ ਪੰਜਾਬ ਅਤੇ ਪੱਛਮੀ ਬੰਗਾਲ ਪੁਲਿਸ ਦੀ ਸਾਂਝੀ ਕਾਰਵਾਈ ਦੌਰਾਨ ਪੰਜਾਬ ਪੁਲਿਸ ਨੂੰ ਲੋੜੀਂਦੇ ਨਾਮੀ ਗੈਂਗਸਟਰ ਜੈਪਾਲ ਭੁੱਲਰ ਅਤੇ ਉਸ ਦਾ ਇਕ ਸਾਥੀ ਜੱਸੀ ਨੂੰ ਮੁਕਾਬਲੇ ਦੌਰਾਨ ਮਾਰੇ ਦਿੱਤਾ ਸੀ। ਜੈਪਾਲ ਦਾ ਅਸਲ ਨਾਂ ਮਨਜੀਤ ਸਿੰਘ ਸੀ ਤੇ ਉਸ ਉਪਰ ਪੰਜਾਹ ਦੇ ਕਰੀਬ ਅਪਰਾਧਿਕ ਮਾਮਲੇ ਦਰਜ ਸਨ।

# ਪੰਜਾਬੀਆਂ ਨੂੰ ਹਜ਼ਮ ਨਹੀਂ ਹੋ ਰਹੀ ਸਿੱਖਿਆ ਵਿਭਾਗ ਦੀ 'ਪ੍ਰਾਪਤੀ'

**ਚੰਡੀਗੜ੍ਹ:** ਸਰਕਾਰ ਵੱਲੋਂ ਸਿੱਖਿਆ ਵਿਭਾਗ ਵਿਚ ਕਥਿਤ ਫਰਜ਼ੀ ਅੰਕੜਿਆਂ ਨੂੰ ਸਰਕਾਰੀ ਪ੍ਰਾਪਤੀ ਵਜੋਂ ਪੇਸ਼ ਕਰਨਾ ਅਧਿਆਪਕਾਂ ਅਤੇ ਸਿੱਖਿਆ ਨਾਲ ਸਰੋਕਾਰ ਰੱਖਣ ਵਾਲੇ ਲੋਕਾਂ ਵੱਲੋਂ ਪ੍ਰਵਾਨ ਨਹੀਂ ਕੀਤਾ ਜਾ ਰਿਹਾ। ਸੋਸ਼ਲ ਮੀਡੀਆ 'ਤੇ ਸਰਕਾਰ ਅਤੇ ਮੁੱਖ ਮੰਤਰੀ ਵੱਲੋਂ ਸਿੱਖਿਆ ਵਿਭਾਗ ਦੀ ਕੀਤੀ ਗਈ 'ਕਾਇਆ-ਕਲਪ' ਦਾ ਗੁਣਗਾਨ ਕਰ ਰਹੇ ਸਿੱਖਿਆ ਮੰਤਰੀ ਦੀ ਵੀਡੀਓ ਨੂੰ 'ਡਿਸਲਾਈਕ' ਕਰ ਕੇ ਲੋਕਾਂ ਨੇ ਇਸ ਦਾ ਵਿਰੋਧ ਕੀਤਾ। ਜਿਕਰਯੋਗ ਹੈ ਕਿ ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੇ ਵੀ ਸਿੱਖਿਆ ਖੇਤਰ 'ਚ ਪੰਜਾਬ ਦੇ ਅੱਵਲ ਸਥਾਨ ਨੂੰ ਕਟਹਿਰੇ ਵਿਚ ਖੜ੍ਹਾ ਕਰਦਿਆਂ ਗੰਭੀਰ ਦੋਸ਼ ਲਾਏ ਸਨ।

ਡੈਮੋਕ੍ਰੈਟਿਕ ਟੀਚਰਜ਼ ਫਰੰਟ ਪੰਜਾਬ ਦੇ ਪ੍ਰਧਾਨ ਦਿਗਵਿਜੈ ਪਾਲ ਸ਼ਰਮਾ ਨੇ ਆਖਿਆ ਕਿ ਜ਼ਮੀਨੀ ਹਕੀਕਤਾਂ ਤੋਂ ਉਲਟ ਮਹਿਜ਼ ਫਰਜ਼ੀ ਅਤੇ ਝੂਠੇ ਅੰਕੜਿਆਂ ਦੇ ਆਧਾਰ 'ਤੇ ਪੰਜਾਬ ਦੀ ਸਰਕਾਰੀ ਸਕੂਲ ਸਿੱਖਿਆ ਨੂੰ ਬੁਲੰਦੀਆਂ 'ਤੇ ਲਿਜਾਣ ਦਾ ਪ੍ਰਚਾਰ 'ਚੋਣ ਸਟੰਟ' ਹੈ। ਇਸ ਦਾ ਸੂਤਰਧਾਰ ਸਿੱਖਿਆ ਸਕੱਤਰ ਹੈ, ਜੋ 'ਮਿਸ਼ਨ ਸਤ ਪ੍ਰਤੀਸ਼ਤ' ਵਰਗੇ ਪ੍ਰੋਜੈਕਟਾਂ ਨਾਲ ਵਿਦਿਆਰਥੀਆਂ ਹੱਥੋਂ ਬਸਤੇ ਖੋਹ ਕੇ ਉਨ੍ਹਾਂ ਦਾ ਭਵਿੱਖ ਤਬਾਹ ਕਰਨ 'ਤੇ ਤੁਲਿਆ ਹੋਇਆ ਹੈ।



ਉਨ੍ਹਾਂ ਕਿਹਾ ਕਿ ਸਿੱਖਿਆ ਮੰਤਰੀ ਨੂੰ ਹਜ਼ਾਰਾਂ ਅਧਿਆਪਕਾਂ ਵੱਲੋਂ ਮਿਲੇ ਡਿਸਲਾਈਕ ਸਾਬਤ ਕਰਦੇ ਹਨ ਕਿ ਅਧਿਆਪਕ ਵਰਗ ਵਿਚ ਸਰਕਾਰ ਦੀਆਂ ਗਲਤ ਵਿੱਦਿਅਕ ਨੀਤੀਆਂ ਖਿਲਾਫ ਤਿੱਖਾ ਰੋਸ ਹੈ। ਆਗੂਆਂ ਨੇ ਕਿਹਾ ਕਿ ਸਰਕਾਰ ਵੱਲੋਂ ਆਨਲਾਈਨ ਸਿੱਖਿਆ ਬਹਾਨੇ ਸਕੂਲਾਂ ਨੂੰ ਅਧਿਆਪਕਾਂ ਤੋਂ ਸੱਖਣੇ ਕਰ ਕੇ ਸਰਕਾਰੀ ਸਕੂਲਾਂ ਨੂੰ ਕਾਰਪੋਰੇਟ ਘਰਾਣਿਆਂ ਕੋਲ ਗਹਿਣੇ ਰੱਖਣ ਦੀ ਸਾਜਿਸ਼ ਘੜੀ ਜਾ ਰਹੀ ਹੈ।

ਅਧਿਆਪਕ ਆਗੂਆਂ ਨੇ ਕਿਹਾ ਕਿ ਪੇਅ-ਕਮਿਸ਼ਨ ਦੀ ਰਿਪੋਰਟ ਲੇਟ ਕਰਨ, ਵਿਦਿਆਰਥੀਆਂ ਦਾ ਵਜ਼ੀਫ਼ਾ ਰੋਕਣ, ਰੈਗੂਲਰ ਅਧਿਆਪਕਾਂ ਦੀ ਥਾਂ ਠੇਕਾ ਭਰਤੀ ਕਰਨ, ਚੁੱਪ-ਚੁਪੀਤੇ ਹਜ਼ਾਰਾਂ ਅਸਾਮੀਆਂ ਖਤਮ ਕਰਨ, ਸਰਕਾਰੀ ਸਕੂਲਾਂ ਦੀ ਗੁਣਵੱਤਾ ਨੂੰ ਵੱਡਾ ਖੋਰਾ ਲਾਉਣ, ਆਹਲੂਵਾਲੀਆ ਕਮੇਟੀ ਦੀਆਂ ਸਿਫਾਰਸ਼ਾਂ ਲਾਗੂ ਕਰਨ ਅਤੇ ਬੇਰੁਜ਼ਗਾਰ ਅਧਿਆਪਕਾਂ ਨੂੰ ਰੁਜ਼ਗਾਰ ਦੇਣ ਦੀ ਜਗ੍ਹਾ ਸੜਕਾਂ 'ਤੇ ਰੋਲਣ ਜਿਹੀਆਂ ਅਨੇਕਾਂ ਵਿਦਿਆਰਥੀ/ਅਧਿਆਪਕ ਵਿਰੋਧੀ ਨੀਤੀਆਂ ਨੂੰ ਅੱਖੋਂ ਪਰੋਖੇ ਕਰਨ ਲਈ 'ਫਰਜ਼ੀ' ਅੰਕੜੇ ਪ੍ਰਾਪਤੀਆਂ ਕਹਿ ਕੇ ਪ੍ਰਚਾਰੇ ਜਾ ਰਹੇ ਹਨ। ਇਹ ਪ੍ਰਾਪਤੀਆਂ ਨਹੀਂ ਸਗੋਂ ਸਰਕਾਰੀ ਨਾਕਾਮੀ ਹੈ, ਜਿਸ ਖਿਲਾਫ ਅਧਿਆਪਕ ਲਾਮਬੰਦੀ ਕਰ ਕੇ ਅਸਲੀਅਤ ਬੇਪਰਦ ਕਰਨਗੇ।

## ਮੋਦੀ ਤੇ ਕੈਪਟਨ ਵਿਚਾਲੇ 'ਗੁੱਝੀ' ਦੋਸਤੀ: ਸਿਸੋਦੀਆ

**ਨਵੀਂ ਦਿੱਲੀ:** ਆਮ ਆਦਮੀ ਪਾਰਟੀ ਦੇ ਆਗੂ ਅਤੇ ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੇ ਦੋਸ਼ ਲਗਾਇਆ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵਿਚਾਲੇ 'ਗੁਝੀ' ਦੋਸਤੀ ਹੈ ਜਿਸ ਕਰ ਕੇ ਕੇਂਦਰ ਸਰਕਾਰ ਵੱਲੋਂ ਪੰਜਾਬ ਨੂੰ ਕਾਰਗੁਜ਼ਾਰੀ ਗਰੇਡਿੰਗ ਇੰਡੈਕਸ (ਪੀ.ਜੀ.ਆਈ.) 2019-20 ਵਿਚ ਨੰਬਰ ਇਕ ਸਥਾਨ ਦਿੱਤਾ ਗਿਆ ਹੈ। ਸ੍ਰੀ ਸਿਸੋਦੀਆ ਨੇ ਕਿਹਾ, "ਕੈਪਟਨ ਅਮਰਿੰਦਰ ਸਿੰਘ ਨੂੰ ਸ੍ਰੀ ਮੋਦੀ ਦਾ ਆਸ਼ੀਰਵਾਦ ਪ੍ਰਾਪਤ ਹੈ। ਦਿੱਲੀ ਦੇ ਸਕੂਲਾਂ ਨੂੰ ਬਹੁਤ ਹੇਠਾਂ ਦਾ ਦਰਜਾ ਦਿੱਤਾ ਗਿਆ। ਪਿਛਲੇ ਪੰਜ ਸਾਲਾਂ ਦੌਰਾਨ ਪੰਜਾਬ ਦੇ ਤਕਰੀਬਨ 800 ਸਰਕਾਰੀ ਸਕੂਲ ਬੰਦ ਹੋ ਚੁੱਕੇ ਹਨ ਅਤੇ ਬਹੁਤ ਸਾਰੇ ਸਕੂਲ ਨਿੱਜੀ ਸੰਸਥਾਵਾਂ ਨੂੰ ਸੌਂਪੇ ਜਾ ਚੁੱਕੇ ਹਨ ਪਰ ਫਿਰ ਵੀ ਪੰਜਾਬ ਨੂੰ ਗਰੇਡਿੰਗ ਵਿਚ ਮੋਹਰੀ ਸਥਾਨ ਦਿੱਤਾ ਗਿਆ ਹੈ।

## ਉਡਣੇ ਸਿੱਖ ਮਿਲਖਾ ਸਿੰਘ ਦੀ ਪਤਨੀ ਦਾ ਦੇਹਾਂਤ

**ਚੰਡੀਗੜ੍ਹ:** ਉਡਣੇ ਸਿੱਖ ਮਿਲਖਾ ਸਿੰਘ ਦੀ ਪਤਨੀ ਨਿਰਮਲਾ ਮਿਲਖਾ ਸਿੰਘ (85) ਦੀ ਕਰੋਨਾ ਕਾਰਨ ਮੌਤ ਹੋ ਗਈ ਹੈ। ਉਨ੍ਹਾਂ ਚੰਡੀਗੜ੍ਹ ਨੇੜਲੇ ਮੁਹਾਲੀ ਦੇ ਫੋਰਟਿਸ ਹਸਪਤਾਲ ਵਿਚ ਆਖਰੀ ਸਾਹ ਲਏ। ਜਾਣਕਾਰੀ ਮੁਤਾਬਕ ਨਿਰਮਲਾ ਮਿਲਖਾ ਸਿੰਘ ਨੂੰ ਉਨ੍ਹਾਂ ਦੇ ਪਤੀ ਮਿਲਖਾ ਸਿੰਘ ਦੇ ਨਾਲ ਹੀ 20 ਮਈ ਨੂੰ ਕਰੋਨਾ ਵਾਇਰਸ ਹੋਣ ਦੀ ਪੁਸ਼ਟੀ ਮਗਰੋਂ ਫੋਰਟਿਸ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਸੀ। ਪਤਾ ਲੱਗਾ ਹੈ ਕਿ ਉਨ੍ਹਾਂ ਨੂੰ ਸਾਹ ਲੈਣ ਵਿਚ ਕਾਫੀ ਦਿੱਕਤ ਆ ਰਹੀ ਸੀ ਅਤੇ ਆਕਸੀਜਨ ਦਾ ਪੱਧਰ ਕਾਫੀ ਘਟ ਚੁੱਕਾ ਸੀ। ਉਧਰ ਸਾਬਕਾ ਅਥਲੀਟ ਮਿਲਖਾ ਸਿੰਘ ਵੀ ਇਸ ਸਮੇਂ ਪੀ.ਜੀ.ਆਈ. ਚੰਡੀਗੜ੍ਹ ਵਿਚ ਕਰੋਨਾ ਕਾਰਨ ਇਲਾਜ ਅਧੀਨ ਹਨ, ਜਿਥੇ ਸੀਨੀਅਰ ਡਾਕਟਰਾਂ ਦੀ ਟੀਮ ਉਨ੍ਹਾਂ ਦਾ ਧਿਆਨ ਰੱਖ ਰਹੀ ਹੈ।

# ਅਕਾਲੀ-ਬਸਪਾ ਗੱਠਜੋੜ ਪਿੱਛੋਂ ਕਾਂਗਰਸ ਦਾ ਅੰਦਰੂਨੀ ਕਲੇਸ਼ ਨਿਬੇੜਨ ਲਈ ਕੋਸ਼ਿਸ਼ਾਂ ਤੇਜ਼

**ਚੰਡੀਗੜ੍ਹ:** ਪੰਜਾਬ 'ਚ ਅਕਾਲੀ-ਬਸਪਾ ਗੱਠਜੋੜ ਬਣਨ ਮਗਰੋਂ ਕਾਂਗਰਸ ਹਾਈ ਕਮਾਨ ਨੇ ਵੀ ਰਫਤਾਰ ਫੜ ਲਈ ਹੈ। ਖੜਗੇ ਕਮੇਟੀ ਦੇ ਤਿੰਨ ਮੈਂਬਰਾਂ ਨੇ ਪੰਜਾਬ ਕਾਂਗਰਸ ਦੇ ਕਲੇਸ਼ ਨੂੰ ਸਮੇਟਣ ਲਈ ਕਾਂਗਰਸੀ ਨੇਤਾ ਰਾਹੁਲ ਗਾਂਧੀ ਨਾਲ ਉਨ੍ਹਾਂ ਦੇ ਨਿਵਾਸ 'ਤੇ ਮੀਟਿੰਗ ਕੀਤੀ। ਇਸ ਤੋਂ ਪਹਿਲਾਂ ਖੜਗੇ ਕਮੇਟੀ ਨੇ 10 ਜੂਨ ਨੂੰ ਆਪਣੀ ਰਿਪੋਰਟ ਹਾਈ ਕਮਾਨ ਨੂੰ ਸੌਂਪ ਦਿੱਤੀ ਸੀ। ਖੜਗੇ ਕਮੇਟੀ ਦੇ ਚੇਅਰਮੈਨ ਮਲਿਕਾਰਜੁਨ ਖੜਗੇ, ਕਮੇਟੀ ਮੈਂਬਰ ਜੇ.ਪੀ. ਅਗਰਵਾਲ ਅਤੇ ਪੰਜਾਬ ਮਾਮਲਿਆਂ ਦੇ ਇੰਚਾਰਜ ਹਰੀਸ਼ ਰਾਵਤ ਨੇ ਰਾਹੁਲ ਗਾਂਧੀ ਨੂੰ ਪੂਰੀ ਤਰਤੀਬ ਨਾਲ ਪੰਜਾਬ ਕਾਂਗਰਸ ਦੇ ਵਿਵਾਦੀ ਤੱਥਾਂ ਤੋਂ ਜਾਣੂ ਕਰਾਇਆ।

ਮੀਟਿੰਗ ਮਗਰੋਂ ਸੰਕੇਤ ਮਿਲੇ ਹਨ ਕਿ ਜਲਦ ਹੀ ਕਾਂਗਰਸ ਹਾਈ ਕਮਾਨ ਪੰਜਾਬ ਕਾਂਗਰਸ ਦੇ ਰੱਫੜ ਨੂੰ ਸੁਲਝਾਉਣ ਲਈ ਕਦਮ ਉਠਾਏਗੀ। ਇਧਰ ਸ਼੍ਰੋਮਣੀ ਅਕਾਲੀ ਦਲ ਅਤੇ ਬਸਪਾ ਦੇ ਗੱਠਜੋੜ ਦੇ ਐਲਾਨ ਮਗਰੋਂ ਪੰਜਾਬ ਦੀ ਸਿਆਸਤ ਗਰਮਾ ਗਈ ਹੈ ਜਦੋਂ ਕਿ ਕਾਂਗਰਸ ਅੰਦਰੂਨੀ ਕਲੇਸ਼ ਵਿਚ ਹੀ ਉਲਝੀ ਹੋਈ ਹੈ। ਵਿਵਾਦ ਨਜਿੱਠਣ ਵਿਚ ਦੇਰੀ ਪੰਜਾਬ ਕਾਂਗਰਸ ਲਈ ਹੋਰ ਮੁਸ਼ਕਲਾਂ ਪੈਦਾ ਕਰੇਗੀ। ਪਤਾ ਲੱਗਾ ਹੈ ਕਿ ਖੜਗੇ ਕਮੇਟੀ ਨੇ ਰਾਹੁਲ ਗਾਂਧੀ ਨਾਲ ਖਾਸ ਕਰਕੇ ਨਵਜੋਤ ਸਿੰਘ ਸਿੱਧੂ, ਸੁਨੀਲ ਜਾਖੜ ਅਤੇ ਪਰਗਟ ਸਿੰਘ ਦੀ ਭੂਮਿਕਾ ਬਾਰੇ ਅਲੱਗ-ਅਲੱਗ ਨੁਕਤਿਆਂ ਤੋਂ ਵਿਸਥਾਰ ਵਿਚ ਗੱਲਬਾਤ ਕੀਤੀ। ਪੰਜਾਬ ਕਾਂਗਰਸ ਦੇ ਹੇਠਲੇ ਪੱਧਰ 'ਤੇ ਗਠਨ ਦੀ ਦੇਰੀ ਕਰਕੇ ਕਾਂਗਰਸੀ ਆਗੂਆਂ ਅਤੇ ਵਰਕਰਾਂ ਦੀ ਨਾਰਾਜ਼ਗੀ ਤੋਂ ਵੀ ਜਾਣੂ ਕਰਾਇਆ ਗਿਆ ਹੈ। ਹਾਈ ਕਮਾਨ ਵੱਲੋਂ ਰੋਕੇ ਜਾਣ ਦੇ ਬਾਵਜੂਦ ਵਿਧਾਇਕ ਪਰਗਟ ਸਿੰਘ ਨੇ ਜੋ ਪ੍ਰੈੱਸ ਕਾਨਫਰੰਸ ਕੀਤੀ ਸੀ, ਉਸ ਦਾ ਨੋਟਿਸ ਵੀ ਇਸ ਮੀਟਿੰਗ ਵਿਚ ਲਿਆ ਗਿਆ।



## ਪ੍ਰਧਾਨਗੀ ਦੀ ਕੁਰਬਾਨੀ ਦੇਣ ਲਈ ਤਿਆਰ: ਜਾਖੜ

**ਕੁਰਾਲੀ:** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ ਹੈ ਕਿ ਉਹ ਪਾਰਟੀ ਦੀ ਇਕਜੁੱਟਤਾ ਅਤੇ ਮਜ਼ਬੂਤੀ ਲਈ ਪ੍ਰਧਾਨਗੀ ਦੇ ਅਹੁਦੇ ਸਮੇਤ ਹਰ ਕੁਰਬਾਨੀ ਦੇਣ ਲਈ ਤਿਆਰ ਹਨ। ਸੁਨੀਲ ਜਾਖੜ ਨੇ ਕਿਹਾ ਕਿ ਉਹ ਪਾਰਟੀ ਦੀ ਇਕਜੁੱਟਤਾ ਵਿਚ ਰੋੜਾ ਨਹੀਂ ਬਣਨਗੇ, ਸਗੋਂ ਆਪਣਾ ਅਹੁਦਾ ਛੱਡਣ ਲਈ ਤਿਆਰ ਹਨ। ਪਾਰਟੀ ਹਾਈਕਮਾਂਡ ਵੱਲੋਂ ਪੰਜਾਬ ਕਾਂਗਰਸ ਵਿਚ ਚਲੀ ਆ ਰਹੀ ਖਿੱਚੋਤਾਣ ਨੂੰ ਖਤਮ ਕਰਨ ਲਈ ਬਣਾਈ ਤਿੰਨ ਮੈਂਬਰੀ ਕਮੇਟੀ ਸਬੰਧੀ ਸ੍ਰੀ ਜਾਖੜ ਨੇ ਕਿਹਾ ਕਿ ਪਾਰਟੀ ਆਗੂਆਂ ਦੇ ਸ਼ੰਕੇ ਦੂਰ ਕਰਨੇ ਜ਼ਰੂਰੀ ਹਨ ਅਤੇ ਇਸ ਮਨੋਰਥ ਲਈ ਹੀ ਕਮੇਟੀ ਦਾ ਗਠਨ ਕੀਤਾ ਗਿਆ ਹੈ।

ਸੂਤਰਾਂ ਮੁਤਾਬਕ ਪੰਜਾਬ ਮਾਮਲਿਆਂ ਦੇ ਇੰਚਾਰਜ ਹਰੀਸ਼ ਰਾਵਤ ਨੇ ਵਿਧਾਇਕ ਪਰਗਟ ਸਿੰਘ ਨੂੰ ਘੂਰਿਆ ਵੀ ਹੈ ਅਤੇ ਆਖਿਆ ਹੈ ਕਿ ਅਗਰ ਮੁੜ ਅਜਿਹਾ ਹੋਇਆ ਤਾਂ ਅਨੁਸ਼ਾਸਨੀ ਕਾਰਵਾਈ ਹੋਵੇਗੀ। ਕਾਂਗਰਸੀ ਨੇਤਾ ਰਾਹੁਲ ਗਾਂਧੀ ਨੇ ਖੜਗੇ ਪੈਨਲ ਦੇ ਮੈਂਬਰਾਂ ਨੂੰ ਗਹੁ ਨਾਲ ਸੁਣਿਆ ਅਤੇ ਕਿਸੇ ਮਾਮਲੇ 'ਤੇ ਆਪਣੀ ਰਾਇ ਪੈਨਲ ਸਾਹਮਣੇ ਰਾਹੁਲ ਗਾਂਧੀ ਨੇ ਨਹੀਂ ਰੱਖੀ। ਇਧਰ, ਪੰਜਾਬ ਵਿਚ ਕੈਪਟਨ ਖੇਮੇ ਅਤੇ ਨਵਜੋਤ ਸਿੱਧੂ ਦਾ ਧੜਾ ਆਪਸ ਵਿਚ ਪੋਸਟਰ ਮੁਹਿੰਮ ਵਿਚ ਉਲਝੇ ਹੋਏ ਹਨ। ਕਈ ਥਾਵਾਂ 'ਤੇ 'ਸਾਰਾ ਪੰਜਾਬ ਸਿੱਧੂ ਦੇ ਨਾਲ' ਦੇ ਪੋਸਟਰ ਵੀ ਲੱਗ ਗਏ ਹਨ। ਦੂਸਰੀ ਤਰਫ ਕੈਪਟਨ ਅਮਰਿੰਦਰ ਸਿੰਘ ਦੀ ਹਮਾਇਤ ਵਿਚ ਦਰਜਨਾਂ ਹਲਕਿਆਂ ਵਿਚ ਕਾਂਗਰਸੀ ਆਗੂਆਂ ਨੇ ਪੋਸਟਰ ਲਗਾਏ ਹਨ। ਸਥਾਨਕ ਪੱਧਰ 'ਤੇ ਕਾਂਗਰਸੀ ਆਗੂ ਦੂਸਰੇ ਸਥਾਨਕ ਆਗੂਆਂ ਦੇ ਵਿਰੋਧ ਵਿਚ ਵੀ ਇਸ ਪੋਸਟਰ ਜੰਗ ਦੇ ਬਹਾਨੇ ਆਪਣਾ ਗੁੱਸਾ ਜ਼ਾਹਿਰ ਕਰ ਰਹੇ ਹਨ।

# ਖੇਤੀ ਕਾਨੂੰਨ: ਪੰਜਾਬ ਭਾਰਤੀ ਜਨਤਾ ਪਾਰਟੀ ਵਿਚ ਸ਼ੁਰੂ ਹੋਈ ਬਗਾਵਤ



**ਚੰਡੀਗੜ੍ਹ:** ਖੇਤੀ ਕਾਨੂੰਨਾਂ ਖਿਲਾਫ ਰੋਹ ਪੂਰੇ ਦੇਸ਼ ਵਿਚ ਫੈਲ ਰਿਹਾ ਹੈ। ਪੂਰੇ ਮੁਲਕ ਵਿਚ ਭਾਜਪਾ ਦੀ ਘੇਰਾਬੰਦੀ ਹੋ ਰਹੀ ਹੈ। ਪੰਜਾਬ ਤੇ ਹਰਿਆਣਾ ਇਸ ਸੰਘਰਸ਼ ਦਾ ਧੁਰਾ ਬਣੇ ਹੋਏ ਹਨ। ਕਿਸਾਨਾਂ ਦੇ ਇੰਨੇ ਵੱਡੇ ਪੱਧਰ ਉਤੇ ਰੋਹ ਦੇ ਬਾਵਜੂਦ ਕੇਂਦਰ ਸਰਕਾਰ ਦੀ ਅੜੀ ਪਿੱਛੋਂ ਹੁਣ ਭਾਜਪਾ ਵਿਚ ਬਗਾਵਤ ਤੇਜ਼ ਹੋਣ ਲੱਗੀ ਹੈ। ਖਾਸਕਰ ਪੰਜਾਬ ਵਿਚ ਭਗਵਾ ਧਿਰ ਵਿਚ ਬਗਾਵਤੀ ਸੁਰ ਉਠਣ ਲੱਗੇ ਹਨ।

ਪੰਜਾਬ ਦੇ ਸਾਬਕਾ ਮੰਤਰੀ ਅਤੇ ਧੜੱਲੇਦਾਰ ਭਾਜਪਾ ਆਗੂ ਵਜੋਂ ਜਾਣੇ ਜਾਂਦੇ ਅਨਿਲ ਜੋਸ਼ੀ, ਮਾਸਟਰ ਮੋਹਨ ਲਾਲ ਤੇ ਸਾਬਕਾ ਮੁੱਖ ਸੰਸਦੀ ਸਕੱਤਰ ਤੇ ਭਾਜਪਾ ਦੇ ਸਾਬਕਾ ਵਿਧਾਇਕ ਕੇਡੀ ਭੰਡਾਰੀ ਨੇ ਕਿਸਾਨਾਂ ਦੇ ਹੱਕ ਵਿਚ ਹਾਅ ਦਾ ਨਾਅਰਾ ਮਾਰਿਆ ਹੈ। ਪਤਾ ਲੱਗਾ ਹੈ ਕਿ ਹੋਰ ਵੀ ਵੱਡੀ ਗਿਣਤੀ ਆਗੂ ਆਪਣੀ ਹੀ ਪਾਰਟੀ ਖਿਲਾਫ ਆਵਾਜ਼ ਚੁੱਕਣ ਲਈ ਤਿਆਰ-ਬਰ-ਤਿਆਰ ਹਨ।

ਇਨ੍ਹਾਂ ਆਗੂਆਂ ਦਾ ਕਹਿਣਾ ਹੈ ਕਿ ਜੇਕਰ ਭਾਜਪਾ ਦੀ ਸੂਬਾਈ ਲੀਡਰਸ਼ਿਪ ਪੂਰੀ ਇਮਾਨਦਾਰੀ ਨਾਲ ਕਿਸਾਨਾਂ ਦਾ ਪੱਖ ਭਾਜਪਾ ਹਾਈਕਮਾਨ ਤੱਕ ਪਹੁੰਚਾਉਂਦੀ ਤਾਂ ਇਹ ਮਸਲਾ ਇੰਨਾ ਲਟਕਣ ਵਾਲਾ ਨਹੀਂ ਸੀ, ਕਿਉਂਕਿ ਸੂਬੇ ਦੇ ਕਈ ਵੱਡੇ ਆਗੂਆਂ ਨੂੰ ਕਿਸਾਨੀ ਜ਼ਮੀਨੀ ਹਕੀਕਤ ਬਾਰੇ ਪੂਰੀ ਜਾਣਕਾਰੀ ਨਹੀਂ ਹੈ, ਨਹੀਂ ਤਾਂ ਇਹ ਇਥੋਂ ਤੱਕ ਨੌਬਤ ਨਹੀਂ ਆਉਂਦੀ। ਅਨਿਲ ਜੋਸ਼ੀ ਵੱਲੋਂ ਲਏ ਸਟੈਂਡ ਦੀ ਪਰੋੜ੍ਹਤਾ ਕਰਦਿਆਂ ਮਾਸਟਰ ਮੋਹਨ ਲਾਲ ਨੇ ਵੀ ਸਪਸ਼ਟ ਤੌਰ 'ਤੇ ਕਿਹਾ ਕਿ ਸ੍ਰੀ ਜੋਸ਼ੀ ਨੇ ਕੋਈ ਮਾੜੀ ਗੱਲ ਨਹੀਂ ਕੀਤੀ, ਨਾ ਤਾਂ ਭਾਜਪਾ ਦਾ ਵਿਰੋਧ ਕੀਤਾ ਅਤੇ ਨਾ ਹੀ ਪ੍ਰਧਾਨ ਮੰਤਰੀ ਦਾ ਵਿਰੋਧ ਕੀਤਾ। ਉਨ੍ਹਾਂ ਨੇ ਸਾਰਾ ਠੀਕਰਾ ਪੰਜਾਬ ਦੀ ਸੂਬਾਈ ਲੀਡਰਸ਼ਿਪ 'ਤੇ ਭੰਨਦਿਆਂ ਕਿਹਾ ਕਿ ਜੇਕਰ ਸੂਬੇ ਦੀ ਲੀਡਰਸ਼ਿਪ ਦਿਮਾਗੀ ਤੌਰ ਉਤੇ ਕਿਸਾਨ ਅੰਦੋਲਨ ਨੂੰ ਗੰਭੀਰਤਾ ਨਾਲ ਲੈ ਕੇ ਭਾਜਪਾ ਹਾਈਕਮਾਂਡ ਨਾਲ ਸੰਜੀਦਗੀ ਨਾਲ ਗੱਲ ਕਰਦੀ ਤਾਂ ਇਹ ਅੰਦੋਲਨ ਅੰਤਰਰਾਸ਼ਟਰੀ ਅੰਦੋਲਨ ਨਾ ਬਣਦਾ। ਉਨ੍ਹਾਂ ਤਾਂ ਇਥੋਂ ਤੱਕ ਕਹਿ ਦਿੱਤਾ ਕਿ ਕਿਸਾਨ ਅੰਦੋਲਨ ਕਾਰਨ ਪੰਜਾਬ 'ਚ ਭਾਜਪਾ ਦੀ ਜਮੀਨ ਖਿਸਕ ਗਈ ਹੈ।

ਭਾਜਪਾ ਦੇ ਸਾਬਕਾ ਵਿਧਾਇਕ ਕੇਡੀ ਭੰਡਾਰੀ ਨੇ ਅਨਿਲ ਜੋਸ਼ੀ ਦੇ ਬਿਆਨ ਦੀ ਹਮਾਇਤ ਕੀਤੀ। ਉਨ੍ਹਾਂ ਆਖਿਆ ਕਿਹਾ ਕਿ ਉਹ ਪੂਰੀ ਤਰ੍ਹਾਂ ਨਾਲ ਇਸ ਦੇ ਹੱਕ ਵਿਚ ਹਨ ਕਿ ਕਿਸਾਨਾਂ ਦੇ ਮਸਲੇ ਨੂੰ ਹੱਲ ਕੀਤਾ ਜਾਵੇ, ਜਿਵੇਂ ਉਹ ਚਾਹੁੰਦੇ ਹਨ। ਉਨ੍ਹਾਂ ਕਿਹਾ ਕਿ ਉਹ ਸਭ ਤੋਂ ਪਹਿਲਾਂ ਪੰਜਾਬੀ ਹਨ ਤੇ ਦਿੱਲੀ ਦੀਆਂ ਬਰੂਹਾਂ 'ਤੇ ਸੰਘਰਸ਼ ਕਰ ਰਹੇ ਕਿਸਾਨਾਂ ਦੇ ਹੱਕ ਵਿਚ ਹਨ, ਜਿਹੜੇ ਪਿਛਲੇ ਛੇ ਮਹੀਨਿਆਂ ਤੋਂ ਉਥੇ ਆਪਣੇ ਹੱਕਾਂ ਲਈ ਲੜ ਰਹੇ ਹਨ। ਉਨ੍ਹਾਂ ਕਿਹਾ ਕਿ ਕਿਸਾਨਾਂ ਦੀ ਗੱਲ ਸੁਣੀ ਜਾਣੀ ਚਾਹੀਦੀ ਹੈ ਕਿਉਂਕਿ ਉਹ ਸਾਡੇ ਹੀ ਭੈਣ-ਭਰਾ ਹਨ। ਉਨ੍ਹਾਂ ਕਿਹਾ ਕਿ ਮਾਰਚ ਮਹੀਨੇ ਦੌਰਾਨ ਭਾਜਪਾ ਦੀ ਕਾਰਜਕਾਰਨੀ ਕਮੇਟੀ ਵਿਚ ਪਾਰਟੀ ਦੇ ਸੀਨੀਅਰ ਆਗੂ ਅਨਿਲ ਜੋਸ਼ੀ ਨੇ ਪਾਰਟੀ ਦੇ ਅੰਦਰ ਹੀ ਖੁੱਲ੍ਹ ਕੇ ਇਸ ਮੁੱਦੇ ਨੂੰ ਰੱਖਿਆ ਸੀ ਕਿ ਕਿਸਾਨਾਂ ਦੇ ਮਾਮਲੇ ਨੂੰ ਹੱਲ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਉਥੇ ਸ੍ਰੀ ਜੋਸ਼ੀ ਦੀ ਗੱਲ ਨਹੀਂ ਸੁਣੀ ਗਈ ਤੇ ਪੰਜਾਬੀ ਹੋਣ ਦੇ ਨਾਤੇ ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਪੰਜਾਬ ਦੇ ਲੋਕਾਂ ਨਾਲ ਖੜ੍ਹੀਏ। ਸਾਡਾ ਕਿਸਾਨਾਂ ਨਾਲ ਨਹੁੰ-ਮਾਸ ਦਾ ਰਿਸ਼ਤਾ ਹੈ। ਇਥੇ ਦੇ ਕਾਰੋਬਾਰੀ, ਛੋਟੇ ਵਪਾਰੀ ਤੇ ਇੰਡਸਟਰੀ ਵਾਲੇ ਕਿਸਾਨੀ ਤੋਂ ਬਿਨਾਂ ਚੱਲ ਨਹੀਂ ਸਕਦੇ।

ਸ੍ਰੀ ਭੰਡਾਰੀ ਨੇ ਕਿਹਾ ਕਿ ਉਨ੍ਹਾਂ ਨੇ ਮਹਿਸੂਸ ਕੀਤਾ ਸੀ ਕਿ ਪੰਜਾਬ ਖਰਾਬੀ ਵੱਲ ਵਧ ਰਿਹਾ ਹੈ ਤੇ ਸਾਡੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਕਿਸਾਨਾਂ ਤੇ ਮਜ਼ਦੂਰਾਂ ਦੇ ਹੱਕ ਵਿਚ ਹਾਅ ਦਾ ਨਾਅਰਾ ਮਾਰਨ। ਉਨ੍ਹਾਂ ਕਿਹਾ ਕਿ ਜਿਹੜਾ ਸਟੈਂਡ ਅਨਿਲ ਜੋਸ਼ੀ ਨੇ ਲਿਆ ਹੈ, ਉਹ ਪੂਰੀ ਤਰ੍ਹਾਂ ਨਾਲ ਪਾਰਟੀ ਦੇ ਹੱਕ ਵਿਚ ਵੀ ਹੈ ਤੇ ਪੰਜਾਬ ਦੇ ਹੱਕ ਵਿਚ ਵੀ ਹੈ।

## ਮਦਨ ਮੋਹਨ ਮਿੱਤਲ ਨੇ ਗਾਏ ਬਾਦਲ ਦੇ ਸੋਹਲੇ

ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਦੇ ਢਾਈ ਦਹਾਕੇ ਤੱਕ ਚੱਲੇ ਰਿਸ਼ਤੇ ਦੇ ਟੁੱਟਣ ਮਗਰੋਂ ਪਹਿਲੀ ਵਾਰ ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ ਦੇ ਸੋਹਲੇ ਗਾਉਂਦੇ ਹੋਏ ਸੀਨੀਅਰ ਭਾਜਪਾ ਆਗੂ ਮਦਨ ਮੋਹਨ ਮਿੱਤਲ ਨੇ ਉਨ੍ਹਾਂ ਨੂੰ ਸਿੱਖ ਕੌਮ ਦਾ ਸਭ ਤੋਂ ਵੱਡਾ ਲੀਡਰ ਦੱਸਦੇ ਹੋਏ ਕਿਹਾ ਕਿ ਬਾਦਲ ਸਭ ਤੋਂ ਵੱਧ ਨਿੱਘੇ ਸੁਭਾਅ, ਸਮਰਪਿਤ ਧਾਰਮਿਕ ਆਗੂ ਤੇ ਸਿਆਸਤਦਾਨ ਹਨ। ਇਹੋ ਕਾਰਨ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਉਨ੍ਹਾਂ ਦੇ ਪੈਰਾਂ ਨੂੰ ਹੱਥ ਲਗਾਉਂਦੇ ਹਨ। ਮਿੱਤਲ ਨੇ ਕਿਸਾਨੀ ਸੰਘਰਸ਼ ਬਾਰੇ ਬੋਲਦੇ ਹੋਏ ਕਿਹਾ ਕਿ ਜੇ ਕਿਸਾਨ ਚਾਹੁਣ ਤਾਂ ਉਹ ਕਿਸਾਨਾਂ ਤੇ ਕੇਂਦਰ ਦਰਮਿਆਨ ਵਿਚੋਲਗੀ ਕਰਨ ਲਈ ਤਿਆਰ ਹਨ ਤੇ ਜਿਵੇਂ ਕਿਸਾਨ ਕਹਿਣਗੇ ਤਾਂ ਉਨ੍ਹਾਂ ਦੀ ਮੀਟਿੰਗ ਫਿਕਸ ਕਰਵਾ ਦੇਣਗੇ ਤਾਂ ਜੋ ਇਸ ਮਸਲੇ ਦਾ ਸਾਰਥਕ ਹੱਲ ਨਿਕਲ ਸਕੇ।

## ਭਾਜਪਾ ਵੱਲੋਂ ਪੰਜਾਬ ਵਿਚ ਆਪਣੇ ਦਮ 'ਤੇ ਚੋਣ ਲੜਨ ਦਾ ਐਲਾਨ

**ਅੰਮ੍ਰਿਤਸਰ:** ਸ਼੍ਰੋਮਣੀ ਅਕਾਲੀ ਦਲ ਵੱਲੋਂ ਬਸਪਾ ਨਾਲ ਕੀਤੇ ਚੋਣ ਗੱਠਜੋੜ ਨੂੰ ਪੰਜਾਬ ਭਾਜਪਾ ਨੇ ਬੇਮੇਲ ਕਰਾਰ ਦਿੰਦਿਆਂ ਕਿਹਾ ਕਿ ਦੋਵਾਂ ਪਾਰਟੀਆਂ ਦੀ ਸਿਆਸੀ ਵਿਚਾਰਧਾਰਾ ਆਪਸ ਵਿਚ ਮੇਲ ਨਹੀਂ ਖਾਂਦੀ। ਪਾਰਟੀ ਨੇ ਆਗਾਮੀ ਵਿਧਾਨ ਸਭਾ ਚੋਣਾਂ ਆਪਣੇ ਦਮ 'ਤੇ ਲੜਨ ਦੀ ਗੱਲ ਵੀ ਆਖੀ ਹੈ।

ਭਾਜਪਾ ਦੇ ਖੰਨਾ ਸਮਾਰਕ ਦਫਤਰ ਪੁੱਜੇ ਪੰਜਾਬ ਭਾਜਪਾ ਦੇ ਪ੍ਰਧਾਨ ਅਸ਼ਵਨੀ ਕੁਮਾਰ ਨੇ ਕਿਹਾ ਕਿ ਅਕਾਲੀ ਦਲ ਤੇ ਬਸਪਾ ਵਿਚਾਲੇ ਪਹਿਲਾਂ ਵੀ ਸਿਆਸੀ ਗੱਠਜੋੜ ਹੋ ਚੁੱਕਾ ਹੈ, ਜੋ ਕੁਝ ਸਮੇਂ ਬਾਅਦ ਹੀ ਟੁੱਟ ਗਿਆ ਸੀ। ਸਾਬਕਾ ਅਕਾਲੀ ਦਲ-ਭਾਜਪਾ ਗੱਠਜੋੜ ਬਾਰੇ ਉਨ੍ਹਾਂ ਕਿਹਾ ਕਿ ਇਹ ਗੱਠਜੋੜ ਸਮਾਜਿਕ ਅਤੇ ਸਭਿਆਚਾਰਕ ਸਮਾਨਤਾ ਦਾ ਪ੍ਰਤੀਕ ਸੀ ਪਰ ਅਕਾਲੀਆਂ ਨੇ ਹੁਣ ਵੱਖਰਾ ਰਾਹ ਅਖਤਿਆਰ ਕਰ ਲਿਆ ਹੈ।

ਉਨ੍ਹਾਂ ਸਪੱਸ਼ਟ ਕੀਤਾ ਕਿ ਭਾਜਪਾ ਆਪਣੇ ਦਮ 'ਤੇ 117 ਵਿਧਾਨ ਸਭਾ ਹਲਕਿਆਂ ਵਿਚ ਅਗਾਮੀ ਵਿਧਾਨ ਸਭਾ ਚੋਣਾਂ ਲੜੇਗੀ। ਭਾਜਪਾ ਨਵੇਂ ਪੰਜਾਬ ਦੇ ਮਾਡਲ ਨਾਲ ਇਹ ਚੋਣਾਂ ਲੜੇਗੀ। ਉਨ੍ਹਾਂ ਕਿਹਾ ਕਿ ਭਾਜਪਾ ਅਜਿਹਾ ਨਵਾਂ ਪੰਜਾਬ ਸਿਰਜੇਗੀ, ਜੋ ਭੈਅ ਮੁਕਤ ਹੋਵੇ, ਜਿੱਥੇ ਕਾਨੂੰਨ ਦਾ ਰਾਜ ਹੋਵੇ, ਜਿਸ ਵਿਚ ਲੋਕ ਬਿਨਾਂ ਡਰ-ਭੈਅ ਦੇ ਜੀਅ ਸਕਣ, ਜਿਥੇ ਬੱਚੀਆਂ ਨਾਲ ਜਬਰ-ਜਨਾਹ ਨਾ ਹੋਵੇ, ਕਿਸਾਨ, ਦੁਕਾਨਦਾਰ ਤੇ ਵਪਾਰੀ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਕਰਨ ਅਤੇ ਨਸ਼ਾ ਮੁਕਤ ਤੇ ਅਮਨ ਸ਼ਾਂਤੀ ਵਾਲਾ ਪੰਜਾਬ ਹੋਵੇ। ਉਨ੍ਹਾਂ ਦਾਅਵਾ ਕੀਤਾ ਕਿ ਅਜਿਹਾ ਪੰਜਾਬ ਸਿਰਫ ਭਾਜਪਾ ਹੀ ਬਣਾ ਸਕਦੀ ਹੈ। ਉਨ੍ਹਾਂ ਨੇ ਲੋਕਾਂ ਨੂੰ ਇਸ ਵਾਰ ਭਾਜਪਾ ਨੂੰ ਮੌਕਾ ਦੇਣ ਦੀ ਅਪੀਲ ਕੀਤੀ।

ਖੇਤੀ ਕਾਨੂੰਨਾਂ ਬਾਰੇ ਉਨ੍ਹਾਂ ਆਖਿਆ ਕਿ ਮੋਦੀ ਸਰਕਾਰ ਕਿਸਾਨ ਹਿਤੈਸ਼ੀ ਹੈ ਤੇ ਖੇਤੀ ਕਾਨੂੰਨ ਕਿਸਾਨਾਂ ਦੇ ਹਿੱਤ 'ਚ ਹਨ। ਭਾਜਪਾ ਆਗੂ ਅਨਿਲ ਜੋਸ਼ੀ ਤੇ ਹੋਰਨਾਂ ਵੱਲੋਂ ਕਿਸਾਨਾਂ ਦਾ ਸਮਰਥਨ ਕੀਤੇ ਜਾਣ ਬਾਰੇ ਉਨ੍ਹਾਂ ਕਿਹਾ ਕਿ ਸ੍ਰੀ ਜੋਸ਼ੀ ਨੂੰ ਜੇ ਕੋਈ ਮਾਮਲਾ ਰੱਖਣਾ ਹੈ ਤਾਂ ਉਹ ਪਾਰਟੀ ਮੰਚ 'ਤੇ ਰੱਖਣ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਅੱਜ ਵੀ ਕਿਸਾਨਾਂ ਨਾਲ ਗੱਲਬਾਤ ਕਰਨ ਲਈ ਤਿਆਰ ਹੈ ਪਰ ਕੋਈ ਵੀ ਗੱਲਬਾਤ ਸ਼ਰਤਾਂ ਦੇ ਆਧਾਰ 'ਤੇ ਨਹੀਂ ਹੁੰਦੀ।

## ਪੰਜਾਬ ਹਰਿਆਣਾ ਦੇ ਕਿਸਾਨਾਂ ਨੇ ਦਿੱਲੀ ਲਈ ਖਿੱਚੀ ਤਿਆਰੀ

**ਚੰਡੀਗੜ੍ਹ:** ਖੇਤੀ ਕਾਨੂੰਨਾਂ ਖਿਲਾਫ ਰਾਜਧਾਨੀ ਦੀਆਂ ਸਰਹੱਦਾਂ 'ਤੇ ਚੱਲ ਰਹੇ ਕਿਸਾਨ ਅੰਦੋਲਨ ਦੇ ਸਾਢੇ 6 ਮਹੀਨੇ ਪੂਰੇ ਹੋ ਚੁੱਕੇ ਹਨ ਪਰ ਕੇਂਦਰ ਸਰਕਾਰ ਟੱਸ ਤੋਂ ਮੱਸ ਨਹੀਂ ਹੋ ਰਹੀ। ਪੰਜਾਬ ਅਤੇ ਹਰਿਆਣਾ ਤੋਂ ਕਿਸਾਨਾਂ ਦੇ ਵੱਡੇ ਕਾਫਲੇ ਰੋਜ਼ਾਨਾ ਦਿੱਲੀ ਲਈ ਰਵਾਨਾ ਹੋ ਰਹੇ ਹਨ। ਇਸ ਤੋਂ ਇਲਾਵਾ ਕਿਸਾਨ ਜਥੇਬੰਦੀਆਂ ਨੇ 26 ਜੂਨ ਨੂੰ ਸੰਘਰਸ਼ ਦੇ 7 ਮਹੀਨੇ ਪੂਰੇ ਹੋਣ 'ਤੇ ਜ਼ਿਲ੍ਹਾ ਅਤੇ ਤਹਿਸੀਲ ਪੱਧਰ 'ਤੇ ਧਰਨੇ ਦੇਣ ਦਾ ਐਲਾਨ ਕੀਤਾ।

ਪੰਜਾਬ ਵਿਚ 32 ਕਿਸਾਨ ਜਥੇਬੰਦੀਆਂ ਦੀ ਅਗਵਾਈ ਹੇਠ ਟੌਲ ਪਲਾਜ਼ਿਆਂ, ਅੰਬਾਨੀ ਤੇ ਅਡਾਨੀ ਦੇ ਕਾਰੋਬਾਰੀ ਟਿਕਾਣਿਆਂ, ਸ਼ਾਪਿੰਗ ਮਾਲਜ਼, ਰੇਲਵੇ ਪਾਰਕਾਂ ਅਤੇ ਭਾਜਪਾ ਆਗੂਆਂ ਦੇ ਘਰਾਂ ਤੇ ਦਫਤਰਾਂ ਸਮੇਤ ਸਵਾ ਸੌ ਦੇ ਕਰੀਬ ਥਾਵਾਂ 'ਤੇ ਧਰਨੇ ਜਾਰੀ ਹਨ। ਧਰਨਿਆਂ ਨੂੰ ਸੰਬੋਧਨ ਕਰਦਿਆਂ ਕਿਸਾਨ ਆਗੂਆਂ ਨੇ ਕਿਹਾ ਕਿ ਕੇਂਦਰ ਸਰਕਾਰ ਕਿਸਾਨਾਂ ਦੀ ਆਵਾਜ਼ ਨੂੰ ਦਬਾਉਣ ਦੀਆਂ ਕੋਸ਼ਿਸ਼ਾਂ ਕਰ ਰਹੀ ਹੈ ਪਰ ਕੇਂਦਰ ਸਰਕਾਰ ਦੇ ਅੜੀਅਲ ਵਤੀਰੇ ਖਿਲਾਫ ਕਿਸਾਨ ਅੰਦੋਲਨ ਝੁਕਣ ਦੀ ਥਾਂ ਹੋਰ ਮਜ਼ਬੂਤ ਹੁੰਦਾ ਜਾ ਰਿਹਾ ਹੈ। ਆਗੂਆਂ ਨੇ ਕਿਹਾ ਕਿ ਜਦੋਂ ਤੱਕ ਤਿੰਨੇ ਖੇਤੀ ਕਾਨੂੰਨ ਰੱਦ ਨਹੀਂ ਹੋਣਗੇ ਜਾਂ ਫਸਲਾਂ ਦੀ ਐਮ.ਐਸ.ਪੀ. 'ਤੇ ਖਰੀਦ ਦੀ ਗਾਰੰਟੀ ਦਾ ਕਾਨੂੰਨ ਨਹੀਂ ਬਣਾਇਆ ਜਾਵੇਗਾ, ਉਦੋਂ ਤੱਕ ਇਹ ਸੰਘਰਸ਼ ਜਾਰੀ ਰਹੇਗਾ।

ਇਸ ਤੋਂ ਇਲਾਵਾ ਵੱਖ-ਵੱਖ ਥਾਵਾਂ ਤੋਂ ਕਿਸਾਨਾਂ ਦੇ ਵੱਡੇ ਕਾਫਲੇ ਦਿੱਲੀ ਲਈ ਰਵਾਨਾ ਹੋਏ।

ਭਾਰਤੀ ਕਿਸਾਨ ਏਕਤਾ ਦੇ ਆਗੂ ਗੁਰਪ੍ਰੀਤ ਸਿੰਘ ਗਿੱਲ ਦੀ ਅਗਵਾਈ ਹੇਠ ਕਿਸਾਨਾਂ ਦਾ ਵੱਡਾ ਕਾਫਲਾ ਸਿਰਸਾ ਤੋਂ ਚੱਲ ਕੇ ਦਿੱਲੀ ਪਹੁੰਚਿਆ। ਗੁਰਪ੍ਰੀਤ ਸਿੰਘ ਗਿੱਲ ਨੇ ਕਿਹਾ ਕਿ ਕੇਂਦਰ ਸਰਕਾਰ ਜਬਰੀ ਕਿਸਾਨਾਂ 'ਤੇ ਕਿਸਾਨ ਵਿਰੋਧੀ ਕਾਨੂੰਨ ਥੋਪਣ ਦੀ ਕੋਸ਼ਿਸ਼ ਕਰ ਰਹੀ ਹੈ। ਇਨ੍ਹਾਂ ਕਾਨੂੰਨਾਂ ਨਾਲ ਕਿਸਾਨੀ ਹੀ ਨਹੀਂ ਆਮ ਲੋਕਾਂ ਦੇ ਜੀਵਨ 'ਤੇ ਬਹੁਤ ਅਸਰ ਪਾਵੇਗੀ। ਉਨ੍ਹਾਂ ਕਿਹਾ ਕਿ ਜਦੋਂ ਦੇਸ਼ ਦਾ ਅੰਨਦਾਤਾ ਖੇਤੀ ਕਾਨੂੰਨਾਂ ਦਾ ਵਿਰੋਧ ਕਰ ਰਿਹਾ ਹੈ ਤਾਂ ਕੇਂਦਰ ਸਰਕਾਰ ਨੂੰ ਤਿੰਨੋਂ ਕਾਨੂੰਨ ਰੱਦ ਕਰਨੇ ਚਾਹੀਦੇ ਹਨ।

## ਗੌਤਮ ਅਡਾਨੀ ਨੇ ਇਸ ਸਾਲ ਕਮਾਏ 43 ਅਰਬ ਡਾਲਰ

**ਨਵੀਂ ਦਿੱਲੀ:** ਭਾਰਤੀ ਅਰਬਪਤੀ ਗੌਤਮ ਅਡਾਨੀ ਨੇ ਆਪਣੀਆਂ ਕੰਪਨੀਆਂ ਰਾਹੀਂ ਇਸ ਸਾਲ 43 ਅਰਬ ਡਾਲਰ ਦੀ ਕਮਾਈ ਕੀਤੀ ਹੈ, ਜਿਸ ਨਾਲ ਉਸ ਦੀ ਕੁੱਲ ਕਮਾਈ 77 ਅਰਬ ਡਾਲਰ ਦੇ ਨੇੜੇ ਪਹੁੰਚ ਗਈ ਹੈ। ਉਸ ਦੀ ਜਾਇਦਾਦ ਵਿਚ ਵਾਧੇ ਦਾ ਮੁੱਖ ਕਾਰਨ ਉਸ ਦੀਆਂ ਕੰਪਨੀਆਂ ਵਿਚ 235 ਤੋਂ 330 ਫੀਸਦੀ ਤੱਕ ਦਾ ਵਾਧਾ ਹੋਣਾ ਹੈ।

ਰਿਪੋਰਟ ਮੁਤਾਬਕ, ਏਸ਼ੀਆ ਦੇ ਦੂਜੇ ਸਭ ਤੋਂ ਵੱਧ ਅਮੀਰ ਅਡਾਨੀ ਦੀ ਜਾਇਦਾਦ ਵਾਰੇਨ ਬਫੇ ਅਤੇ ਮੁਕੇਸ਼ ਅੰਬਾਨੀ ਦੇ ਮੁਕਾਬਲੇ ਵੱਧ ਤੇਜ਼ੀ ਨਾਲ ਵਧੀ ਹੈ। ਹਾਲਾਂਕਿ ਅਡਾਨੀ ਗਰੁੱਪ ਵੱਲੋਂ ਇਸ ਸਬੰਧੀ ਕੋਈ ਬਿਆਨ ਨਹੀਂ ਦਿੱਤਾ ਗਿਆ। ਬਲੂਮਬਰਗ ਦੀ ਹਾਲੀਆ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਅਡਾਨੀ ਦੀ ਜਾਇਦਾਦ ਵਿਚ ਇਸ ਸਾਲ 43 ਅਰਬ ਡਾਲਰ ਦਾ ਵਾਧਾ ਹੋ ਚੁੱਕਿਆ ਹੈ। ਇਸ ਤਰ੍ਹਾਂ ਉਨ੍ਹਾਂ ਦੀ ਮੌਜੂਦਾ ਜਾਇਦਾਦ 76.7 ਅਰਬ ਡਾਲਰ ਹੋ ਗਈ ਹੈ, ਜਦੋਂਕਿ ਪਹਿਲਾਂ ਕੁੱਲ ਜਾਇਦਾਦ 34 ਅਰਬ ਡਾਲਰ ਸੀ। ਅਡਾਨੀ ਦੀ ਕੰਪਨੀ ਅਡਾਨੀ ਟੋਟਲ ਗੈਸ ਨੇ ਇਸ ਸਾਲ 330 ਫੀਸਦੀ ਵੱਧ ਕਮਾਈ ਕੀਤੀ। ਜਦੋਂਕਿ ਅਡਾਨੀ ਐਂਟਰਪ੍ਰਾਈਜਜ਼ ਦੇ ਸ਼ੇਅਰਾਂ ਵਿਚ 235 ਫੀਸਦੀ ਉਛਾਲ ਦੇਖਣ ਨੂੰ ਮਿਲਿਆ ਹੈ। ਅਡਾਨੀ ਟਰਾਂਸਮਿਸ਼ਨ ਦੇ ਸ਼ੇਅਰਾਂ ਵਿਚ ਹੁਣ ਤੱਕ 263 ਫੀਸਦੀ ਦੀ ਤੇਜ਼ੀ ਦਰਜ ਕੀਤੀ ਜਾ ਚੁੱਕੀ ਹੈ।

## ਭਾਜਪਾ ਤੇ ਜੇ.ਜੇ.ਪੀ. ਆਗੂਆਂ ਦੀ ਘੇਰਾਬੰਦੀ ਦਾ ਐਲਾਨ

**ਨਵੀਂ ਦਿੱਲੀ:** ਸੰਯੁਕਤ ਕਿਸਾਨ ਮੋਰਚੇ ਨੇ ਆਉਣ ਵਾਲੇ ਦਿਨਾਂ ਲਈ ਆਪਣੇ ਪ੍ਰੋਗਰਾਮ ਤੇ ਯੋਜਨਾਵਾਂ ਦਾ ਐਲਾਨ ਕਰਦਿਆਂ ਸੰਘਰਸ਼ ਨੂੰ ਹੋਰ ਤੇਜ਼ ਕਰਨ ਦਾ ਸੰਕੇਤ ਦਿੱਤਾ ਹੈ। ਡਾ. ਦਰਸ਼ਨ ਪਾਲ ਅਤੇ ਬੂਟਾ ਸਿੰਘ ਬੁਰਜਗਿੱਲ ਨੇ ਕਿਹਾ ਕਿ ਮਿਸ਼ਨ ਯੂ.ਪੀ. ਤੇ ਉੱਤਰਾਖੰਡ ਲਈ ਵਿਸਥਾਰਤ ਐਕਸ਼ਨ ਪਲਾਨ ਵੀ ਜਲਦੀ ਹੀ ਸੰਯੁਕਤ ਕਿਸਾਨ ਮੋਰਚੇ ਵੱਲੋਂ ਲਿਆਂਦਾ ਜਾਵੇਗਾ।


ਉੱਧਰ, ਗੁਰਨਾਮ ਸਿੰਘ ਚੜੂਨੀ ਨੇ ਕਿਹਾ ਕਿ ਹਰਿਆਣਾ ਦੀਆਂ ਕਿਸਾਨ ਯੂਨੀਅਨਾਂ ਨੇ ਹਰਿਆਣਾ ਦੇ ਸਮੂਹ ਪੇਂਡੂ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਭਾਜਪਾ ਤੇ ਜੇ.ਜੇ.ਪੀ. ਆਗੂਆਂ 'ਤੇ 'ਗਾਂਵ-ਬੰਦੀ' ਲਾਗੂ ਕਰਨ ਅਤੇ ਉਨ੍ਹਾਂ ਨੂੰ ਸਮਾਜਿਕ ਕਾਰਜਾਂ ਤੇ ਸਮਾਗਮਾਂ ਲਈ ਸੱਦਾ ਦੇਣ ਤੋਂ ਗੁਰੇਜ਼ ਕਰਨ। ਬਲਬੀਰ ਸਿੰਘ ਰਾਜੇਵਾਲ ਨੇ ਕਿਹਾ ਕਿ ਹੁਣ ਤੱਕ ਕਿਸਾਨ ਅੰਦੋਲਨ ਨੂੰ ਬਦਨਾਮ ਕਰਨ ਦੀਆਂ ਕਈ ਕੋਸ਼ਿਸ਼ਾਂ ਹੋ ਚੁੱਕੀਆਂ ਹਨ। ਕੁਝ ਮੀਡੀਆ ਹਾਊਸ ਜਿਨ੍ਹਾਂ ਦਾ ਇਕਮਾਤਰ ਉਦੇਸ਼ ਭਾਜਪਾ, ਸਹਿਯੋਗੀ ਪਾਰਟੀਆਂ ਅਤੇ ਸਰਕਾਰ ਦੀ ਹਮਾਇਤ ਵਿਚ ਪ੍ਰਚਾਰ ਜਾਰੀ ਰੱਖਣਾ ਪ੍ਰਤੀਤ ਹੁੰਦਾ ਹੈ, ਵੀ ਸਰਕਾਰ ਦੀ ਇਸ ਕੋਸ਼ਿਸ਼ ਵਿਚ ਜਿਆਦਾ ਪਿੱਛੇ ਨਹੀਂ ਰਹੇ। ਇਕ ਕੌਮੀ ਪੱਧਰੀ ਮੀਡੀਆ ਹਾਊਸ ਨੂੰ ਇਕ ਸ਼ਿਕਾਇਤਕਰਤਾ ਵੱਲੋਂ ਕਾਨੂੰਨੀ ਨੋਟਿਸ ਭੇਜਿਆ ਗਿਆ ਹੈ ਅਤੇ ਟਿਕਰੀ ਬਾਰਡਰ 'ਤੇ ਛੇੜਛਾੜ ਸਬੰਧੀ ਸਪੱਸ਼ਟੀਕਰਨ ਦਿੱਤਾ ਗਿਆ ਹੈ। ਅਭਿਮੰਨਿਊ ਕੋਹਾੜ ਨੇ ਕਿਹਾ ਕਿ ਮੋਰਚੇ ਨੇ ਪ੍ਰਦਰਸ਼ਨਕਾਰੀ ਔਰਤਾਂ ਦੀਆਂ ਪਰੇਸ਼ਾਨੀਆਂ ਜਾਂ ਕਿਸੇ ਹੋਰ ਉਲੰਘਣਾ ਨੂੰ ਰੋਕਣ ਲਈ ਮਹਿਲਾ ਕਮੇਟੀਆਂ ਦਾ ਗਠਨ ਕੀਤਾ ਗਿਆ ਹੈ। ਰਮਿੰਦਰ ਸਿੰਘ ਨੇ ਕਿਹਾ ਕਿ ਸੰਯੁਕਤ ਕਿਸਾਨ ਮੋਰਚਾ 'ਟਰੈਕਟਰ ਟੂ ਟਵਿੱਟਰ' ਨੂੰ ਕਾਨੂੰਨੀ-ਸਹਾਇਤਾ ਦੇਵੇਗਾ।

## ਕੇਂਦਰ ਸਰਕਾਰ ਵੱਲੋਂ ਗੱਲਬਾਤ ਤੋਂ ਭੱਜਣ ਦੇ ਦੋਸ਼ ਕਿਸਾਨਾਂ ਸਿਰ ਮੜ੍ਹਨ ਦੀ ਕੋਸ਼ਿਸ਼

**ਨਵੀਂ ਦਿੱਲੀ:** ਕੇਂਦਰ ਸਰਕਾਰ ਨੇ ਗੱਲਬਾਤ ਤੋਂ ਭੱਜਣ ਦੇ ਦੋਸ਼ ਕਿਸਾਨਾਂ ਸਿਰ ਮੜ੍ਹਨ ਦੀਆਂ ਕੋਸ਼ਿਸ਼ ਕੀਤੀ ਹੈ। ਕੇਂਦਰੀ ਖੇਤੀ ਮੰਤਰੀ ਨਰਿੰਦਰ ਸਿੰਘ ਤੋਮਰ ਨੇ ਕਿਹਾ ਕਿ ਸਰਕਾਰ ਤਿੰਨ ਖੇਤੀ ਕਾਨੂੰਨਾਂ ਦੇ ਮੁੱਦੇ 'ਤੇ ਪ੍ਰਦਰਸ਼ਨਕਾਰੀ ਕਿਸਾਨਾਂ ਨਾਲ ਗੱਲਬਾਤ ਕਰਨ ਲਈ ਤਿਆਰ ਹੈ। ਉਨ੍ਹਾਂ ਕਿਸਾਨ ਯੂਨੀਅਨਾਂ ਨੂੰ ਕਿਹਾ ਕਿ ਉਹ ਖੇਤੀ ਕਾਨੂੰਨਾਂ ਵਿਚਲੀਆਂ ਵਿਵਸਥਾਵਾਂ ਨੂੰ ਲੈ ਕੇ ਆਪਣੇ ਇਤਰਾਜ਼ਾਂ/ਉਜਰਾਂ ਬਾਰੇ ਠੋਸ ਤਰਕ ਲੈ ਕੇ ਆਉਣ।

ਸਰਕਾਰ ਤੇ ਕਿਸਾਨ ਯੂਨੀਅਨਾਂ ਵਿਵਾਦਿਤ ਖੇਤੀ ਕਾਨੂੰਨਾਂ ਨੂੰ ਲੈ ਕੇ ਹੁਣ ਤੱਕ 11 ਗੇੜਾਂ ਦੀ ਗੱਲਬਾਤ ਕਰ ਚੁੱਕੀਆਂ ਹਨ। ਦੋਵਾਂ ਧਿਰਾਂ ਦਰਮਿਆਨ ਬਣੇ ਜਮੂਦ ਨੂੰ ਤੋੜਨ ਤੇ ਕਿਸਾਨਾਂ ਦੇ ਅੰਦੋਲਨ ਨੂੰ ਖਤਮ ਕਰਵਾਉਣ ਲਈ ਆਖਰੀ ਗੇੜ ਦੀ ਮੀਟਿੰਗ 22 ਜਨਵਰੀ ਨੂੰ ਹੋਈ ਸੀ। ਗਣਤੰਤਰ ਦਿਵਸ ਮੌਕੇ 26 ਜਨਵਰੀ ਨੂੰ ਕਿਸਾਨਾਂ ਵੱਲੋਂ ਕੱਢੀ ਟਰੈਕਟਰ ਰੈਲੀ ਦੌਰਾਨ ਲਾਲ ਕਿਲ੍ਹੇ ਸਮੇਤ ਦਿੱਲੀ ਦੇ ਵੱਖ-ਵੱਖ ਹਿੱਸਿਆਂ ਵਿਚ ਹੋਈ ਹਿੰਸਾ ਮਗਰੋਂ ਗੱਲਬਾਤ ਮੁੜ ਸ਼ੁਰੂ ਨਹੀਂ ਹੋ ਸਕੀ। ਤਿੰਨੋਂ ਖੇਤੀ ਕਾਨੂੰਨਾਂ ਨੂੰ ਰੱਦ ਕਰਵਾਉਣ ਲਈ ਦੇਸ਼ ਦੇ ਕਿਸਾਨ ਪਿਛਲੇ 6 ਮਹੀਨਿਆਂ ਤੋਂ ਦਿੱਲੀ ਦੀਆਂ ਬਰੂਹਾਂ 'ਤੇ ਸ਼ਾਂਤਮਈ ਰੋਸ ਪ੍ਰਦਰਸ਼ਨ ਕਰ ਰਹੇ ਹਨ।

ਤੋਮਰ ਨੇ ਸਾਉਣੀ ਸੀਜ਼ਨ 2021-22 ਲਈ 14 ਫਸਲਾਂ ਦੀ ਐਮ.ਐਸ.ਪੀ. ਐਲਾਨੇ ਜਾਣ ਲਈ ਸੱਦੀ ਮੀਟਿੰਗ ਦੌਰਾਨ ਕਿਹਾ, ''ਮੁਲਕ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਇਨ੍ਹਾਂ ਖੇਤੀ ਕਾਨੂੰਨਾਂ ਨੂੰ ਲਿਆਉਣ ਦੀਆਂ ਇੱਛੁਕ ਸਨ, ਪਰ ਇਨ੍ਹਾਂ ਨੂੰ ਅਮਲੀ ਰੂਪ ਦੇਣ ਦੀ ਹਿੰਮਤ ਕੋਈ ਨਹੀਂ ਜੁਟਾ ਸਕਿਆ। ਮੋਦੀ ਸਰਕਾਰ ਨੇ ਕਿਸਾਨ ਹਿੱਤਾਂ ਵਿਚ ਵੱਡਾ ਕਦਮ ਪੁੱਟਦਿਆਂ ਇਹ ਖੇਤੀ ਸੁਧਾਰ ਲਿਆਂਦੇ। ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚ ਕਿਸਾਨਾਂ ਨੂੰ ਇਨ੍ਹਾਂ ਕਾਨੂੰਨਾਂ ਦਾ ਲਾਭ ਮਿਲਿਆ। ਇਸ ਦਰਮਿਆਨ ਕਿਸਾਨ ਅੰਦੋਲਨ ਸ਼ੁਰੂ ਹੋ ਗਿਆ।'' ਸ੍ਰੀ ਤੋਮਰ ਨੇ ਕਿਹਾ ਕਿ ਮੋਦੀ ਸਰਕਾਰ ਕਿਸਾਨਾਂ ਦੀ ਬਿਹਤਰੀ ਲਈ ਵਚਨਬੱਧ ਰਹੇਗੀ। ਉਨ੍ਹਾਂ ਐਮ.ਐਸ.ਪੀ. ਦੀ ਗੱਲ ਕਰਦਿਆਂ ਕਿਹਾ, ''ਅਸੀਂ ਹਮੇਸ਼ਾ ਕਿਹਾ ਹੈ ਕਿ ਐਮ.ਐਸ.ਪੀ. ਸੀ ਤੇ ਰਹੇਗੀ''। ਉਨ੍ਹਾਂ ਕਿਹਾ ਕਿ ਸਰਕਾਰ ਹੁਣ ਤੱਕ ਕਿਸਾਨਾਂ ਨਾਲ 11 ਗੇੜਾਂ ਦੀ ਗੱਲਬਾਤ ਕਰ ਚੁੱਕੀ ਹੈ। ਕਿਸਾਨ ਯੂਨੀਅਨਾਂ ਤੋਂ ਕਾਨੂੰਨਾਂ ਸਬੰਧੀ ਉਨ੍ਹਾਂ ਦੇ ਇਤਰਾਜ਼ ਮੰਗੇ ਗਏ ਸੀ। ਕਿਸਾਨਾਂ ਨੂੰ ਪੁੱਛਿਆ ਗਿਆ ਸੀ ਕਿ ਖੇਤੀ ਕਾਨੂੰਨਾਂ ਵਿਚਲੀਆਂ ਕਿਹੜੀਆਂ ਵਿਵਸਥਾਵਾਂ ਕਿਸਾਨ ਵਿਰੋਧੀ ਹਨ। ਤੋਮਰ ਨੇ ਕਿਹਾ, 'ਕਿਸੇ ਵੀ ਕਿਸਾਨ ਆਗੂ ਜਾਂ ਫਿਰ ਕਿਸੇ ਵੀ ਸਿਆਸੀ ਪਾਰਟੀ ਦੇ ਆਗੂ ਨੇ ਸਦਨ ਵਿਚ ਇਸ ਦਾ ਜਵਾਬ ਨਹੀਂ ਦਿੱਤਾ। ਤੇ ਇਹੀ ਵਜ੍ਹਾ ਹੈ ਕਿ ਗੱਲਬਾਤ ਅੱਗੇ ਨਹੀਂ ਤੁਰ ਸਕੀ।'' ਖੇਤੀ ਮੰਤਰੀ ਨੇ ਕਿਹਾ ਕਿ ਸਰਕਾਰ ਕਿਸਾਨਾਂ ਪ੍ਰਤੀ ਵਚਨਬੱਧ ਹੈ ਤੇ ਕਿਸਾਨਾਂ ਦਾ ਸਤਿਕਾਰ ਕਰਦੀ ਹੈ। ਉਨ੍ਹਾਂ ਕਿਹਾ, ''ਲਿਹਾਜ਼ਾ, ਕਿਸਾਨ ਜਦੋਂ ਵੀ ਗੱਲਬਾਤ ਕਰਨੀ ਚਾਹੁਣ, ਭਾਰਤ ਸਰਕਾਰ ਇਸ ਲਈ ਤਿਆਰ ਹੈ। ਪਰ ਅਸੀਂ ਵਾਰ ਵਾਰ ਉਨ੍ਹਾਂ ਨੂੰ ਇਹ ਗੱਲ ਆਖੀ ਹੈ ਕਿ ਉਹ ਖੇਤੀ ਕਾਨੂੰਨਾਂ ਵਿਚਲੀਆਂ ਵਿਵਸਥਾਵਾਂ ਬਾਰੇ ਆਪਣੇ ਇਤਰਾਜ਼ਾਂ/ਉਜਰਾਂ ਸਬੰਧੀ ਠੋਸ ਤਰਕ ਪੇਸ਼ ਕਰਨ। ਅਸੀਂ ਉਨ੍ਹਾਂ ਦੀ ਗੱਲ ਸੁਣਾਂਗੇ ਤੇ ਇਸ ਮਸਲੇ ਦਾ ਹੱਲ ਕੱਢਾਂਗੇ।''



# ਫਸਲਾਂ ਦੇ ਭਾਅ 'ਚ ਨਿਗੂਣੇ ਵਾਧੇ ਨੇ ਚਾੜ੍ਹਿਆ ਸੰਘਰਸ਼ੀ ਕਿਸਾਨਾਂ ਦਾ ਪਾਰਾ

## ਨਿਰਧਾਰਿਤ ਫਾਰਮੂਲੇ ਤਹਿਤ ਐਮ.ਐਸ.ਪੀ. ਨਾ ਐਲਾਨਣਾ ਜੁਮਲਾ ਕਰਾਰ

**ਨਵੀਂ ਦਿੱਲੀ:** ਖੇਤੀ ਕਾਨੂੰਨਾਂ ਖਿਲਾਫ ਡਟੀਆਂ ਕਿਸਾਨ ਜਥੇਬੰਦੀਆਂ ਨੇ ਸਰਬਸੰਮਤੀ ਨਾਲ ਕੇਂਦਰ ਸਰਕਾਰ ਵੱਲੋਂ ਝੋਨੇ ਤੇ ਸਾਉਣੀ ਦੀਆਂ ਹੋਰ ਫਸਲਾਂ ਦੇ ਭਾਅ ਵਿਚ ਨਿਗੂਣੇ ਵਾਧੇ ਨੂੰ ਰੱਦ ਕਰਦਿਆਂ ਮੰਗ ਕੀਤੀ ਗਈ ਕਿ ਕੁੱਲ 23 ਫਸਲਾਂ ਦਾ ਭਾਅ ਸਵਾਮੀਨਾਥਨ ਫਾਰਮੂਲੇ ਸੀ2 ਪਲੱਸ 50 ਫੀਸਦੀ ਦੇ ਰੇਟ ਦੇ ਕੇ ਮੁਕੰਮਲ ਖਰੀਦ ਕੀਤੀ ਜਾਵੇ। ਸੰਘਰਸ਼ੀ ਅਖਾੜਿਆਂ ਤੋਂ ਫਸਲਾਂ ਦੀ ਖਰੀਦ ਅਤੇ ਮੁੱਲ ਦੀ ਗਰੰਟੀ ਲਈ ਕਾਨੂੰਨ ਹੋਂਦ 'ਚ ਲਿਆਉਣ ਖਾਤਰ ਤਿੱਖੀ ਲੜਾਈ ਦਾ ਸੱਦਾ ਦਿੱਤਾ ਗਿਆ ਹੈ।

ਇਸ ਮੌਕੇ ਤਰਕ ਦਿੱਤਾ ਗਿਆ ਕਿ ਡੀਜ਼ਲ ਦੀਆਂ ਵਧੀਆਂ ਕੀਮਤਾਂ ਅਤੇ ਫਸਲਾਂ ਦੀਆਂ ਲਾਗਤ ਕੀਮਤਾਂ ਵਿਚ ਹੋ ਰਿਹਾ ਵਾਧਾ ਸਰਕਾਰੀ ਐਲਾਨੇ ਰੇਟ ਤੋਂ ਕਿਤੇ ਵੱਧ ਹੈ। ਸੰਯੁਕਤ ਕਿਸਾਨ ਮੋਰਚਾ ਨੇ ਕੇਂਦਰ ਦੀ ਮੋਦੀ ਸਰਕਾਰ ਵੱਲੋਂ ਫਸਲਾਂ ਦੀ ਐਮ.ਐਸ.ਪੀ. ਨਿਰਧਾਰਿਤ ਫਾਰਮੂਲੇ ਤਹਿਤ ਨਾ ਐਲਾਨੇ ਜਾਣ ਨੂੰ ਮੋਦੀ ਸਰਕਾਰ ਦਾ ਇਕ ਹੋਰ ਜੁਮਲਾ ਕਰਾਰ ਦਿੱਤਾ ਹੈ। ਕਿਸਾਨ ਆਗੂਆਂ ਨੇ ਕੇਂਦਰ ਸਰਕਾਰ ਵੱਲੋਂ ਝੋਨੇ ਸਮੇਤ 14 ਫਸਲਾਂ ਦੇ ਘੱਟੋ ਘੱਟ ਸਮਰਥਨ ਮੁੱਲ ਵਿਚ ਨਿਗੂਣੇ ਵਾਧੇ ਦਾ ਵਿਰੋਧ ਕੀਤਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੇ 'ਏ+ ਐਫ.ਐਲ.' ਲਾਗਤ ਫਾਰਮੂਲਾ ਜਾਰੀ ਰੱਖਿਆ ਹੈ ਜਦੋਂਕਿ ਕਿਸਾਨ 'ਸੀ2 + 50' ਫਾਰਮੂਲੇ ਦੀ ਮੰਗ ਕਰ ਰਹੇ ਹਨ। ਕਿਸਾਨ ਆਗੂਆਂ ਨੇ ਕਿਹਾ ਕਿ ਮੱਕੀ ਵਰਗੀਆਂ ਫਸਲਾਂ 'ਤੇ ਮਹਿਜ਼ 20 ਰੁਪਏ ਕੁਇੰਟਲ ਵਾਧਾ ਕੀਤਾ ਗਿਆ ਹੈ, ਜੋ ਮਹਿੰਗਾਈ ਦਰ ਨੂੰ ਵੀ ਕਵਰ ਨਹੀਂ ਕਰਦਾ। ਉਨ੍ਹਾਂ ਕਿਹਾ ਕਿ ਬਹੁਤੇ ਕਿਸਾਨਾਂ ਨੂੰ ਹਕੀਕੀ ਰੂਪ ਵਿਚ ਘੱਟੋ-ਘੱਟ ਸਮਰਥਨ ਮੁੱਲ ਨਹੀਂ ਮਿਲਦਾ, ਇਸ ਲਈ ਕਿਸਾਨ ਐਮ.ਐਸ.ਪੀ. ਦੀ ਕਾਨੂੰਨੀ ਗਾਰੰਟੀ ਮੰਗਦੇ ਹਨ। ਕਿਸਾਨ ਆਗੂਆਂ ਨੇ ਕਿਹਾ ਕਿ ਪ੍ਰਧਾਨ ਮੰਤਰੀ-ਆਸ਼ਾ ਯੋਜਨਾ ਦਾ ਇਸ ਸਾਲ ਦੇ ਬਜਟ ਵਿਚ ਵੀ ਜ਼ਿਕਰ ਹੈ, ਪਰ ਐਤਕੀਂ ਪਿਛਲੇ ਸਾਲ ਦੀ ਨਿਸਬਤ ਇਸ ਸਕੀਮ ਵਿਚ ਘੱਟੋ-ਘੱਟ 100 ਕਰੋੜ ਰੁਪਏ ਘੱਟ ਰੱਖੇ ਗਏ ਹਨ। ਝੋਨਾ, ਜਵਾਰ, ਬਾਜਰਾ, ਅਰਹਰ, ਮੱਕੀ ਤੇ ਮੂੰਗੀ ਜਿਹੀਆਂ ਫਸਲਾਂ 'ਤੇ ਐਮ.ਐਸ.ਪੀ. 'ਚ ਵਾਧਾ ਮਹਿੰਗਾਈ ਦਰ ਨਾਲ ਵੀ ਮੇਲ ਨਹੀਂ ਖਾਂਦਾ।

ਦੱਸ ਦਈਏ ਕਿ ਕੇਂਦਰ ਸਰਕਾਰ ਨੇ ਫਸਲੀ ਵਰ੍ਹੇ 2021-22 ਦੌਰਾਨ ਝੋਨੇ ਦਾ ਘੱਟੋ ਘੱਟ ਸਮਰਥਨ ਮੁੱਲ (ਐਮ.ਐਸ.ਪੀ.) 72 ਰੁਪਏ ਵਧਾ ਕੇ 1,940 ਰੁਪਏ ਪ੍ਰਤੀ ਕੁਇੰਟਲ ਕਰ ਦਿੱਤਾ ਹੈ। ਸਰਕਾਰ ਵੱਲੋਂ ਦਾਲਾਂ, ਤੇਲ ਬੀਜਾਂ ਅਤੇ ਹੋਰ ਫਸਲਾਂ ਦੇ ਐਮ.ਐਸ.ਪੀ. 'ਚ ਵੀ ਵਾਧਾ ਕੀਤਾ ਗਿਆ ਹੈ। ਵਪਾਰਕ ਫਸਲਾਂ 'ਚੋਂ ਕਪਾਹ ਦੇ ਦਰਮਿਆਨੀ ਰੇਸ਼ੇ ਵਾਲੀ ਕਿਸਮ 'ਤੇ ਐਮ.ਐਸ.ਪੀ. 211 ਰੁਪਏ ਵਧਾ ਕੇ 5,726 ਰੁਪਏ ਅਤੇ ਲੰਬੇ ਰੇਸ਼ੇ ਵਾਲੀ ਕਿਸਮ 'ਤੇ ਘੱਟੋ ਘੱਟ ਸਮਰਥਨ ਮੁੱਲ 200 ਰੁਪਏ ਵਧਾ ਕੇ 6,025 ਪ੍ਰਤੀ ਕੁਇੰਟਲ ਕਰ ਦਿੱਤਾ ਗਿਆ ਹੈ।

ਸਰਕਾਰ ਨੇ ਜਵਾਰ ਦੀ ਐਮ.ਐਸ.ਪੀ. 118 ਰੁਪਏ ਵਧਾ ਦਿੱਤੀ ਹੈ। ਇਸ ਨਾਲ ਜਵਾਰ (ਹਾਈਬ੍ਰਿਡ) ਦੀ ਕੀਮਤ 2,738 ਰੁਪਏ ਅਤੇ ਜਵਾਰ (ਮਾਲਦਾਨੀ) ਦਾ ਭਾਅ 2,758 ਰੁਪਏ ਪ੍ਰਤੀ ਕੁਇੰਟਲ ਹੋ ਗਿਆ ਹੈ। ਇਸੇ ਤਰ੍ਹਾਂ ਬਾਜਰੇ ਦਾ ਸਮਰਥਨ ਮੁੱਲ 100 ਰੁਪਏ ਵਧਾ ਕੇ 2,250 ਰੁਪਏ ਪ੍ਰਤੀ ਕੁਇੰਟਲ ਕਰ ਦਿੱਤਾ ਹੈ। ਅਰਹਰ ਦਾ ਸਮਰਥਨ ਮੁੱਲ 82 ਰੁਪਏ ਵਧ ਕੇ 3,377 ਰੁਪਏ ਪ੍ਰਤੀ ਕੁਇੰਟਲ ਹੋ ਗਿਆ ਹੈ। ਮੱਕੀ ਦੀ ਕੀਮਤ 'ਚ 20 ਰੁਪਏ ਦਾ ਮਾਮੂਲੀ ਵਾਧਾ ਕੀਤਾ ਗਿਆ ਹੈ। ਮੱਕੀ ਦੀ ਕੀਮਤ ਪਿਛਲੇ ਸਾਲ ਦੇ 1,850 ਰੁਪਏ ਦੇ ਮੁਕਾਬਲੇ ਵਧ ਕੇ 1,870 ਰੁਪਏ ਪ੍ਰਤੀ ਕੁਇੰਟਲ ਹੋ ਗਈ ਹੈ। ਸਰਕਾਰ ਨੇ ਦਾਲਾਂ ਅਤੇ ਤੇਲ ਬੀਜਾਂ ਦੇ ਉਤਪਾਦਨ ਨੂੰ ਹੁਲਾਰਾ ਦੇਣ ਅਤੇ ਦਰਾਮਦ 'ਤੇ ਨਿਰਭਰਤਾ ਘਟਾਉਣ ਲਈ ਮਾਂਹ ਦੀ ਦਾਲ ਦਾ ਮੁੱਲ 300 ਰੁਪਏ ਵਧਾ ਕੇ 6,300 ਰੁਪਏ ਪ੍ਰਤੀ ਕੁਇੰਟਲ ਕਰ ਦਿੱਤਾ ਹੈ। ਮੂੰਗੀ ਦਾ ਸਮਰਥਨ ਮੁੱਲ 79 ਰੁਪਏ ਤੋਂ ਵਧ ਕੇ 7,275 ਰੁਪਏ ਹੋ ਗਿਆ ਹੈ। ਤਿਲ ਦਾ ਰੇਟ 452 ਰੁਪਏ ਵਧਾਇਆ ਗਿਆ ਹੈ ਜੋ ਹੁਣ 7,307 ਰੁਪਏ ਪ੍ਰਤੀ ਕੁਇੰਟਲ ਹੋ ਗਿਆ ਹੈ। ਮੂੰਗਫਲੀ ਦੀ ਸਮਰਥਨ ਕੀਮਤ 275 ਰੁਪਏ ਵਧਾ ਕੇ 5,550 ਰੁਪਏ ਕਰ ਦਿੱਤੀ ਗਈ ਹੈ। ਸੂਰਜਮੁਖੀ ਦੇ ਬੀਜਾਂ 'ਚ 130 ਰੁਪਏ ਦਾ ਵਾਧਾ ਕੀਤਾ ਗਿਆ ਹੈ ਜਿਸ ਨਾਲ ਇਸ ਦਾ ਰੇਟ 6,015 ਰੁਪਏ 'ਤੇ ਪਹੁੰਚ ਗਿਆ ਹੈ। ਸਾਉਣੀ ਦੇ ਵਿਸ਼ੇਸ਼ ਪ੍ਰੋਗਰਾਮ ਨਾਲ ਤੇਲ ਬੀਜਾਂ ਤਹਿਤ 6.37 ਲੱਖ ਹੈਕਟੇਅਰ ਵਾਧੂ ਰਕਬਾ ਲਿਆਂਦਾ ਜਾਵੇਗਾ ਜਿਸ ਨਾਲ 120.26 ਲੱਖ ਕੁਇੰਟਲ ਤੇਲ ਬੀਜ ਪੈਦਾ ਹੋਣ ਦੀ ਸੰਭਾਵਨਾ ਹੈ।

# ਸਾਬਕਾ ਪੁਲਿਸ ਅਧਿਕਾਰੀ ਆਮ ਆਦਮੀ ਪਾਰਟੀ 'ਚ ਸ਼ਾਮਲ

**ਜਲੰਧਰ:** ਪੰਜਾਬ ਪੁਲਿਸ ਦੇ ਸਾਬਕਾ ਡੀ.ਸੀ.ਪੀ. ਬਲਕਾਰ ਸਿੰਘ ਇਥੇ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋ ਗਏ। ਪਾਰਟੀ ਦੇ ਦਿੱਲੀ ਤੋਂ ਵਿਧਾਇਕ ਅਤੇ ਪੰਜਾਬ ਦੇ ਮਾਮਲਿਆਂ ਦੇ ਸਹਿ ਇੰਚਾਰਜ ਰਾਘਵ ਚੱਢਾ ਨੇ ਬਲਕਾਰ ਸਿੰਘ ਨੂੰ ਪਾਰਟੀ ਵਿਚ ਸ਼ਾਮਲ ਕੀਤਾ। ਸ੍ਰੀ ਚੱਢਾ ਨੇ ਕਿਹਾ ਕਿ ਪੰਜਾਬ ਦਾ ਹਰ ਵਰਗ ਆਮ ਆਦਮੀ ਪਾਰਟੀ ਨਾਲ ਜੁੜ ਰਿਹਾ ਹੈ। ਸ੍ਰੀ ਚੱਢਾ ਨੇ ਕਿਹਾ ਕਿ ਸਾਬਕਾ ਪੁਲਿਸ ਅਧਿਕਾਰੀ ਬਲਕਾਰ ਸਿੰਘ ਹੁਣ ਰਾਜਨੀਤੀ ਦੇ ਮੈਦਾਨ 'ਚ ਸ਼ਾਨਦਾਰ ਸੇਵਾ ਨਿਭਾਉਣਗੇ। ਉਨ੍ਹਾਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਨੇ ਸੂਬੇ ਦੇ ਦੋ ਲੱਖ ਦਲਿਤ ਵਿਦਿਆਰਥੀਆਂ ਦਾ ਭਵਿੱਖ ਖਤਰੇ ਵਿਚ ਪਾ ਦਿੱਤਾ ਹੈ। ਸ੍ਰੀ ਬਲਕਾਰ ਸਿੰਘ ਨੇ ਕਿਹਾ ਕਿ ਉਹ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਦਿੱਲੀ ਵਿਚਲੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਦਿੱਲੀ 'ਚ ਕੀਤੇ ਵਿਕਾਸਮਈ ਕੰਮਾਂ ਤੇ ਨੀਤੀਆਂ ਤੋਂ ਉਹ ਪ੍ਰਭਾਵਿਤ ਹੋਏ ਹਨ।

# ਪੰਜਾਬ ਵਿਚ ਖੇਤੀ ਖਰਚਿਆਂ ਅੱਗੇ ਬਿਲਕੁਲ ਬੌਣੇ ਹਨ ਫਸਲਾਂ ਦੇ ਭਾਅ

**ਚੰਡੀਗੜ੍ਹ:** ਕੇਂਦਰ ਸਰਕਾਰ ਵੱਲੋਂ ਫਸਲਾਂ ਦੇ ਐਲਾਨੇ ਭਾਅ ਪੰਜਾਬ ਦੇ ਖੇਤੀ ਖਰਚ ਅੱਗੇ ਬੌਣੇ ਹਨ। ਕੇਂਦਰ ਨੇ ਇਕ ਪਾਸੇ ਡੀਜ਼ਲ ਦਾ ਭਾਅ ਇਕ ਸਾਲ 'ਚ 25 ਰੁਪਏ ਵਧਾ ਕੇ ਖੇਤੀ ਦੇ ਲਾਗਤ ਖਰਚੇ 'ਚ ਵਾਧਾ ਕਰ ਦਿੱਤਾ ਹੈ ਅਤੇ ਦੂਜੇ ਪਾਸੇ ਝੋਨੇ ਦੇ ਭਾਅ ਵਿਚ ਮਾਮੂਲੀ 72 ਰੁਪਏ ਪ੍ਰਤੀ ਕੁਇੰਟਲ ਦਾ ਵਾਧਾ ਕੀਤਾ ਗਿਆ ਹੈ। ਪੰਜਾਬ ਦੇ ਕਿਸਾਨ ਇਸ ਨਵੇਂ ਭਾਅ ਤੋਂ ਨਾਖੁਸ਼ ਹਨ ਅਤੇ ਕਿਸਾਨ ਧਿਰਾਂ ਦਾ ਕਹਿਣਾ ਹੈ ਕਿ ਮੋਦੀ ਸਰਕਾਰ ਪੰਜਾਬ ਦੇ ਕਿਸਾਨਾਂ ਨੂੰ ਸਬਕ ਸਿਖਾਉਣ ਦੇ ਰਾਹ ਪਈ ਹੈ ਕਿਉਂਕਿ ਪੰਜਾਬ ਨੇ ਕਿਸਾਨ ਅੰਦੋਲਨ ਨੂੰ ਅਗਵਾਈ ਦਿੱਤੀ ਹੈ।

ਆਰਥਿਕ ਮਾਮਲਿਆਂ ਬਾਰੇ ਕੈਬਨਿਟ ਕਮੇਟੀ ਨੇ ਗਰੇਡ ਏ ਝੋਨੇ ਦਾ ਭਾਅ 1960 ਰੁਪਏ ਐਲਾਨਿਆ ਹੈ, ਜੋ ਪਿਛਲੇ ਵਰ੍ਹੇ ਨਾਲੋਂ 72 ਰੁਪਏ ਵੱਧ ਹੈ। ਇਸੇ ਤਰ੍ਹਾਂ ਨਰਮੇ ਦਾ ਭਾਅ 200 ਰੁਪਏ ਵਧਾਇਆ ਗਿਆ ਹੈ। ਇਹ ਦਰਮਿਆਨੇ ਰੇਸ਼ੇ ਦਾ 5726 ਰੁਪਏ ਅਤੇ ਲੰਮੇ ਰੇਸ਼ੇ ਦਾ 6025 ਰੁਪਏ ਹੋ ਗਿਆ ਹੈ। ਵੇਰਵਿਆਂ ਅਨੁਸਾਰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਤਰਫੋਂ ਐਤਕੀਂ ਝੋਨੇ ਦੀ ਲਾਗਤ ਖਰਚ 2880 ਰੁਪਏ ਪ੍ਰਤੀ ਏਕੜ ਦੱਸੀ ਗਈ ਹੈ ਜਦਕਿ ਕੇਂਦਰ ਨੇ ਇਸ ਦੀ ਥਾਂ ਸਿਰਫ 1960 ਰੁਪਏ ਦਾ ਭਾਅ ਐਲਾਨਿਆ ਹੈ। ਵੱਡਾ ਝਟਕਾ ਕਿਸਾਨਾਂ ਨੂੰ ਡੀਜ਼ਲ ਦੇ ਵਧ ਰਹੇ ਭਾਅ ਦਾ ਲੱਗ ਰਿਹਾ ਹੈ, ਜਿਸ ਨਾਲ ਕਿਸਾਨਾਂ ਦੇ ਲਾਗਤ ਖਰਚੇ ਲਗਾਤਾਰ ਵਧ ਰਹੇ ਹਨ।

ਮਿਸਾਲ ਵਜੋਂ ਪਹਿਲੀ ਜੂਨ, 2020 ਨੂੰ ਪੰਜਾਬ ਵਿਚ ਡੀਜ਼ਲ ਦਾ ਭਾਅ 62.03 ਰੁਪਏ ਪ੍ਰਤੀ ਲਿਟਰ ਸੀ, ਜੋ ਹੁਣ ਇਕ ਵਰ੍ਹੇ ਮਗਰੋਂ 87.62 ਰੁਪਏ ਪ੍ਰਤੀ ਲਿਟਰ ਹੋ ਗਿਆ ਹੈ। ਮੋਟੇ ਅੰਦਾਜ਼ੇ ਅਨੁਸਾਰ ਪੂਰੀ ਤਰ੍ਹਾਂ ਡੀਜ਼ਲ 'ਤੇ ਝੋਨਾ ਪਾਲਣ ਵਾਲੇ ਕਿਸਾਨ ਨੂੰ ਪ੍ਰਤੀ ਏਕੜ 'ਚ ਔਸਤਨ 110 ਲਿਟਰ ਡੀਜ਼ਲ ਫੂਕਣਾ ਪੈਂਦਾ ਹੈ। ਇਸ ਲਿਹਾਜ਼ ਨਾਲ ਸਾਲ ਪਹਿਲਾਂ ਕਿਸਾਨ ਨੂੰ 110 ਲਿਟਰ ਤੇਲ 'ਤੇ 6825 ਰੁਪਏ ਖਰਚ ਕਰਨੇ ਪੈਂਦੇ ਸਨ ਅਤੇ ਹੁਣ ਇਸ 'ਤੇ 9638 ਰੁਪਏ ਖਰਚਣੇ ਪੈਂਦੇ ਹਨ। ਇਕੱਲੇ ਡੀਜ਼ਲ ਦੇ ਭਾਅ ਵਿੱਚ ਇਕ ਸਾਲ ਦੌਰਾਨ ਪ੍ਰਤੀ ਏਕੜ ਪਿੱਛੇ 2850 ਰੁਪਏ ਦਾ ਖਰਚਾ ਵਧ ਗਿਆ ਹੈ। ਦੂਜੇ ਪਾਸੇ ਝੋਨੇ ਦਾ ਝਾੜ ਪ੍ਰਤੀ ਏਕੜ 24 ਕੁਇੰਟਲ ਮੰਨ ਲਈਏ ਤਾਂ 72 ਰੁਪਏ ਦੇ ਵਾਧੇ ਦੇ ਹਿਸਾਬ ਨਾਲ ਕਿਸਾਨ ਨੂੰ ਪ੍ਰਤੀ ਏਕੜ ਪਿੱਛੇ ਪਿਛਲੇ



ਵਰ੍ਹੇ ਨਾਲੋਂ 1728 ਰੁਪਏ ਵੱਧ ਮਿਲਣਗੇ ਜਦਕਿ ਡੀਜ਼ਲ ਇਸ ਦੇ ਉਲਟ ਪ੍ਰਤੀ ਏਕੜ ਪਿੱਛੇ 2850 ਰੁਪਏ ਮਹਿੰਗਾ ਹੋ ਗਿਆ ਹੈ। ਕਿਸਾਨਾਂ ਦਾ ਪ੍ਰਤੀ ਏਕੜ ਪਿੱਛੇ ਵਹਾਈ 'ਤੇ ਵੀ 20 ਤੋਂ 25 ਲਿਟਰ ਡੀਜ਼ਲ ਖਪਤ ਹੁੰਦਾ ਹੈ, ਜੋ ਇਸ ਤੋਂ ਵੱਖਰਾ ਹੈ। ਬਿਜਲੀ ਸਪਲਾਈ ਪੂਰਨ ਰੂਪ ਵਿਚ ਨਾ ਮਿਲਣ ਕਰਕੇ ਬਹੁਤੇ ਕਿਸਾਨਾਂ ਨੂੰ ਡੀਜ਼ਲ ਨਾਲ ਹੀ ਝੋਨਾ ਪਾਲਣਾ ਪੈਂਦਾ ਹੈ।

ਕੇਂਦਰ ਸਰਕਾਰ ਭਾਅ 'ਚ ਮਾਮੂਲੀ ਵਾਧਾ ਐਲਾਨ ਕੇ ਕਿਸਾਨ ਹਿਤੈਸ਼ੀ ਹੋਣ ਦਾ ਝਲਕਾਰਾ ਦੇ ਰਹੀ ਹੈ ਜਦਕਿ ਹਕੀਕਤ ਕੁਝ ਹੋਰ ਹੈ। ਦੇਖਿਆ ਜਾਵੇ ਤਾਂ ਕੋਵਿਡ ਦੌਰਾਨ ਅਰਥਚਾਰੇ ਨੂੰ ਖੇਤੀ ਸੈਕਟਰ ਨੇ ਹੀ ਠੁੰਮ੍ਹਣਾ ਦਿੱਤਾ ਹੈ ਅਤੇ ਦੇਸ ਵਿਚ ਅਨਾਜ ਦੀ ਕਮੀ ਨਹੀਂ ਹੋਣ ਦਿੱਤੀ। ਪੰਜਾਬ ਨੇ ਖੇਤੀ ਕਾਨੂੰਨਾਂ ਦੇ ਸੰਘਰਸ਼ ਦੌਰਾਨ ਅਨਾਜ ਦੀ ਰਿਕਾਰਡ ਪੈਦਾਵਾਰ ਕੀਤੀ ਹੈ।

ਸਰਕਾਰ ਨੇ ਝੋਨੇ, ਨਰਮੇ, ਮੱਕੀ ਸਮੇਤ 14 ਫਸਲਾਂ ਦੇ ਸਮਰਥਨ ਮੁੱਲ ਵਿਚ 1 ਤੋਂ 5 ਫੀਸਦੀ ਤੱਕ ਵਾਧਾ ਕੀਤਾ ਹੈ। ਪੰਜਾਬ ਦੀਆਂ ਮੁੱਖ ਫਸਲਾਂ ਝੋਨੇ ਅਤੇ ਨਰਮੇ ਦੇ ਸਮਰਥਨ ਮੁੱਲ ਵਿਚ ਕ੍ਰਮਵਾਰ 3.6 ਅਤੇ 3.7 ਫੀਸਦੀ ਵਾਧਾ ਕੀਤਾ ਗਿਆ ਹੈ। ਝੋਨੇ ਦਾ ਭਾਅ ਪ੍ਰਤੀ ਕੁਇੰਟਲ 72 ਰੁਪਏ ਵਧਾਇਆ ਗਿਆ ਹੈ। ਦੇਸ਼ ਅੰਦਰ ਮਹਿੰਗਾਈ ਦੀ ਔਸਤਨ ਦਰ 4.9 ਫੀਸਦੀ ਮੰਨੀ ਗਈ ਹੈ। ਇਸ ਦਾ ਮਤਲਬ ਇਹ ਹੈ ਕਿ ਭਾਅ 'ਚ ਵਾਧਾ ਮਹਿੰਗਾਈ ਵਧਣ ਦੇ ਬਰਾਬਰ ਵੀ ਨਹੀਂ ਹੈ।

ਸਰਕਾਰ ਨੇ ਇਹ ਕਿਹਾ ਹੈ ਕਿ ਸਵਾਮੀਨਾਥਨ ਫਾਰਮੂਲੇ ਅਨੁਸਾਰ ਪੰਜਾਹ ਫੀਸਦੀ ਮੁਨਾਫ਼ੇ ਦੇ ਅਸੂਲ ਨੂੰ ਲਾਗੂ ਕੀਤਾ ਹੈ; ਅਸਲੀਅਤ ਇਹ ਹੈ ਕਿ ਇਸ ਵਾਧੇ ਵਿਚੋਂ ਸੀ-2 ਲਾਗਤ ਬਾਹਰ ਹੈ। ਜੇਕਰ ਇਸ ਨੂੰ ਜੋੜ ਲਿਆ ਜਾਵੇ ਤਾਂ ਝੋਨੇ ਦਾ ਭਾਅ ਕਰੀਬ 650 ਰੁਪਏ ਪ੍ਰਤੀ ਕੁਇੰਟਲ ਅਤੇ ਕਪਾਹ ਦਾ ਭਾਅ ਦੋ ਹਜ਼ਾਰ ਰੁਪਏ ਪ੍ਰਤੀ ਕੁਇੰਟਲ ਹੋਰ ਵਧਣੇ ਚਾਹੀਦੇ ਹਨ। ਸਰਕਾਰ ਸਵਾਮੀਨਾਥਨ ਫਾਰਮੂਲੇ ਦੀ ਗਲਤ ਵਿਆਖਿਆ ਕਰ ਰਹੀ ਹੈ। ਹੋਰਨਾਂ ਫਸਲਾਂ ਲਈ ਤਾਂ ਘੱਟੋ-ਘੱਟ ਸਮਰਥਨ ਮੁੱਲ ਦੇ ਮਾਅਨੇ ਹੀ ਖਤਮ ਹੋ ਜਾਂਦੇ ਹਨ ਕਿਉਂਕਿ ਉਨ੍ਹਾਂ ਨੂੰ ਸਮਰਥਨ ਮੁੱਲ ਉੱਤੇ ਖਰੀਦਣ ਦੀ ਕੋਈ ਗਰੰਟੀ ਨਹੀਂ ਹੈ। ਮਿਸਾਲ ਦੇ ਤੌਰ ਉੱਤੇ ਮੱਕੀ ਦਾ ਸਮਰਥਨ ਮੁੱਲ 1850 ਰੁਪਏ ਪ੍ਰਤੀ ਕੁਇੰਟਲ ਸੀ ਪਰ ਉਹ ਆਮ ਕਰ ਕੇ 8 ਤੋਂ 9 ਸੌ ਰੁਪਏ ਫੀ ਕੁਇੰਟਲ ਦੇ ਭਾਅ 'ਤੇ ਵਿਕੀ ਹੈ। ਇਸ ਵਾਰ ਸਮਰਥਨ ਮੁੱਲ ਵਿਚ 1.08 ਫੀਸਦੀ ਵਾਧਾ ਐਲਾਨਣ ਪਿੱਛੇ ਤਰਕ ਸਮਝ ਨਹੀਂ ਆਉਂਦਾ। ਇਸੇ ਕਾਰਨ ਕਿਸਾਨ ਅਜਿਹਾ ਕਾਨੂੰਨ ਬਣਾਉਣ ਦੀ ਮੰਗ ਕਰ ਰਹੇ ਹਨ ਜਿਸ ਤਹਿਤ ਫਸਲਾਂ ਘੱਟੋ-ਘੱਟ ਸਮਰਥਨ ਮੁੱਲ ਉੱਤੇ ਖਰੀਦਣ ਦੀ ਗਰੰਟੀ ਮਿਲ ਸਕੇ।

# ਬਦਲਵੀਂ ਖੇਤੀ ਦੇ ਰਾਹ ਵਿਚ ਆਪ ਹੀ ਅੜਿੱਕੇ ਖੜ੍ਹੇ ਕਰ ਰਹੀਆਂ ਨੇ ਸਰਕਾਰਾਂ

**ਚੰਡੀਗੜ੍ਹ:** ਇਕ ਪਾਸੇ ਸਰਕਾਰਾਂ ਮੁਲਕ ਵਿਚ ਰਵਾਇਤੀ ਫਸਲਾਂ ਦਾ ਖਹਿੜਾ ਛੱਡਣ ਤੇ ਬਦਲਵੀਂ ਖੇਤੀ ਲਈ ਟਾਹਰਾਂ ਮਾਰ ਰਹੀਆਂ ਹਨ ਤੇ ਦੂਜੇ ਪਾਸੇ ਮਾੜੀਆਂ ਨੀਤੀਆਂ ਸਰਕਾਰ ਦੇ ਇਸ ਹੋਕੇ ਉਤੇ ਸਵਾਲ ਚੁੱਕ ਰਹੀਆਂ ਹਨ। ਇਸ ਸਮੇਂ ਜਿਥੇ ਇਕ ਪਾਸੇ ਸਬਜ਼ੀਆਂ ਦੇ ਨਿਗੂਣੇ ਭਾਅ ਕਾਰਨ ਕਿਸਾਨਾਂ ਖੇਤਾਂ ਵਿਚ ਹੀ ਫਸਲਾਂ ਬਰਬਾਦ ਕਰਨ ਲਈ ਮਜਬੂਰ ਹੋਏ ਪਏ ਹਨ, ਉਥੇ ਗੰਨੇ ਦੇ ਬਕਾਏ ਮੋੜਨ ਤੋਂ ਭੱਜ ਰਹੀਆਂ ਸਰਕਾਰਾਂ ਕਿਸਾਨਾਂ ਦੇ ਹੌਸਲੇ ਤੋੜ ਰਹੀਆਂ ਹਨ। ਜਿਸ ਕਾਰਨ ਕਿਸਾਨ ਮੁੜ ਕਣਕ/ਝੋਨੇ ਦੇ ਚੱਕਰ 'ਚ ਹੀ ਉਲਝ ਗਏ ਹਨ।

ਹਾਲਾਤ ਇਹ ਹਨ ਕਿ ਮਿੱਲ ਮਾਲਕ ਇਕ ਸਾਲ ਸਖਤ ਮਿਹਨਤ ਕਰਨ ਵਾਲੇ ਕਿਸਾਨਾਂ ਨੂੰ ਉਸ ਦੀ ਕਮਾਈ ਵੀ ਦੇਣ ਲਈ ਤਿਆਰ ਨਹੀਂ। ਭਾਰਤੀ ਖੰਡ ਮਿੱਲ ਸੰਘ ਨੇ ਅੰਕੜੇ ਜਾਰੀ ਕਰਦੇ ਹੋਏ ਕਿਹਾ ਕਿ ਅਕਤੂਬਰ ਦਸੰਬਰ ਦੌਰਾਨ ਸਾਲਾਨਾ ਆਧਾਰ ਉਤੇ ਖੰਡ ਉਤਪਾਦਨ ਸਾਲ 2020-21 ਦੌਰਾਨ 110.22 ਲੱਖ ਟਨ ਹੋ ਗਿਆ ਹੈ ਜਦੋਂ ਕਿ ਪਿਛਲੇ ਵਰ੍ਹੇ ਇਹ ਅੰਕੜਾ 77.63 ਲੱਖ ਟਨ ਸੀ। ਪਰ ਪੰਜਾਬ ਦੇ ਕਿਸਾਨਾਂ ਦਾ 188 ਕਰੋੜ ਰੁਪਏ ਖੰਡ ਮਿੱਲਾਂ ਵੱਲ ਬਕਾਇਆ ਖੜ੍ਹਾ ਹੈ। ਸਾਲ 2019-20 ਦੇ 107 ਕਰੋੜ ਰੁਪਏ ਦਾ ਬਕਾਇਆ ਵੀ ਨਹੀਂ ਮਿਲਿਆ। ਸਮੇਂ ਸਿਰ ਅਜਿਹੀ ਅਦਾਇਗੀ ਨਾ ਹੋਣ ਕਰਕੇ ਪੰਜਾਬ, ਹਰਿਆਣਾ ਦੇ ਕਿਸਾਨ ਤਾਂ ਤਕਰੀਬਨ ਗੰਨੇ ਦੀ ਫਸਲ ਨੂੰ ਅਲਵਿਦਾ ਹੀ ਕਹਿ ਚੁੱਕੇ ਹਨ। ਕਿਉਂਕਿ ਗੰਨਾ ਕਾਸ਼ਤਕਾਰ ਕਿਸਾਨਾਂ ਦੇ ਸਾਰੇ ਘਰੇਲੂ ਖਰਚੇ ਉਨ੍ਹਾਂ ਦੀ ਇਸੇ ਫਸਲ ਉਤੇ ਨਿਰਭਰ ਹੁੰਦੇ ਹਨ।

ਗੰਨੇ ਦੀ ਕਾਸ਼ਤ ਹੋਣ ਨਾਲ ਜਿਥੇ ਫਸਲੀ ਵਿਭਿੰਨਤਾ ਚੱਲ ਰਹੀ ਸੀ, ਉਥੇ ਹੀ ਘੱਟ ਪਾਣੀ ਦੀ ਵਰਤੋਂ ਹੋਣ ਨਾਲ ਪਾਣੀ ਦੇ ਕੁਦਰਤੀ ਸੋਮੇ ਦੀ ਵੀ ਬੱਚਤ ਹੋ ਰਹੀ ਸੀ। ਪਰ ਪੰਜਾਬ 'ਚ ਕੰਮ ਕਰ ਰਹੀਆਂ ਨਿੱਜੀ ਖੰਡ ਮਿੱਲਾਂ ਵੀ ਬਹੁਤੀ ਵਧੀਆ ਕਾਰਗੁਜ਼ਾਰੀ ਨਹੀਂ ਵਿਖਾ ਸਕੀਆਂ। ਘੱਗਰ ਦਰਿਆ ਨੇੜੇ ਪੈਂਦੀਆਂ ਜ਼ਮੀਨਾਂ ਲਈ ਸਹਾਈ ਹੋਣ ਵਾਲੀ ਨਿੱਜੀ ਪਿਕਾਡਲੀ ਖੰਡ ਮਿੱਲ ਕਈ ਸਾਲਾਂ ਤੋਂ ਬੰਦ ਪਈ ਹੈ। ਇਸ ਮਿੱਲ ਦੇ ਮਾਲਕਾਂ ਨੇ ਆਪਣਾ ਤੋਰੀ ਫੁਲਕਾ ਤੋਰੀ ਰੱਖਣ ਲਈ ਖੰਡ ਮਿੱਲ ਨੂੰ ਬੰਦ ਕਰਕੇ ਸ਼ਰਾਬ ਦੀ ਫੈਕਟਰੀ ਲਾ ਦਿੱਤੀ ਸੀ। ਜਿਸ ਦਾ ਲੋਕਾਂ ਨੂੰ ਲਾਭ ਹੋਣ ਦੀ ਬਚਾਏ ਉਲਟਾ ਨੁਕਸਾਨ ਹੀ ਹੋ ਰਿਹਾ ਹੈ। ਸਹਿਕਾਰੀ ਖੰਡ ਮਿੱਲਾਂ ਦੇ ਬੰਦ ਹੋਣ ਨਾਲ ਹਜ਼ਾਰਾਂ ਨੌਜਵਾਨ ਬੇਰੁਜ਼ਗਾਰ ਹੋ ਗਏ ਹਨ। ਪਰ ਸਰਕਾਰਾਂ ਦਾ ਇਸ ਪਾਸੇ ਕੋਈ ਧਿਆਨ ਨਹੀਂ ਹੈ। ਇਸ ਤਰ੍ਹਾਂ ਕਮਾਦ ਦੀ ਪੈਦਾਵਾਰ ਖਤਮ ਹੋਣ ਨਾਲ ਖੰਡ ਸੰਕਟ ਖੜ੍ਹਾ ਹੋ ਰਿਹਾ ਹੈ। ਭਾਰਤ ਵਿਚ ਮਹਾਰਾਸ਼ਟਰ ਨੂੰ ਖੰਡ ਦਾ ਕਟੋਰਾ ਮੰਨਿਆ ਜਾਂਦਾ ਹੈ। ਪਰ ਸਰਕਾਰ ਦੀਆਂ ਕਿਸਾਨ ਮਾਰੂ ਨੀਤੀਆਂ ਕਾਰਨ ਇਹ ਖੰਡ ਦਾ ਕਟੋਰਾ ਵੀ ਖਾਲੀ ਹੁੰਦਾ ਜਾ ਰਿਹਾ ਹੈ।

ਉੱਤਰ ਪ੍ਰਦੇਸ਼, ਕਰਨਾਟਕ, ਤਾਮਿਲਨਾਡੂ, ਆਂਧਰਾ ਪ੍ਰਦੇਸ਼ ਆਦਿ ਸਮੇਤ ਸਮੁੱਚੇ ਦੇਸ਼ ਅੰਦਰ ਹੀ ਗੰਨੇ ਦੀ ਖੇਤੀ ਨਾ ਹੋਣ ਕਰਕੇ ਖੰਡ ਦੇ ਉਤਪਾਦਨ ਉਤੇ ਮਾੜਾ ਪ੍ਰਭਾਵ ਪੈ ਰਿਹਾ ਹੈ। ਪੰਜਾਬ ਵਿਚ ਖੰਡ ਮਿੱਲਾਂ ਦੇ ਤਕਰੀਬਨ ਸਾਰੇ ਹੀ ਮਾਲਕਾਂ ਨੇ ਸ਼ਰਾਬ ਦੀਆਂ ਫੈਕਟਰੀਆਂ ਚਲਾ ਲਈਆਂ ਹਨ। ਜਿਸ ਕਰਕੇ ਹੁਣ ਇਥੇ ਖੰਡ ਉਤਪਾਦਨ ਦੀ ਬਜਾਏ ਸ਼ਰਾਬ ਦਾ ਉਤਪਾਦਨ ਵਾਧੂ ਹੋ ਰਿਹਾ ਹੈ। ਕਿਉਂਕਿ ਸ਼ਰਾਬ ਸਨਅਤ ਨੂੰ ਚਲਾਉਣ ਲਈ ਬਾਹਰੋਂ ਕੱਚਾ ਮਾਲ ਲੈਣ ਦੀ ਬਜਾਏ ਕੈਮੀਕਲ ਹੀ ਵਰਤੇ ਜਾਂਦੇ ਹਨ ਅਤੇ ਥੋੜ੍ਹੇ ਬਹੁਤ ਸੀਰੇ ਜਾਂ ਅਨਾਜ ਤੋਂ ਵੀ ਸ਼ਰਾਬ ਤਿਆਰ ਕੀਤੀ ਜਾਂਦੀ ਹੈ।

## ਝੋਨਾ ਨਾ ਲਾਉਣ ਬਾਰੇ ਆਵਾਜ਼ ਉਠਣ ਲੱਗੀ

**ਚੰਡੀਗੜ੍ਹ:** ਪੰਜਾਬ ਵਿਚ ਪਾਣੀ ਦਾ ਪੱਧਰ ਲਗਾਤਾਰ ਹੇਠਾਂ ਜਾ ਰਿਹਾ ਹੈ ਅਤੇ ਇਸੇ ਦੇ ਮੱਦੇਨਜ਼ਰ ਝੋਨਾ ਲਾਉਣ ਬਾਰੇ ਗੱਲਾਂ ਤੁਰ ਪਈਆਂ ਹਨ। ਦਰਅਸਲ, ਝੋਨਾ ਲਾਉਣ ਦਾ ਵੱਡਾ ਕਾਰਨ ਇਹ ਹੈ ਕਿ ਇਸ ਫਸਲ 'ਤੇ ਕਿਸਾਨਾਂ ਨੂੰ ਘੱਟੋ-ਘੱਟ ਸਮਰਥਨ ਮੁੱਲ ਮਿਲ ਜਾਂਦਾ ਹੈ ਜਦਕਿ ਮੱਕੀ ਜਾਂ ਦਾਲਾਂ ਆਦਿ 'ਤੇ ਪੂਰਾ ਭਾਅ ਕਦੀ ਵੀ ਨਹੀਂ ਮਿਲਦਾ। ਇਸ ਵਾਰ ਮੱਕੀ ਦਾ ਸਰਕਾਰੀ ਭਾਅ ਭਾਵੇਂ 1850 ਰੁਪਏ ਐਲਾਨਿਆ ਗਿਆ ਸੀ ਪਰ ਕਿਸਾਨਾਂ ਨੂੰ ਮੱਕੀ ਦਾ ਭਾਅ ਸਿਰਫ 800-950 ਦੇ ਕਰੀਬ ਹੀ ਮਿਲਿਆ ਹੈ। ਇਸੇ ਕਰਕੇ ਕਿਸਾਨ ਮੱਕੀ ਅਤੇ ਦਾਲਾਂ ਦੇ ਮੁਕਾਬਲੇ ਝੋਨੇ ਨੂੰ ਤਰਜੀਹ ਦਿੰਦੇ ਹਨ।

# ਦਿਹਾਤੀ ਫੰਡ ਬਾਰੇ ਕੇਂਦਰ ਤੇ ਪੰਜਾਬ ਵਿਚਾਲੇ ਰੇੜਕਾ ਜਾਰੀ

**ਚੰਡੀਗੜ੍ਹ:** ਕੇਂਦਰੀ ਪੂਲ ਲਈ ਕਣਕ ਅਤੇ ਝੋਨਾ ਖਰੀਦਣ ਦੇ ਇਵਜ਼ ਵਿਚ ਪੰਜਾਬ ਸਰਕਾਰ ਨੂੰ ਹਰ ਸਾਲ ਮਿਲਣ ਵਾਲਾ ਪੇਂਡੂ ਵਿਕਾਸ ਫੰਡ (ਆਰ.ਡੀ.ਐਫ) ਨੂੰ ਲੈ ਕੇ ਰਾਜ ਅਤੇ ਕੇਂਦਰ ਸਰਕਾਰ ਦੇ ਵਿਚਾਲੇ ਤਕਰਾਰ ਹੋਰ ਵਧਣ ਦੇ ਅਸਾਰ ਹਨ।

ਆਰ.ਡੀ.ਐਫ ਦੀ ਅਦਾਇਗੀ ਨੂੰ ਲੈ ਕੇ ਕੇਂਦਰ ਸਰਕਾਰ ਦੇ ਰਵੱਈਏ ਉਤੇ ਪੰਜਾਬ ਸਰਕਾਰ ਨੂੰ ਲੱਗਣ ਲੱਗਾ ਹੈ ਕਿ ਕੇਂਦਰ ਸਰਕਾਰ ਬਹਾਨੇਬਾਜ਼ੀ ਕਰਦੇ ਹੋਏ ਇਸ ਫੰਡ ਦੀ ਅਦਾਇਗੀ ਨੂੰ ਬੰਦ ਕਰਨਾ ਚਾਹੁੰਦੀ ਹੈ, ਹਾਲਾਂਕਿ ਰਾਜ ਸਰਕਾਰ ਦਾ ਇਹ ਵੀ ਕਹਿਣਾ ਹੈ ਕਿ ਜੇਕਰ ਕੇਂਦਰ ਨੂੰ ਇਹ ਫੰਡ ਬੰਦ ਕਰਨਾ ਹੈ ਤਾਂ ਸਿੱਧੇ ਤੌਰ ਉਤੇ ਐਲਾਨ ਕਰੇ ਅਤੇ ਇਸ ਮੱਦ ਦੀ ਬਾਕੀ ਰਾਸ਼ੀ ਦਾ ਤੁਰੰਤ ਭੁਗਤਾਨ ਕਰੇ।

ਰਾਜ ਸਰਕਾਰ ਦਾ ਇਹ ਵੀ ਕਹਿਣਾ ਹੈ ਕਿ ਜੇਕਰ ਕੇਂਦਰ ਸਰਕਾਰ ਨੇ ਆਰ.ਡੀ.ਐਫ. ਬੰਦ ਕੀਤਾ ਤਾਂ ਰਾਜ ਦੇ ਪਿੰਡਾਂ ਦੇ ਵਿਕਾਸ ਉਤੇ ਬੁਰਾ ਅਸਰ ਪਵੇਗਾ। ਦਰਅਸਲ, ਇਹ ਪੈਸਾ ਰਾਜ ਸਰਕਾਰ ਦੁਆਰਾ ਕੇਂਦਰੀ ਪੂਲ ਲਈ ਕਣਕ ਅਤੇ ਝੋਨਾ ਦੀ ਖਰੀਦ ਦੇ ਇਵਜ਼ 'ਚ 3 ਫੀਸਦੀ ਆਰ.ਡੀ.ਐਫ. ਦੇ ਰੂਪ ਵਿਚ ਲਿਆ ਜਾਂਦਾ ਰਿਹਾ ਹੈ। ਇਸ ਦਾ ਇਸਤੇਮਾਲ ਪਿੰਡਾਂ ਵਿਚ ਸੜਕਾਂ ਬਣਾਉਣ, ਪੰਚਾਇਤਾਂ ਦੇ ਜਰੀਏ ਵੱਖ-ਵੱਖ ਜਨਤਕ ਵਰਤੋਂ ਦੀ ਉਸਾਰੀ ਕੰਮਾਂ ਉਤੇ ਖਰਚ ਕੀਤੇ ਜਾਂਦੇ ਹਨ। ਰਾਜ ਸਰਕਾਰ ਨੂੰ ਕਣਕ ਅਤੇ ਝੋਨੇ ਦੋਨਾਂ ਫਸਲਾਂ ਦੇ ਖਰੀਦ ਸੀਜਨ ਵਿਚ ਕੇਂਦਰੀ ਪੂਲ ਲਈ ਕੁਲ ਖਰੀਦ ਉਤੇ 3 ਫੀਸਦੀ ਦੀ ਦਰ ਨਾਲ ਇਹ ਫੰਡ ਮਿਲਦਾ ਹੈ। ਕੇਂਦਰ ਸਰਕਾਰ ਵੱਖ-ਵੱਖ ਮੁੱਦੇ ਚੁੱਕ ਕੇ ਲੰਮੇ ਸਮੇਂ ਤੋਂ ਪੰਜਾਬ ਸਰਕਾਰ ਦੇ ਹਿੱਸੇ ਦਾ ਆਰ.ਡੀ.ਐਫ ਜਾਰੀ ਨਹੀਂ ਕਰ ਰਹੀ।

ਪੰਜਾਬ ਸਰਕਾਰ ਨੇ ਆਰ.ਡੀ.ਐਫ ਦੀ ਰਾਸ਼ੀ ਬੈਂਕਾਂ ਵਿਚ ਰੱਖ ਕੇ ਪੇਂਡੂ ਵਿਕਾਸ ਬੋਰਡ ਦੇ ਜਰੀਏ 4000 ਕਰੋੜ ਤੋਂ ਜ਼ਿਆਦਾ ਰਾਸ਼ੀ ਦਾ ਕਰਜ਼ ਦੇ ਤੌਰ ਉਤੇ ਲਿਆ ਸੀ, ਜਿਸ ਨੂੰ ਕਿਸਾਨਾਂ ਦੀ ਕਰਜ਼ ਮੁਆਫੀ ਯੋਜਨਾ ਵਿਚ ਖਰਚ ਕੀਤਾ ਜਾ ਚੁੱਕਿਆ ਹੈ। ਹੁਣ ਪੇਂਡੂ ਵਿਕਾਸ ਬੋਰਡ ਨੂੰ ਲਏ ਗਏ ਕਰਜ਼ ਦੀ ਕਿਸ਼ਤ ਅਦਾ ਕਰਨੀ ਹੈ, ਜੋ 650 ਕਰੋੜ ਰੁਪਏ ਕੀਤੀ ਗਈ ਹੈ। ਕੇਂਦਰ ਨੇ ਆਰ.ਡੀ.ਐਫ ਦੀ ਪਿਛਲੀ ਰਾਸ਼ੀ ਹੀ ਨਹੀਂ ਰੋਕੀ ਸਗੋਂ ਇਸ ਸਾਲ ਝੋਨੇ ਦੀ ਖਰੀਦ ਉਤੇ ਬਣਦਾ 1250 ਕਰੋੜ ਰੁਪਏ ਦਾ ਆਰ.ਡੀ.ਐਫ ਵੀ ਰੋਕ ਲਿਆ ਹੈ। ਇਸ ਵਾਰ ਵੀ ਕੇਂਦਰ ਦਾ ਉਹੀ ਸਵਾਲ ਹੈ ਕਿ ਆਰ.ਡੀ.ਐਫ ਦੀ ਰਾਸ਼ੀ ਕਿੱਥੇ ਖਰਚ ਕੀਤੀ ਜਾ ਰਹੀ ਹੈ? ਜੋ ਪੰਜਾਬ ਸਰਕਾਰ ਲਈ ਆਉਂਦੇ ਸਮੇਂ ਵਿਚ ਵੱਡੀ ਮੁਸ਼ਕਲ ਬਣ ਕੇ ਸਾਹਮਣੇ ਆ ਸਕਦਾ ਹੈ।

ਪੰਜਾਬ ਟਾਈਮਜ਼
ਸਨਿਚਰਵਾਰ, 19 ਜੂਨ 2021

## ਚੋਣਾਂ ਦੀ ਸਿਆਸਤ ਅਤੇ ਪੰਜਾਬ

ਅਗਲੇ ਸਾਲ 2022 ਵਿਚ ਹੋ ਰਹੀਆਂ ਪੰਜਾਬ ਵਿਧਾਨ ਸਭਾ ਚੋਣਾਂ ਲਈ ਸਰਗਰਮੀ ਹੁਣ ਰਫਤਾਰ ਫੜਨ ਲੱਗੀ ਹੈ। ਸ਼੍ਰੋਮਣੀ ਅਕਾਲੀ ਦਲ ਜਿਸ ਨੇ ਖੇਤੀ ਕਾਨੂੰਨਾਂ ਖਿਲਾਫ ਚੱਲ ਰਹੇ ਕਿਸਾਨਾਂ ਦੇ ਘੋਲ ਦੇ ਦਬਾਅ ਹੇਠ ਆ ਕੇ ਭਾਰਤੀ ਜਨਤਾ ਪਾਰਟੀ ਨਾਲੋਂ ਢਾਈ ਦਹਾਕੇ ਪੁਰਾਣਾ ਚੁਣਾਵੀ ਨਾਤਾ ਤੋੜ ਲਿਆ ਸੀ, ਨੇ ਹੁਣ ਬਹੁਜਨ ਸਮਾਜ ਪਾਰਟੀ (ਬਸਪਾ) ਨਾਲ ਚੋਣ ਸਮਝੌਤਾ ਕਰ ਲਿਆ ਹੈ। ਇਹ ਚੋਣ ਗੱਠਜੋੜ ਵੀ ਢਾਈ ਦਹਾਕੇ ਬਾਅਦ ਹੋਂਦ ਵਿਚ ਆਇਆ ਹੈ। 1996 ਵਾਲੀਆਂ ਲੋਕ ਸਭਾ ਚੋਣਾਂ ਅਕਾਲੀ ਦਲ ਅਤੇ ਬਹੁਜਨ ਸਮਾਜ ਪਾਰਟੀ ਨੇ ਰਲ ਕੇ ਲੜੀਆਂ ਸਨ ਅਤੇ ਪੰਜਾਬ ਦੀਆਂ ਕੁੱਲ 13 ਲੋਕ ਸਭਾ ਸੀਟਾਂ ਵਿਚੋਂ 11 ਸੀਟਾਂ ਉਤੇ ਮਿਸਾਲੀ ਜਿੱਤ ਹਾਸਲ ਕੀਤੀ ਸੀ ਪਰ ਬਾਅਦ ਵਿਚ ਅਕਾਲੀ ਦਲ ਨੇ ਬਿਨਾਂ ਕੋਈ ਕਾਰਨ ਦੱਸੇ ਬਹੁਜਨ ਸਮਾਜ ਪਾਰਟੀ ਨਾਲੋਂ ਗੱਠਜੋੜ ਖਤਮ ਕਰ ਕੇ ਭਾਰਤੀ ਜਨਤਾ ਪਾਰਟੀ ਨਾਲ ਗੱਠਜੋੜ ਬਣਾ ਲਿਆ, ਫਿਰ 1997 ਵਾਲੀਆਂ ਵਿਧਾਨ ਸਭਾ ਚੋਣਾਂ ਰਲ ਕੇ ਲੜੀਆਂ ਅਤੇ ਜਿੱਤ ਵੀ ਹਾਸਲ ਕੀਤੀ। ਇਨ੍ਹਾਂ ਦੋਹਾਂ ਗੱਠਜੋੜਾਂ, ਪਹਿਲਾ ਅਕਾਲੀ-ਬਸਪਾ ਤੇ ਫਿਰ ਅਕਾਲੀ-ਭਾਜਪਾ, ਮੌਕੇ ਸਿਧਾਂਤਾਂ ਜਾਂ ਵਿਚਾਰਾਂ ਨਾਲੋਂ ਚੋਣ ਸਿਆਸਤ ਭਾਰੂ ਸੀ। ਇਹ ਵੱਖਰੀ ਗੱਲ ਹੈ ਕਿ 1996 ਵਿਚ ਲੋਕ ਸਭਾ ਚੋਣਾਂ ਦੌਰਾਨ ਅਕਾਲੀ-ਬਸਪਾ ਅਤੇ ਫਿਰ 1997 ਵਿਚ ਅਕਾਲੀ-ਭਾਜਪਾ ਗੱਠਜੋੜ ਨੂੰ ਉਸ ਵਕਤ ਦਰਦ ਨਾਲ ਵਿੰਨ੍ਹੇ ਪੰਜਾਬ ਦੇ ਲੋਕਾਂ ਨੇ ਇਕ ਆਸ ਨਾਲ ਆਪਣੀ ਵਾਗਡੋਰ ਫੜਾਈ ਸੀ। ਅਸਲ ਵਿਚ, 1992 ਵਿਚ ਬੇਅੰਤ ਸਿੰਘ ਹੋਂਦ ਵਿਚ ਆਉਣ ਤੋਂ ਬਾਅਦ ਛੇਤੀ ਹੀ ਅਤਿਵਾਦੀ ਘਟਨਾਵਾਂ ਨੂੰ ਤਾਂ ਚੋਖੀ ਠੱਲ੍ਹ ਪੈ ਗਈ ਪਰ ਇਸ ਦੇ ਨਾਲ ਹੀ ਸੂਬੇ ਅੰਦਰ ਜ਼ੁਲਮ ਦੀ ਜਿਹੜੀ ਹਨੇਰੀ ਝੁੱਲੀ ਸੀ, ਉਸ ਨੇ ਪੰਜਾਬ ਦੇ ਇਕ ਵੱਡੇ ਹਿੱਸੇ ਨੂੰ ਕਾਂਗਰਸ ਦੇ ਖਿਲਾਫ ਕਰ ਦਿੱਤਾ ਸੀ। ਜਦੋਂ ਅਕਾਲੀ-ਬਸਪਾ ਨੇ ਰਲ ਕੇ ਲੋਕ ਸਭਾ ਚੋਣਾਂ ਲੜੀਆਂ ਤਾਂ ਲੋਕਾਂ ਨੇ ਕਾਂਗਰਸ ਖਿਲਾਫ ਭੁਗਤਦਿਆਂ ਇਸ ਗੱਠਜੋੜ ਨੂੰ ਹੁੰਗਾਰਾ ਭਰਿਆ। ਇਸੇ ਤਰ੍ਹਾਂ 1997 ਵਾਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਇਹੀ ਪੱਖ ਭਾਰੀ ਰਿਹਾ ਅਤੇ ਅਕਾਲੀ-ਭਾਜਪਾ ਗੱਠਜੋੜ ਦੀ ਸਰਕਾਰ ਹੋਂਦ ਵਿਚ ਆਈ।

ਅੱਜ ਵਾਲਾ ਦ੍ਰਿਸ਼ ਐਨ ਵੱਖਰਾ ਹੈ। ਅੱਜ ਕਰੋਨਾ ਮਹਾਮਾਰੀ ਕਾਰਨ ਲੋਕ ਕਈ ਤਰ੍ਹਾਂ ਦੀ ਮਾਰ ਝੱਲ ਰਹੇ ਹਨ। ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਸਰਕਾਰ ਨੇ ਪਿਛਲੇ ਸਾਢੇ ਚਾਰ ਸਾਲਾਂ ਦੌਰਾਨ ਇਕ ਵੀ ਡੱਕਾ ਭੰਨ ਕੇ ਦੂਹਰਾ ਨਹੀਂ ਕੀਤਾ ਅਤੇ ਨਾ ਹੀ ਪਿਛਲੀਆਂ ਚੋਣਾਂ ਦੌਰਾਨ ਕੀਤੇ ਵਾਅਦੇ ਪੂਰੇ ਕੀਤੇ ਹਨ ਪਰ ਕਮਜ਼ੋਰ ਵਿਰੋਧੀ ਧਿਰ ਹੋਣ ਕਾਰਨ ਕੈਪਟਨ ਸਰਕਾਰ ਖਿਲਾਫ ਉਸ ਤਰ੍ਹਾਂ ਦਾ ਰੋਸ ਨਹੀਂ ਉਭਰ ਸਕਿਆ ਹੈ ਜਿਸ ਤੋਂ ਕਾਂਗਰਸ ਨੂੰ ਕੋਈ ਬਹੁਤਾ ਖਤਰਾ ਜਾਪ ਰਿਹਾ ਹੋਵੇ। ਇਸੇ ਕਰ ਕੇ ਤਾਂ ਕੈਪਟਨ ਅਮਰਿੰਦਰ ਸਿੰਘ ਨੇ ਅਗਲੀਆਂ ਵਿਧਾਨ ਸਭਾ ਚੋਣਾਂ ਲੜਨ ਬਾਰੇ ਐਲਾਨ ਬਹੁਤ ਪਹਿਲਾਂ ਕਰ ਦਿੱਤਾ ਸੀ ਹਾਲਾਂਕਿ ਪਿਛਲੀਆਂ ਚੋਣਾਂ ਦੌਰਾਨ ਉਸ ਨੇ ਲੋਕਾਂ ਤੋਂ ਇਹ ਕਹਿ ਕੇ ਵੋਟਾਂ ਮੰਗੀਆਂ ਸਨ ਕਿ ਉਹ ਆਪਣੀ ਆਖਰੀ ਚੋਣ ਲੜ ਰਿਹਾ ਹੈ। ਮੁੱਖ ਵਿਰੋਧੀ ਧਿਰ ਦਾ ਰੁਤਬਾ ਆਮ ਆਦਮੀ ਪਾਰਟੀ (ਆਪ) ਕੋਲ ਸੀ ਪਰ ਇਸ ਪਾਰਟੀ ਅੰਦਰਲੀ ਕੁਹਜੀ ਸਿਆਸਤ ਅਤੇ ਪਾਰਟੀ ਦਾ ਜਥਬੰਦਕ ਤਾਣਾ-ਬਾਣਾ ਨਾ ਹੋਣ ਕਾਰਨ ਇਹ ਵਿਰੋਧੀ ਧਿਰ ਵਾਲੀ ਭੂਮਿਕਾ ਨਿਭਾਉਣ ਵਿਚ ਬੁਰੀ ਤਰ੍ਹਾਂ ਨਾਕਾਮ ਰਹੀ। ਇਸ ਪਾਰਟੀ ਨੇ ਵਿਧਾਨ ਸਭਾ ਵਿਚ ਤਿੰਨ ਵਾਰ ਤਾਂ ਆਪਣੀ ਧਿਰ ਦਾ ਆਗੂ ਬਦਲਿਆ। ਪਹਿਲਾਂ ਐਚ.ਐਸ. ਫੂਲਕਾ ਨੂੰ ਇਹ ਜ਼ਿੰਮੇਵਾਰੀ ਸੌਂਪੀ ਗਈ ਪਰ ਬੇਅਦਬੀ ਦੇ ਮਸਲਿਆਂ 'ਤੇ ਉਨ੍ਹਾਂ ਵੱਲੋਂ ਅਸਤੀਫਾ ਦੇਣ ਤੋਂ ਬਾਅਦ ਸੁਖਪਾਲ ਸਿੰਘ ਖਹਿਰਾ ਨੂੰ ਆਗੂ ਬਣਾਇਆ ਗਿਆ। ਇਸ ਤੋਂ ਬਾਅਦ ਅੰਦਰੂਨੀ ਖਿੱਚੋਤਾਣ ਕਾਰਨ ਹਰਪਾਲ ਸਿੰਘ ਚੀਮਾ ਨੂੰ ਇਹ ਜ਼ਿੰਮੇਵਾਰੀ ਸੌਂਪ ਦਿੱਤੀ ਗਈ। ਵਿਰੋਧੀ ਧਿਰ ਵਜੋਂ ਅਕਾਲੀ ਦਲ ਬਾਰੇ ਤਾਂ ਕੋਈ ਰੌਲਾ ਹੀ ਨਹੀਂ ਸੀ। ਬੇਅਦਬੀ ਕੇਸਾਂ ਅਤੇ ਕੁਝ ਹੋਰ ਕਾਰਨਾਂ ਕਰਕੇ ਇਸ ਪਾਰਟੀ ਦੇ ਪੈਰ ਇੰਨੇ ਉਖੜ ਗਏ ਕਿ ਇਸ ਨੂੰ ਆਪਣੀ ਹੋਂਦ ਦੀ ਲੜਾਈ ਲਈ ਸੰਘਰਸ਼ ਕਰਨਾ ਪਿਆ। ਪਾਰਟੀ ਦੇ ਸੀਨੀਅਰ ਲੀਡਰਾਂ ਨੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਖਿਲਾਫ ਬਗਾਵਤ ਕਰ ਦਿੱਤੀ। ਉਧਰ, ਕਿਸਾਨ ਅੰਦੋਲਨ ਕਾਰਨ ਭਾਜਪਾ ਆਗੂਆਂ ਦਾ ਘਰਾਂ ਵਿਚੋਂ ਬਾਹਰ ਨਿੱਕਲਣਾ ਔਖਾ ਹੋਇਆ ਪਿਆ ਹੈ। ਇਸ ਸਾਰੇ ਸਮੇਂ ਦੌਰਾਨ ਬਸਪਾ ਵੀ ਕੋਈ ਖਾਸ ਤੀਰ ਨਹੀਂ ਮਾਰ ਸਕੀ। ਕਮਿਊਨਿਸਟ ਪਾਰਟੀਆਂ ਦਾ ਹਾਲ ਇੰਨਾ ਮਾੜਾ ਹੈ ਕਿ ਹੁਣ ਇਨ੍ਹਾਂ ਬਾਰੇ ਢੰਗ ਨਾਲ ਚਰਚਾ ਵੀ ਨਹੀਂ ਚੱਲਦੀ।

ਇਹ ਉਹ ਹਾਲਾਤ ਹਨ ਜਦੋਂ ਅਗਲੀਆਂ ਵਿਧਾਨ ਸਭਾ ਚੋਣਾਂ ਸਿਰ 'ਤੇ ਆਈਆਂ ਹੋਈਆਂ ਹਨ ਅਤੇ ਤਕਰੀਬਨ ਸਾਰੀਆਂ ਪਾਰਟੀਆਂ ਚੋਣਾਂ ਦੀਆਂ ਤਿਆਰੀਆਂ ਵਿਚ ਰੁੱਝੀਆਂ ਹੋਈਆਂ ਹਨ। ਅਕਾਲੀ-ਬਸਪਾ ਗੱਠਜੋੜ ਇਨ੍ਹਾਂ ਚੋਣ ਤਿਆਰੀਆਂ ਦਾ ਹੀ ਹਿੱਸਾ ਹੈ ਅਤੇ ਇਸ ਨਾਲ ਅਕਾਲੀ ਦਲ ਨੂੰ ਆਪਣਾ ਗੁਆਚਾ ਵੱਕਾਰ ਹਾਸਲ ਹੋਣ ਬਾਰੇ ਕਿਆਸਆਰਾਈਆਂ ਲਗਾਈਆਂ ਜਾ ਰਹੀਆਂ ਹਨ। ਉਂਜ, ਇਕ ਗੱਲ ਸਪਸ਼ਟ ਹੈ ਕਿ ਅਜੇ ਤੱਕ ਪੰਜਾਬ ਦੀਆਂ ਔਕੜਾਂ ਵੱਲ ਕਿਸੇ ਵੀ ਧਿਰ ਨੇ ਧਿਆਨ ਨਹੀਂ ਦਿੱਤਾ ਹੈ। ਇਸ ਵਕਤ ਪੰਜਾਬ ਬੇਰੁਜ਼ਗਾਰੀ, ਇਸੇ ਬੇਰੁਜ਼ਗਾਰੀ ਕਾਰਨ ਨੌਜਵਾਨੀ ਦੇ ਵਿਦੇਸ਼ ਵੱਲ ਵਹੀਰਾਂ ਘੱਤਣ, ਸਿਹਤ ਤੇ ਸਿੱਖਿਆ ਦਾ ਡਾਵਾਂਡੋਲ ਢਾਂਚਾ ਆਦਿ ਨਾਲ ਬੁਰੀ ਤਰ੍ਹਾਂ ਪੱਛਿਆ ਪਿਆ ਹੈ। ਇਸ ਸਭ ਕਾਸੇ ਤੋਂ ਨਿਰਲੇਪ, ਹਰ ਸਿਆਸੀ ਧਿਰ ਨੂੰ ਵੱਧ ਤੋਂ ਵੱਧ ਸੀਟਾਂ ਜਿੱਤਣ ਦੀ ਪਈ ਹੋਈ ਹੈ। ਇਸੇ ਕਰਕੇ ਨਿੱਤ ਨਵੇਂ ਗੱਠਜੋੜਾਂ ਦੇ ਨਾਲ-ਨਾਲ ਨਵੀਆਂ ਪਾਰਟੀਆਂ ਬਣਨ ਦਾ ਸਿਲਸਿਲਾ ਵੀ ਸ਼ੁਰੂ ਹੋ ਗਿਆ ਹੈ। ਸੂਬੇ ਦਾ ਇਕ ਵੱਡਾ ਇਸ ਵਕਤ ਕਿਸਾਨ ਅੰਦੋਲਨ ਅਤੇ ਇਸ ਦੇ ਆਗੂਆਂ ਵੱਲ ਦੇਖ ਰਿਹਾ ਹੈ। ਬਹੁਤ ਸਾਰੇ ਬੁੱਧੀਜੀਵੀ ਇਹ ਵਿਚਾਰ-ਚਰਚਾਵਾਂ ਕਰ ਰਹੇ ਕਿ ਇਸ ਅੰਦੋਲਨ ਦਾ ਸਿਆਸਤ ਉਤੇ ਕੀ ਅਸਰ ਪਵੇਗਾ, ਜਾਂ ਚੋਣਾਂ ਵਿਚ ਦਮ-ਖਮ ਦਿਖਾਉਣ ਲਈ ਕੀ ਕਿਸਾਨ ਜਥੇਬੰਦੀਆਂ ਕੋਈ ਰਣਨੀਤੀ ਅਪਣਾਉਣਗੀਆਂ? ਕੁੱਲ ਮਿਲਾ ਕੇ ਪੰਜਾਬ ਨੂੰ ਦਰਪੇਸ਼ ਮਸਲਿਆਂ ਬਾਰੇ ਏਜੰਡਾ ਤਿਆਰ ਕਰਨ ਬਾਰੇ ਕਿਸੇ ਪਾਸਿਓਂ ਕੋਈ ਹੋਕਾ ਨਹੀਂ ਆਇਆ ਹੈ। ਇਸੇ ਕਰਕੇ ਹੁਣ ਇਹ ਚਰਚਾ ਧੁਖਣੀ ਸ਼ੁਰੂ ਹੋਈ ਹੈ ਕਿ ਇਹ ਚੋਣਾਂ ਪਹਿਲਾਂ ਹੁੰਦੀਆਂ ਚੋਣਾਂ ਤੋਂ ਕਿਸ ਲਿਹਾਜ਼ ਨਾਲ ਵੱਖਰੀਆਂ ਹੋਣਗੀਆਂ।

### ਠਾਹ-ਸੋਟਾ
-ਚਾਚਾ ਬੇਲਿਹਾਜ਼

### ਦੀਦੀ ਦੇ ਦੇ ਮਾਫੀ?

ਸ਼ਾਹ ਦੇ ਕਹੇ 'ਟਪੂਸੀਆਂ' ਮਾਰ ਗਏ ਸੀ, ਲਾਇਆ ਦਾਗ ਸੀ ਅਣਖੀ ਬੰਗਾਲੀਆਂ ਨੂੰ।
ਫਾਸ਼ੀਵਾਦ ਦੇ ਪੈ ਗਏ ਸੀ ਰਾਹ ਪੁੱਠੇ, ਸੱਦਾ ਸੂਬੇ ਲਈ ਦੇ ਕੇ ਕੰਗਾਲੀਆਂ ਨੂੰ।
ਆ ਕੇ ਕੁਰਸੀ ਦੇ ਨਸ਼ੇ ਵਿਚ ਦੇਖਿਆ ਨਾ, ਤੱਥ ਅਤੇ ਸੱਚਾਈਆਂ ਹੰਘਾਲੀਆਂ ਨੂੰ।
ਜਦੋਂ ਦੇਖਿਆ ਲੋਕਾਂ ਨਾ ਮੂੰਹ ਲਾਇਆ, ਫਿਰਕੂ ਨੀਤੀਆਂ ਸੜੀਆਂ ਜੰਗਾਲੀਆਂ ਨੂੰ।
ਪੱਟ ਲਏ ਸੀ ਜਿਹੜੇ ਕਈ ਭਗਵਿਆਂ ਨੇ, ਹੁਣ ਬੰਗਾਲ ਵਿਚ ਰਹਿਣੋ ਵੀ ਸੰਗਦੇ ਐ।
ਕਹਿੰਦੇ ਖੋਲ੍ਹ ਦਰਵਾਜੇ 'ਟੀ. ਐਮ. ਸੀ' ਦੇ, ਵੀਰੇ 'ਦੀਦੀ' ਤੋਂ ਮੁਆਫੀਆਂ ਮੰਗਦੇ ਐ!

# ਪੰਜਾਬ ਚੋਣਾਂ: ਸਿਆਸੀ ਗੱਠਜੋੜ ਅਤੇ ਦਲਿਤ ਸਰੋਕਾਰ

ਬੂਟਾ ਸਿੰਘ
ਫੋਨ: +91-94634-74342

ਸ਼੍ਰੋਮਣੀ ਅਕਾਲੀ ਦਲ (ਬਾਦਲ) ਅਤੇ ਬਹੁਜਨ ਸਮਾਜ ਪਾਰਟੀ (ਬਸਪਾ) ਨੇ ਚੋਣ ਗੱਠਜੋੜ ਕਰ ਕੇ ਵਿਧਾਨ ਸਭਾ ਚੋਣਾਂ-2022 ਦੀ ਤਿਆਰੀ ਵਿੱਢ ਦਿੱਤੀ ਹੈ। ਇਸ ਸਮਝੌਤੇ ਤਹਿਤ ਬਸਪਾ 20 ਸੀਟਾਂ 'ਤੇ ਚੋਣ ਲੜੇਗੀ। ਬਸਪਾ ਸੁਪਰੀਮੋ ਮਾਇਆਵਤੀ ਨੇ ਐਲਾਨ ਕੀਤਾ ਹੈ ਕਿ ਦੋਵੇਂ ਪਾਰਟੀਆਂ ਵੱਲੋਂ ਮਿਲ ਕੇ ਚੋਣਾਂ ਲੜਨ ਨਾਲ ਪੰਜਾਬ ਵਿਚ ਤਰੱਕੀ ਤੇ ਖੁਸ਼ਹਾਲੀ ਦਾ ਯੁਗ ਸ਼ੁਰੂ ਹੋਵੇਗਾ। ਬਾਦਲਕਿਆਂ ਅਨੁਸਾਰ ਦੋਵਾਂ ਪਾਰਟੀਆਂ ਦੀ ਵਿਚਾਰਧਾਰਾ ਇਕ ਹੀ ਹੈ ਅਤੇ ਇਹ ਗੱਠਜੋੜ ਅਣਗੌਲੇ ਵਰਗਾਂ ਦੀ ਭਲਾਈ, ਕਿਸਾਨੀ ਦੀ ਬਿਹਤਰੀ ਅਤੇ ਵਪਾਰ ਤੇ ਉਦਯੋਗ ਦੇ ਵਿਕਾਸ ਦਾ ਜ਼ਾਮਨ ਹੈ; ਇਹ ਵੀ ਕਿ ਇਹ ਗੱਠਜੋੜ ਭਵਿੱਖ ਵਿਚ ਹੋਣ ਵਾਲੀਆਂ ਸੰਸਦੀ ਜਾਂ ਹੋਰ ਚੋਣਾਂ ਲਈ ਵੀ ਹੈ। ਆਉਣ ਵਾਲੇ ਸਮੇਂ 'ਚ ਹੋਰ ਸਿਆਸੀ ਧਿਰਾਂ ਵੀ ਇਸ ਗੱਠਜੋੜ 'ਚ ਸ਼ਾਮਲ ਹੋ ਸਕਦੀਆਂ ਹਨ, ਰਵਾਇਤੀ ਖੱਬੀਆਂ ਪਾਰਟੀਆਂ ਨਾਲ ਗੱਲਬਾਤ ਦੀਆਂ ਕਨਸੋਆਂ ਹਨ। ਸਵਾਲ ਹੈ ਕਿ ਇਸ ਗੱਠਜੋੜ ਕੋਲ ਪੰਜਾਬ ਅਤੇ ਦਲਿਤ ਸਮਾਜ ਦੇ ਬੁਨਿਆਦੀ ਮਸਲਿਆਂ ਦੇ ਹੱਲ ਲਈ ਠੋਸ ਪ੍ਰੋਗਰਾਮ ਹੈ?

ਬਾਦਲ ਦਲ ਤੇ ਬਸਪਾ ਦਾ ਗੱਠਜੋੜ 1996 'ਚ ਵੀ ਹੋਇਆ ਸੀ, ਉਦੋਂ ਇਸ ਨੇ 13 'ਚੋਂ 11 ਸੰਸਦੀ ਸੀਟਾਂ 'ਤੇ ਜਿੱਤ ਹਾਸਲ ਕੀਤੀ ਸੀ। ਫਿਰ 23 ਸਾਲ ਬਾਦਲ ਦਲ ਭਾਜਪਾ ਨਾਲ ਪੀਂਘ ਝੂਟਦਾ ਰਿਹਾ। 2017 ਦੀਆਂ ਚੋਣਾਂ 'ਚ ਇਸ ਦਾ ਲੱਗਭੱਗ ਸਫਾਇਆ ਹੋ ਗਿਆ। ਵੋਟ ਗਣਿਤ ਅਨੁਸਾਰ, ਬਾਦਲ ਦਲ ਦਾ ਵੋਟ ਹਿੱਸਾ 36.6% ਤੋਂ ਘਟ ਕੇ 25.2% ਜਦਕਿ ਬਸਪਾ ਦਾ 4.3% ਤੋਂ ਮਹਿਜ਼ 1.5% ਰਹਿ ਗਿਆ। ਬਸਪਾ ਦੇ 97% ਉਮੀਦਵਾਰਾਂ ਦੀਆਂ ਜ਼ਮਾਨਤਾਂ ਜ਼ਬਤ ਹੋਈਆਂ। 2019 ਦੀਆਂ ਲੋਕ ਸਭਾ ਚੋਣਾਂ 'ਚ ਹਾਲਤ 'ਚ ਥੋੜ੍ਹਾ ਸੁਧਾਰ ਹੋਇਆ ਅਤੇ ਬਾਦਲ ਦਲ ਦਾ ਵੋਟ ਹਿੱਸਾ 27.8% ਤੇ ਬਸਪਾ ਦਾ 3.5% ਹੋ ਗਿਆ। ਆਰ.ਐਸ.ਐਸ.-ਭਾਜਪਾ ਲਈ ਬਾਦਲ ਦਲ ਹੁਣ ਵਰਤੀ ਜਾ ਚੁੱਕੀ ਤਾਕਤ ਹੈ, ਇਸ ਦੀ ਬਜਾਇ ਉਹ ਹੋਰ ਸਿੱਖ ਚਿਹਰਿਆਂ ਦਾ ਸਹਾਰਾ ਲੈਣ ਅਤੇ ਵੱਖਰੇ ਤਰੀਕੇ ਨਾਲ ਵੋਟ ਪਾਲਾਬੰਦੀ ਕਰਨ ਦੀ ਕੋਸ਼ਿਸ਼ 'ਚ ਹਨ। ਬਸਪਾ ਦੇ ਜਥੇਬੰਦਕ ਢਾਂਚੇ ਅਤੇ ਵੋਟ ਆਧਾਰ ਦੀ ਹਾਲਤ ਪਤਲੀ ਹੈ, ਇਸ ਨੂੰ ਚੋਣਾਂ ਲੜਨ ਲਈ ਐਸੇ ਗੱਠਜੋੜ ਦਾ ਸਹਾਰਾ ਚਾਹੀਦਾ ਸੀ। ਗੱਠਜੋੜ ਇਹ ਸੰਕੇਤ ਵੀ ਹੈ ਕਿ ਕਿਸਾਨ ਅੰਦੋਲਨ ਨਾਲ ਬਣੇ ਮਾਹੌਲ 'ਚ ਬਾਦਲਕਿਆਂ ਨੂੰ ਪੰਜਾਬ ਦੀ ਕਿਸਾਨੀ ਦੀ ਵੋਟ ਪੈਣ ਦੀ ਬਹੁਤੀ ਆਸ ਨਹੀਂ ਅਤੇ ਉਹ ਹਿੰਦੂ-ਸਿੱਖ ਏਕਤਾ ਦੀ ਬਜਾਇ ਇਸ ਵਾਰ ਦਲਿਤ-ਕਿਸਾਨ ਏਕਤਾ ਦਾ ਪੱਤਾ ਵਰਤ ਕੇ ਵੋਟ ਆਧਾਰ ਵਧਾਉਣ ਦੀ ਕੋਸ਼ਿਸ਼ 'ਚ ਹਨ। ਦੋਵਾਂ ਪਾਰਟੀਆਂ ਦੇ ਹੱਕ 'ਚ ਪੰਜਾਬ ਵਿਚ ਕੋਈ ਖਾਸ ਲਹਿਰ ਭਾਵੇਂ ਨਹੀਂ ਹੈ ਪਰ ਬਾਦਲ ਦਲ ਦਾ ਪੰਜਾਬ ਵਿਚ ਨਿਸ਼ਚਿਤ ਰਾਜਸੀ ਆਧਾਰ ਹੈ ਅਤੇ ਨਿਸ਼ਚੇ ਹੀ, ਹਾਲੀਆ ਗੱਠਜੋੜ ਕੈਪਟਨ ਸਰਕਾਰ ਵਿਰੁੱਧ ਵਿਆਪਕ ਬਦਜ਼ਨੀ ਦਾ ਲਾਹਾ ਲੈਣ ਦੀ ਲੋੜ 'ਚੋਂ ਨਿਕਲਿਆ ਹੈ। ਉਂਜ, ਸੀਟਾਂ ਦੀ ਹਾਲੀਆ ਵੰਡ ਅੰਦਰ ਬਾਦਲ ਦਲ ਦਾ ਦਬਦਬਾ ਸਪਸ਼ਟ ਹੈ, ਬਸਪਾ ਦੇ ਮੁਕਾਬਲਤਨ ਵਧੇਰੇ ਰਸੂਖ ਵਾਲੀਆਂ ਦੁਆਬੇ ਦੀਆਂ ਸੀਟਾਂ ਵੀ ਅਕਾਲੀ ਦਲ ਨੇ ਆਪਣੀ ਜੇਬ 'ਚ ਪਾ ਲਈਆਂ ਹਨ।

ਇਸ ਗੱਠਜੋੜ ਦਾ ਧੁਰਾ ਨਿਰੋਲ ਮੌਕਾਪ੍ਰਸਤ ਚੋਣ ਸਿਆਸਤ ਹੈ ਜਿਸ ਵਿਚ ਸਿਧਾਂਤਾਂ ਦੀ ਬਜਾਇ ਵੋਟ ਲਾਹੇ ਦੇ ਆਧਾਰ 'ਤੇ ਗੱਠਜੋੜ ਕੀਤੇ ਜਾਂਦੇ ਹਨ। ਲਿਹਾਜ਼ਾ, ਇਹ ਹੈਰਾਨੀਜਨਕ ਨਹੀਂ ਕਿ ਦਿੱਲੀ ਵਿਚ ਬਸਪਾ ਦਾ ਗੱਠਜੋੜ ਬੀ.ਜੇ.ਪੀ. ਨਾਲ ਅਤੇ ਮੱਧ ਪ੍ਰਦੇਸ਼ ਵਿਚ ਕਾਂਗਰਸ ਨਾਲ ਹੈ। ਪੰਜਾਬ ਵਿਚ ਹਾਥੀ ਬਾਦਲਕਿਆਂ ਦੀ ਤੱਕੜੀ 'ਚ ਇਸ ਆਸ ਨਾਲ ਜਾ ਚੜ੍ਹਿਆ ਹੈ ਕਿ ਸ਼ਾਇਦ ਗੱਠਜੋੜ ਨਾਲ ਕੁਝ ਸੀਟਾਂ ਮਿਲ ਜਾਣ। ਸੱਤਾ ਲਈ ਤਰਲੋਮੱਛੀ ਹੋ ਰਹੇ ਦਲਿਤ ਪਿਛੋਕੜ ਵਾਲੇ ਰਾਜਨੀਤਕ ਧੜਿਆਂ ਲਈ ਤਾਂ ਇਸ ਚੋਣ ਗੱਠਜੋੜ ਦਾ ਕੋਈ ਮਹੱਤਵ ਹੋ ਸਕਦਾ ਹੈ, ਆਮ ਦਲਿਤ ਨੂੰ ਇਨ੍ਹਾਂ ਦੀ ਜਿੱਤ ਜਾਂ ਹਾਰ ਨਾਲ ਕੋਈ ਫਰਕ ਪੈਣ ਵਾਲਾ ਨਹੀਂ ਕਿਉਂਕਿ ਇਸ ਗੱਠਜੋੜ ਦਾ ਧੁਰਾ ਦਲਿਤ ਵਰਗ ਦੇ ਹਿੱਤ ਅਤੇ ਸਰੋਕਾਰ ਨਹੀਂ ਸਗੋਂ ਨਿਰੋਲ ਸੱਤਾ 'ਚ ਹਿੱਸੇਦਾਰੀ ਦੀ ਲਾਲਸਾ ਹੈ ਜੋ ਸੱਤਾ 'ਚ ਹਿੱਸੇਦਾਰੀ ਦੇ ਉਸ ਸਿਆਸੀ ਫਾਰਮੂਲੇ ਦਾ ਮੰਤਕੀ ਨਤੀਜਾ ਹੈ ਜਿਸ ਦੇ ਬਾਨੀ ਬਾਬੂ ਕਾਂਸ਼ੀ ਰਾਮ ਸਨ।

ਹਕੀਕਤ ਇਹ ਹੈ ਕਿ ਸਮੁੱਚੀ ਵੋਟ ਸਿਆਸਤ 'ਚ ਦਲਿਤਾਂ ਨਾਲ ਧੱਕੇ, ਵਿਤਕਰੇ ਅਤੇ ਜਾਤਪਾਤੀ ਦਾਬੇ ਦੇ ਸਵਾਲ ਲਈ ਕੋਈ ਜਗ੍ਹਾ ਨਹੀਂ ਹੈ। ਕੁਲ ਸਿਆਸਤ ਆਟਾ-ਦਾਲ, ਮੁਫਤ ਬਿਜਲੀ, ਸਮਾਰਟ ਫੋਨਾਂ, ਔਰਤਾਂ ਲਈ ਮੁਫਤ ਬੱਸ ਸਫਰ ਵਰਗੇ ਲੋਕ-ਲੁਭਾਊ ਵਾਅਦਿਆਂ ਦੁਆਲੇ ਘੁੰਮਦੀ ਹੈ ਅਤੇ ਇਹ ਸਿਆਸਤ ਦੱਬੇ-ਕੁਚਲੇ ਹਿੱਸਿਆਂ



ਨੂੰ ਸਮਾਜੀ ਨਿਆਂ ਦੇਣ ਦੀ ਵਿਰੋਧੀ ਹੈ। ਯੁਗ-ਪਲਟਾਊ ਤਬਦੀਲੀ ਦੀ ਗੱਲ ਤਾਂ ਛੱਡੋ, ਇਹ ਪਾਰਟੀਆਂ ਤਾਂ ਸੰਵਿਧਾਨਕ ਹੱਕਾਂ ਬਾਰੇ ਵੀ ਖਾਮੋਸ਼ ਹਨ; ਇਹੀ ਨਹੀਂ, ਸੱਤਾਧਾਰੀ ਹੋਣ ਸਮੇਂ ਇਨ੍ਹਾਂ ਹੱਕਾਂ ਨੂੰ ਬੇਕਿਰਕੀ ਨਾਲ ਦਰੜਦੀਆਂ ਹਨ। ਚਾਹੇ ਦਲਿਤਾਂ ਲਈ ਰਾਖਵੀਂ ਤੀਜੇ ਹਿੱਸੇ ਦੀ ਪੰਚਾਇਤੀ ਜ਼ਮੀਨ ਲਈ ਹੱਕ-ਜਤਾਈ, ਸਿਹਤ ਸੇਵਾਵਾਂ, ਪੜ੍ਹਾਈ ਅਤੇ ਰੋਜ਼ਗਾਰ ਦੀ ਗਾਰੰਟੀ ਵਰਗੇ ਮਹੱਤਵਪੂਰਨ ਸਵਾਲ ਹੋਣ; ਤੇ ਚਾਹੇ ਪੜ੍ਹਾਈ, ਨੌਕਰੀਆਂ ਵਗੈਰਾ 'ਚ ਰਾਖਵੇਂਕਰਨ ਨੂੰ ਸਾਕਾਰ ਕਰਨ ਲਈ ਨਿੱਜੀਕਰਨ-ਵਪਾਰੀਕਰਨ ਦੇ ਆਰਥਕ ਮਾਡਲ ਦੇ ਖਾਤਮੇ ਦਾ ਸਵਾਲ ਹੋਵੇ; ਤੇ ਚਾਹੇ ਦਲਿਤਾਂ ਉੱਪਰ ਜ਼ੁਲਮਾਂ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਵਰਗੇ ਮੁੱਦਿਆਂ ਲਈ ਸੰਘਰਸ਼ ਹੋਵੇ ਉਹ ਦੱਬੇ-ਕੁਚਲੇ ਲੋਕਾਂ ਨੂੰ ਮਿਲੇ ਮਾਮੂਲੀ ਹੱਕਾਂ ਤੇ ਰਿਆਇਤਾਂ ਨੂੰ ਖੋਂਹਦੇ, ਦਲਿਤ ਹੱਕ ਜਤਾਈ ਨੂੰ ਸੱਤਾ ਦੇ ਡੰਡੇ ਨਾਲ ਦਬਾਉਂਦੇ ਅਤੇ ਜਾਤਪ੍ਰਸਤ ਹੰਕਾਰਵਾਦੀਆਂ ਅਤੇ ਮੁਜਰਿਮਾਂ ਨੂੰ ਬਚਾਉਂਦੇ ਅਤੇ ਉਨ੍ਹਾਂ ਨਾਲ ਖੰਡ-ਖੀਰ ਹੁੰਦੇ ਆਮ ਹੀ ਦੇਖੇ ਜਾ ਸਕਦੇ ਹਨ।

ਇਤਿਹਾਸਕ ਤੌਰ 'ਤੇ ਦਲਿਤ ਸਿਆਸਤ ਅੰਦਰ ਮੁੱਖ ਤੌਰ 'ਤੇ ਦੋ ਰੁਝਾਨ ਹਨ: ਮੌਜੂਦਾ ਪ੍ਰਬੰਧ ਅੰਦਰ ਹਿੱਸੇਦਾਰੀ ਅਤੇ ਅੰਦੋਲਨ/ਸੰਘਰਸ਼ ਰਾਹੀਂ ਹੱਕ-ਜਤਾਈ। ਡਾ. ਅੰਬੇਡਕਰ ਦੀ ਰਾਹਨੁਮਾਈ ਹੇਠ ਦਲਿਤ ਜਾਗ੍ਰਿਤੀ ਦਾ ਆਗਾਜ਼ 'ਜਾਤਪਾਤ ਦਾ ਬੀਜਨਾਸ਼' ਦੇ ਇਤਿਹਾਸ-ਸਿਰਜਕ ਏਜੰਡੇ ਨਾਲ ਹੋਇਆ ਸੀ ਪਰ ਇਹ ਦਲਿਤ ਚੇਤਨਾ ਵੋਟ ਰਾਜਨੀਤੀ ਦੀ ਘੁੰਮਣਘੇਰੀ ਵਿਚ ਜਾ ਫਸੀ। ਦਲਿਤ ਸਮਾਜ ਉੱਪਰ ਦਾਬੇ ਦਾ ਸੰਦ ਇਸ ਸਮਾਜੀ-ਰਾਜਸੀ ਢਾਂਚੇ ਵਿਰੁੱਧ ਸੰਘਰਸ਼ ਦੀ ਜਗ੍ਹਾ ਸੱਤਾ 'ਚ ਹਿੱਸੇਦਾਰੀ ਦੀ ਸਿਆਸਤ ਨੇ ਲੈ ਲਈ ਅਤੇ 'ਜਾਤਪਾਤ ਦਾ ਬੀਜਨਾਸ਼' ਦਾ ਮੂਲ ਏਜੰਡਾ ਦਲਿਤ ਸਿਆਸਤ 'ਚੋਂ ਮਨਫੀ ਹੋ ਗਿਆ। ਚਾਹੇ ਲੁਕਵੇਂ ਰੂਪ 'ਚ ਜਾਤੀਵਾਦ ਪੱਖੀ ਕਾਂਗਰਸ, ਅਕਾਲੀ ਦਲ ਅਤੇ ਹੋਰ ਪਾਰਟੀਆਂ ਹਨ, ਜਾਂ ਬ੍ਰਾਹਮਣਵਾਦ/ਮਨੂੰਵਾਦ ਦਾ ਪੁਰਾਤਨ 'ਸੁਨਹਿਰੀ ਯੁਗ' ਵਾਪਸ ਲਿਆਉਣ ਦੇ ਜੱਗ-ਜ਼ਾਹਿਰ ਏਜੰਡੇ ਵਾਲੀ ਆਰ.ਐਸ.ਐਸ.-ਬੀ.ਜੇ.ਪੀ.-ਸ਼ਿਵ ਸੈਨਾ, ਇਸ ਸਿਆਸਤ ਨੂੰ ਸੱਤਾ 'ਚ ਹਿੱਸੇਦਾਰੀ ਲਈ ਉਨ੍ਹਾਂ ਨਾਲ ਮੌਕਾਪ੍ਰਸਤ ਅਨੈਤਿਕ ਗੱਠਜੋੜ ਕਰਨ 'ਚ ਕੋਈ ਗੁਰੇਜ਼ ਨਹੀਂ ਹੈ। ਸਵਾਲ ਇਹ ਹੈ ਕਿ ਜੇ ਜਾਤੀਵਾਦੀ ਵਿਚਾਰਧਾਰਾ ਉੱਪਰ ਟਿਕੇ ਸਮਾਜੀ-ਰਾਜਸੀ ਢਾਂਚੇ ਨੂੰ ਬਰਕਰਾਰ ਰੱਖਣ ਵਾਲੀਆਂ ਸਿਆਸੀ ਤਾਕਤਾਂ ਨਾਲ ਦੋਸਤਾਨਾ ਸਾਂਝ ਐਨੀ ਪੀਡੀ ਹੈ ਤਾਂ ਬ੍ਰਾਹਮਣਵਾਦ/ਮਨੂੰਵਾਦ (ਤੇ ਪੰਜਾਬ ਵਿਚ ਇਸ ਦੇ ਠੋਸ ਰੂਪ ਜੱਟਵਾਦ) ਦਾ ਅਜੋਕਾ ਠੋਸ ਰੂਪ ਕੀ ਹੈ ਅਤੇ ਦਲਿਤਾਂ ਦੀ ਸਮਾਜੀ ਨਿਆਂ ਦੀ ਲੜਾਈ ਕਿਸ ਦੇ ਖਿਲਾਫ ਹੈ? ਜਿੱਥੋਂ ਤੱਕ ਅੰਦੋਲਨ ਵਾਲੇ ਰੁਝਾਨ ਦਾ ਸਵਾਲ ਹੈ, ਇਹ ਪਛਾੜਾਂ ਤੋਂ ਬਾਅਦ ਮਜ਼ਬੂਤ ਤਾਕਤ ਬਣ ਕੇ ਨਹੀਂ ਉੱਭਰ ਸਕਿਆ ਅਤੇ ਦਲਿਤ ਅਵਾਮ ਹਿੱਸੇਦਾਰੀ ਦੀ ਸਿਆਸਤ ਦੇ ਮੱਕੜਜਾਲ 'ਚ ਫਸੇ ਹੋਏ ਹਨ। ਮਗਰਲੇ ਰੁਝਾਨ ਵਿਚੋਂ ਹੀ ਦਲਿਤ ਪੈਂਥਰਜ਼ ਅੰਦੋਲਨ ਉੱਭਰਿਆ ਸੀ ਜੋ ਬਰਕਰਾਰ ਨਾ ਰਹਿ ਸਕਿਆ ਅਤੇ ਇਸ ਦੇ ਮੁੱਖ ਆਗੂ ਸੰਘਰਸ਼ ਦਾ ਰਾਹ ਤਿਆਗ ਕੇ ਦਲਿਤ ਵਿਰੋਧੀ ਤਾਕਤਾਂ 'ਚ ਸ਼ਾਮਿਲ ਹੋ ਗਏ।

ਦਰਅਸਲ, ਹਿੱਸੇਦਾਰੀ ਦੀ ਇਹ ਸਿਆਸਤ ਭਾਰਤ ਦੀ ਮਨੂੰਵਾਦੀ ਹਾਕਮ ਜਮਾਤ ਅਤੇ ਪਿਛਲੇ ਸੱਤ ਦਹਾਕਿਆਂ 'ਚ ਉੱਭਰੀ ਦਲਿਤ ਸਮਾਜ ਵਿਚਲੇ ਕੁਲੀਨ ਵਰਗ ਦੋਵਾਂ ਦੇ ਪੂਰੀ ਤਰ੍ਹਾਂ ਹਿਤ 'ਚ ਹੈ। ਇਸ ਨਾਲ ਜਾਤ ਵਿਵਸਥਾ ਦੇ ਪਾਲਣਹਾਰ ਸਮਾਜੀ-ਰਾਜਸੀ ਢਾਂਚੇ ਦਾ ਵਾਲ ਵੀ ਵਿੰਗਾ ਨਹੀਂ ਹੁੰਦਾ ਅਤੇ ਦਲਿਤਾਂ ਵਿਚਲੇ ਕੁਲੀਨ ਵਰਗ ਨੂੰ ਹਾਕਮ ਜਮਾਤ ਦੀ ਕੋਆਪਸ਼ਨ ਦੀ ਨੀਤੀ ਨਾਲ ਨੁਮਾਇੰਦਗੀ ਮਿਲ ਰਹੀ ਹੈ। ਪੰਜਾਬ ਵਿਚ ਪਿਛਲੇ ਦਿਨਾਂ 'ਚ ਦਲਿਤ ਭਾਵਨਾਵਾਂ ਦਾ ਸ਼ੋਸ਼ਣ ਕਰਨ ਲਈ ਦਲਿਤ ਨੂੰ ਮੁੱਖ ਮੰਤਰੀ ਅਤੇ ਉੱਪ ਮੁੱਖ ਮੰਤਰੀ ਬਣਾਏ ਜਾਣ ਦਾ ਮੁੱਦਾ ਉਛਾਲਿਆ ਗਿਆ। ਇਸ ਦੇ ਹਾਮੀ ਦਲਿਤ ਅਤੇ ਉੱਚ ਜਾਤੀ ਰਾਜਨੀਤਕ ਹਿੱਸੇ ਇਸ ਠੋਸ ਸਵਾਲ ਬਾਰੇ ਖਾਮੋਸ਼ ਹਨ ਕਿ ਦਲਿਤ ਪਿਛੋਕੜ ਵਾਲੇ ਕੁਝ ਵਿਅਕਤੀਆਂ ਦੇ ਸੱਤਾ ਦੇ ਮੁੱਖ ਅਹੁਦਿਆਂ ਉੱਪਰ ਬੈਠਣ ਦਾ ਰਾਜਸੀ ਅਮਲ ਦਲਿਤ ਸਮਾਜ ਦੀ ਹੱਕ-ਜਤਾਈ ਨੂੰ ਉਭਾਰਦਾ ਹੈ ਜਾਂ ਉਨ੍ਹਾਂ ਨੂੰ ਭਰਮ ਦਾ ਸ਼ਿਕਾਰ ਬਣਾ ਕੇ ਸਮੂਹਿਕ ਸੰਘਰਸ਼ ਤੋਂ ਰੋਕਣ ਦਾ ਸਾਧਨ ਬਣਦਾ ਹੈ? ਬਸਪਾ ਮੁਖੀ ਮਾਇਆਵਤੀ ਯੂ.ਪੀ. ਵਿਚ ਲੋਕ ਸਭਾ ਅਤੇ ਰਾਜ ਸਭਾ ਮੈਂਬਰ ਰਹਿਣ ਦੇ ਨਾਲ ਨਾਲ ਦੋ ਵਾਰ ਮੁੱਖ ਮੰਤਰੀ ਰਹਿ ਚੁੱਕੀ ਹੈ, ਮੌਜੂਦਾ ਰਾਸ਼ਟਰਪਤੀ ਦਲਿਤ ਹੈ ਅਤੇ ਪਿਛਲੇ ਦਹਾਕਿਆਂ 'ਚ ਕੇਂਦਰੀ ਤੇ ਰਾਜਾਂ ਦੇ ਪੱਧਰ 'ਤੇ ਐਸੇ ਮੰਤਰੀਆਂ ਅਤੇ ਸੰਸਦ ਮੈਂਬਰਾਂ ਦੀਆਂ ਹੋਰ ਵੀ ਬਹੁਤ ਸਾਰੀਆਂ ਮਿਸਾਲਾਂ ਹਨ। ਸਮਾਜੀ ਨਿਆਂ ਦੀ ਲੜਾਈ ਤੋਂ ਦੂਰ ਹੋਣ ਕਾਰਨ ਆਮ ਦਲਿਤਾਂ ਲਈ ਉਨ੍ਹਾਂ ਦੇ ਮੰਤਰੀ/ਰਾਸ਼ਟਰਪਤੀ ਬਣਨ ਦੇ ਕੋਈ ਮਾਇਨੇ ਨਹੀਂ ਹਨ।

ਸਦੀਆਂ ਤੋਂ ਹਾਸ਼ੀਏ 'ਤੇ ਧੱਕੇ ਅਤੇ ਹੱਕਾਂ ਤੋਂ ਵਿਰਵੇ ਹਿੱਸਿਆਂ ਨੂੰ ਜੇ ਕੁਝ ਹਾਸਲ ਹੋਇਆ ਹੈ ਤਾਂ ਉਹ ਅੰਦੋਲਨਾਂ/ਸੰਘਰਸ਼ਾਂ ਨਾਲ ਮਿਲਿਆ ਹੈ। ਲੰਮੇ ਸੰਘਰਸ਼ਾਂ ਰਾਹੀਂ ਸੰਵਿਧਾਨ 'ਚ ਦਰਜ ਕਰਾਏ ਹੱਕਾਂ ਅਤੇ ਸਮਾਜੀ ਸੁਰੱਖਿਆ ਦੇ ਸੀਮਤ ਉਪਾਵਾਂ ਨੂੰ ਬੇਕਿਰਕੀ ਨਾਲ ਵੱਢਿਆ-ਟੁੱਕਿਆ ਜਾ ਰਿਹਾ ਹੈ, ਇਹ ਦੁਖਦਾਈ ਹਕੀਕਤ ਹੈ ਕਿ ਇਸ ਦੇ ਖਿਲਾਫ ਮੁਲਕ ਪੱਧਰ 'ਤੇ ਕੋਈ ਬੱਝਵਾਂ ਅੰਦੋਲਨ ਨਹੀਂ ਹੋ ਰਿਹਾ। ਦਲਿਤ ਜਥੇਬੰਦੀਆਂ ਸਮਾਜੀ ਨਿਆਂ ਲਈ ਸੰਘਰਸ਼ ਨੂੰ ਲਗਾਤਾਰ ਲੱਗ ਰਹੀ ਇਸ ਪਛਾੜ ਬਾਰੇ ਲੱਗਭੱਗ ਖਾਮੋਸ਼ ਹਨ। ਸੱਤਾ ਦੇ ਹਮਲੇ ਨੂੰ ਠੱਲ੍ਹਣ ਅਤੇ ਖੁੱਲ੍ਹੀ ਮੰਡੀ ਦੇ ਆਰਥਕ ਮਾਡਲ ਦਾ ਖਾਤਮਾ ਕਰਨ ਲਈ ਲੰਮਾ ਸੰਘਰਸ਼ ਛੇੜਨ ਦੀ ਬਜਾਇ ਉਹ ਸਰਗਰਮੀ ਕਰਨ ਲਈ ਚੋਣਾਂ ਦੀ ਇੰਤਜ਼ਾਰ ਕਰਦੀਆਂ ਹਨ। ਉਹ ਮਹਿਜ਼ ਰਸਮੀ ਬਿਆਨਬਾਜ਼ੀ ਅਤੇ ਬੇਅਸਰ ਸਰਗਰਮੀ ਤੱਕ ਸੀਮਤ ਹਨ। ਪਬਲਿਕ ਸੈਕਟਰ ਨੂੰ ਤੋੜਨ ਵਿਰੁੱਧ ਅਸਰਦਾਰ ਲੜਾਈ ਵਿੱਢੇ ਬਗੈਰ ਰਾਖਵੇਂਕਰਨ ਦੀ ਰਾਖੀ ਦੀ ਬਿਆਨਬਾਜ਼ੀ ਕੋਈ ਮਾਇਨੇ ਨਹੀਂ ਰੱਖਦੀ। ਚਾਹੇ ਐਨ.ਆਰ.ਸੀ. ਅਤੇ ਨਾਗਰਿਕਤਾ ਸੋਧ ਕਾਨੂੰਨ ਦੇ ਰੂਪ 'ਚ ਹਮਲਾ ਸੀ ਜਾਂ ਕਾਲੇ ਖੇਤੀ ਕਾਨੂੰਨਾਂ ਅਤੇ ਕਿਰਤ ਕਾਨੂੰਨਾਂ ਦਾ ਸਵਾਲ, ਇਹ ਮੁਸਲਿਮ, ਕਿਸਾਨ ਅਤੇ ਵਿਦਿਆਰਥੀ ਜਥੇਬੰਦੀਆਂ ਸਨ ਜੋ ਸੱਤਾ ਦੇ ਹਮਲੇ ਨੂੰ ਰੋਕਣ ਲਈ ਅੱਗੇ ਆਈਆਂ। ਦਲਿਤ ਸਿਆਸੀ ਧੜੇ ਤਾਂ ਭੀਮਾ-ਕੋਰੇਗਾਓਂ ਸਾਜ਼ਿਸ਼ ਕੇਸ 'ਚ ਫਸਾਏ ਡਾ. ਆਨੰਦ ਤੇਲਤੁੰਬੜੇ ਵਰਗੇ ਦਲਿਤ ਬੁੱਧੀਜੀਵੀਆਂ, ਸਮਾਜੀ ਕਾਰਕੁਨਾਂ ਅਤੇ ਕਲਾਕਾਰਾਂ ਦੇ ਹੱਕ 'ਚ ਵੀ ਆਵਾਜ਼ ਨਹੀਂ ਉਠਾ ਰਹੇ ਜਿਨ੍ਹਾਂ ਨੂੰ ਆਦਿਵਾਸੀਆਂ, ਦਲਿਤਾਂ ਅਤੇ ਹੋਰ ਦੱਬੇਕੁਚਲੇ ਹਿੱਸਿਆਂ ਲਈ ਆਵਾਜ਼ ਉਠਾਉਣ ਬਦਲੇ ਜੇਲ੍ਹਾਂ ਵਿਚ ਡੱਕਿਆ ਹੋਇਆ ਹੈ। ਉਨ੍ਹਾਂ ਦੇ ਸੰਵਿਧਾਨਕ ਤੇ ਜਮਹੂਰੀ ਹੱਕਾਂ ਦੀ ਰਾਖੀ ਵੀ ਬਸਪਾ ਵਰਗੇ ਸਿਆਸੀ ਧੜਿਆਂ ਲਈ ਕੋਈ ਮੁੱਦਾ ਨਹੀਂ ਹੈ।

ਚੋਣ ਗੱਠਜੋੜ ਦੱਬੇ-ਕੁਚਲੇ ਹਿੱਸਿਆਂ ਵਿਚ ਇਹ ਭਰਮ ਪੈਦਾ ਕਰਦੇ ਹਨ ਕਿ ਉਨ੍ਹਾਂ ਕੋਲ ਸਰਕਾਰਾਂ ਬਦਲਣ ਦੀ ਤਾਕਤ ਹੈ ਜਦਕਿ ਸਮਾਜੀ ਤੇ ਆਰਥਕ ਬਰਾਬਰੀ ਦੀ ਅਣਹੋਂਦ 'ਚ 'ਸਾਰਿਆਂ ਨੂੰ ਵੋਟ ਦਾ ਬਰਾਬਰ ਹੱਕ' ਅਸਲ ਮਾਇਨਿਆਂ 'ਚ ਕੋਈ ਪੁਖਤਾ ਬਦਲਾਓ ਲਿਆਉਣ ਦਾ ਸਾਧਨ ਨਹੀਂ ਬਣਦਾ। ਇਸ ਹਕੀਕਤ ਬਾਰੇ ਜਾਗਰੂਕ ਹੋ ਕੇ ਹੀ ਦੱਬੇ-ਕੁਚਲੇ ਹਿੱਸੇ ਆਪਣੀਆਂ ਅਣਮਨੁੱਖੀ ਜਿਊਣ ਹਾਲਾਤ ਬਦਲਣ ਲਈ ਲੜ ਸਕਣਗੇ।

# ਕਿਸਾਨ ਜਥੇਬੰਦੀਆਂ ਦੇ ਸਿਆਸੀ ਰਾਹ ਦਾ ਸਵਾਲ

ਭਾਰਤ ਦੀਆਂ ਇਤਿਹਾਸਕ ਤਸਵੀਰਾਂ ਨਸ਼ਰ ਕਰਨ ਵਾਲੇ ਮਸ਼ਹੂਰ ਹੈਂਡਲ ਹਿਸਟਰੀਪਿਕਸ ਨੇ ਹਾਲ ਹੀ ਵਿਚ ਕਾਫੀ ਸਮਾਂ ਪਹਿਲਾਂ ਬੰਦ ਹੋ ਚੁੱਕੇ ਹਿੰਦੀ ਮਾਸਿਕ ਰਸਾਲੇ 'ਧਰਮਯੁੱਗ' ਦੀ ਕਵਰ ਸਟੋਰੀ 'ਅੰਨ ਉਪਜਾਏ ਕਿਸਾਨ! ਭੂਖੋ ਮਰੇ ਕਿਸਾਨ!' (ਸਤੰਬਰ 1972) ਸ਼ੇਅਰ ਕੀਤੀ ਹੈ। ਇਸ ਸਟੋਰੀ ਦਾ ਲਬੋ-ਲਬਾਬ ਇਹ ਸੀ ਕਿ ਮੁਲਕ ਵਾਸਤੇ ਅਨਾਜ ਅਤੇ ਖਾਧ ਖੁਰਾਕ ਪੈਦਾ ਕਰਨ ਵਾਲੇ ਲੋਕੀਂ ਆਪਣੀ ਜ਼ਿੰਦਗੀ ਕਿਵੇਂ ਭੁੱਖਣ-ਭਾਣੇ ਬਿਤਾਉਂਦੇ ਹਨ। ਉਦੋਂ ਹਰੇ ਇਨਕਲਾਬ ਨੂੰ ਸ਼ੁਰੂ ਹੋਇਆ ਪੰਜ ਸਾਲ ਬੀਤ ਚੁੱਕੇ ਸਨ ਅਤੇ ਉੱਤਰ-ਪੱਛਮੀ ਖਿੱਤੇ ਦੇ ਦਲੇਰ ਕਿਸਾਨਾਂ ਨੇ ਮੁਲਕ ਨੂੰ ਨਮੋਸ਼ੀ ਵਾਲੀ ਉਸ ਹਾਲਤ ਵਿਚੋਂ ਬਾਹਰ ਕੱਢ ਲਿਆ ਜਿੱਥੇ ਮੁਲਕ ਦੀ ਵੱਡੀ ਆਬਾਦੀ ਲਈ ਰੱਜਵਾਂ ਖਾਣਾ ਮਿਲਣਾ ਮੁਹਾਲ ਸੀ।

ਤਕਰੀਬਨ ਪੰਜਾਹ ਸਾਲਾਂ ਬਾਅਦ ਦਿੱਲੀ ਦੇ ਦਰਾਂ ਤੇ ਚੱਲ ਰਿਹਾ ਬੇਮਿਸਾਲ ਅੰਦੋਲਨ ਕਿਸਾਨਾਂ

**ਦਵਿੰਦਰ ਸ਼ਰਮਾ**

ਦੀ ਤਰਸਯੋਗ ਹਾਲਤ ਦਰਸਾ ਰਿਹਾ ਹੈ ਜੋ ਸਾਰੀਆਂ ਔਕੜਾਂ ਮੁਸੀਬਤਾਂ ਦੇ ਹੁੰਦੇ-ਸੁੰਦਿਆਂ ਬਚੇ ਰਹੇ ਅਤੇ ਸਾਲ-ਦਰ-ਸਾਲ ਰਿਕਾਰਡ ਉਤਪਾਦਨ ਕਰ ਕੇ ਦਿੰਦੇ ਰਹੇ ਹਨ। ਪਿਛਲੇ ਕਈ ਸਾਲਾਂ ਤੋਂ ਵਧ ਰਹੇ ਕਰਜ਼ੇ ਦੇ ਜਾਲ ਕਰਕੇ ਖੁਦਕੁਸ਼ੀਆਂ ਦਾ ਦੌਰ ਆਪਣੇ ਪਿੱਛੇ ਅਣਦੇਖੀ ਅਤੇ ਬੇਰਹਿਮੀ ਦੀਆਂ ਪੈੜਾਂ ਛੱਡ ਰਿਹਾ ਹੈ।

ਨੀਤੀਆਂ ਦਾ ਧਿਆਨ ਫਸਲਾਂ ਦਾ ਉਤਪਾਦਨ ਵਧਾਉਣ ਤੇ ਕੇਂਦਰਤ ਰਹਿਣ ਕਰਕੇ ਸਮੇਂ ਦੀਆਂ ਸਰਕਾਰਾਂ ਨੇ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀ ਜ਼ਿੰਦਗੀ ਦੇ ਬੇਹੱਦ ਮਾੜੇ ਹਾਲਾਤ ਵੱਲ ਅੱਖਾਂ ਮੀਟੀ ਰੱਖੀਆਂ ਹਨ। ਇਹ ਹਾਲਾਤ ਉਸ ਨੁਕਸਦਾਰ ਆਰਥਿਕ ਸੋਚ ਦਾ ਸਿੱਟਾ ਸੀ ਜਿਸ ਦਾ ਨਿਸ਼ਾਨਾ ਕਿਸਾਨਾਂ ਨੂੰ ਖੇਤੀਬਾੜੀ ਵਿਚੋਂ ਬਾਹਰ ਕਰ ਕੇ ਉਨ੍ਹਾਂ ਨੂੰ ਸ਼ਹਿਰਾਂ ਦੇ ਦਿਹਾੜੀਦਾਰ ਮਜ਼ਦੂਰਾਂ ਦੀ ਕਤਾਰ ਵਿਚ ਖੜ੍ਹੇ ਕਰਨਾ ਸੀ। ਪਿਛਲੇ ਕਈ ਦਹਾਕਿਆਂ ਤੋਂ ਮੁਲਕ ਦੇ ਕਿਸੇ ਨਾ ਕਿਸੇ ਖਿੱਤੇ ਅੰਦਰ ਕਿਸਾਨਾਂ ਦਾ ਘੋਲ ਚਲ ਰਿਹਾ ਹੈ ਤੇ ਉਹ ਉਚੇਰੇ ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) ਦੇ ਰੂਪ ਵਿਚ ਆਪਣੀਆਂ ਫਸਲਾਂ ਦੇ ਨਿਸ਼ਚਤ ਮੁੱਲ ਦੀ ਮੰਗ ਕਰ ਰਹੇ ਹਨ। ਰਹਿ-ਰਹਿ ਕੇ ਕਰਜ਼ਾ ਮੁਕਤੀ ਦੀ ਮੰਗ ਵੀ ਉਠਾਈ ਜਾਂਦੀ ਰਹੀ ਹੈ। ਇਹ ਦੋਵੇਂ ਮੰਗਾਂ ਦਰਅਸਲ ਮੁਲਕ ਦੇ ਪਿਰਾਮਿਡ ਦੇ ਤਲ ਤੇ ਪਿਸ ਰਹੀ ਕਿਸਾਨ ਭਾਈਚਾਰੇ ਨੂੰ ਆਰਥਕ ਨਿਆਂ ਮੁਹੱਈਆ ਕਰਾਉਣ ਦੀ ਅਣਸਰਦੀ ਲੋੜ ਨੂੰ ਦਰਸਾਉਂਦੀਆਂ ਹਨ ਪਰ ਅਜੇ ਤੱਕ ਕੁਝ ਵੀ ਠੋਸ ਸਾਹਮਣੇ ਨਹੀਂ ਆ ਸਕਿਆ। ਵਾਹ ਲਗਦੀ ਰਾਜਾਂ ਵੱਲੋਂ ਕੋਈ ਆਰਜ਼ੀ ਰਾਹਤ ਦੇ ਕੇ ਰੋਸ ਮੁਜ਼ਾਹਰਿਆਂ ਨੂੰ ਨਜ਼ਰਅੰਦਾਜ਼ ਕਰ ਦਿੱਤਾ ਜਾਂਦਾ ਸੀ। ਇਸ ਦੌਰਾਨ, ਖੇਤੀਬਾੜੀ ਸੰਕਟ ਦੀ ਹਾਲਤ ਹੋਰ ਵੀ ਜ਼ਿਆਦਾ ਨਿੱਘਰਦੀ ਚਲੀ ਗਈ।

ਕੌਮੀ ਅਪਰਾਧ ਰਿਕਾਰਡ ਬਿਊਰੋ (ਐਨ.ਸੀ.ਆਰ.ਬੀ.) ਮੁਤਾਬਕ 2016 ਵਿਚ ਮੁਲਕ ਭਰ ਵਿਚ ਦਰਜ ਕੀਤੇ ਖੇਤੀ ਰੋਸ ਪ੍ਰਦਰਸ਼ਨਾਂ ਦੀ ਗਿਣਤੀ 4837 ਸੀ, 2017 ਵਿਚ 3300 ਅਤੇ 2018 ਵਿਚ 2008 ਸੀ। ਸੈਂਟਰ ਫਾਰ ਸਾਇੰਸ ਐਂਡ ਐਨਵਾਇਰਨਮੈਂਟ (ਸੀ.ਐਸ.ਈ.) ਨੇ ਮੀਡੀਆ ਰਿਪੋਰਟਾਂ ਦੇ ਹਵਾਲੇ ਨਾਲ ਅਧਿਐਨ ਵਿਚ ਆਖਿਆ ਹੈ ਕਿ ਮੁਲਕ ਵਿਚ 2017 ਤੋਂ ਲੈ 2021 ਤੱਕ ਵੱਡੇ ਕਿਸਾਨ ਅੰਦੋਲਨਾਂ ਦੀ ਸੰਖਿਆ ਵਿਚ ਪੰਜ ਗੁਣਾ ਵਾਧਾ ਹੋਇਆ ਹੈ। ਇਨ੍ਹਾਂ ਵਿਚੋਂ ਜ਼ਿਆਦਾਤਰ ਅੰਦੋਲਨਾਂ ਵਿਚ ਮੁਕਾਮੀ ਮੁੱਦਿਆਂ ਤੋਂ ਇਲਾਵਾ ਕਿਸਾਨਾਂ ਦੀਆਂ ਆਰਥਕ ਦਿੱਕਤਾਂ ਉਭਾਰੀਆਂ ਜਾਂਦੀਆਂ ਹਨ।

ਜਦੋਂ ਇਹ ਕਿਸਾਨ ਅੰਦੋਲਨ ਮੁਲਕ ਦਾ ਧਿਆਨ ਖੇਤੀਬਾੜੀ ਸੰਕਟ ਵੱਲ ਖਿੱਚਣ ਵਿਚ ਸਫਲ ਨਹੀਂ ਹੋ ਰਹੇ ਸਨ ਤੇ ਇਹ ਜਾਣਦੇ ਹੋਏ ਕਿ ਵੱਖ ਵੱਖ ਸਿਆਸੀ ਪਾਰਟੀਆਂ ਵੱਲੋਂ ਕਿਸਾਨਾਂ ਤੇ ਖੇਤ ਮਜ਼ਦੂਰਾਂ ਨੂੰ ਮਹਿਜ਼ ਵੋਟ ਬੈਂਕ ਦੇ ਤੌਰ ਤੇ ਇਸਤੇਮਾਲ ਕੀਤਾ ਜਾਂਦਾ ਹੈ ਤਾਂ ਕਿਸਾਨ ਆਗੂ ਬਲਵੀਰ ਸਿੰਘ ਰਾਜੇਵਾਲ ਨੇ 2015 ਵਿਚ ਮੈਨੂੰ ਮੁਲਕ ਭਰ ਦੇ ਕਿਸਾਨ ਆਗੂਆਂ ਨੂੰ ਇਕ ਮੰਚ ਤੇ ਇਕੱਤਰ ਕਰਨ ਦੇ ਉਦਮ ਵਿਚ ਸ਼ਾਮਲ ਹੋਣ ਦਾ ਸੱਦਾ ਦਿੱਤਾ। ਅਸੀਂ ਇਸ ਦੇ ਉਦੇਸ਼ਾਂ ਅਤੇ ਇਸ ਦੇ ਨਾਲ ਹੀ ਚੁਣੌਤੀਆਂ ਬਾਰੇ ਵਿਚਾਰ ਚਰਚਾ ਕੀਤੀ ਤੇ ਇਸ ਉੱਤੇ ਵੀ ਗ਼ੌਰ ਕੀਤਾ ਕਿ ਕਿਸਾਨ ਜਥੇਬੰਦੀਆਂ ਆਮ ਤੌਰ ਤੇ ਜਾਤ, ਧਰਮ ਅਤੇ ਸਿਆਸੀ ਵਿਚਾਰਧਾਰਾਵਾਂ ਦੀਆਂ ਲੀਹਾਂ ਤੇ ਵੰਡੀਆਂ ਹੋਈਆਂ ਹਨ ਤੇ ਉਨ੍ਹਾਂ ਨੂੰ ਇਕਮੁੱਠ ਕਰਨਾ ਕੋਈ ਸੌਖਾ ਕੰਮ ਨਹੀਂ ਹੈ। ਮੁਲਕ ਦੇ ਕਿਸਾਨ ਅੰਦੋਲਨ ਦੇ ਦੋ ਥੰਮ੍ਹਾਂ- ਭਾਰਤੀ ਕਿਸਾਨ ਯੂਨੀਅਨ (ਬੀ.ਕੇ.ਯੂ.) ਦੇ ਮਹਿੰਦਰ ਸਿੰਘ ਟਿਕੈਤ ਅਤੇ ਕਰਨਾਟਕ ਰਾਜਯ ਰਿਐਤ ਸੰਘ (ਕੇ.ਆਰ.ਆਰ.ਐਸ.) ਦੇ ਪ੍ਰੋ. ਐਮ.ਡੀ. ਨੰਜੁੰਡਾਸਵਾਮੀ ਨੇ ਕੁਝ ਦਹਾਕੇ ਪਹਿਲਾਂ ਸਾਂਝੇ ਕਿਸਾਨ ਮੋਰਚੇ ਦੇ ਵਿਚਾਰ ਨੂੰ ਅੱਗੇ ਲੈ ਕੇ ਆਂਦਾ ਸੀ ਪਰ ਇਹ ਉਦਮ ਕਿਸੇ ਕਾਰਨ ਵਸ ਸਿਰੇ ਨਾ ਚੜ੍ਹ ਸਕਿਆ।



ਮੁਲਕ ਭਰ ਵਿਚ ਫੈਲੀਆਂ ਮੁੱਖ ਕਿਸਾਨ ਯੂਨੀਅਨਾਂ/ਜਥੇਬੰਦੀਆਂ ਦੀ ਨੁਮਾਇੰਦਗੀ ਕਰਨ ਵਾਲੇ 52 ਕਿਸਾਨ ਆਗੂਆਂ ਨੇ ਅਗਸਤ 2015 ਵਿਚ ਚੰਡੀਗੜ੍ਹ ਵਿਚ ਹੋਏ ਤਿੰਨ ਰੋਜ਼ਾ ਸੰਮੇਲਨ ਵਿਚ ਸ਼ਿਰਕਤ ਕੀਤੀ, ਇਨ੍ਹਾਂ ਵਿਚੋਂ ਬਹੁਤੇ ਇਕ ਦੂਜੇ ਨੂੰ ਆਪੋ ਵਿਚ ਜਾਣਦੇ ਵੀ ਨਹੀਂ ਸਨ। ਸ਼ਾਇਦ ਇਹ ਪਹਿਲਾ ਮੌਕਾ ਸੀ ਜਦੋਂ ਵੱਖੋ-ਵੱਖਰੀਆਂ ਵਿਚਾਰਧਾਰਾਵਾਂ ਤੇ ਸਿਆਸੀ ਧਿਰਾਂ ਨਾਲ ਸਬੰਧ ਰੱਖਦੇ ਕਿਸਾਨ ਆਗੂ ਇਕੋ ਮੇਜ਼ ਤੇ ਆਹਮੋ-ਸਾਹਮਣੇ ਬੈਠੇ ਸਨ। ਇਸ ਤੋਂ ਬਾਅਦ ਕਿਸਾਨ ਯੂਨੀਅਨਾਂ ਨੂੰ ਇਕਮੁੱਠ ਕਰਨ ਦੇ ਸਵਾਲ ਤੇ ਗਹਿਗੱਚ ਵਿਚਾਰ ਚਰਚਾ ਚੱਲੀ ਅਤੇ ਆਗੂਆਂ ਨੇ ਮਿਲ ਕੇ ਚੱਲਣ ਦੀ ਲੋੜ ਨੂੰ ਪ੍ਰਵਾਨ ਕੀਤਾ ਅਤੇ ਉਹ ਢਿੱਲਾ ਜਿਹਾ ਨੈਟਵਰਕ ਕਾਇਮ ਕਰਨ ਲਈ ਸਹਿਮਤ ਹੋਏ ਜਿਸ ਦਾ ਨਾਂ 'ਕਿਸਾਨ ਏਕਤਾ' ਰੱਖਿਆ ਗਿਆ। ਇਸ ਤੋਂ ਵੀ ਅਹਿਮ ਗੱਲ ਇਹ ਸੀ ਕਿ ਚੰਡੀਗੜ੍ਹ ਸੰਮੇਲਨ ਨੇ ਕਿਸਾਨ ਆਗੂਆਂ ਦਰਮਿਆਨ ਮਜ਼ਬੂਤ ਸਾਂਝ ਅਤੇ ਭਾਈਚਾਰੇ ਦੀ ਭਾਵਨਾ ਪੈਦਾ ਕਰਨ ਵਿਚ ਮਦਦ ਕੀਤੀ।

ਅਗਲੇ ਤਿੰਨ ਸੰਮੇਲਨ ਬੰਗਲੌਰ, ਅਕੋਲਾ ਅਤੇ ਸ਼ਿਮਲਾ ਵਿਚ ਕੀਤੇ ਗਏ ਜਿਨ੍ਹਾਂ ਵਿਚ ਕੁਝ ਹੋਰਨਾਂ ਕਿਸਾਨ ਆਗੂਆਂ ਤੱਕ ਵੀ ਪਹੁੰਚ ਕਰਨ ਦੀ ਕੋਸ਼ਿਸ਼ ਕੀਤੀ ਗਈ। ਹਾਲਾਂਕਿ ਆਮ ਸਹਿਮਤੀ ਇਹ ਸੀ ਕਿ ਮੁਲਕ ਅੰਦਰ ਕਿਸਾਨ ਅੰਦੋਲਨ ਗ਼ੈਰ ਸਿਆਸੀ ਰੱਖਿਆ ਜਾਣਾ ਚਾਹੀਦਾ ਹੈ ਜਦਕਿ ਕੁਝ ਆਗੂ ਕੋਈ ਸਿਆਸੀ ਪਾਰਟੀ ਕਾਇਮ ਕਰਨ ਦੇ ਧਾਰਨੀ ਸਨ। ਉਨ੍ਹਾਂ ਵਿਚਲੇ ਕੁਝ ਆਗੂਆਂ ਦੀ ਦਲੀਲ ਸੀ ਕਿ ਤਜਰਬਾ ਦਰਸਾਉਂਦਾ ਹੈ ਕਿ ਗੈਰ ਸਿਆਸੀ ਰਹਿਣ ਨਾਲ ਕਿਸਾਨ ਲਗਾਤਾਰ ਸਿਆਸੀ ਆਗੂਆਂ ਦੇ ਰਹਿਮੋ-ਕਰਮ ਤੇ ਰਹਿੰਦੇ ਹਨ। ਵੋਟ ਬੈਂਕ ਦੀ ਸਿਆਸਤ ਕਿਸਾਨ ਭਾਈਚਾਰੇ ਨੂੰ ਪਾਟੋਧਾੜ ਕਰ ਕੇ ਰੱਖੇਗੀ ਜਿਸ ਕਰਕੇ ਕਿਸਾਨ ਆਗੂਆਂ ਨੂੰ ਕੋਈ ਸਿਆਸੀ ਪਾਰਟੀ ਕਾਇਮ ਕਰਨ ਬਾਰੇ ਸੋਚਣਾ ਚਾਹੀਦਾ ਹੈ।

ਕਿਸਾਨ ਆਗੂ ਇਸ ਦਲੀਲ ਨਾਲ ਸਹਿਮਤ ਤਾਂ ਹੋ ਗਏ ਪਰ ਉਹ ਕੋਈ ਸਿਆਸੀ ਛਾਲ ਲਾਉਣ ਲਈ ਤਿਆਰ ਨਹੀਂ ਸਨ। ਸ਼ਿਮਲਾ ਸੰਮੇਲਨ ਵੇਲੇ ਟੀਵੀ ਇੰਟਰਵਿਊ ਵੇਲੇ ਜਦੋਂ ਮੈਥੋਂ ਇਹ ਪੁੱਛਿਆ ਗਿਆ ਕਿ ਕੀ 'ਕਿਸਾਨ ਏਕਤਾ' ਜਲਦੀ ਹੀ ਸਿਆਸੀ ਪਾਰਟੀ ਦੀ ਸ਼ਕਲ ਵਿਚ ਸਾਹਮਣੇ ਆਵੇਗੀ ਤਾਂ ਮੇਰਾ ਜਵਾਬ ਸੀ ਕਿ ਕਿਸਾਨ ਯੂਨੀਅਨਾਂ ਨੂੰ ਇਕਮੁੱਠ ਕਰਨ ਪਿੱਛੇ ਮੁੱਖ ਮਕਸਦ ਇਹ ਹੈ ਕਿ ਸਿਆਸੀ ਅਮਲ ਨੂੰ ਪ੍ਰਭਾਵਿਤ ਕੀਤਾ ਜਾ ਸਕੇ।

2020 ਦਾ ਸਾਲ ਕਿਸਾਨਾਂ ਦੇ ਸੰਘਰਸ਼ ਦਾ ਵੱਡਾ ਮੋੜ ਸਾਬਿਤ ਹੋਇਆ ਜਦੋਂ ਪੰਜਾਬ ਦੀਆਂ ਵੱਖੋ ਵੱਖਰੇ ਝੁਕਾਵਾਂ ਵਾਲੀਆਂ ਕਿਸਾਨ ਯੂਨੀਅਨਾਂ ਨੇ ਤਿੰਨ ਕੇਂਦਰੀ ਕਾਨੂੰਨਾਂ ਖਿਲਾਫ ਸਾਂਝਾ ਮੁਹਾਜ਼ ਵਿੱਢ ਦਿੱਤਾ। ਇਹ ਅੰਦੋਲਨ ਹੋਰਨਾਂ ਖੇਤਰਾਂ ਵਿਚ ਵੀ ਫੈਲ ਗਿਆ। ਨਾ ਕੇਵਲ ਪੰਜਾਬ ਦੇ ਕਿਸਾਨ ਆਗੂ ਕੌਮੀ ਮੰਜ਼ਰ ਤੇ ਉਭਰ ਕੇ ਸਾਹਮਣੇ ਆਏ ਸਗੋਂ ਹਰਿਆਣਾ ਅਤੇ ਉੱਤਰ ਪ੍ਰਦੇਸ਼ ਦੇ ਕਿਸਾਨ ਆਗੂ ਵੀ ਉਭਰੇ। ਇਸੇ ਤਰ੍ਹਾਂ ਮੁਲਕ ਦੇ ਵੱਖੋ ਵੱਖਰੇ ਖੇਤਰਾਂ ਵਿਚ ਹੋਰ ਬਹੁਤ ਸਾਰੇ ਖੇਤਰੀ ਆਗੂ ਵੀ ਉਭਰੇ। ਕਿਸਾਨ ਆਗੂਆਂ ਨਾਲ ਸੈਲਫੀਆਂ ਲੈਣ ਵਾਲਿਆਂ ਦਾ ਲੱਗ ਰਿਹਾ ਤਾਂਤਾ ਉਨ੍ਹਾਂ ਦੀ ਹਰਮਨਪਿਆਰਤਾ ਦਾ ਸੂਚਕ ਹੈ।

ਹੁਣ ਜਦੋਂ ਕਿਸਾਨ ਆਗੂ ਮੁਲਕ ਦੇ ਵੱਖ ਵੱਖ ਹਿੱਸਿਆਂ ਅੰਦਰ ਮਹਾਪੰਚਾਇਤਾਂ ਰਾਹੀਂ ਆਪਣਾ ਜਨ ਸੰਪਰਕ ਵਧਾ ਰਹੇ ਹਨ ਤਾਂ ਤਿੰਨ ਕੇਂਦਰੀ ਕਾਨੂੰਨ ਵਾਪਸ ਕਰਾਉਣ ਅਤੇ ਘੱਟੋ-ਘੱਟ ਸਮਰਥਨ ਮੁੱਲ ਨੂੰ ਕਾਨੂੰਨੀ ਮਾਨਤਾ ਦਿਵਾਉਣ ਨਾਲ ਜੁੜੇ ਮੁੱਦੇ ਮੁਲਕ ਦੇ ਹਰ ਗਲੀ-ਕੋਨੇ ਤੱਕ ਪਹੁੰਚ ਗਏ ਹਨ। ਇਸ ਤੋਂ ਇਲਾਵਾ ਕਿਸਾਨ ਆਗੂਆਂ ਵਲੋਂ ਹੋਰਨਾਂ ਤਬਕਿਆਂ ਨਾਲ ਰਾਬਤਾ ਵਧਾਉਣ ਦੀਆਂ ਕੋਸ਼ਿਸ਼ਾਂ ਨੂੰ ਵੀ ਬੂਰ ਪੈਣ ਲੱਗਿਆ ਹੈ ਜਿਸ ਦੇ ਯਕੀਨਨ ਸਿਆਸੀ ਸਿੱਟੇ ਸਾਹਮਣੇ ਆਉਣਗੇ। ਕੁਝ ਵੀ ਹੋਵੇ, ਮੁਲਕ ਦੀ ਪੰਜਾਹ ਫੀਸਦ ਆਬਾਦੀ ਖੇਤੀਬਾੜੀ ਅਤੇ ਇਸ ਦੇ ਸਹਾਇਕ ਧੰਦਿਆਂ ਵਿਚ ਲੱਗੀ ਹੋਈ ਹੈ ਤੇ ਹੁਣ ਮੌਕਾ ਆ ਗਿਆ ਹੈ ਕਿ ਕਿਸਾਨਾਂ ਦੀ ਸਮੂਹਿਕ ਲੀਡਰਸ਼ਿਪ ਆਪਣੀ ਭੂਮਿਕਾ ਬਾਰੇ ਮੁੜ ਵਿਚਾਰ ਕਰੇ ਕਿ ਇਸ ਨੂੰ ਸਿਆਸੀ ਰਾਹ ਅਪਣਾਉਣਾ ਚਾਹੀਦਾ ਹੈ, ਜਾਂ ਫਿਰ ਗੈਰ ਸਿਆਸੀ ਹੀ ਬਣੇ ਰਹਿਣਾ ਚਾਹੀਦਾ ਹੈ।

ਆਖਰਉਸ ਨੁਕਸਦਾਰ ਆਰਥਿਕ ਡਿਜ਼ਾਈਨ ਜਿਸ ਨੇ ਇੰਨਾ ਲੰਮਾ ਅਰਸਾ ਵਿਕਾਸ ਦੇ ਨਾਂ ਤੇ ਕਿਸਾਨਾਂ ਨੂੰ ਗਰੀਬੀ ਦੀ ਜਿਲ੍ਹਣ ਵਿਚ ਫਸਾ ਕੇ ਰੱਖਿਆ ਹੈ, ਨੂੰ ਪੁੱਠਾ ਗੇੜਾ ਦੇਣ ਵਾਸਤੇ ਕਿਸਾਨਾਂ ਦਾ ਸਿਆਸੀ ਮੁਹਾਜ਼ ਤੇ ਤਾਕਤਵਰ ਹੋ ਕੇ ਉਭਰਨਾ ਅਤੇ ਫੈਸਲੇ ਕਰਨ ਦੇ ਅਮਲ ਵਿਚ ਅਹਿਮ ਕਿਰਦਾਰ ਨਿਭਾਉਣਾ ਜ਼ਰੂਰੀ ਹੈ।

# ਪੱਛਮੀ ਬੰਗਾਲ ਵਿਚ ਭਾਜਪਾ ਕੁੜਿੱਕੀ ਵਿਚ ਫਸੀ

ਪੱਛਮੀ ਬੰਗਾਲ ਵਿਚ ਕੁਝ ਤਾਂ ਅਜਿਹਾ ਹੈ ਜੋ ਬਾਕੀ ਭਾਰਤ ਨਾਲੋਂ ਵੱਖਰਾ ਹੈ। ਉਥੇ ਦੀ ਰਾਜਨੀਤੀ ਕੁਝ ਜ਼ਿਆਦਾ ਹੀ ਹਿੰਸਕ ਹੈ, ਏਨੀ ਗੱਲ ਤਾਂ ਸਭ ਨੂੰ ਪਤਾ ਹੈ ਪਰ ਸਿਰਫ ਵਧੇਰੇ ਹਿੰਸਾ ਬੰਗਾਲ ਦੀ ਵਿਸ਼ੇਸ਼ਤਾ ਨੂੰ ਨਹੀਂ ਦਰਸਾਉਂਦੀ। ਜੇ ਪੂਰੀ ਦੀ ਪੂਰੀ ਰਾਜਨੀਤਕ ਸੰਸਕ੍ਰਿਤੀ ਹੀ ਹਿੰਸਕ ਹੈ ਤਾਂ ਫਿਰ ਸੱਤਾਧਾਰੀ ਪਾਰਟੀ ਹੋਵੇ ਜਾਂ ਵਿਰੋਧੀ ਧਿਰ, ਸਾਰਿਆਂ ਕੋਲ ਹਿੰਸਾ ਦੀ ਕੁਝ ਨਾ ਕੁਝ ਸਮਰੱਥਾ ਤਾਂ ਹੁੰਦੀ ਹੀ ਹੈ। ਸੱਤਾਧਾਰੀ ਦਾ ਹੱਥ ਭਾਰੀ ਰਹਿੰਦਾ ਹੈ ਪਰ ਹਿੰਸਾ ਦਾ ਸ਼ਿਕਾਰ ਤਾਂ ਉਸ ਨੂੰ ਵੀ ਹੋਣਾ ਪੈਂਦਾ ਹੈ। ਦੂਜੇ ਪਾਸੇ, ਸੱਤਾਧਾਰੀ

**ਅਭੈ ਕੁਮਾਰ ਦੂਬੇ**

ਸਿਰਫ ਹਿੰਸਾ ਦਾ ਸਹਾਰਾ ਲੈ ਕੇ ਵਿਰੋਧੀ ਧਿਰ ਨੂੰ ਖਤਮ ਨਹੀਂ ਕਰ ਸਕਦਾ। ਵਿਰੋਧੀ ਧਿਰ ਨੂੰ ਰਾਜਨੀਤਕ ਮੁਕਾਬਲੇ ਤੋਂ ਬਾਹਰ ਕਰਨ ਲਈ ਕੁਝ ਹੋਰ ਵੀ ਢੰਗ-ਤਰੀਕੇ ਅਤੇ ਰਣਨੀਤੀਆਂ ਚਾਹੀਦੀਆਂ ਹਨ। ਦਰਅਸਲ, ਇਹ ਵਿਚਾਰ ਕਿ ਰਾਜਨੀਤਕ ਵਿਰੋਧੀ ਨੂੰ ਏਨੇ ਕਮਜ਼ੋਰ ਕਰ ਦਿਓ ਕਿ ਉਹ ਮੁਕਾਬਲਾ ਕਰਨ ਦੇ ਕਾਬਲ ਹੀ ਨਾ ਰਹਿਣ, ਇਹ ਹੈ ਬੰਗਾਲ ਦੀ ਵਿਸ਼ੇਸ਼ਤਾ। ਬਾਕੀ ਸੂਬਿਆਂ ਵਿਚ ਅਜਿਹਾ ਨਹੀਂ ਹੁੰਦਾ। ਜਿੱਤਣ ਵਾਲੇ ਜਿੱਤਦੇ ਰਹਿੰਦੇ ਹਨ, ਹਾਰਨ ਵਾਲੇ ਹਾਰ ਜਾਂਦੇ ਹਨ ਪਰ ਅਜਿਹਾ ਨਹੀਂ ਹੁੰਦਾ ਕਿ ਜਿੱਤਣ ਵਾਲਾ ਜਾਂ ਜਿੱਤ ਸਕਣ ਵਾਲਾ ਹਾਰਨ ਵਾਲੇ ਜਾਂ ਹਾਰ ਸਕਣ ਵਾਲੇ ਨੂੰ ਟੱਕਰ ਲੈਣ ਯੋਗ ਹੀ ਨਾ ਛੱਡੇ। ਬੰਗਾਲ ਵਿਚ ਅਜਿਹਾ ਹੁੰਦਾ ਹੈ।

ਮੀਡੀਆ ਦਾ ਜ਼ਿਆਦਾ ਜ਼ੋਰ ਇਹ ਦੱਸਣ ਵਿਚ ਰਿਹਾ ਹੈ ਕਿ ਮੁਕੁਲ ਰਾਏ ਭਾਜਪਾ ਛੱਡ ਕੇ ਆਪਣੀ ਪੁਰਾਣੀ ਪਾਰਟੀ ਤ੍ਰਿਣਮੂਲ ਕਾਂਗਰਸ ਵਿਚ ਕਿਉਂ ਪਰਤੇ। ਦਲੀਲ ਇਹ ਹੈ ਕਿ ਚੋਣਾਂ ਤੋਂ ਬਾਅਦ ਜਿਵੇਂ ਹੀ ਸੁਵੇਂਦੂ ਅਧਿਕਾਰੀ ਨੂੰ ਵਿਰੋਧੀ ਧਿਰ ਦਾ ਨੇਤਾ ਬਣਾਇਆ, ਮੁਕੁਲ ਰਾਏ 'ਘਰ ਵਾਪਸੀ' ਦੀ ਯੋਜਨਾ ਬਣਾਉਣ ਲੱਗੇ। ਪੁੱਛਿਆ ਜਾ ਸਕਦਾ ਹੈ ਕਿ ਜੇਕਰ ਮੁਕੁਲ ਰਾਏ ਨੂੰ ਵਿਰੋਧੀ ਧਿਰ ਦਾ ਨੇਤਾ ਬਣਾ ਦਿੱਤਾ ਜਾਂਦਾ ਤਾਂ ਉਹ ਭਾਜਪਾ ਨਾ ਛੱਡਦੇ? ਇਸੇ ਨਾਲ ਸਬੰਧਿਤ ਇਕ ਸਵਾਲ ਇਹ ਵੀ ਹੈ ਕਿ ਉਸ ਸੂਰਤ ਵਿਚ ਸੁਵੇਂਦੂ ਅਧਿਕਾਰੀ ਨਾਰਾਜ਼ ਹੋ ਕੇ ਬਗਾਵਤੀ ਮੂਡ ਵਿਚ ਆ ਜਾਂਦੇ? ਮੀਡੀਆ ਇਹ ਨਹੀਂ ਦੱਸ ਰਿਹਾ ਕਿ ਮੁਕੁਲ ਰਾਏ ਦੇ ਭਾਜਪਾ ਛੱਡਣ ਦੀ ਅਫਵਾਹ ਉਡਾਉਣ ਤੋਂ ਬਾਅਦ ਉਨ੍ਹਾਂ ਨੂੰ ਖੁਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਫੋਨ ਆਇਆ ਸੀ। ਦੋਵਾਂ ਵਿਚ ਕੀ ਗੱਲਬਾਤ ਹੋਈ, ਕਿਸੇ ਨੂੰ ਨਹੀਂ ਪਤਾ। ਮੁਕੁਲ ਰਾਏ ਨੂੰ ਭਾਜਪਾ ਦਾ ਕੌਮੀ ਉਪ ਪ੍ਰਧਾਨ ਬਣਾਇਆ ਗਿਆ ਸੀ ਜੋ ਵੱਡਾ ਅਤੇ ਸਨਮਾਨਜਨਕ ਅਹੁਦਾ ਹੈ। ਪ੍ਰਧਾਨ ਮੰਤਰੀ ਦੇ ਫੋਨ ਅਤੇ ਕੇਂਦਰੀ ਸੰਗਠਨ ਵਿਚ ਉਪ ਪ੍ਰਧਾਨ ਦਾ ਅਹੁਦਾ ਵੀ ਉਨ੍ਹਾਂ ਨੂੰ ਭਾਜਪਾ ਵਿਚ ਰਹਿਣ ਲਈ ਨਹੀਂ ਰੋਕ ਸਕਿਆ। ਜ਼ਾਹਿਰ ਹੈ ਕਿ ਇਸ ਤਰ੍ਹਾਂ ਦੀ ਅਟਕਲਬਾਜ਼ੀ ਨਾਲ ਅਸੀਂ ਅਸਲੀਅਤ ਦੇ ਨੇੜੇ ਨਹੀਂ ਪਹੁੰਚ ਸਕਦੇ। ਇਹ ਵਿਅਕਤੀਆਂ ਦਾ ਕਿਸੇ ਅਹੁਦੇ ਦਾ ਮਸਲਾ ਹੁੰਦਿਆਂ ਹੋਇਆਂ ਵੀ ਮੂਲ ਕਾਰਨ ਨਹੀਂ ਹੈ। ਜੇ ਇਹੀ ਮੂਲ ਕਾਰਨ ਹੁੰਦਾ ਤਾਂ ਬੰਗਾਲ ਵਿਚ ਉਹ ਕਿਉਂ ਹੋ ਰਿਹਾ ਹੁੰਦਾ ਜੋ ਕਿਸੇ ਹੋਰ ਸੂਬੇ ਵਿਚ ਨਾ ਹੋ ਰਿਹਾ ਹੈ ਅਤੇ ਨਾ ਹੁੰਦਾ ਹੈ।

ਬੰਗਾਲ ਵਿਚ ਹੋ ਇਹ ਰਿਹਾ ਹੈ ਕਿ ਚੋਣਾਂ ਤੋਂ ਬਾਅਦ ਹਰ ਜ਼ਿਲ੍ਹੇ ਵਿਚ ਭਾਜਪਾ ਦੇ ਹੇਠਲੇ ਪੱਧਰ ਦੇ ਕਾਰਕੁਨ (ਇਨ੍ਹਾਂ ਵਿਚ ਉਹ ਵੀ ਸ਼ਾਮਿਲ ਹਨ ਜੋ ਚਾਰ-ਪੰਜ ਸਾਲ ਤੋਂ ਪਾਰਟੀ ਵਿਚ ਹਨ) ਰਿਕਸ਼ੇ 'ਤੇ ਲਾਊਡ ਸਪੀਕਰ ਲਗਾ ਕੇ ਐਲਾਨ ਦੇ ਰੂਪ ਵਿਚ ਮੁਆਫੀ ਮੰਗ ਰਹੇ ਹਨ। ਇਨ੍ਹਾਂ ਲਾਊਡ ਸਪੀਕਰਾਂ ਵਿਚ ਕਿਹਾ ਜਾਂਦਾ ਹੈ ਕਿ ਉਨ੍ਹਾਂ ਨੇ ਭਾਜਪਾ ਨੂੰ ਸਮਝਣ ਵਿਚ ਗਲਤੀ ਕੀਤੀ। ਇਸੇ ਕਾਰਨ ਉਹ ਭਾਜਪਾ ਵਿਚ ਚਲੇ ਗਏ ਸਨ, ਹੁਣ ਉਹ ਵਾਪਸ ਤ੍ਰਿਣਮੂਲ ਕਾਂਗਰਸ ਵਿਚ ਆਉਣਾ ਚਾਹੁੰਦੇ ਹਨ। ਇਹ ਅਲੱਗ ਤਰ੍ਹਾਂ ਦਾ ਦ੍ਰਿਸ਼ ਹੈ। ਮੁਕੁਲ ਰਾਏ ਨਾਲ ਜਿੰਨੇ ਵਿਅਕਤੀਆਂ ਨੇ ਤ੍ਰਿਣਮੂਲ ਕਾਂਗਰਸ ਛੱਡੀ ਸੀ, ਉਹ ਸਾਰੇ ਭਾਜਪਾ ਦੀਆਂ ਜ਼ਿਲ੍ਹਾ ਕਮੇਟੀਆਂ ਤੋਂ ਅਸਤੀਫਾ ਦੇ ਰਹੇ ਹਨ। ਅੱਜ ਜੇ ਮਮਤਾ ਬੈਨਰਜੀ ਦਰਵਾਜ਼ਾ ਖੋਲ੍ਹ ਦੇਵੇ, ਭਾਜਪਾ ਵਿਚ ਸਿਰਫ ਮੁੱਠੀ ਭਰ ਲੋਕ ਰਹਿ ਜਾਣਗੇ ਪਰ ਮਮਤਾ ਨੇ ਤ੍ਰਿਣਮੂਲ ਕਾਂਗਰਸ ਛੱਡ ਕੇ ਭਾਜਪਾ ਵਿਚ ਗਏ ਲੋਕਾਂ ਨੂੰ ਸ਼੍ਰੇਣੀਆਂ ਵਿਚ ਵੰਡਿਆ ਹੈ। ਇਕ ਸ਼੍ਰੇਣੀ ਵਿਚ ਉਹ ਆਉਂਦੇ ਹਨ ਜੋ ਦਲ-ਬਦਲ ਕਰਨ ਦੇ ਬਾਵਜੂਦ ਮੁੱਖ ਮੰਤਰੀ ਅਤੇ ਪਾਰਟੀ ਖਿਲਾਫ ਜ਼ਿਆਦਾ ਹਮਲਾਵਰ ਨਹੀਂ ਹੋਏ। ਆਲੋਚਨਾ ਕੀਤੀ, ਚੋਣਾਂ ਵੀ ਵਿਰੋਧ ਵਿਚ ਲੜੀਆਂ ਪਰ ਮਰਯਾਦਾ ਨਹੀਂ ਛੱਡੀ। ਦੂਜੀ ਸ਼੍ਰੇਣੀ ਵਿਚ ਉਹ ਆਉਂਦੇ ਹਨ ਜਿਨ੍ਹਾਂ ਨੇ ਸਾਰੀਆਂ ਹੱਦਾਂ ਟੱਪ ਕੇ ਤਿੱਖੀ ਆਲੋਚਨਾ ਕੀਤੀ, ਮਮਤਾ 'ਤੇ ਨਿੱਜੀ ਦੋਸ਼ ਵੀ ਲਗਾਏ, ਅਭਿਸ਼ੇਕ ਬੈਨਰਜੀ 'ਤੇ ਹਮਲਾ ਕੀਤਾ ਅਤੇ ਭਾਜਪਾ ਦੀ ਸ਼ਹਿ 'ਤੇ ਫਿਰਕੂ ਰਾਜਨੀਤੀ ਕੀਤੀ। ਮਮਤਾ ਬੈਨਰਜੀ ਅਜਿਹੇ ਲੋਕਾਂ ਨੂੰ ਪਾਰਟੀ ਵਿਚ ਵਾਪਸ ਨਹੀਂ ਲੈਣਾ ਚਾਹੁੰਦੀ। 2011 ਵਿਚ ਸੱਤਾ ਹਾਸਲ ਕਰਨ ਤੋਂ ਬਾਅਦ ਮਮਤਾ ਬੈਨਰਜੀ ਨੇ ਕਾਂਗਰਸ ਦੇ ਬਚੇ ਹੋਏ ਪ੍ਰਭਾਵ ਨੂੰ ਪੂਰੀ ਤਰ੍ਹਾਂ ਖਤਮ ਕਰਨ ਅਤੇ ਮਾਰਕਸਵਾਦੀ ਪਾਰਟੀ ਨੂੰ ਬੇਹੱਦ ਕਮਜ਼ੋਰ ਕਰਨ ਦੀ ਲੰਮੀ ਯੋਜਨਾ ਬਣਾਈ ਸੀ। ਇਸ ਤਹਿਤ ਇਨ੍ਹਾਂ ਦੋਵਾਂ ਪਾਰਟੀਆਂ ਤੋਂ ਵੱਡੇ ਪੈਮਾਨੇ 'ਤੇ ਸਥਾਨਕ ਪੱਧਰ ਦੇ ਆਗੂਆਂ ਅਤੇ ਕਾਰਕੁਨਾਂ ਨੇ ਪਾਲਾ ਬਦਲ ਲਿਆ। 2016 ਵਿਚ ਜਦੋਂ ਮਮਤਾ ਬੈਨਰਜੀ ਨੇ ਦੂਜੀ ਵਾਰ ਚੋਣਾਂ ਜਿੱਤੀਆਂ ਤਾਂ ਕਾਂਗਰਸ ਅਤੇ ਮਾਰਕਸਵਾਦੀ ਪਾਰਟੀ ਦੇ ਲੋਕਾਂ ਨੂੰ ਯਕੀਨ ਹੋ ਗਿਆ ਕਿ ਤ੍ਰਿਣਮੂਲ ਕਾਂਗਰਸ ਨੂੰ ਸੱਤਾ ਤੋਂ ਬਾਹਰ ਕਰਨਾ ਸੌਖਾ ਨਹੀਂ ਹੋਵੇਗਾ। ਇਸ ਲਈ ਮਮਤਾ ਬੈਨਰਜੀ ਦੀ ਬਣਾਈ ਹੋਈ ਰਣਨੀਤੀ ਤੇਜ਼ੀ ਨਾਲ ਸਫਲ ਹੋਣ ਲੱਗੀ। 2018 ਵਿਚ ਪੰਚਾਇਤ ਚੋਣਾਂ ਦੌਰਾਨ ਮਮਤਾ ਬੈਨਰਜੀ ਨੇ ਤਾਕਤ ਦੇ ਦਮ 'ਤੇ ਇਕ-ਤਿਹਾਈ ਸੀਟਾਂ ਬਿਨਾ ਕਿਸੇ ਮੁਕਾਬਲੇ ਦੇ ਜਿੱਤ ਲਈਆਂ। ਇਉਂ ਉਨ੍ਹਾਂ ਭਰੋਸਾ ਕਾਇਮ ਕਰ ਲਿਆ ਕਿ ਕਾਂਗਰਸ ਅਤੇ ਮਾਰਕਸਵਾਦੀ ਪਾਰਟੀ ਕੋਲ ਉਨ੍ਹਾਂ ਖਿਲਾਫ ਸੰਘਰਸ਼ ਕਰਨ ਦੀ ਤਾਕਤ ਨਹੀਂ ਬਚੀ ਪਰ ਇਕ ਹੋਰ ਘਟਨਾ ਵਾਪਰੀ ਜਿਸ ਦਾ ਮਮਤਾ ਬੈਨਰਜੀ ਨੂੰ ਅੰਦਾਜ਼ਾ ਨਹੀਂ ਸੀ। ਸੂਬੇ ਦੀ ਰਾਜਨੀਤੀ ਵਿਚ ਨਵਾਂ ਖਿਡਾਰੀ ਆ ਗਿਆ ਜੋ ਬਹੁਤ ਅਭਿਲਾਸ਼ੀ, ਹਮਲਾਵਰ ਅਤੇ ਸਾਧਨ ਸੰਪੰਨ ਸੀ। ਇਹ ਸੀ ਭਾਜਪਾ। 2016 ਵਿਚ ਉਸ ਨੂੰ ਸਿਰਫ 3 ਸੀਟਾਂ ਅਤੇ 10 ਫੀਸਦੀ ਵੋਟ ਮਿਲੇ ਸਨ ਪਰ 2018 ਦੀਆਂ ਪੰਚਾਇਤ ਚੋਣਾਂ ਤੋਂ ਬਾਅਦ ਉਹ ਸਾਰੇ ਕਾਂਗਰਸੀ ਅਤੇ ਮਾਰਕਸਵਾਦੀ ਭਾਜਪਾ ਵਿਚ ਚਲੇ ਗਏ ਜੋ ਤ੍ਰਿਣਮੂਲ ਕਾਂਗਰਸ ਵਿਚ ਨਹੀਂ ਸਨ ਜਾਣਾ ਚਾਹੁੰਦੇ। ਇਸ ਨਾਲ ਭਾਜਪਾ ਨੂੰ ਜ਼ਬਰਦਸਤ ਉਭਾਰ ਮਿਲਿਆ ਅਤੇ 2019 ਦੀਆਂ ਲੋਕ ਸਭਾ ਚੋਣਾਂ ਵਿਚ ਉਹ 40 ਫੀਸਦੀ ਵੋਟਾਂ, 18 ਲੋਕ ਸਭਾ ਸੀਟਾਂ ਅਤੇ ਤਕਰੀਬਨ ਸਵਾ ਸੌ ਵਿਧਾਨ ਸਭਾ ਸੀਟਾਂ ਵਿਚ ਲੀਡ ਬਣਾਉਣ ਵਾਲੀ ਪਾਰਟੀ ਬਣ ਗਈ। ਹੁਣ ਮਮਤਾ ਬੈਨਰਜੀ ਚਾਹੁੰਦੀ ਹੈ ਕਿ ਉਹ ਭਾਜਪਾ ਨੂੰ ਵੀ ਉਸੇ ਘਾਟ ਉਤਾਰ ਦੇਵੇ ਜਿਸ 'ਤੇ ਉਨ੍ਹਾਂ ਕਾਂਗਰਸ ਅਤੇ ਮਾਰਕਸਵਾਦੀ ਪਾਰਟੀ ਨੂੰ ਉਤਾਰਿਆ ਸੀ।

ਮਮਤਾ ਵਿਰੁੱਧ ਭਾਜਪਾ ਦੀ ਰਣਨੀਤੀ ਵੀ ਇਹੀ ਸੀ। ਕਾਂਗਰਸ ਤੇ ਮਾਰਕਸੀ ਪਾਰਟੀਆਂ ਦੀਆਂ ਸ਼ਕਤੀਆਂ ਖਿੱਚਣ ਤੋਂ ਬਾਅਦ ਉਸ ਨੇ ਪ੍ਰਚਾਰ ਦੇ ਦਮ 'ਤੇ ਹਵਾ ਬਣਾਈ ਅਤੇ ਤ੍ਰਿਣਮੂਲ ਕਾਂਗਰਸ ਦੇ ਬਹੁਤ ਸਾਰੇ ਕਾਰਕੁਨਾਂ ਨੂੰ ਯਕੀਨ ਦਿਵਾਇਆ ਕਿ ਉਹ ਮਮਤਾ ਦਾ ਤਖਤਾ ਪਲਟ ਸਕਦੀ ਹੈ। ਲੋਕ ਸਭਾ ਚੋਣਾਂ ਦੌਰਾਨ ਤਸਵੀਰ ਇਹ ਸਾਹਮਣੇ ਆਈ ਕਿ ਭਾਜਪਾ ਦਫਤਰ ਦੇ ਸਾਹਮਣੇ ਮੈਂਬਰਸ਼ਿਪ ਲੈਣ ਵਾਲਿਆਂ ਦੀਆਂ ਲਾਈਨਾਂ ਲੱਗ ਗਈਆਂ। ਇਹ ਲੋਕ ਕਾਂਗਰਸ ਅਤੇ ਮਾਰਕਸਵਾਦੀ ਪਾਰਟੀ ਦੇ ਸਨ ਪਰ ਇਹ ਤਸਵੀਰਾਂ ਤ੍ਰਿਣਮੂਲ ਕਾਂਗਰਸ ਦੇ ਕਾਰਕੁਨਾਂ ਨੇ ਵੀ ਦੇਖੀਆਂ। ਸਿੱਟੇ ਵਜੋਂ ਮਮਤਾ ਬੈਨਰਜੀ ਦੀ ਪਾਰਟੀ ਦੇ ਲੋਕ ਵੀ ਭਾਜਪਾ ਵਿਚ ਜਾਣ ਲੱਗੇ। ਵੱਡੇ ਪੈਮਾਨੇ 'ਤੇ ਦਲ-ਬਦਲ ਹੋਇਆ ਪਰ ਮਮਤਾ ਨੇ ਚੋਣਾਂ ਜਿੱਤ ਕੇ ਇਸ ਸਥਿਤੀ ਨੂੰ ਪਲਟ ਦਿੱਤਾ ਹੈ। ਜੋ ਭਾਜਪਾ ਉਨ੍ਹਾਂ ਨਾਲ ਕਰ ਰਹੀ ਸੀ, ਉਹੀ ਮਮਤਾ ਹੁਣ ਭਾਜਪਾ ਨਾਲ ਕਰ ਰਹੀ ਹੈ।

ਭਾਜਪਾ ਕੋਲ ਪੱਛਮੀ ਬੰਗਾਲ ਵਿਚ ਸੂਬਾਈ ਪੱਧਰ ਦਾ ਆਗੂ ਨਹੀਂ ਹੈ। ਦਿਲੀਪ ਘੋਸ਼ ਦੀ ਹਾਲਤ ਇਹ ਹੈ ਕਿ ਸੰਸਦ ਮੈਂਬਰ ਬਣਨ ਤੋਂ ਬਾਅਦ ਉਹ ਆਪਣੀ ਵਿਧਾਨ ਸਭਾ ਸੀਟ ਵੀ ਜਿੱਤ ਸਕੇ। ਉਹ ਸੰਘ ਦੇ ਪ੍ਰਚਾਰਕ ਰਹੇ ਹਨ, ਨੇਤਾ ਨਹੀਂ। ਮਿਥੁਨ ਚੱਕਰਵਰਤੀ ਹਾਰੇ ਹੋਏ ਸਾਬਤ ਹੋਏ। ਉਨ੍ਹਾਂ ਦਾ ਡਾਇਲਾਗ ਕਿ 'ਮੈਂ ਕੋਬਰਾ ਹੂੰ' ਮਜ਼ਾਕ ਬਣ ਗਿਆ। ਸੌਰਵ ਗਾਂਗੁਲੀ ਨੇ ਦਿਮਾਗ ਤੋਂ ਕੰਮ ਲਿਆ ਅਤੇ ਭਾਜਪਾ ਵਿਚ ਜਾਣ ਤੋਂ ਪਾਸਾ ਵੱਟ ਲਿਆ। ਕੈਲਾਸ਼ ਵਿਜੈਵਰਗੀ ਅਤੇ ਦਿਲੀਪ ਘੋਸ਼ ਜੇਕਰ ਇਹ ਚਾਹੁੰਦੇ ਹਨ ਕਿ ਰਾਜਪਾਲ ਦੀ ਮਦਦ ਨਾਲ ਵਿਰੋਧੀ ਧਿਰ ਦੀ ਰਾਜਨੀਤੀ ਕਰ ਕੇ ਉਹ ਆਪਣੀ ਪਾਰਟੀ ਦੇ ਨੇਤਾਵਾਂ ਅਤੇ ਕਾਰਕੁਨਾਂ ਨੂੰ ਤ੍ਰਿਣਮੂਲ ਕਾਂਗਰਸ ਵਿਚ ਜਾਣ ਤੋਂ ਰੋਕ ਸਕਦੇ ਹਨ, ਤਾਂ ਉਹ ਗਲਤਫਹਿਮੀ ਵਿਚ ਹਨ। ਇਸੇ ਤਰ੍ਹਾਂ ਵਿਜੈਵਰਗੀ ਦਾ ਇਹ ਵਿਚਾਰ ਕਿ ਸੂਬੇ ਵਿਚ ਛੇਤੀ ਹੀ ਰਾਸ਼ਟਰਪਤੀ ਸ਼ਾਸਨ ਲੱਗਣ ਵਾਲਾ ਹੈ, ਉਨ੍ਹਾਂ ਦੇ ਕਾਰਕੁਨਾਂ ਨੂੰ ਭਰੋਸਾ ਨਹੀਂ ਦੇ ਸਕਦਾ। ਭਾਜਪਾ ਨੂੰ ਭਰੋਸੇਯੋਗ ਅਤੇ ਆਕਰਸ਼ਕ ਬੰਗਾਲੀ ਚਿਹਰਾ ਚਾਹੀਦਾ ਹੈ ਜਿਸ ਨੂੰ ਮਮਤਾ ਬੈਨਰਜੀ ਦੀ ਸ਼ਕਤੀਸ਼ਾਲੀ ਸ਼ਖਸੀਅਤ ਵਿਰੁੱਧ ਖੜ੍ਹਾ ਕੀਤਾ ਜਾ ਸਕੇ। ਜਦੋਂ ਤੱਕ ਉਹ ਅਜਿਹਾ ਨਹੀਂ ਕਰੇਗੀ, ਉਸ ਦੀਆਂ ਰਾਜਨੀਤਕ ਯੋਜਨਾਵਾਂ ਸਿਰੇ ਨਹੀਂ ਚੜ੍ਹਨਗੀਆਂ।

# ਭਰਮ ਦੇ ਗੁਬਾਰਿਆਂ 'ਤੇ ਚੜ੍ਹੀ ਚੌਧਰ ਦੀ ਭੁੱਖੀ ਲੀਡਰਸ਼ਿਪ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਭਾਰਤ ਦੇਸ਼ ਕਦੇ ਵੀ ਮਾੜਾ ਨਹੀਂ ਸੀ, ਅੱਜ ਵੀ ਮਾੜਾ ਨਹੀਂ, ਸਿਰਫ ਇਸ ਨੂੰ ਲੀਡਰਸ਼ਿਪ ਮਾੜੀ ਮਿਲਦੀ ਰਹੀ ਸੀ ਅਤੇ ਅੱਜ ਵੀ ਇਸੇ ਤਰ੍ਹਾਂ ਦੀ ਲੀਡਰਸ਼ਿਪ ਇਸ ਨੂੰ ਚਲਾ ਰਹੀ ਹੈ। ਕਦੀ ਇਹ ਦੇਸ਼ ਸੋਨੇ ਦੀ ਚਿੜੀ ਮੰਨਿਆ ਜਾਂਦਾ ਸੀ, ਅੱਜ ਇਸ ਦੀ ਗਰੀਬੀ, ਭੁੱਖਮਰੀ ਅਤੇ ਆਰਥਿਕ ਪੱਖੋਂ ਪਛੇਤ ਦੀਆਂ ਗੱਲਾਂ ਦੀ ਚਰਚਾ ਸੰਸਾਰ ਵਿਚ ਹੁੰਦੀਆਂ ਹਨ। ਦੇਸ਼ ਦੀ ਅਗਵਾਈ ਕਰਨ ਵਾਲੀ ਟੀਮ ਆਪਣੇ ਲੋਕਾਂ ਦਾ ਧਿਆਨ ਸਮੱਸਿਆਵਾਂ ਵੱਲ ਜਾਣ ਤੋਂ ਰੋਕਣ ਲਈ ਉਨ੍ਹਾਂ ਨੂੰ ਅਜਿਹੇ ਸੁਫਨੇ ਵਿਖਾ ਕੇ ਬੁੱਤਾ ਸਾਰਨਾ ਚਾਹੁੰਦੀ ਹੈ, ਜਿਨ੍ਹਾਂ ਦੀ ਕੋਈ ਹਕੀਕਤ ਹੀ ਨਹੀਂ। ਅੰਕੜਿਆਂ ਦੀ ਜਾਦੂਗਰੀ ਕਰਨ ਵਾਲੇ ਬਹੁਤ ਸਾਰੇ ਮਾਹਰ ਦਿੱਲੀ ਵਿਚ ਪ੍ਰਧਾਨ ਮੰਤਰੀ ਦੀ ਸੇਵਾ ਵਾਸਤੇ ਬੈਠੇ ਹਨ ਅਤੇ ਉਨ੍ਹਾਂ ਦੀ ਵੇਖੋ-ਵੇਖੀ ਰਾਜਾਂ ਵਿਚ ਵੀ ਅਜਿਹੇ ਚਾਪਲੂਸ ਮਾਹਰ ਰੱਖਣ ਦਾ ਅਮਲ ਚੱਲ ਪਿਆ ਹੈ। ਮੁੱਖ ਮੰਤਰੀਆਂ ਨੂੰ ਕੰਮ ਕਰਨ ਦੀ ਲੋੜ ਨਹੀਂ, ਉਹ ਕੰਮ ਕਰ ਦਿੱਤੇ ਹੋਣ ਦਾ ਭਰਮ ਪਾਉਣ ਦੀ ਲੋੜ ਰਹਿੰਦੀ ਹੈ, ਜਿਹੜੇ ਕੰਮ ਲੋਕਾਂ ਨੂੰ ਆਸੇ-ਪਾਸੇ ਹੋਏ ਨਹੀਂ ਦਿੱਸਦੇ, ਪਰ ਮੁੱਖ ਮੰਤਰੀ ਦੇ ਪੱਕੇ ਵਫਦਾਰਾਂ ਦੇ ਮੂੰਹੋਂ ਸੁਣੇ ਜਾ ਸਕਦੇ ਹਨ। ਭਾਰਤ ਦੇ ਸਾਰੇ ਰਾਜਾਂ ਵਿਚ ਇਹੋ ਹੁੰਦਾ ਨਜ਼ਰ ਪੈਂਦਾ ਹੈ, ਸਮੇਤ ਸਾਡੇ ਪੰਜਾਬ ਦੇ। ਭਰਮ ਦੇ ਇਹੋ ਜਿਹੇ ਗੁਬਾਰੇ ਕਦੀ ਅਸਲੀ ਅਸਮਾਨ ਨਹੀਂ ਗਾਹ ਸਕਦੇ।

ਜਿਹੜੇ ਭਰਮ ਦੇ ਗੁਬਾਰੇ ਭਾਰਤ ਦੀ ਕੇਂਦਰ ਸਰਕਾਰ ਅਤੇ ਰਾਜ ਸਰਕਾਰਾਂ ਉਡਾਉਣ ਦੇ ਯਤਨ ਕਰ ਰਹੀਆਂ ਸਨ ਤੇ ਉਨ੍ਹਾਂ ਨੂੰ ਬੜਾ ਵਹਿਮ ਸੀ ਕਿ ਲੋਕਾਂ ਨੂੰ ਪਤਾ ਨਹੀਂ, ਅੱਜ ਉਨ੍ਹਾਂ ਦੀ ਫੂਕ ਨਿਕਲਣ ਲੱਗ ਪਈ ਹੈ। ਇਸ ਦੀ ਸ਼ੁਰੂਆਤ ਬਿਹਾਰ ਤੋਂ ਹੋਈ ਹੈ, ਜਿੱਥੇ 'ਸੁਸ਼ਾਸਨ ਬਾਬੂ' ਨਿਤੀਸ਼ ਕੁਮਾਰ ਆਪਣੀ ਪਾਰਟੀ ਦੀਆਂ ਵਿਧਾਨ ਸਭਾ ਸੀਟਾਂ ਘੱਟ ਹੋਣ ਕਰ ਕੇ ਵੱਧ ਵਿਧਾਇਕਾਂ ਵਾਲੀ ਭਾਜਪਾ ਦੇ ਆਸਰੇ ਮੁੱਖ ਮੰਤਰੀ ਹੈ। 'ਸ਼ਾਸਨ' ਰਾਜ-ਪ੍ਰਬੰਧ ਨੂੰ ਕਿਹਾ ਜਾਂਦਾ ਹੈ ਤੇ 'ਸੁਸ਼ਾਸਨ' ਦਾ ਅਰਥ ਸੁਥਰਾ ਰਾਜ-ਪ੍ਰਬੰਧ ਹੁੰਦਾ ਹੈ। ਨਿਤੀਸ਼ ਕੁਮਾਰ ਨੂੰ ਦੇਸ਼ ਵਿਚ 'ਸੁਸ਼ਾਸਨ ਬਾਬੂ' ਵਜੋਂ ਪ੍ਰਚਾਰਿਆ ਜਾਂਦਾ ਹੈ ਤੇ ਉਸ ਦੇ ਸੁਸ਼ਾਸਨ ਦਾ ਨਮੂਨਾ ਇਸ ਹਫਤੇ ਹਾਈ ਕੋਰਟ ਦੇ ਹੁਕਮ ਨਾਲ ਲੋਕਾਂ ਸਾਹਮਣੇ ਨੰਗਾ ਹੋ ਗਿਆ ਹੈ। ਕਰੋਨਾ ਨਾਲ ਹੁੰਦੀਆਂ ਮੌਤਾਂ ਦੇ ਪੱਖ ਤੋਂ ਬਿਹਾਰ ਬੀਤੀ ਨੌਂ ਜੂਨ ਤੱਕ ਸਤਾਰ੍ਹਵੇਂ ਨੰਬਰ ਉੱਤੇ ਸੀ, ਦਸ ਜੂਨ ਨੂੰ ਇੱਕਦਮ ਬਾਰ੍ਹਵੇਂ ਨੰਬਰ ਉੱਤੇ ਆ ਗਿਆ। ਉਸ ਰਾਜ ਵਿਚ ਇੱਕ ਦਿਨ ਪਹਿਲਾਂ ਸਵਾ ਸਾਲ ਦੌਰਾਨ ਹੋਈਆਂ ਮੌਤਾਂ ਦੀ ਗਿਣਤੀ ਚੁਰੰਜਾ ਸੌ ਚੌਵੀ ਤੱਕ ਸੀ, ਪਰ ਉਸ ਦਿਨ ਵਧ ਕੇ ਤਿਰਾਨਵੇਂ ਸੌ ਪਝੱਤਰ ਹੋ ਗਈ। ਇੱਕੋ ਦਿਨ ਇਸ ਰਾਜ ਵਿਚ ਉਨਤਾਲੀ ਸੌ ਚੁਰੰਜਾ ਮੌਤਾਂ ਨਹੀਂ ਸਨ ਹੋਈਆਂ, ਹਾਈ ਕੋਰਟ ਦੇ ਹੁਕਮ ਉੱਤੇ ਗੁਨਾਹ ਮੰਨਣਾ ਪਿਆ ਸੀ ਕਿ ਪਹਿਲਾਂ ਮੌਤਾਂ ਵੱਧ ਹੁੰਦੀਆਂ ਰਹੀਆਂ ਸਨ ਤੇ ਰਿਕਾਰਡ ਵਿਚ ਘੱਟ ਦਰਜ ਕਰਦੇ ਰਹੇ ਸਨ।

ਰਾਜਧਾਨੀ ਵਾਲੇ ਸ਼ਹਿਰ ਪਟਨਾ ਵਿਚ ਪੌਣੇ ਗਿਆਰਾਂ ਸੌ ਮੌਤਾਂ ਉਨ੍ਹਾਂ ਲੋਕਾਂ ਦੀਆਂ ਪਤਾ ਲੱਗੀਆਂ, ਜਿਹੜੇ ਮਰੇ ਤਾਂ ਕਰੋਨਾ ਨਾਲ ਸਨ, ਪਰ ਉਸ ਖਾਤੇ ਵਿਚ ਦਰਜ ਨਹੀਂ ਸਨ ਕੀਤੇ ਗਏ। ਜਦੋਂ ਹਾਈ ਕੋਰਟ ਨੇ ਪਿਛਲੇ ਮਹੀਨੇ ਗੰਗਾ ਨਦੀ ਵਿਚਲੀਆਂ ਲਾਸ਼ਾਂ ਬਾਰੇ ਬਿਹਾਰ ਸਰਕਾਰ ਦੇ ਵੱਖ-ਵੱਖ ਅਫਸਰਾਂ ਦੇ ਆਪਸ ਵਿਚ ਵਖਰੇਵੇਂ ਵਾਲੇ ਦਾਅਵਿਆਂ ਦੇ ਬਾਅਦ ਕਰੋਨਾ ਨਾਲ ਹੋਈਆਂ ਕੁੱਲ ਮੌਤਾਂ ਦਾ ਆਡਿਟ ਕਰਨ ਲਈ ਕਿਹਾ ਤਾਂ ਅਠਾਈ ਦਿਨਾਂ ਦੇ ਆਡਿਟ ਮਗਰੋਂ ਇਹ ਅੰਕੜੇ ਪੇਸ਼ ਕਰ ਕੇ ਬਿਹਾਰ ਸਰਕਾਰ ਨੂੰ ਮੰਨਣਾ ਪਿਆ ਕਿ ਮੌਤਾਂ ਲੁਕਾਈਆਂ ਗਈਆਂ ਸਨ। ਭਾਰਤ ਦਾ ਇਹ ਇਕੱਲਾ ਰਾਜ ਨਹੀਂ, ਜਿੱਥੇ ਮੌਤਾਂ ਦੇ ਅੰਕੜੇ ਏਦਾਂ ਲੁਕਾਏ ਗਏ ਹਨ, ਗੁਜਰਾਤ, ਉੱਤਰ ਪ੍ਰਦੇਸ਼ ਤੇ ਕਈ ਹੋਰ ਰਾਜਾਂ ਵਿਚ ਵੀ ਇਹੋ ਕੁਝ ਹੋਇਆ ਹੈ, ਜਿਨ੍ਹਾਂ ਵਿਚ ਪੰਜਾਬ ਵੀ ਸ਼ਾਮਲ ਹੈ ਅਤੇ ਅਸੀਂ ਇਸ ਬਾਰੇ ਦੋ ਹਫਤੇ ਪਹਿਲਾਂ ਹੀ ਲਿਖ ਦਿੱਤਾ ਸੀ ਕਿ ਅਸਲੀ ਤਸਵੀਰ ਕੁਝ ਹੋਰ ਹੈ, ਪੇਸ਼ ਕੁਝ ਹੋਰ ਕੀਤੀ ਜਾ ਰਹੀ ਹੈ।

ਦੂਸਰਾ ਮਾਮਲਾ ਉਸ ਉੱਤਰਾ ਖੰਡ ਦੇ ਰਾਜ ਤੋਂ ਉੱਭਰਿਆ ਹੈ, ਜਿੱਥੇ ਨਿਰੋਲ ਭਾਜਪਾ ਦੀ ਸਰਕਾਰ ਹੈ। ਇਸ ਸਾਲ ਉਥੇ ਜਦੋਂ ਕੁੰਭ ਮੇਲਾ ਚੱਲ ਰਿਹਾ ਸੀ ਤਾਂ ਹਰ ਥਾਂ ਦੁਹਾਈ ਪੈ ਗਈ ਕਿ ਦੇਸ਼ ਵਿਚ ਕਰੋਨਾ ਮਹਾਮਾਰੀ ਦੀ ਦੂਸਰੀ ਲਹਿਰ ਚੱਲ ਪਈ ਹੈ, ਇਸ ਮੌਕੇ ਮੇਲੇ ਵਿਚ ਬਹੁਤੀ ਭੀੜ ਨਾ ਕਰੋ। ਕੇਂਦਰ ਸਰਕਾਰ ਵੀ ਅਤੇ ਉੱਤਰਾ ਖੰਡ ਵਾਲੀ ਵੀ ਇਹੋ ਕਹਿੰਦੀਆਂ ਰਹੀਆਂ ਕਿ ਮਹਾਮਾਈ ਗੰਗਾ ਦੇ ਚਰਨਾਂ ਵਿਚ ਜਾਂਦੀ ਭੀੜ ਲਈ ਕੋਈ ਖਤਰਾ ਨਹੀਂ, ਪਰ ਕਰੋਨਾ ਨਾਲ ਜਦੋਂ ਤਿੰਨ ਵੱਡੇ ਸੰਤਾਂ ਦੀ ਮੌਤ ਹੋ ਗਈ ਤਾਂ ਸਰਕਾਰ ਨੇ ਮੇਲਾ ਸਮੇਟਣਾ ਅਰੰਭ ਕਰ ਦਿੱਤਾ। ਉਸ ਦਿਨ ਤੱਕ ਉਥੇ ਆਏ ਲੋਕਾਂ ਵਿਚ ਬਿਮਾਰੀ ਕਾਫੀ ਫੈਲ ਗਈ ਹੋਣ ਦੀ ਚਰਚਾ ਚੱਲ ਪਈ ਸੀ, ਪਰ ਸਰਕਾਰ ਨੇ ਇਹ ਦਲੀਲ ਦੇ ਕੇ ਭਾਰਤ ਦੇ ਲੋਕਾਂ ਨੂੰ ਭੁਚਲਾਉਣਾ ਚਾਹਿਆ ਕਿ ਇਥੇ ਆਉਣ ਵਾਲੇ ਸਾਰੇ ਲੋਕਾਂ ਲਈ ਕੋਵਿਡ-19 ਦੇ ਟੈੱਸਟ ਕਰਨ ਦਾ ਪ੍ਰਬੰਧ ਕੀਤਾ ਗਿਆ ਹੈ, ਜਿਸ ਲਈ ਲੈਬਾਰਟਰੀਆਂ ਨੂੰ ਸਰਕਾਰ ਖਰਚਾ ਦੇ ਰਹੀ ਹੈ।

ਮੇਲਾ ਮੁੱਕਣ ਮਗਰੋਂ ਪੰਜਾਬ ਦੇ ਫਰੀਦਕੋਟ ਜਿਲੇ ਦੇ ਇੱਕ ਵਿਅਕਤੀ ਨੂੰ ਮੋਬਾਈਲ ਫੋਨ ਉੱਤੇ ਕਰੋਨਾ ਦਾ ਟੈੱਸਟ ਹੋਣ ਦਾ ਮੈਸੇਜ ਆ ਗਿਆ। ਉਸ ਨੇ ਭਾਰਤ ਸਰਕਾਰ ਦੀ ਮੈਡੀਕਲ ਖੋਜ ਕੌਂਸਲ ਨੂੰ ਸ਼ਿਕਾਇਤ ਕਰ ਦਿੱਤੀ ਕਿ ਮੈਂ ਤਾਂ ਇਹ ਟੈੱਸਟ ਕਰਵਾਇਆ ਨਹੀਂ, ਮੈਨੂੰ ਮੈਸੇਜ ਦੇਣ ਬਾਰੇ ਜਾਂਚ ਕੀਤੀ ਜਾਣੀ ਚਾਹੀਦੀ ਹੈ। ਜਾਂਚ ਸ਼ੁਰੂ ਕੀਤੀ ਗਈ ਤਾਂ ਪਹਿਲੇ ਹਫਤੇ ਹੀ ਖਬਰ ਮਿਲ ਗਈ ਕਿ ਏਦਾਂ ਦੇ ਕਰੀਬ ਇੱਕ ਲੱਖ ਕੇਸ ਮਿਲੇ ਹਨ, ਜਿਹੜੇ ਲੋਕ ਉਥੇ ਗਏ ਨਹੀਂ ਸਨ, ਪਰ ਉਨ੍ਹਾਂ ਦੇ ਕਾਗਜ਼ੀ ਟੈੱਸਟ ਕਰ ਕੇ ਐਵੇਂ ਨੰਬਰ ਭਰਨ ਨਾਲ ਉਨ੍ਹਾਂ ਨੂੰ ਮੈਸੇਜ ਜਾ ਰਹੇ ਸਨ। ਇਸ ਪਿੱਛੋਂ ਕੁੰਭ ਮੇਲੇ ਦੇ ਟੈੱਸਟਾਂ ਦੀ ਵਿਸਥਾਰਤ ਜਾਂਚ ਕੀਤੀ ਜਾਣ ਲੱਗੀ ਹੈ, ਪਰ ਸਵਾਲ ਉੱਠ ਖੜੋਤਾ ਹੈ ਕਿ ਏਦਾਂ ਕਰਨ-ਕਰਾਉਣ ਦਾ ਜ਼ਿੰਮੇਵਾਰ ਕੌਣ ਹੈ? ਸਰਕਾਰ ਕਹਿੰਦੀ ਹੈ ਕਿ ਏਦਾਂ ਦੀ ਠੱਗੀ ਕਰਨ ਵਾਲੀਆਂ ਲੈਬਾਰਟਰੀਆਂ ਦੀ ਰਕਮ ਦੀ ਅਦਾਇਗੀ ਰੋਕ ਲਈ ਹੈ, ਪਰ ਇਹ ਕੰਮ ਕੋਈ ਲੈਬਾਰਟਰੀ ਆਪਣੇ ਸਿਰ ਉੱਤੇ ਕਿਸੇ ਵੱਡੇ ਬੰਦੇ ਦਾ ਹੱਥ ਹੋਣ ਤੋਂ ਬਿਨਾ ਕਰ ਹੀ ਨਹੀਂ ਸਕਦੀ, ਆਖਰ ਉਨ੍ਹਾਂ ਵੱਡੇ ਬੰਦਿਆਂ ਨੂੰ ਕੌਣ ਹੱਥ ਪਾਵੇਗਾ?

ਸਾਡਾ ਦਾਅਵਾ ਹੈ ਕਿ ਏਦਾਂ ਦੀ ਜਾਂਚ ਸਾਰੇ ਭਾਰਤ ਦੇ ਰਾਜਾਂ ਵਿਚ ਕੀਤੀ ਜਾਵੇ ਤਾਂ ਕਰੋਨਾ ਦੀ ਮਾਰ ਨਾਲ ਭਾਰਤ ਵਿਚ ਹੋਈਆਂ ਮੌਤਾਂ ਦਾ ਕੁੱਲ ਅੰਕੜਾ ਬਹੁਤ ਵਧ ਜਾਵੇਗਾ, ਪਰ ਇਹ ਜਾਂਚ ਕੋਈ ਕਰਵਾਏਗਾ ਨਹੀਂ। ਕਾਰਨ ਇਸ ਦਾ ਇਹ ਹੈ ਕਿ ਇਸ ਵਕਤ ਭਾਰਤ ਦੀ ਸਰਕਾਰ ਲੋਕਾਂ ਨੂੰ ਭਰਮ ਦੀ ਜ਼ਿੰਦਗੀ ਜਿਉਣਾ ਸਿਖਾਉਣ ਦੇ ਯਤਨ ਕਰ ਰਹੀ ਹੈ ਤੇ ਏਦਾਂ ਦੇ ਯਤਨਾਂ ਵਿਚ ਅਸਲੀ ਅੰਕੜਿਆਂ ਦਾ ਦਖਲ ਸੁਫਨੇ ਦਾ ਸੱਤਿਆਨਾਸ ਕਰ ਦੇਵੇਗਾ। ਕੇਂਦਰ ਦੀ ਇਸ ਸਰਕਾਰ ਦੇ ਇੱਕ ਮੰਤਰੀ ਨੇ, ਜਿਹੜਾ ਖੁਦ ਐਲੋਪੈਥੀ ਦਾ ਸਿਆਣਾ ਡਾਕਟਰ ਮੰਨਿਆ ਜਾਂਦਾ ਹੈ, ਹਰਦੁਆਰ ਪਹੁੰਚ ਕੇ ਰਾਮਦੇਵ ਦੀ ਪਤੰਜਲੀ ਕੰਪਨੀ ਦੀ ਉਹ ਦਵਾਈ ਲਾਂਚ ਕਰਨ ਦੀ ਜ਼ਿੰਮੇਵਾਰੀ ਨਿਭਾਈ, ਜਿਹੜੀ ਉਸ ਨੇ ਕਰੋਨਾ ਦੇ ਇਲਾਜ ਵਾਲੀ ਕਹੀ ਸੀ, ਪਰ ਦੂਸਰੇ ਦਿਨ ਇਹ ਮੰਨ ਲਿਆ ਸੀ ਕਿ ਇਹ ਕਰੋਨਾ ਦੇ ਇਲਾਜ ਦੀ ਦਵਾਈ ਨਹੀਂ। ਰਾਮਦੇਵ ਦੋਗਲੀ ਸੋਚ ਵਾਲਾ ਚਲਾਕ ਕਾਰੋਬਾਰੀ ਹੈ। ਉਸ ਨੇ ਇੱਕ ਸਮਾਗਮ ਵਿਚ ਕਿਹਾ ਸੀ ਕਿ ਮੈਂ ਯੋਗ ਨਾਲ ਹਰ ਰੋਗ ਦੂਰ ਕਰ ਸਕਦਾ ਹਾਂ। ਉਸ ਸਮਾਗਮ ਵਿਚ ਵਿਅੰਗਕਾਰ ਸੁਰਿੰਦਰ ਸ਼ਰਮਾ ਨੇ ਇੱਕੋ ਸਵਾਲ ਪੁੱਛਿਆ ਸੀ, ਜਿਸ ਦਾ ਜਵਾਬ ਅੱਜ ਤੱਕ ਵੀ ਕਦੇ ਨਹੀਂ ਮਿਲਿਆ। ਸੁਰਿੰਦਰ ਸ਼ਰਮਾ ਨੇ ਪੁੱਛਿਆ ਸੀ ਕਿ 'ਬਾਬਾ, ਜੇ ਯੋਗ ਨਾਲ ਹਰ ਰੋਗ ਦੂਰ ਹੋ ਸਕਦਾ ਹੈ ਤਾਂ ਤੁਸੀਂ ਦਵਾਈਆਂ ਦੇ ਕਾਰਖਾਨੇ ਕਿਉਂ ਲਾਉਂਦੇ ਅਤੇ ਟੀ. ਵੀ. ਚੈਨਲਾਂ ਉੱਤੇ ਉਨ੍ਹਾਂ ਦੀ ਮਸ਼ਹੂਰੀ ਕਿਉਂ ਕਰਦੇ ਹੋ?'

ਕਮਾਈ ਦੇ ਇਸ ਕਾਰੋਬਾਰ ਦਾ ਸੱਚ ਨੰਗਾ ਹੁੰਦਾ ਵੇਖ ਕੇ ਬਾਬਾ ਚੁੱਪ ਹੋ ਗਿਆ, ਪਰ ਰਾਮਦੇਵ ਦੇ ਪਿੱਛੇ ਖੜੀ ਭਾਜਪਾ ਅੱਜ ਵੀ ਰਾਮਦੇਵ ਦੇ ਕਾਰੋਬਾਰ ਨੂੰ ਪ੍ਰਫੁੱਲਤ ਕਰਨ ਲਈ ਸਰਕਾਰੀ ਸਾਧਨਾਂ ਦੀ ਦੁਰਵਰਤੋਂ ਕਰੀ ਜਾਂਦੀ ਹੈ। ਭਾਜਪਾ ਦੀਆਂ ਸਰਕਾਰਾਂ ਵਾਲੇ ਰਾਜਾਂ ਦੇ ਲੋਕਾਂ ਨੂੰ ਕਰੋਨਾ ਦੀਆਂ ਕਿੱਟਾਂ ਦੇਣ ਲਈ ਰਾਮਦੇਵ ਦੀ ਪਤੰਜਲੀ ਪੀਠ ਦਾ ਮਾਲ ਖਰੀਦ ਕੇ ਦਿੱਤਾ ਜਾਂਦਾ ਹੈ। ਭਾਜਪਾ ਦੇ ਹੇਮਾ ਮਾਲਿਨੀ ਵਰਗੇ ਪਾਰਲੀਮੈਂਟ ਮੈਂਬਰ ਤੇ ਹੋਰ ਆਗੂ ਕਹਿੰਦੇ ਹਨ ਕਿ ਕਰੋਨਾ ਨੂੰ ਭਜਾਉਣ ਲਈ ਵੱਧ ਤੋਂ ਵੱਧ ਹਵਨ ਕੀਤੇ ਜਾਣੇ ਚਾਹੀਦੇ ਹਨ ਅਤੇ ਕਈ ਸਾਧੂ ਤੇ ਸਾਧਵੀਆਂ ਇਹ ਪ੍ਰਚਾਰ ਕਰਦੇ ਹਨ ਕਿ ਗਊ ਮੂਤਰ ਨਾਲ ਕਰੋਨਾ ਤੋਂ ਛੁਟਕਾਰਾ ਮਿਲ ਜਾਵੇਗਾ। ਜੇ ਸਰਕਾਰ ਸਚਮੁੱਚ ਸੋਚਦੀ ਹੈ ਕਿ ਇਸ ਤਰ੍ਹਾਂ ਕਰਨ ਨਾਲ ਕਰੋਨਾ ਵਾਇਰਸ ਦੀ ਮਾਰ ਤੋਂ ਬਚਿਆ ਜਾ ਸਕਦਾ ਹੈ ਤਾਂ ਬਾਕੀ ਸਾਰਾ ਤਰੱਦਦ ਕਰਨ ਦੀ ਕੀ ਲੋੜ ਹੈ? ਇਹੋ ਕੰਮ ਕਰ ਲੈਣਾ ਚਾਹੀਦਾ ਹੈ।

ਅਸੀਂ ਲੋਕ ਉਦੋਂ ਬੜੇ ਖੁਸ਼ ਹੋਏ ਸਾਂ, ਜਦੋਂ ਇਹ ਪਤਾ ਲੱਗਾ ਸੀ ਕਿ ਸੰਸਾਰ ਵਿਚ ਕਰੋਨਾ ਦੇ ਇਲਾਜ ਲਈ ਸਭ ਤੋਂ ਪਹਿਲਾਂ ਜਿਹੜੀਆਂ ਤਿੰਨ ਦਵਾਈਆਂ ਬਣੀਆਂ, ਉਨ੍ਹਾਂ ਵਿਚੋਂ ਦੋ ਭਾਰਤੀ ਹਨ। ਇੱਕ ਦਵਾਈ ਕੋਵੀਸ਼ੀਲਡ ਠੀਕ ਰਹੀ ਹੈ, ਪਰ ਜਿਹੜੀ ਦੂਸਰੀ ਕੋਵੈਕਸਿਨ ਨੂੰ ਬਹੁਤ ਉਛਾਲਿਆ ਗਿਆ, ਉਸ ਦਾ ਰੇਟ ਵੀ ਕੋਵੀਸ਼ੀਲਡ ਤੋਂ ਵੱਧ ਪ੍ਰਵਾਨ ਕੀਤਾ ਗਿਆ, ਪਰ ਜਿਨ੍ਹਾਂ ਲੋਕਾਂ ਉਹ ਵੈਕਸੀਨ ਲਵਾਈ, ਉਹ ਪਛਤਾਉਂਦੇ ਹਨ। ਵਿਦੇਸ਼ ਜਾਣ ਵਾਸਤੇ ਜਦੋਂ ਉਹ ਹਵਾਈ ਅੱਡੇ ਉੱਤੇ ਜਾਂਦੇ ਹਨ ਤਾਂ ਪਤਾ ਲੱਗਦਾ ਹੈ ਕਿ ਇਸ ਦਵਾਈ ਨੂੰ ਸੰਸਾਰ ਸਿਹਤ ਸੰਗਠਨ ਡਬਲਿਊ. ਐਚ. ਓ. ਦੀ ਮਾਨਤਾ ਹੀ ਨਹੀਂ ਹੈ, ਇਸ ਕਰ ਕੇ ਇਸ ਵੈਕਸੀਨ ਵਾਲੇ ਲੋਕਾਂ ਨੂੰ ਬਹੁਤੇ ਦੇਸ਼ ਆਪਣੇ ਕੋਲ ਆਉਣ ਨਹੀਂ ਦਿੰਦੇ। ਜਦੋਂ ਇਸ ਦਵਾਈ ਨੂੰ ਬਹੁਤੇ ਦੇਸ਼ ਅੱਜ ਮਾਨਤਾ ਨਹੀਂ ਦੇ ਰਹੇ ਅਤੇ ਇਸ ਨੂੰ ਸੰਸਾਰ ਸਿਹਤ ਸੰਗਠਨ ਨੇ ਵੀ ਹਾਲੇ ਤੱਕ ਹਰੀ ਝੰਡੀ ਨਹੀਂ ਦਿੱਤੀ, ਉਸ ਨੂੰ ਭਾਰਤ ਦੇ ਲੋਕਾਂ ਨੂੰ ਲਾਉਣ ਦੀ ਮਨਜ਼ੂਰੀ ਭਾਰਤ ਸਰਕਾਰ ਨੇ ਬਿਨਾ ਸੋਚੇ ਦੇ ਦਿੱਤੀ ਹੈ। ਏਦਾਂ ਦੀ ਦਵਾਈ ਕੱਲ੍ਹ ਨੂੰ ਕਿਸੇ ਵਿਅਕਤੀ ਦਾ ਕੁਝ ਨੁਕਸਾਨ ਕਰ ਦੇਵੇ ਤਾਂ ਉਸ ਦੇ ਪਰਿਵਾਰ ਨੂੰ ਹਰਜਾਨਾ ਸ਼ਾਇਦ ਕੋਈ ਅਦਾਲਤ ਦਿਵਾ ਦੇਵੇਗੀ, ਪਰ ਪੀੜਤ ਪਰਿਵਾਰ ਨੂੰ ਉਨ੍ਹਾਂ ਦੇ ਆਪਣੇ ਪਿਆਰੇ ਜੀਅ ਦੇ ਜਾਣ ਕਾਰਨ ਭਾਵਨਾਤਮਕ ਘਾਟ ਦੀ ਭਰਪਾਈ ਕਿਹੜੀ ਅਦਾਲਤ ਜਾਂ ਸਰਕਾਰ ਕਰੇਗੀ? ਕੇਂਦਰ ਅਤੇ ਰਾਜਾਂ ਵਿਚਲੀਆਂ ਸਰਕਾਰਾਂ ਭਰਮ ਦੇ ਗੁਬਾਰੇ ਨੂੰ ਅਸਮਾਨ ਵਿਚ ਚੜ੍ਹਉਣ ਵਾਸਤੇ ਮਸਤ ਹਨ, ਉਨ੍ਹਾਂ ਕੋਲ ਇਹ ਗੱਲਾਂ ਸੋਚਣ ਜੋਗਾ ਵਕਤ ਵੀ ਨਹੀਂ ਜਾਪਦਾ।

ਇਹੋ ਕਾਰਨ ਹੈ ਕਿ ਭਾਰਤ ਤਰੱਕੀ ਕਰਦਾ ਜਾਪਦਾ ਹੈ, ਪਰ ਜਿਹੜੇ ਭਰਮ ਦੇ ਗੁਬਾਰੇ ਵਿਚ ਚੜ੍ਹਿਆ ਅਸਮਾਨਾਂ ਵਿਚ ਘੁੰਮਦਾ ਹੈ, ਉਹ ਇਸ ਨੂੰ ਕਿਤੇ ਪੁਚਾਉਣ ਨਹੀਂ ਲੱਗਾ। ਲੀਡਰਸ਼ਿਪ ਲਈ ਇਹ ਗੱਲ ਕੋਈ ਅਰਥ ਨਹੀਂ ਰੱਖਦੀ ਕਿ ਦੇਸ਼ ਕਿਤੇ ਪਹੁੰਚਦਾ ਹੈ ਜਾਂ ਨਹੀਂ ਅਤੇ ਇਸ ਦੇਸ਼ ਦੇ ਲੋਕ ਵੀ ਕਿਸੇ ਤਣ-ਪੱਤਣ ਲੱਗਣਗੇ ਜਾਂ ਨਹੀਂ, ਉਨ੍ਹਾਂ ਦਾ ਨਿਸ਼ਾਨਾ ਇੱਕੋ ਹੈ ਕਿ ਸਾਡੀ ਚੌਧਰ ਚਾਹੀਦੀ ਹੈ, ਤੇ ਚੌਧਰ ਦੀ ਇਸੇ ਭੁੱਖ ਨੇ ਇਸ ਦੇਸ਼ ਦਾ ਕੁਝ ਬਣਨ ਨਹੀਂ ਦੇਣਾ।

# ਹੱਕੀ ਕਿਸਾਨ ਅੰਦੋਲਨ ਅਤੇ ਅਣਖਾਂ ਭਰਿਆ ਵਿਰਸਾ

ਸਾਨੂੰ ਸਭ ਨੂੰ ਪਤਾ ਹੀ ਹੈ ਕਿ ਹਿੰਦੋਸਤਾਨ ਦੀ ਸਰਕਾਰ ਵਿਰੁੱਧ ਕਿਸਾਨ ਅੰਦੋਲਨ, ਜਨ ਅੰਦੋਲਨ ਦਾ ਰੂਪ ਧਾਰ ਚੁਕਾ ਹੈ। ਦਿੱਲੀ ਦੇ ਬਾਰਡਰਾਂ ਉੱਪਰ ਬੈਠੇ ਸੰਘਰਸ਼ਕਾਰੀ ਕਿਸਾਨਾਂ ਨੂੰ ਛੇ ਮਹੀਨਿਆਂ ਤੋਂ ਵੱਧ ਸਮਾਂ ਹੋ ਗਿਆ ਹੈ, ਪਰ ਜੇ ਸੂਬਾ ਪੱਧਰ 'ਤੇ ਦੇਖੀਏ ਤਾਂ ਕਿਸਾਨ ਸੰਘਰਸ਼ ਨੂੰ ਇੱਕ ਸਾਲ ਤੋਂ ਵੀ ਵੱਧ ਸਮਾਂ ਹੋ ਗਿਆ ਹੈ। 5 ਜੂਨ 2020 ਨੂੰ ਕੇਂਦਰ ਸਰਕਾਰ ਨੇ ਕਿਸਾਨਾਂ ਦੀਆਂ ਜਮੀਨਾਂ ਹਥਿਆਉਣ ਲਈ ਆਰਡੀਨੈਂਸ ਬਣਾਏ ਸਨ, ਜਿਨ੍ਹਾਂ ਨੂੰ ਧੱਕੇ ਨਾਲ 20 ਸਤੰਬਰ 2020 ਨੂੰ ਕਾਨੂੰਨੀ ਰੂਪ ਦਿੱਤਾ ਗਿਆ। ਇਨ੍ਹਾਂ ਤਿੰਨ ਕਾਲੇ ਕਾਨੂੰਨਾਂ ਦੇ ਵਿਰੋਧ ਵਿਚ ਅਤੇ ਕਿਸਾਨ ਵਲੋਂ ਪੈਦਾ ਕੀਤੀਆਂ ਜਾ ਰਹੀਆ ਫਸਲਾਂ ਲਈ ਘੱਟੋ ਘੱਟ ਮਦਦ ਕੀਮਤ (ਐਮ. ਐਸ. ਪੀ.) ਲਈ ਕਾਨੂੰਨ ਬਣਾਉਣ ਵਾਸਤੇ ਸੈਂਕੜੇ ਕਿਸਾਨਾਂ ਤੇ ਕਿਸਾਨੀ ਸਮਰਥਕ ਮਜ਼ਦੂਰਾਂ ਨੇ ਸੰਘਰਸ਼ ਦੇ ਹਵਨ-ਕੁੰਡ 'ਚ ਆਪਣੀ ਜਾਨ ਦੀ ਆਹੂਤੀ ਦਿੱਤੀ; ਸੋ ਇਸ ਹੱਕੀ ਪ੍ਰਚੰਡ ਹੋਏ ਘੋਲ ਵਿਚ ਤੁਹਾਡੇ ਸਹਿਯੋਗ ਦੀ ਲੋੜ ਹੈ। ਕਿਰਸਾਨੀ ਜਾਂ ਖੇਤੀ ਨੂੰ ਬਚਾਉਣ ਦਾ ਅਰਥ ਹੈ ਕਿ ਕਿਸਾਨੀ ਨਾਲ ਜੁੜੇ ਹੋਏ ਖੇਤੀ ਮਜ਼ਦੂਰ, ਛੋਟੇ ਛੋਟੇ ਸੰਦ (ਕਹੀਆਂ, ਦਾਤਰੀਆਂ ਅਤੇ ਰੰਬੇ ਆਦਿ) ਬਣਾਉਣ ਵਾਲੇ, ਛੋਟੇ ਦੁਕਾਨਦਾਰ, ਸੀਜ਼ਨਲ ਕਾਮੇ ਅਤੇ ਰੋਜ਼ਾਨਾ ਜੀਵਨ ਨਾਲ ਜੁੜੇ ਮਜ਼ਦੂਰ (ਰੋਜ਼ ਕਮਾ ਕੇ ਖਾਣ ਵਾਲੇ) ਅਤੇ ਮੁਲਾਜ਼ਮ ਆਦਿ ਦੀ ਜ਼ਿੰਦਗੀ ਨਾਲ ਹੋ ਰਹੇ ਧੱਕੇ ਤੋਂ ਉਨ੍ਹਾਂ ਨੂੰ ਬਚਾਉਣਾ ਹੈ।



ਭਾਜਪਾ ਸਰਕਾਰ ਜਦ ਤੋਂ ਹੋਂਦ ਵਿਚ ਆਈ ਹੈ, ਦੇਸ਼ ਦਾ ਆਰਥਕ ਢਾਂਚਾ ਤਹਿਸ ਨਹਿਸ ਕੀਤਾ ਹੋਇਆ ਹੈ। ਭਾਰਤੀ ਲੋਕ ਸੋਚਦੇ ਹੋਣਗੇ ਕਿ ਇਹ ਸਰਕਾਰ ਦੇਸ਼ ਦੀਆਂ ਕਾਰਪੋਰੇਟ ਧਿਰਾਂ ਦੀ ਰਖੇਲ ਹੋਵੇਗੀ, ਸਾਨੂੰ ਇਸ ਤੋਂ ਵੀ ਅੱਗੇ ਨਜ਼ਰ ਵਧਾ ਕੇ ਦੇਖਣ ਦੀ ਲੋੜ ਹੈ। ਲੋਕਾਂ ਦੀ ਵੋਟ ਦੁਆਰਾ ਚੁਣੀ ਹੋਈ ਸਰਕਾਰ ਲੋਕ-ਪੱਖੀ ਹੋਣੀ ਚਾਹੀਦੀ ਹੈ, ਲੋਕਾਂ ਦੀ ਰੋਜ਼ੀ-ਰੋਟੀ, ਸਿਹਤ-ਸਹੂਲਤਾਂ ਅਤੇ ਵਧੀਆ ਭਵਿੱਖ ਲਈ ਜ਼ਿੰਮੇਵਾਰ ਹੋਣੀ ਚਾਹੀਦੀ ਹੈ। ਥੋੜ੍ਹਾ ਜਿੰਨਾ ਸੋਚੀਏ ਕਿ ਬਹੁਮਤ ਪ੍ਰਾਪਤ ਭਾਜਪਾ ਸਰਕਾਰ ਲੋਕਾਂ ਦੀ ਹਿਫਾਜ਼ਤ ਕਰ ਰਹੀ ਹੈ ਜਾਂ ਫਿਰ ਅੰਤਰ-ਰਾਸ਼ਟਰੀ ਰਾਜਨੀਤੀ ਮੂਹਰੇ ਗੋਡੇ ਟੇਕ ਕੇ ਆਪਣੇ ਹੀ ਲੋਕਾਂ ਦਾ ਘਾਣ ਕਰ ਰਹੀ ਹੈ! 1947 ਤੋਂ ਬਾਅਦ ਬਣੀਆਂ ਸਰਕਾਰਾਂ ਨੇ ਦੇਸ਼ ਨੂੰ ਆਰਥਿਕ ਅਤੇ ਸਮਾਜਿਕ ਤੌਰ 'ਤੇ ਖੋਖਲਾ ਕੀਤਾ ਹੋਇਆ ਹੈ। ਅੰਤਰ-ਰਾਸ਼ਟਰੀ ਸਰਮਾਏਦਾਰੀ ਅਜੇ ਤੱਕ ਵੀ ਦੇਸੀ ਸਰਮਾਏਦਾਰੀ ਨਾਲ ਰਲ ਕੇ ਲੋਕਾਂ ਦੀ ਲੁੱਟ ਕਰ ਰਹੀ ਹੈ, ਜਦੋਂ ਕਿ ਲੋਕਾਂ ਵਲੋਂ ਚੁਣੀ ਹੋਈ ਸਰਕਾਰ ਲੋਕ ਪੱਖੀ ਹੋਣੀ ਚਾਹੀਦੀ ਹੈ।

ਬੀਤੀਆਂ ਸਦੀਆਂ ਦੀਆਂ ਗਾਥਾਵਾਂ
ਸ਼ਿਲਾਲੇਖ ਤਾਂ ਦੱਸਦੇ ਨਾ,
ਫਿਰ ਵੀ ਅਸੀਂ ਆਪਣੇ ਰਾਹ 'ਤੇ
ਅੱਗੇ ਵਧਦੇ ਜਾਵਾਂਗੇ।
ਤਲਵਾਰਾਂ ਨਾਲ ਸਾਡੇ ਵੱਡਿਆਂ
ਕਿੱਸੇ ਜਿਹੜੇ ਲਿਖੇ ਕਦੀ,
ਆਪਣੀ ਕਲਮ ਦੇ ਨਾਲ ਉਨ੍ਹਾਂ ਨੂੰ
ਅੱਗੇ ਅਸੀਂ ਲਿਜਾਵਾਂਗੇ।

ਸਾਡੇ ਅਗਿਆਤ ਹੋ ਗਏ ਗਾਇਕ-ਗਾਇਕਾ, ਸੂਰਬੀਰ ਅਤੇ ਸੂਝਵਾਨ ਲੋਕ-ਪੱਖੀ ਆਗੂਆਂ ਬਾਰੇ ਅਸੀਂ ਲਿਖਾਂਗੇ ਤੇ ਆਪਣੇ ਵਿਰਸੇ ਦੀ ਗੱਲ ਕਰਦਿਆਂ ਅਗਲੇ ਸੁੰਦਰ ਅਮਰ ਭਵਿੱਖ ਦਾ ਮੁੱਢ ਬੰਨ੍ਹਾਂਗੇ। (ਰਸੂਲ ਹਮਜ਼ਾਤੋਵ)

ਸਾਡਾ ਵਿਰਸਾ ਬਾਬੇ ਨਾਨਕ ਦਾ ਵਿਰਸਾ ਹੈ, ਜੋ 'ੴ' ਦੀ ਗੱਲ ਕਰਦਾ ਹੋਇਆ 'ਏਕ ਪਿਤਾ ਏਕਸ ਕੇ ਹਮ ਬਾਰਿਕ' ਬਾਰੇ ਸਾਨੂੰ ਸਮਝਾਉਂਦਾ ਹੈ ਅਤੇ 'ਕਿਰਤ ਕਰੋ, ਨਾਮ ਜਪੋ ਤੇ ਵੰਡ ਛਕੋ' ਦਾ ਉਪਦੇਸ਼ ਦਿੰਦਾ ਹੈ। ਗੁਰਬਾਣੀ ਸੰਸਾਰ ਪੱਧਰ ਦੇ ਲੋਕਾਂ ਨੂੰ ਸਾਂਝੀਵਾਲਤਾ/ਸਰਬੱਤ ਦੇ ਭਲੇ ਦੀ ਸਿੱਖਿਆ ਦਿੰਦੀ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਪਿਆਰੇ ਸਾਜੇ, ਉਨ੍ਹਾਂ ਵਿਚ ਜ਼ੁਲਮ ਦੇ ਖਿਲਾਫ ਲੜਨ ਦੀ ਜੁਅਰਤ ਪੈਦਾ ਕਰਕੇ ਸੰਤ-ਸਿਪਾਹੀ ਬਣਾਏ ਅਤੇ 'ਚਿੜੀਆਂ ਤੋਂ ਬਾਜ ਤੁੜਾਉਣ' ਦੇ ਹੌਸਲੇ ਬੁਲੰਦ ਕੀਤੇ। ਸਿੱਟੇ ਵਜੋਂ ਬਾਬਾ ਬੰਦਾ ਬਹਾਦਰ ਨੇ ਸਰਹਿੰਦ ਦੀ ਇੱਟ ਖੜਕਾ ਦਿੱਤੀ ਸੀ ਅਤੇ ਜਗੀਰਦਾਰਾਂ ਤੋਂ ਜ਼ਮੀਨਾਂ ਖੋਹ ਕੇ ਹਲ-ਵਾਹਕਾਂ ਵਿਚ ਵੰਡੀਆਂ। ਉਸ ਯੋਧੇ ਨੂੰ ਯਾਦ ਕਰਕੇ ਕਹਿਣ ਤੋਂ ਰਿਹਾ ਨਹੀਂ ਜਾਂਦਾ,

ਪੁੱਤ ਕਾਲਜਾ ਮੂੰਹ ਤੁੰਨਵਾ ਕੇ
ਮੁਗਲਾਂ ਤੋਂ ਟੋਟੇ ਆਪਣੇ ਕਰਵਾ ਕੇ
ਬੰਦੇ ਸ਼ਹੀਦੀ ਪਾਈ ਸੀ,
ਖਤਰੇ ਵਿਚ ਸੀ ਸਿੱਖੀ
ਬੰਦੇ ਬਚਾਈ ਸੀ। (ਮੋਹਨ ਸਿੰਘ ਭੰਵਰਾ)

ਸਾਡਾ ਵਿਰਸਾ ਇਹ ਵੀ ਹੈ ਕਿ ਸਿਰਾਜ-ਉਦ-ਦੌਲਾ, ਜੋ 1756 ਤੋਂ 1763 ਤੱਕ ਅੰਗਰੇਜ਼ ਦੀ ਲੁੱਟ ਵਿਰੁੱਧ ਲਗਾਤਾਰ ਸੱਤ ਸਾਲ ਲੜਿਆ; 1849 'ਚ ਮਹਾਰਾਜ ਸਿੰਘ ਨੇ ਅੰਗਰੇਜ਼ ਵਿਰੁੱਧ ਬਗਾਵਤ ਕੀਤੀ; ਸਤਿਗੁਰੂ ਰਾਮ ਸਿੰਘ ਵਲੋਂ ਅੰਗਰੇਜ਼ ਰਾਜ ਵਿਰੁੱਧ ਕੂਕਾ ਲਹਿਰ ਅਰੰਭ ਕੀਤੀ, ਜੋ ਅੱਧੀ ਸਦੀ ਤੋਂ ਵੱਧ ਸਮਾਂ ਸਰਗਰਮ ਰਹੀ। 1857 ਦਾ ਗਦਰ ਹੋਇਆ ਅਤੇ 1907 ਵਿਚ ਸ. ਅਜੀਤ ਸਿੰਘ, ਸੂਫੀ ਅੰਬਾ ਪ੍ਰਸ਼ਾਦ, ਲਾਲਾ ਲਾਜਪਤ ਰਾਏ ਅਤੇ ਬਾਂਕੇ ਦਿਆਲ ਨੇ ਪਗੜੀ ਸੰਭਾਲ ਜੱਟਾ ਲਹਿਰ ਚਲਾ ਕੇ ਖੇਤੀ ਸਬੰਧੀ ਬਣਾਏ ਕਾਲੇ ਕਾਨੂੰਨਾਂ ਵਿਰੁੱਧ ਨੌਂ ਮਹੀਨੇ ਸੰਘਰਸ਼ ਚਲਾਇਆ। 1913 ਵਿਚ ਬਾਬਾ ਸੋਹਨ ਸਿੰਘ ਭਕਨਾ, ਬਾਬਾ ਜਵਾਲਾ ਸਿੰਘ ਠੱਠੀਆਂ, ਲਾਲਾ ਹਰਦਿਆਲ, ਭਾਈ ਸੰਤੋਖ ਸਿੰਘ ਧਰਦਿਉ, ਜੀ. ਡੀ. ਕੁਮਾਰ (ਮਾਸਟਰ ਗੁਰਾਂ ਦਿੱਤਾ), ਪੰਡਿਤ ਕਾਂਸ਼ੀ ਰਾਮ ਮੜੌਲੀ, ਭਾਈ ਕੇਸਰ ਸਿੰਘ ਠੱਠਗੜ੍ਹ, ਲਾਲਾ ਠਾਕਰ ਦਾਸ ਧੂਰੀ, ਹਰਨਾਮ ਸਿੰਘ ਟੁੰਡੀਲਾਟ, ਬਾਬਾ ਵਿਸਾਖਾ ਸਿੰਘ ਦਦੇਹਰ, ਬਾਬਾ ਹਜ਼ਾਰਾ ਸਿੰਘ ਦਦੇਹਰ, ਕਰਤਾਰ ਸਿੰਘ ਸਰਾਭਾ, ਬਾਬੂ ਹਰਨਾਮ ਸਿੰਘ ਕਾਹਰੀ, ਗਿਆਨੀ ਭਗਵਾਨ ਸਿੰਘ, ਬਾਬੂ ਮੰਗੂਰਾਮ ਮੁੱਗੋਵਾਲ ਅਤੇ ਪੰਡਿਤ ਜਗਤ ਰਾਮ ਹਰਿਆਣਾ ਆਦਿ ਆਗੂਆਂ ਨੇ ਗਦਰ ਪਾਰਟੀ ਦਾ ਮੁੱਢ ਬੰਨ੍ਹਿਆ, ਜਿਸ ਨੇ ਅੰਗਰੇਜ਼ ਰਾਜ ਨੂੰ ਖਤਮ ਕਰਨ ਲਈ ਮਿਸਾਲੀ ਹਿੱਸਾ ਪਾਇਆ।

1919 ਜੱਲ੍ਹਿਆਂਵਾਲਾ ਬਾਗ ਦਾ ਸਾਕਾ, ਜਿਸ ਵਿਚ ਸੈਂਕੜੇ ਸ਼ਹੀਦ ਤੇ ਹਜ਼ਾਰਾਂ ਜਖਮੀ ਹੋਏ, ਅਕਾਲੀ ਬੱਬਰ ਲਹਿਰ ਨੇ ਸਿੱਖੀ ਦੀ ਅਣਖ ਨੂੰ ਜ਼ੁਲਮ ਵਿਰੁੱਧ ਉਭਾਰਿਆ ਤੇ ਦੇਸ਼ ਦੀ ਆਜ਼ਾਦੀ ਲਈ ਸੰਘਰਸ਼ ਕੀਤਾ; ਸ਼ਹੀਦ ਭਗਤ ਸਿੰਘ, ਰਾਜ ਗੁਰੂ, ਸੁਖਦੇਵ, ਚੰਦਰ ਸ਼ੇਖਰ ਆਜ਼ਾਦ, ਸ਼ਿਵ ਵਰਮਾ, ਪੰਡਿਤ ਕਿਸ਼ੋਰੀ ਲਾਲ, ਅਸ਼ਫਾਕ ਉੱਲਾ, ਰਾਮ ਪ੍ਰਸਾਦ ਬਿਸਮਿਲ, ਊਧਮ ਸਿੰਘ ਸੁਨਾਮ ਆਦਿ ਇਨਕਲਾਬੀ ਸੂਰਮਿਆਂ ਅਤੇ ਕਈ ਹੋਰ ਲਹਿਰਾਂ ਨੇ ਆਜ਼ਾਦੀ ਦੇ ਘੋਲ ਵਿਚ ਹਿੱਸਾ ਪਾਇਆ। ਜਨਰਲ ਮੋਹਨ ਸਿੰਘ ਅਤੇ ਸੁਭਾਸ਼ ਚੰਦਰ ਬੋਸ ਨੇ ਵੀ ਆਜ਼ਾਦੀ ਲਈ ਜਾਨ ਹੂਲਵਾਂ ਹਿੱਸਾ ਪਾਇਆ। ਸੋ, ਉਪਰੋਕਤ ਲਹਿਰਾਂ ਦੇ ਸ਼ਹੀਦਾਂ ਨੂੰ ਯਾਦ ਕਰੀਏ।

ਮਾਣਮੱਤੇ ਵਿਰਸੇ ਨਾਲ ਸਾਂਝਾਂ ਪਾਉਂਦਾ ਅੱਜ ਦਾ ਕਿਸਾਨ ਅੰਦੋਲਨ ਹੈ, ਜਿਸ ਨੂੰ ਕਿਸਾਨ, ਮਜ਼ਦੂਰ, ਮੁਲਾਜ਼ਮ ਅਤੇ ਹਿੰਦੋਸਤਾਨ ਦੀ ਜਨਤਾ 'ਏਕੇ' ਦੇ ਬਲਬੂਤੇ ਨਾਲ ਜਿੱਤ ਲਵੇਗੀ ਅਤੇ ਕੇਂਦਰ ਸਰਕਾਰ ਦੀ ਘੁਮੰਡੀ ਧੌਣ ਦਾ ਮਣਕਾ ਤੋੜ ਦੇਵੇਗੀ। ਹੱਕ, ਸੱਚ ਦੀ ਆਵਾਜ਼ ਨੂੰ ਬੁਲੰਦ ਕਰਨ ਵਾਲੇ ਹਜ਼ਾਰਾਂ ਯੋਧੇ ਹਿੰਦੋਸਤਾਨ ਦੇ ਵਿਰਸੇ ਦੇ ਸ਼ਿਲਾਲੇਖ ਹਨ। ਸਾਡੇ ਸਭ ਦੇ ਯਤਨ ਹੋਣੇ ਚਾਹੀਦੇ ਹਨ ਕਿ ਉਨ੍ਹਾਂ ਬਾਰੇ ਅੱਜ ਦੇ ਯੁੱਗ ਦੇ ਲੋਕਾਂ ਨੂੰ ਦੱਸੀਏ ਅਤੇ ਛੋਟੀਆਂ ਛੋਟੀਆਂ ਰੰਜਿਸ਼ਾਂ ਇੱਕ ਪਾਸੇ ਰੱਖ ਕੇ ਏਕਤਾ ਦਾ ਇੱਕ ਵਿਸ਼ਾਲ ਪਲੇਟਫਾਰਮ ਬਣਾ ਕੇ ਹੱਕੀ ਅੰਦੋਲਨਾਂ ਦੀ ਹਮਾਇਤ ਕਰੀਏ ਤੇ ਬਣਦਾ ਹਿੱਸਾ ਪਾਈਏ।

ਵਲੋਂ: ਇੰਡੋ-ਅਮੈਰੀਕਨ ਹੈਰੀਟੇਜ ਫਾਊਂਡੇਸ਼ਨ, ਨਿਊ ਯਾਰਕ।
ਮਨਮੋਹਨ ਪੂਨੀ, ਫੋਨ: 347-753-5940

# ਅੰਬੇਡਕਰ, ਭਗਤ ਸਿੰਘ, ਮਾਰਕਸ ਅਤੇ ਦਲਿਤ ਅੰਦੋਲਨ

***ਅੱਜ ਭਾਰਤ ਫਾਸ਼ੀਵਾਦ ਵੱਲ ਵਧ ਰਿਹਾ ਹੈ ਅਤੇ ਸੱਤਾ ਉਤੇ ਕਾਬਜ਼ ਧਿਰ ਮੁਲਕ ਨੂੰ ਮਨੂੰ ਸਿਮ੍ਰਤੀ ਵਾਲੇ ਵੇਲਿਆਂ ਵੱਲ ਲਗਾਤਾਰ ਧੱਕ ਰਹੀ ਹੈ। ਡਾ. ਕਰਮਜੀਤ ਸਿੰਘ ਨੇ ਇਸ ਲੇਖ ਵਿਚ ਇਨ੍ਹਾਂ ਹਾਲਾਤ ਦੀ ਚੀਰ-ਫਾੜ ਕਰਦਿਆਂ ਪ੍ਰਗਤੀਵਾਦੀ ਧਿਰਾਂ ਨੂੰ ਇਕ ਮੰਚ ਉਤੇ ਆਉਣ ਦਾ ਹੋਕਾ ਦਿੱਤਾ ਹੈ ਜਿਹੜੀਆਂ ਦਲਿਤਾਂ, ਔਰਤਾਂ ਅਤੇ ਸਮਾਜ ਦੇ ਹੋਰ ਨਪੀੜੇ ਵਰਗਾਂ ਨੂੰ ਨਾਲ ਲੈ ਕੇ ਚੱਲਣ, ਤੇ ਵੱਡਾ ਕਾਫਲਾ ਬਣਾਉਣ।***

ਅੱਜ ਦੇ ਦੌਰ ਅੰਦਰ ਗਾਹੇ-ਬਗਾਹੇ ਡਾ. ਭੀਮ ਰਾਓ ਅੰਬੇਡਕਰ ਦੇ ਬੁੱਤ ਤਾਂ ਉਸਾਰੇ ਜਾ ਰਹੇ ਹਨ ਪਰ ਉਨ੍ਹਾਂ ਦੀ ਜਾਤ-ਪਾਤ ਵਿਰੋਧੀ ਵਿਚਾਰਧਾਰਾ ਨੂੰ ਮਲੀਆਮੇਟ ਕੀਤਾ ਜਾ ਰਿਹਾ ਹੈ। ਅਜੋਕੀ ਰਾਜਸੱਤਾ ਜੋ ਵਿਚਾਰਧਾਰਾ ਲੈ ਕੇ ਆ ਰਹੀ ਹੈ, ਉਹ ਮੂਲੋਂ ਹੀ ਦਲਿਤ ਵਿਰੋਧੀ ਹੈ। ਇਹ ਭਾਵੇਂ ਗਊ ਮਾਸ ਦਾ ਸਵਾਲ ਹੋਵੇ ਜਾਂ ਘੱਟ ਗਿਣਤੀਆਂ ਦਾ; ਯੂਨੀਵਰਸਿਟੀਆਂ ਵਿਚ ਮਹਿੰਗੀ ਵਿਦਿਆ ਦਾ ਸਵਾਲ ਹੋਵੇ ਜਾਂ ਪਬਲਿਕ ਸੈਕਟਰ ਦੀ ਥਾਂ ਕਾਰਪੋਰੇਟ ਸੈਕਟਰ ਨੂੰ ਵਿਕਸਿਤ ਕਰਨ ਦਾ; ਇਨ੍ਹਾਂ ਦੇ ਕੇਂਦਰ ਵਿਚ ਦਲਿਤਾਂ ਨੂੰ ਪੈ ਰਹੀ ਮਾਰ ਮੁੱਖ ਮੁੱਦਾ ਬਣ ਕੇ ਉਭਰਦੀ ਹੈ। ਇਸ ਮਾਰ ਤੋਂ ਧਿਆਨ ਹਟਾਉਣ ਲਈ ਹੀ ਡਾ. ਅੰਬੇਡਕਰ ਦੇ ਪ੍ਰਤੀਕ ਨੂੰ ਵਰਤ ਕੇ ਉਨ੍ਹਾਂ ਦੀ ਵਿਚਾਰਧਾਰਾ ਨੂੰ ਦਰਕਿਨਾਰ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ। ਡਾ. ਅੰਬੇਡਕਰ ਸਾਰੀ ਉਮਰ ਉਸ ਬ੍ਰਾਹਮਣਵਾਦੀ ਸੋਚ ਦੇ ਖਿਲਾਫ ਲੜੇ ਜੋ ਦਲਿਤ ਅਤੇ ਅਤਿ-ਦਲਿਤ ਮਨੁੱਖ ਨੂੰ ਉਨ੍ਹਾਂ ਦੇ ਮਨੁੱਖੀ ਅਧਿਕਾਰਾਂ ਤੋਂ ਵਿਰਵੇ ਰੱਖਦੀ ਹੈ।



ਰਿਗਵੇਦ ਦੇ ਪੁਰਸ਼ ਸੂਤਰ ਨੂੰ ਆਧਾਰ ਬਣਾ ਕੇ ਮਨੂੰ ਸਿਮ੍ਰਤੀ ਚਾਰੇ ਵਰਣਾਂ ਲਈ ਕੰਮ ਅਤੇ ਦੰਡ ਤੈਅ ਕਰਦੀ ਹੋਈ ਸ਼ੂਦਰਾਂ ਨੂੰ ਚੌਥੇ ਦਰਜੇ ਦੇ ਸ਼ਹਿਰੀ ਬਣਾ ਦਿੰਦੀ ਹੈ। ਮਨੂੰ ਅਨੁਸਾਰ: "'ਅਨਾਦੀ ਬ੍ਰਹਮ ਨੇ ਲੋਕ ਕਲਿਆਣ ਦੀ ਭਾਵਨਾ ਨਾਲ ਆਪਣੇ ਮੂੰਹ, ਭੁਜਾਵਾਂ, ਜੰਘਾਂ ਅਤੇ ਪੈਰਾਂ ਤੋਂ ਬ੍ਰਾਹਮਣ, ਖੱਤਰੀ, ਵੈਸ਼ ਅਤੇ ਸ਼ੂਦਰ ਪੈਦਾ ਕੀਤੇ।" 'ਲੋਕ ਕਲਿਆਣ ਦੀ ਭਾਵਨਾ' ਨੇ ਬ੍ਰਾਹਮਣ ਨੂੰ ਪੜ੍ਹਨ-ਪੜ੍ਹਾਉਣ, ਯੱਗ ਕਰਨ-ਕਰਾਉਣ ਅਤੇ ਦਾਨ ਲੈਣ ਤੇ ਕਰਨ ਦੀ ਜ਼ਿੰਮੇਵਾਰੀ ਦਿੱਤੀ। ਖੱਤਰੀਆਂ ਨੂੰ ਲੜਨ ਅਤੇ ਵੈਸ਼ ਨੂੰ ਵਪਾਰਕ ਸਰਗਰਮੀਆਂ ਲਈ ਨਾਮਜ਼ਦ ਕੀਤਾ। ਸਾਨੂੰ 'ਲੋਕ ਕਲਿਆਣ ਦੀ ਭਾਵਨਾ' ਉਪਰਲੇ ਤਿੰਨਾਂ ਵਰਣਾਂ ਦੀ ਸੇਵਾ ਕਰਨ ਦਾ ਹੁਕਮ ਦਿੰਦੀ ਹੈ। ਇਹ ਸੇਵਾ ਬਿਨਾਂ ਕਿਸੇ ਮਲਾਲ ਦੇ 'ਨਿਰਵਿਕਾਰ ਭਾਵ' ਨਾਲ ਕੀਤੀ ਜਾਣੀ ਚਾਹੀਦੀ ਹੈ। ਇਥੇ ਸਪਸ਼ਟ ਹੋਣਾ ਜ਼ਰੂਰੀ ਹੈ ਕਿ ਹੱਥੀਂ ਕੰਮ ਕਰਨ ਵਾਲ਼ਾ ਹਰ ਸਮੂਹ, ਕਿਸਾਨੀ ਸਮੇਤ, ਸ਼ੂਦਰ ਸ਼੍ਰੇਣੀ ਵਿਚ ਆਉਂਦਾ ਹੈ। ਸ਼ੂਦਰਾਂ ਦਾ ਹੱਕ ਬਸ ਇਹੀ ਹੈ ਪਰ ਉਸ ਨੂੰ ਦੰਡ ਬਾਕੀ ਵਰਣਾਂ ਦੇ ਮੁਕਾਬਲੇ ਸਭ ਤੋਂ ਵਧੇਰੇ ਤੇ ਅਣਮਨੁੱਖੀ ਹਨ।

**ਡਾ. ਕਰਮਜੀਤ ਸਿੰਘ**
ਫੋਨ: +91-98763-23862

ਨਾਮਕਰਨ ਸੰਸਕਾਰ ਕਰਦੇ ਸਮੇਂ ਧਿਆਨ ਰੱਖਣਾ ਚਾਹੀਦਾ ਹੈ ਕਿ ਬ੍ਰਾਹਮਣ ਦਾ ਨਾਂ ਮੰਗਲ ਸੂਚਕ, ਖੱਤਰੀ ਦਾ ਸ਼ਕਤੀ ਸੂਚਕ ਤੇ ਵੈਸ਼ ਦਾ ਵੈਭਵ ਸੂਚਕ ਹੋਵੇ ਅਤੇ ਸ਼ੂਦਰ ਦਾ ਨਾਂ ਸੇਵਾ ਵ੍ਰਿਤੀ ਸੂਚਕ ਹੋਣਾ ਚਾਹੀਦਾ ਹੈ। ਮਨੂੰ ਸਿਮ੍ਰਤੀ ਦੇ ਇਸ ਆਦੇਸ਼ ਤੋਂ ਇਹ ਵੀ ਸਪਸ਼ਟ ਹੁੰਦਾ ਹੈ ਕਿ ਕਾਮਿਆਂ/ਸ਼ੂਦਰਾਂ ਦੇ ਨਾਂ ਅੱਧੇ ਭਾਵ ਕੂੜਾ, ਬੂੜਾ, ਬੁੱਧੂ ਆਦਿ ਕਿਉਂ ਰੱਖੇ ਜਾਂਦੇ ਰਹੇ ਹਨ। ਮਨੂੰ ਦੀ ਇਹ ਵਿਵਸਥਾ ਹੈ ਕਿ ਸ਼ੂਦਰ ਜਿਸ ਕਿਸੇ ਅੰਗ (ਹੱਥ ਪੈਰ ਆਦਿ) ਨਾਲ ਉਪਰਲੀਆਂ ਤਿੰਨਾਂ ਜਾਤੀਆਂ 'ਤੇ ਹਮਲਾ ਕਰੇ, ਉਸ ਦਾ ਉਹ ਅੰਗ ਕੱਟ ਦੇਣਾ ਚਾਹੀਦਾ ਹੈ। ਜੇ ਸ਼ੂਦਰ ਇਨ੍ਹਾਂ ਜਾਤੀਆਂ ਦੇ ਕਿਸੇ ਸ਼ਖਸ ਉਪਰ ਹੱਥ ਚੁੱਕਦਾ ਹੈ, ਜਾਂ ਲਾਠੀ ਨਾਲ ਹਮਲਾ ਕਰਦਾ ਹੈ ਤਾਂ ਉਸ ਦਾ ਹੱਥ ਕੱਟ ਦੇਣਾ ਚਾਹੀਦਾ ਹੈ ਅਤੇ ਜੇ ਗੁੱਸੇ ਵਿਚ ਆ ਕੇ ਪੈਰ ਨਾਲ ਮਾਰ ਕਰਦਾ ਹੈ ਤਾਂ ਉਸ ਦਾ ਪੈਰ ਕੱਟ ਦੇਣਾ ਚਾਹੀਦਾ ਹੈ। ਜੇ ਕੋਈ ਸ਼ੂਦਰ ਉਚੇ ਵਰਣਾਂ ਦੇ ਲੋਕਾਂ ਨਾਲ ਇਕੋ ਆਸਣ 'ਤੇ ਬੈਠਣ ਦੀ ਕੋਸ਼ਿਸ਼ ਕਰਦਾ ਹੈ ਤਾਂ ਉਸ ਦੀ ਕਮਰ ਨੂੰ ਦਾਗ ਕੇ ਉਸ ਨੂੰ ਉਥੋਂ ਕੱਢ ਦੇਣਾ ਚਾਹੀਦਾ ਹੈ। ਇਸ ਨਿਯਮ ਅਨੁਸਾਰ ਹੀ ਸ਼ੂਦਰ ਉਪਰਲੀਆਂ ਜਾਤਾਂ ਸਾਹਮਣੇ ਹਮੇਸ਼ਾ ਜ਼ਮੀਨ 'ਤੇ ਬੈਠਦਾ ਰਿਹਾ ਹੈ। ਅੱਜ ਵੀ ਅਜਿਹੀਆਂ ਘਟਨਾਵਾਂ ਵਾਪਰ ਰਹੀਆਂ ਹਨ ਕਿ ਉਹ ਵਿਆਹ ਸਮੇਂ ਘੋੜੀ 'ਤੇ ਨਹੀਂ ਚੜ੍ਹ ਸਕਦਾ, ਬੈਂਡ ਬਾਜਾ ਨਹੀਂ ਬਜਾ ਸਕਦਾ। ਅਜਿਹੀਆਂ ਘਟਨਾਵਾਂ ਪਿੱਛੇ ਹਜ਼ਾਰਾਂ ਸਾਲ ਪੁਰਾਣੀ ਮਨੂੰ ਸਿਮ੍ਰਤੀ ਦੀ ਗੂੰਜ ਸੁਣਾਈ ਦਿੰਦੀ ਹੈ। ਮਨੂੰ ਅਨੁਸਾਰ ਜੇਕਰ ਹੰਕਾਰ ਵਿਚ ਆ ਕੇ ਸ਼ੂਦਰ ਉਚੀ ਜਾਤ ਦੇ ਸ਼ਖਸ ਉਪਰ ਥੁੱਕਦਾ ਹੈ ਤਾਂ ਉਸ ਦੇ ਦੋਨੋਂ ਬੁੱਲ੍ਹ, ਪੇਸ਼ਾਬ ਕਰਦਾ ਹੈ ਤਾਂ ਉਸ ਦਾ ਲਿੰਗ ਅਤੇ ਪੱਦ ਮਾਰਨ ਤੇ ਉਸ ਦੀ ਗੁਦਾ ਨੂੰ ਕਟਵਾ ਦੇਣਾ ਚਾਹੀਦਾ ਹੈ। ਅਜਿਹੇ ਅਣਮਨੁੱਖੀ ਆਦੇਸ਼ਾਂ ਲਈ ਮੂਲ ਮਨੂੰ ਸਿਮ੍ਰਤੀ ਪੜ੍ਹੀ ਜਾ ਸਕਦੀ ਹੈ, ਜਾਂ ਫਿਰ ਸ਼ਮਸ-ਉਲ-ਇਸਲਾਮ ਦੀ ਛੋਟੀ ਜਿਹੀ ਪੁਸਤਕ 'ਮਨੂ ਕੇ ਭਾਰਤ ਮੇਂ ਸ਼ੂਦਰ' ਦੇਖੀ ਜਾ ਸਕਦੀ ਹੈ। ਡਾ. ਅੰਬੇਡਕਰ ਨੇ ਇਸ ਗ੍ਰੰਥ ਨੂੰ ਮਾਨਵਤਾ, ਸਮਾਨਤਾ ਤੇ ਨਿਆਂ ਦਾ ਘੋਰ ਤ੍ਰਿਸਕਾਰ ਅਤੇ ਅਪਮਾਨ ਮੰਨਦੇ ਹੋਏ 1928 ਨੂੰ ਨਰਮਦਾ ਨਦੀ ਦੇ ਕੰਢੇ ਤੇ ਸਾਮੂਹਿਕ ਤੌਰ 'ਤੇ ਇਸ ਦੀ ਹੋਲੀ ਜਲਾਈ ਸੀ।

ਇਸ ਅਨਿਆਂ, ਅਮਾਨਵੀ ਵਿਹਾਰ ਅਤੇ ਅਸਮਾਨਤਾ ਖਿਲਾਫ ਬੁੱਧ ਤੇ ਜੈਨ ਧਰਮ ਨੇ ਆਵਾਜ਼ ਉਠਾਈ ਪਰ ਇਨ੍ਹਾਂ ਨੂੰ ਬ੍ਰਾਹਮਣਵਾਦੀ ਵਿਚਾਰਾਂ ਨੇ ਮਾਤ ਦੇ ਦਿੱਤੀ ਅਤੇ ਇਹ ਇਕ ਸੀਮਾ ਤੋਂ ਅਗਾਂਹ ਅਸਰਦਾਰ ਨਹੀਂ ਹੋ ਸਕੇ। ਵਿਦਵਾਨਾਂ ਅਨੁਸਾਰ ਭਗਤੀ ਅੰਦੋਲਨ ਬੁੱਧ ਧਰਮ ਦਾ ਹੀ ਵਿਕਸਿਤ ਰੂਪ ਸੀ, ਕਿਉਂਕਿ ਇਹ ਬਰਾਬਰੀ ਦੇ ਸਮਾਜ ਦੇ ਹੱਕ ਵਿਚ ਸੀ, ਜਾਤ-ਪਾਤ ਦੇ ਖਿਲਾਫ ਵੀ ਸੀ, ਏਕ ਈਸ਼ਵਰਵਾਦੀ ਤੇ ਨਿਰਵਾਣ ਨੂੰ ਪ੍ਰਮੁੱਖਤਾ ਦਿੰਦਾ ਸੀ, ਬ੍ਰਾਹਮਣ ਦੀ ਥਾਂ ਗੁਰੂ ਨੂੰ ਮਾਨਤਾ ਦਿੰਦਾ ਸੀ ਅਤੇ ਇਸ ਨੇ ਲੋਕ ਭਾਸ਼ਾ ਨੂੰ ਪ੍ਰਚਾਰ ਦਾ ਮਾਧਿਅਮ ਬਣਾਇਆ ਪਰ ਇਕ ਗੱਲ ਜਿਸ ਉਪਰ ਖਾਸ ਜ਼ੋਰ ਦੇਣਾ ਚਾਹੀਦਾ ਹੈ, ਉਹ ਇਹ ਹੈ ਕਿ ਭਗਤੀ ਲਹਿਰ ਹੇਠਲੀਆਂ ਜਾਤਾਂ/ਜਮਾਤਾਂ ਦੀ ਲਹਿਰ ਸੀ ਅਤੇ ਲਹਿਰ ਵਿਦੇਸ਼ੀਆਂ ਦੇ ਆਉਣ ਨਾਲ ਉਵੇਂ ਹੀ ਵਿਕਸਿਤ ਹੁੰਦੀ ਹੈ ਜਿਵੇਂ ਬੁੱਧ/ਜੈਨ ਮੱਤ। ਡਾ. ਸੇਵਾ ਸਿੰਘ ਨੇ ਇਸ ਦ੍ਰਿਸ਼ਟੀ ਤੋਂ ਪਹਿਲੀ ਵਾਰ ਸੋਚਿਆ ਕਿ "ਯੱਗ ਪੁਰਾਣ ਦੇ ਵਰਣਨਾਂ ਵਿਚ ਬ੍ਰਾਹਮਣਾਂ ਦੀ ਉਸ ਤਰਸਯੋਗ ਹਾਲਤ ਬਾਰੇ ਇਸ਼ਾਰਾ ਮਿਲਦਾ ਹੈ ਜੋ ਯੂਨਾਨੀਆਂ, ਸ਼ੱਕਾਂ ਅਤੇ ਕੁਸ਼ਾਣਾਂ ਦੀਆਂ ਸਰਗਰਮੀਆਂ ਦਾ ਸਿੱਟਾ ਸੀ। ਸੰਭਵ ਹੈ, ਉਨ੍ਹਾਂ ਹਮਲਿਆਂ ਕਾਰਨ ਸ਼ੂਦਰਾਂ ਦੀ ਹਾਲਤ ਵਿਚ ਤਬਦੀਲੀ ਆਈ ਹੋਵੇ ਤੇ ਉਹ ਉਠ ਖੜ੍ਹੇ ਹੋਏ ਹੋਣ।... ਦਾਸ ਅਤੇ ਭਾੜੇ ਦੇ ਮਜ਼ਦੂਰਾਂ ਦੇ ਰੂਪ ਵਿਚ ਸ਼ੂਦਰਾਂ ਦੀ ਗੁਲਾਮੀ ਘਟੀ ਹੋਈ ਹੋਵੇਗੀ ਕਿਉਂਕਿ ਹੁਣ ਉਹ ਵਰਣ ਵੰਡ ਵਾਲੇ ਸਮਾਜ ਦਾ ਆਦਰਸ਼ ਨਿਭਾਉਣ ਲਈ ਮਜਬੂਰ ਨਹੀਂ।" (ਭਗਤੀ ਅਤੇ ਸ਼ੂਦਰ, ਪੰਨਾ 208)। ਭਗਤੀ ਲਹਿਰ ਬਾਰੇ ਇਹ ਸੰਭਾਵਨਾ ਹਕੀਕਤ ਬਣ ਜਾਂਦੀ ਹੈ, ਕਿਉਂਕਿ ਇਹ ਤੱਥ ਹੈ ਕਿ ਸ਼ੂਦਰ ਵਿਦੇਸ਼ੀਆਂ ਦੇ ਰਾਜ ਵਿਚ ਕੁਝ ਸੁੱਖ ਦਾ ਸਾਹ ਲੈਣ ਲੱਗੇ ਸਨ ਅਤੇ ਉਹ ਧਰਮ ਪਰਿਵਰਤਨ ਵੀ ਕਰ ਰਹੇ ਸਨ।

ਆਚਾਰੀਆ ਰਾਮ ਚੰਦਰ ਸ਼ੁਕਲ ਭਗਤੀ ਲਹਿਰ ਨੂੰ 'ਨਿਰਾਸ਼ ਹੋ ਚੁੱਕੀ ਕੌਮ ਅਤੇ ਹਿੰਦੂ ਜਨਤਾ ਦੀ ਉਦਾਸੀ' ਨਾਲ ਜੋੜਦਾ ਹੈ। ਸ਼ੁਕਲ ਦੇ ਵਿਚਾਰਾਂ ਦਾ ਵਿਸ਼ਲੇਸ਼ਣ ਕਰੀਏ ਤਾਂ ਇਸ ਦੀਆਂ ਸੀਮਾਵਾਂ ਉੱਘੜ ਪੈਂਦੀਆਂ ਹਨ। ਉਸ ਅਨੁਸਾਰ, ਦੇਸ਼ ਵਿਚ ਮੁਸਲਮਾਨਾਂ ਦਾ ਰਾਜ ਕਾਇਮ ਹੋ ਜਾਣ ਤੇ ਹਿੰਦੂ ਜਨਤਾ ਦੇ ਦਿਲ ਵਿਚ ਗੌਰਵ, ਗਰਵ ਅਤੇ ਉਤਸ਼ਾਹ ਲਈ ਉਹ ਥਾਂ ਨਾ ਰਿਹਾ। ਉਸ ਦੇ ਸਾਹਮਣੇ ਹੀ ਉਸ ਦੇ ਦੇਵ ਮੰਦਰ ਢਹਿ ਢੇਰੀ ਕੀਤੇ ਜਾਂਦੇ ਸਨ, ਦੇਵ ਮੂਰਤੀਆਂ ਤੋੜੀਆਂ ਜਾਂਦੀਆਂ ਸਨ ਅਤੇ ਪੂਜ-ਪੁਰਸ਼ਾਂ ਦਾ ਅਪਮਾਨ ਹੁੰਦਾ ਸੀ, ਤੇ ਉਹ ਕੁਝ ਵੀ ਨਹੀਂ ਕਰ ਸਕਦੇ ਸੀ, ਨਾ ਹੀ ਬਿਨਾਂ ਸ਼ਰਮਸਾਰ ਹੋਏ ਸੁਣ ਸਕਦੇ ਸੀ। ਅੱਗੇ ਚਲ ਕੇ ਜਦ ਮੁਸਲਿਮ ਸਾਮਰਾਜ ਦੂਰ ਦੂਰ ਤਕ ਕਾਇਮ ਹੋ ਗਿਆ ਤਾਂ ਪਰਸਪਰ ਲੜਨ ਵਾਲੇ ਸੁਤੰਤਰ ਰਾਜ ਵੀ ਨਾ ਰਹੇ। ਏਡੇ ਭਾਰੇ ਸਿਆਸੀ ਉਲਟ ਫੇਰ ਪਿੱਛੋਂ ਆਮ ਹਿੰਦੂ ਜਨਤਾ ਉੱਤੇ ਬਹੁਤ ਦਿਨਾਂ ਤਕ ਉਦਾਸੀ ਛਾਈ ਰਹੀ। ਆਪਣੀ ਸੂਰਬੀਰਤਾ ਨਿਰਾਸ਼ ਹੋ ਚੁੱਕੀ ਕੌਮ ਲਈ ਭਗਵਾਨ ਦੀ ਸ਼ਕਤੀ ਅਤੇ ਕਰੁਣਾ ਵਲ ਧਿਆਨ ਲੈ ਜਾਣ ਤੋਂ ਛੁੱਟ ਦੂਜਾ ਰਸਤਾ ਹੀ ਕਿਹੜਾ ਸੀ? (ਡਾ. ਧਰਮ ਪਾਲ ਸਿੰਗਲ, ਪੰਜਾਬੀ ਸਾਹਿਤ ਦਾ ਇਤਿਹਾਸ, ਪੰਨਾ 61)। ਇਸੇ ਆਧਾਰ 'ਤੇ ਧਰਮ ਪਾਲ ਸਿੰਗਲ ਨੇ ਭਗਤੀ ਲਹਿਰ ਨੂੰ 'ਹਿੰਦੂ ਸਮਾਜ ਵਿਚ ਆਤਮ ਵਿਸ਼ਵਾਸ' ਪੈਦਾ ਕਰਨ ਲਈ ਪੈਦਾ ਹੋਈ ਲਹਿਰ ਮੰਨਿਆ ਪਰ ਸ਼ੁਕਲ ਅਤੇ ਸਿੰਗਲ ਇਹ ਗੱਲ ਭੁੱਲ ਗਏ ਕਿ ਜਿਸ ਹਿੰਦੂ ਸਮਾਜ ਦੀ ਗੱਲ ਉਹ ਕਰ ਰਹੇ ਹਨ, ਉਸ ਦੇ ਵੱਡੇ ਹਿੱਸੇ ਸ਼ੂਦਰਾਂ ਨੂੰ ਤਾਂ ਮੰਦਰਾਂ ਵਿਚ ਜਾਣ ਦਾ ਅਧਿਕਾਰ ਹੀ ਨਹੀਂ ਸੀ। ਦੇਵ ਮੂਰਤੀਆਂ ਦੇ ਉਹ ਦਰਸ਼ਨ ਨਹੀਂ ਸਨ ਕਰ ਸਕਦੇ। 'ਪੂਜ-ਪੁਰਸ਼' ਬ੍ਰਾਹਮਣਾਂ ਦੇ ਅਪਮਾਨਿਤ ਹੋਣ ਨਾਲ ਉਹ ਕਿਵੇਂ ਅਪਮਾਨਿਤ ਮਹਿਸੂਸ ਕਰ ਸਕਦੇ ਸਨ? ਇਸ ਲਈ ਇਹ ਵਿਚਾਰ ਮੂਲੋਂ ਹੀ ਨਿਰਮੂਲ ਹੈ ਤੇ ਇਸ ਤੱਥ ਨੂੰ ਅੱਖੋਂ ਪਰੋਖੇ ਕਰਦਾ ਹੈ ਕਿ ਭਗਤੀ ਲਹਿਰ ਸ਼ੂਦਰਾਂ ਦੀ ਲਹਿਰ ਸੀ। ਪੰਜਾਬ ਵਿਚ ਛੋਟੀ ਵਪਾਰੀ ਜਮਾਤ ਦੀ ਅਗਵਾਈ ਵਿਚ ਸਾਰੇ ਸ਼ੂਦਰਾਂ ਨੂੰ ਸ਼ਾਮਿਲ ਕਰ ਕੇ ਅਗਾਂਹ ਵਧਦੀ ਲਹਿਰ ਸੀ। ਮੁਸਲਮਾਨੀ ਰਾਜ ਵਿਚ ਭਗਤਾਂ ਉਪਰ ਜਿਹੜੇ ਜ਼ੁਲਮਾਂ ਦਾ ਹਵਾਲਾ ਦਿੱਤਾ ਜਾਂਦਾ ਹੈ, ਉਸ ਵਿਚ ਵੀ ਇਹ ਤੱਥ ਲੁਕੋ ਲਿਆ ਜਾਂਦਾ ਹੈ ਕਿ ਭਗਤਾਂ ਖਿਲਾਫ ਸਾਰੀਆਂ ਸ਼ਿਕਾਇਤਾਂ ਬ੍ਰਾਹਮਣਾਂ ਨੇ ਹੀ ਕੀਤੀਆਂ। ਸਿੰਗਲ ਦਾ ਇਹ ਕਥਨ ਸਹੀ ਹੈ ਕਿ 'ਭਗਤੀ ਲਹਿਰ ਦੀ ਸਭ ਤੋਂ ਵੱਡੀ ਦੇਣ ਇਹ ਹੈ ਕਿ ਇਸ ਨਾਲ ਭਗਤੀ ਦੀ ਵਾਗਡੋਰ ਪੰਡਾ-ਪੁਰੋਹਿਤਵਾਦ ਹੱਥੋਂ ਨਿਕਲ ਕੇ ਆਮ ਜਨਤਾ (ਸ਼ੂਦਰਾਂ) ਅਤੇ ਇਸ ਵਿਚੋਂ ਪੈਦਾ ਹੋਣ ਵਾਲੇ ਹਰ ਸੂਬੇ, ਜਾਤ ਦੇ ਸੰਤਾਂ ਭਗਤਾਂ ਹੱਥ ਆ ਗਈ ਅਤੇ ਨੀਚ ਜਾਤ ਦੇ ਬੰਦਿਆਂ ਅਤੇ ਇਸਤਰੀ ਜਾਤੀ ਨੂੰ ਵੀ ਭਗਤੀ ਦਾ ਪੂਰਾ ਪੂਰਾ ਅਧਿਕਾਰ ਪਹਿਲੀ ਬਾਰ ਇੱਥੇ ਹੀ ਮਿਲਿਆ ਸੀ।" (ਸਿੰਗਲ, ਪੰਨਾ 65)

ਕਬੀਰ, ਨਾਮਦੇਵ, ਰਵਿਦਾਸ, ਤ੍ਰਿਲੋਚਨ, ਧੰਨਾ, ਸੈਣ, ਸਧਨਾ ਆਦਿ ਸਾਰੇ ਦਲਿਤ (ਸ਼ੂਦਰ) ਜਾਤੀਆਂ ਵਿਚੋਂ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਗਤਾਂ ਵਿਚੋਂ ਸਭ ਤੋਂ ਵੱਧ ਬਾਣੀ ਕਬੀਰ ਦੀ ਹੈ। ਉਸ ਤੋਂ ਬਾਅਦ ਨਾਮਦੇਵ ਅਤੇ ਭਗਤ ਰਵਿਦਾਸ ਦੀ। ਇਨ੍ਹਾਂ ਤਿੰਨਾਂ ਨੇ ਭਾਰਤੀ ਸਮਾਜ ਉਪਰ ਆਪਣਾ ਪ੍ਰਭਾਵ ਪਾਇਆ ਅਤੇ ਉਨ੍ਹਾਂ ਦੀ ਬਾਣੀ ਸਮਕਾਲ ਵਿਚ ਵੀ ਆਪਣੇ ਵਿਚਾਰਾਂ ਕਰ ਕੇ ਪ੍ਰਭਾਵਸ਼ਾਲੀ ਹੈ। ਇਨ੍ਹਾਂ ਨੇ ਸਭ ਤੋਂ ਪਹਿਲਾਂ ਬ੍ਰਾਹਮਣ ਨਾਲ ਵਿਚਾਰਧਾਰਕ ਟੱਕਰ ਲਈ ਅਤੇ ਆਪਣੀ ਵੱਖਰੀ ਪਛਾਣ ਬਣਾਈ। ਭਗਤ ਕਬੀਰ ਨੇ ਬ੍ਰਾਹਮਣ ਨਾਲੋਂ ਆਪਣੀ ਵੱਖਰੀ ਪਛਾਣ ਦੱਸੀ:

ਹਮ ਘਰਿ ਸੂਤੁ ਤਨਹਿ ਨਿਤ ਤਾਨਾ ਕੰਠਿ ਜਨੇਊ ਤੁਮ੍ਾਰੇ॥
ਤੁਮ ਤਉ ਬੇਦ ਪੜਹੁ ਗਾਇਤ੍ਰੀ ਗੋਬਿੰਦ ਰਿਦੈ ਹਮਾਰੇ॥
ਮੇਰੀ ਜਿਹਬਾ ਬਿਸਨੁ ਨੈਨ ਨਾਰਾਇਨ ਹਿਰਦੈ ਬਸਹਿ ਗੋਬਿੰਦਾ॥
ਜਮ ਦੁਆਰ ਜਬ ਪੂਛਸਿ ਬਵਰੇ ਤਬ ਕਿਆ ਕਹਿਸ ਮੁਕੰਦਾ॥ ਰਹਾਉ॥
ਹਮ ਗੋਰੂ ਤੁਮ ਗੁਆਰ ਗੋਸਾਈ ਜਨਮ ਜਨਮ ਰਖਵਾਰੇ॥
ਕਬਹੂੰ ਨ ਪਾਰ ਉਤਾਰਿ ਚਰਾਇਹੁ ਕੈਸੇ ਖਸਮ ਹਮਾਰੇ॥
ਤੂੰ ਬਾਮਨੁ ਮੈ ਕਾਸੀਕ ਜੁਲਹਾ ਬੂਝਹੁ ਮੋਰ ਗਿਆਨਾ॥
ਤੁਮ ਤਉ ਜਾਚੇ ਭੂਪਤਿ ਰਾਜੇ ਹਰ ਸਉ ਮੋਰ ਧਿਆਨਾ॥ (ਆਸਾ ਕਬੀਰ)



*ਲਿਖਣ-ਪੜ੍ਹਨ ਵਿਚ ਮਸਰੂਫ ਡਾ. ਭੀਮ ਰਾਓ ਅੰਬੇਡਕਰ।*

ਕਬੀਰ-ਬ੍ਰਾਹਮਣ ਸੰਵਾਦ ਬੜਾ ਤਿੱਖਾ ਹੈ। ਜੁਲਾਹਾ ਤਾਣਾ ਤਣਦਾ ਹੈ ਪਰ ਬ੍ਰਾਹਮਣ ਜਨੇਊ ਪਾ ਕੇ ਉਚਾ ਬਣਦਾ ਹੈ। ਇਕ ਵਿਹਲਾ ਦੂਜਾ ਕਾਮਾ। ਇਕ ਬਾਹਰੀ ਗਾਇਤ੍ਰੀ ਮੰਤਰ ਉਚਾਰਦਾ ਹੈ, ਦੂਜੇ ਦੇ ਹਿਰਦੇ ਵਿਚ ਗੋਬਿੰਦ ਹੈ। ਜਮ ਦੇ ਦੁਆਰ ਜਾ ਕੇ ਬ੍ਰਾਹਮਣ ਨੂੰ ਕਹਿਣ ਨੂੰ ਕੁਝ ਨਹੀਂ। ਬ੍ਰਾਹਮਣ ਰਾਜਿਆਂ ਅੱਗੇ ਜਾਚਕ ਬਣਦਾ ਹੈ ਪਰ ਕਾਮਾ ਕਬੀਰ ਹਰਿ ਵਲ ਧਿਆਨ ਲਗਾ ਰਿਹਾ ਹੈ। ਕਬੀਰ ਦੀ ਬ੍ਰਾਹਮਣ ਨਾਲ ਤਕਰਾਰ ਇਸ ਤੋਂ ਵੀ ਤਿੱਖੀ ਹੁੰਦੀ ਦਿਖਾਈ ਦਿੰਦੀ ਹੈ:

ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ॥ ਤਉ ਆਨ ਬਾਟ ਕਾਹੇ ਨਹੀ ਆਇਆ॥
ਤੁਮ ਕਤ ਬ੍ਰਾਹਮਣ ਹਮ ਕਤ ਸੂਦ॥ ਹਮ ਕਤ ਲੋਹੂ ਤੁਮ ਕਤ ਦੂਧ॥

ਜਦੋਂ ਕਬੀਰ ਆਪਣੀ ਥਾਂ ਤੋਂ ਕਹਿੰਦਾ ਹੈ ਕਿ 'ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥ ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥' ਤਾਂ ਉਹ ਸੱਚਮੁੱਚ ਬਰਾਬਰੀ ਦੀ ਗੱਲ ਕਰ ਰਿਹਾ ਹੈ। ਬ੍ਰਾਹਮਣ ਗ੍ਰੰਥਾਂ ਵਿਚ ਸ਼ੂਦਰ ਕਿਤੇ ਬਰਾਬਰ ਨਹੀਂ ਹੈ। ਕਬੀਰ ਬਰਾਬਰੀ ਦਾ ਸੰਕਲਪ ਦੇ ਰਿਹਾ ਹੈ। ਸ਼ਬਦਾਵਲੀ ਸਾਮੀ ਸਭਿਆਚਾਰ ਦਾ ਪ੍ਰਭਾਵ ਵੀ ਲੈ ਕੇ ਆ ਰਹੀ ਹੈ।

ਭਗਤ ਰਵਿਦਾਸ ਜਦੋਂ ਆਪਣੇ ਆਪ ਨੂੰ 'ਕਹਿ ਰਵਿਦਾਸ ਚਮਾਰਾ' ਕਹਿੰਦਾ ਹੈ ਤਾਂ ਉਹ ਬ੍ਰਾਹਮਣ ਨੂੰ ਆਪਣੇ ਕਾਮੇ ਹੋਣ ਦਾ ਉਸੇ ਤਰ੍ਹਾਂ ਸ਼ੀਸ਼ਾ ਦਿਖਾਉਂਦਾ ਹੈ, ਜਿਵੇਂ ਕਬੀਰ ਨੇ ਦਿਖਾਇਆ ਹੈ। ਇਥੇ ਇਹ ਭਗਤ ਇਕ ਪਾਸੇ ਬ੍ਰਾਹਮਣਵਾਦੀ ਸੋਚ ਨੂੰ ਨਕਾਰ ਰਹੇ ਹਨ, ਦੂਜੇ ਪਾਸੇ ਵਿਦੇਸ਼ੀ ਸੱਤਾ-ਸਭਿਆਚਾਰ ਨੂੰ ਵੀ ਪ੍ਰਵਾਨ ਨਹੀਂ ਕਰਦੇ। ਇਸ ਦੁਵੱਲੇ ਵਿਰੋਧ ਵਿਚੋਂ ਭਗਤ ਰਵਿਦਾਸ ਦਾ 'ਬੇਗਮਪੁਰੇ' ਦਾ ਸੰਕਲਪ ਉਜਾਗਰ ਹੁੰਦਾ ਹੈ। ਇਥੇ ਗੁਲਾਮੀ ਨਹੀਂ, ਦੁੱਖ ਦਰਦ ਨਹੀਂ; ਉਥੇ ਹਮੇਸ਼ਾ ਖੈਰ-ਸੁੱਖ ਹੈ। ਉਥੇ ਕੋਈ ਦੋਮ (ਹੇਠਲੀ ਜਾਤੀ) ਸੇਮ (ਅਤਿ ਸ਼ੂਦਰ) ਨਹੀਂ। ਅਜਿਹੇ ਵਿਚਾਰ ਰੱਖਣ ਵਾਲਾ ਸ਼ਖਸ ਭਗਤ ਰਵਿਦਾਸ ਦਾ 'ਹਮ ਸ਼ਹਿਰੀ' ਹੈ। ਇਹੋ ਜਿਹੇ ਸ਼ਹਿਰੀ ਭਗਤ ਕਵੀ ਹੀ ਸਨ। ਇਨ੍ਹਾਂ ਦੀ ਲਹਿਰ ਇਵੇਂ ਵੱਖਰੇ ਬ੍ਰਾਹਮਣਵਾਦ ਵਿਰੋਧੀ (ਜਾਤ-ਪਾਤ ਵਿਰੋਧੀ) ਲਹਿਰ ਬਣਦੀ ਹੈ:

ਬੇਗਮ ਪੁਰਾ ਸਹਰ ਕੋ ਨਾਉ॥
ਦੂਖੁ ਅੰਦੋਹੁ ਨਹੀ ਤਿਹਿ ਠਾਉ॥
ਨਾਂ ਤਸਵੀਸ ਖਿਰਾਜੁ ਨ ਮਾਲੁ॥
ਖਉਫੁ ਨ ਖਤਾ ਨ ਤਰਸੁ ਜਵਾਲੁ॥
ਅਬ ਮੋਹਿ ਖੂਬ ਵਤਨ ਗਹ ਪਾਈ॥
ਊਹਾਂ ਖੈਰਿ ਸਦਾ ਮੇਰੇ ਭਾਈ॥ ਰਹਾਉ॥
ਕਾਇਮੁ ਦਾਇਮੁ ਸਦਾ ਪਾਤਸਾਹੀ॥
ਦੋਮ ਨ ਸੇਮ ਏਕ ਸੋ ਆਹੀ॥
ਆਬਾਦਾਨੁ ਸਦਾ ਮਸਹੂਰ॥
ਊਹਾਂ ਗਨੀ ਬਸਹਿ ਮਾਮੂਰ॥
ਤਿਉ ਤਿਉ ਸੈਲ ਕਰਹਿ ਜਿਉ ਭਾਵੈ॥
ਮਹਰਮ ਮਹਲ ਨ ਕੋ ਅਟਕਾਵੈ॥
ਕਹਿ ਰਵਿਦਾਸ ਖਲਾਸ ਚਮਾਰਾ॥
ਜੋ ਹਮ ਸਹਰੀ ਸੁ ਮੀਤੁ ਹਮਾਰਾ॥
ਬ੍ਰਹਮਨ ਬੈਸ ਸੂਦ ਅਰੁ ਖ੍ਹਤ੍ਰੀ
ਡੋਮ ਚੰਡਾਰ ਮਲੇਛ ਮਨ ਸੋਇ॥
ਹੋਇ ਪੁਨੀਤ ਭਗਵੰਤ ਭਜਨ ਤੇ
ਆਪੁ ਤਾਰਿ ਤਾਰੇ ਕੁਲ ਦੋਇ॥ (ਬਿਲਾਵਲੁ ਰਵਿਦਾਸ)

ਭਗਤ ਕਵੀਆਂ ਦੀ ਸਾਂਝੀ ਸੋਚ ਇਹ ਹੈ ਕਿ ਇਹ ਨਾ ਤਾਂ ਇਸ ਸੰਸਾਰ ਤੋਂ ਪਾਰ ਜਾਂਦੇ ਹਨ ਤੇ ਨਾ ਹੀ ਪਦਾਰਥਕ ਲੋੜਾਂ ਤੋਂ ਇਨਕਾਰੀ ਹਨ। ਉਨ੍ਹਾਂ ਲਈ ਪਦਾਰਥਕ ਲੋੜਾਂ ਪਹਿਲਾਂ ਹਨ, ਰਹੱਸਵਾਦੀ ਦੁਨੀਆ ਬਾਅਦ ਵਿਚ। ਇਹ ਇਸ ਕਰ ਕੇ ਹੈ ਕਿ ਇਹ ਸਾਰੇ ਕਾਮਾ ਸ਼੍ਰੇਣੀ ਵਿਚੋਂ ਸਨ; ਖੇਤੀਬਾੜੀ, ਜੁਲਾਹਾ, ਚਮੜੇ ਦਾ ਕੰਮ, ਕਸਾਈ, ਝਿਊਰ, ਦਰਜੀ ਆਦਿ ਕਿੱਤਿਆਂ ਨਾਲ ਜੁੜੇ ਹੋਏ ਸਨ। ਕਬੀਰ ਦੀ ਇਹ ਉਕਤੀ ਹਰ ਜ਼ੁਬਾਨ 'ਤੇ ਹੈ ਕਿ 'ਭੂਖੇ ਭਗਤਿ ਨਾ ਕੀਜੈ॥ ਯਹ ਮਾਲਾ ਆਪਨੀ ਲੀਜੈ॥' ਇਸੇ ਵਿਚਾਰ ਨਾਲ ਸਹਿਮਤੀ ਧੰਨਾ ਭਗਤ ਦੀ ਹੈ ਜੋ ਗੋਪਾਲ ਤੋਂ ਦਾਲ, ਆਟਾ, ਘਿਉ, ਜੁੱਤੀ, ਅਨਾਜ, ਲਵੇਰੀ ਗਾਂ-ਮੱਝ, ਘੋੜੀ ਤੇ ਘਰਵਾਲੀ ਦੀ ਮੰਗ ਕਰਦਾ ਹੈ:

ਗੋਪਾਲ ਤੇਰਾ ਆਰਤਾ॥
ਜੋ ਜਨ ਤੁਮਰੀ ਭਗਤਿ ਕਰੰਤੇ ਤਿਨ ਕੇ ਕਾਜ ਸਵਾਰਤਾ॥
ਦਾਲਿ ਸੀਧਾ ਮਾਗਉ ਘੀਉ ਹਮਰਾ ਖੁਸੀ ਕਰੈ ਨਿਤ ਜੀਉ॥
ਪਨੀਆ ਛਾਦਨੁ ਨੀਕਾ॥ ਅਨਾਜੁ ਮਗਉ ਸਤ ਸੀਕਾ।
ਗਊ ਭੈਸ ਮਗਉ ਲਾਵੇਰੀ॥ ਇਕ ਤਾਜਨਿ ਤੁਰੀ ਚੰਗੇਰੀ॥
ਘਰ ਕੀ ਗੀਹਨਿ ਚੰਗੀ॥ ਜਨੁ ਧੰਨਾ ਲੇਵੈ ਮੰਗੀ॥

'ਪੰਜਾਬ ਵਿਚ ਗੁਰੂ ਖਤਰੀ ਹਨ ਪਰ ਉਹ ਨੀਚਾਂ' ਦੇ 'ਸੰਗਿ ਸਾਥ' ਹਨ। ਉਹ ਭਗਤ ਕਵੀਆਂ ਨੂੰ ਆਪਣੇ ਨਾਲ ਰਲ਼ਾ ਕੇ ਬ੍ਰਾਹਮਣਵਾਦ ਖਿਲ਼ਾਫ ਵੱਡੀ ਮੁਹਿੰਮ ਦਾ ਆਗਾਜ਼ ਕਰਦੇ ਹਨ। ਉਹ ਬ੍ਰਾਹਮਣ ਦੇ ਨਾਲ ਨਾਲ ਜੋਗੀ ਅਤੇ ਮੁੱਲਾਂ ਨੂੰ ਵੀ ਨਿਸ਼ਾਨੇ 'ਤੇ ਲਿਆਉਂਦੇ ਹਨ।

ਭਾਰਤ ਵਿਚ ਅੰਗਰੇਜ਼ੀ ਰਾਜ ਕਾਇਮ ਹੋਣ ਨਾਲ ਜਾਤ-ਪਾਤ ਵਿਰੁੱਧ ਨਵੇਂ ਸਿਰਿਉਂ ਅੰਦੋਲਨ ਉਠਣੇ ਸ਼ੁਰੂ ਹੋਏ। ਇਸ ਦੇ ਸੂਤਰਧਾਰ ਜਯੋਤੀਬਾ ਫੂਲੇ (1827-1890) ਅਤੇ ਡਾ. ਅੰਬੇਡਕਰ (1891-1956) ਬਣੇ। ਮਹਾਤਮਾ ਫੂਲੇ ਸਿਰਜਣਾਤਮਕ ਸਾਹਿਤਕਾਰ ਸਨ ਜਿਸ ਨੇ ਸ਼ਿਵਜੀ ਉਪਰ ਨਾਟਕ ਵੀ ਲਿਖਿਆ। ਫੂਲੇ ਨੇ ਇਹ ਪਛਾਣ ਕੀਤੀ ਕਿ ਬ੍ਰਾਹਮਣਾਂ ਦੁਆਰਾ ਲਿਖੇ ਗ੍ਰੰਥ ਬ੍ਰਾਹਮਣਾਂ ਨੂੰ ਹੀ ਸਥਾਪਿਤ ਕਰਦੇ ਹਨ। ਫੂਲੇ ਨੇ ਇਨ੍ਹਾਂ ਨੂੰ ਸ਼ਾਤਰ, ਹੰਕਾਰੀ, ਕੱਟੜ, ਸਵੈ-ਪ੍ਰਸ਼ੰਸਕ ਆਦਿ ਕਿਹਾ ਹੈ ਜਿਨ੍ਹਾਂ ਨੇ ਵਿਰੋਧੀਆਂ ਨੂੰ ਸ਼ੂਦਰ, ਮਹਾਰੀ (ਵੱਡਾ ਦੁਸ਼ਮਣ), ਅੰਤਿਅਜ, ਚਾਂਡਾਲ ਅਤੇ ਰਾਕਸ਼ਸ਼ ਨਾਮ ਨਾਲ ਸੰਬੋਧਿਤ ਕੀਤਾ। ਫੂਲੇ ਅਤੇ ਡਾ. ਅੰਬੇਡਕਰ ਸ਼ੂਦਰਾਂ ਨੂੰ ਮੂਲ਼ ਰੂਪ ਵਿਚ ਖੱਤਰੀ ਮੰਨਦੇ ਹਨ ਜਿਨ੍ਹਾਂ ਨੂੰ ਪਰਸੂ ਰਾਮ ਵਰਗੇ ਬ੍ਰਾਹਮਣਾਂ ਨੇ ਤਬਾਹ ਕਰ ਕੇ ਅਛੂਤ ਬਣਾ ਦਿੱਤਾ।

ਇਸ ਧਾਰਨਾ ਨਾਲ ਸਹਿਮਤ ਨਾ ਹੋਣ ਦੇ ਕਈ ਕਾਰਨ ਹਨ ਪਰ ਇਥੇ ਸੰਕੇਤ ਮਾਤਰ ਹੀ ਕਾਫੀ ਹੈ। ਫੂਲੇ ਅਨੁਸਾਰ ਬ੍ਰਾਹਮਣਾਂ ਨੇ ਸ਼ੂਦਰ ਨੂੰ 'ਆਮ ਮਾਨਵੀ ਅਧਿਕਾਰਾਂ ਤੋਂ ਵੀ ਵਾਂਝੇ ਰੱਖਿਆ' ਅਤੇ ਇਨ੍ਹਾਂ ਦਾ 'ਮੁੱਖ ਮਕਸਦ ਝੂਠੀਆਂ ਸੱਚੀਆਂ ਕਹਾਣੀਆਂ ਰਾਹੀਂ ਅਣਜਾਣ ਲੋਕਾਂ ਨੂੰ ਧੋਖਾ ਦੇ ਕੇ ਉਨ੍ਹਾਂ ਨੂੰ ਗੁਲਾਮ ਬਣਾਉਣਾ ਸੀ।' ਫੂਲੇ ਦੀ ਪੁਸਤਕ 'ਗੁਲਾਮਗਿਰੀ' ਇਨ੍ਹਾਂ ਵਿਚਾਰਾਂ ਦਾ ਹੀ ਵਿਸਤਾਰ ਹੈ। ਕਈ ਲੋਕ ਅੰਗਰੇਜ਼ਾਂ ਦੀਆਂ ਸਿਫਤਾਂ ਕਰਦੇ ਸਨ ਪਰ ਫੂਲੇ ਨੇ ਜ਼ੋਰ ਦੇ ਕੇ ਕਿਹਾ ਕਿ ਇਨ੍ਹਾਂ ਨੇ ਆਮ ਲੋਕਾਂ ਨੂੰ ਅਣਗੌਲਿਆਂ ਕੀਤਾ ਅਤੇ ਕੇਵਲ ਉਪਰਲਿਆਂ ਉਪਰ ਹੀ ਪੈਸਾ ਖਰਚ ਕੀਤਾ। ਇਸ ਲਈ ਫੂਲੇ ਅਤੇ ਉਸ ਦੀ ਪਤਨੀ ਨੇ ਸਾਰਾ ਜੀਵਨ ਸ਼ੂਦਰਾਂ ਨੂੰ ਸਿਖਿਆ ਦੇਣ ਵਿਚ ਲਾਇਆ। ਦੋਨਾਂ ਨੇ

**(ਬਾਕੀ ਅਗਲੇ ਸਫੇ 'ਤੇ)**

***ਭਗਤ ਸਿੰਘ ਅਛੂਤ ਦੇ ਸਵਾਲ ਨੂੰ ਸਿੱਧਾ ਮਾਨਵਵਾਦੀ/ਪ੍ਰਗਤੀਵਾਦੀ ਦ੍ਰਿਸ਼ਟੀ ਤੋਂ ਸੰਬੋਧਿਤ ਹੁੰਦਾ ਹੈ। ਉਸ ਦਾ ਲੇਖ 'ਅਛੂਤ ਦਾ ਸਵਾਲ' ਡੂੰਘੇ ਅਧਿਐਨ ਦੀ ਮੰਗ ਕਰਦਾ ਹੈ। ਭਗਤ ਸਿੰਘ ਅਨੁਸਾਰ ਸਾਰੇ ਇਨਸਾਨ ਇਕੋ ਜਿਹੇ ਹਨ, ਕੰਮ ਕਾਜ ਨਾਲ ਭਿੰਨ ਭੇਦ, ਜਨਮ ਨਾਲ ਨਹੀਂ। ਭਗਤ ਸਿੰਘ ਪੁਨਰ-ਜਨਮ ਦਾ ਵਿਸ਼ਲੇਸ਼ਣ ਕਰਦਿਆਂ ਕਹਿੰਦਾ ਹੈ ਕਿ ਇਸ ਵਿਸ਼ਵਾਸ ਨੇ ਭਾਰਤੀਆਂ ਵਿਚ ਆਤਮ-ਵਿਸ਼ਵਾਸ, ਇਨਸਾਨੀਅਤ ਅਤੇ ਆਤਮ-ਨਿਰਭਰਤਾ ਨੂੰ ਹੀ ਤਬਾਹ ਨਹੀਂ ਕੀਤਾ ਸਗੋਂ ਇਸ ਨੇ ਜ਼ਰੂਰੀ ਕੰਮਾਂ ਲਈ ਘ੍ਰਿਣਾ ਵੀ ਪੈਦਾ ਕੀਤੀ ਹੈ।***



# ਅੰਬੇਡਕਰ, ਭਗਤ ਸਿੰਘ, ਮਾਰਕਸ ਅਤੇ ਦਲਿਤ ਅੰਦੋਲਨ

(ਪਿਛਲੇ ਸਫੇ ਦੀ ਬਾਕੀ)

ਸਭ ਤੋਂ ਪਹਿਲਾਂ ਸ਼ੂਦਰ ਕੁੜੀਆਂ ਲਈ ਸਕੂਲ ਖੋਲ੍ਹਿਆ। ਕਾਮਿਆਂ ਲਈ ਰਾਤ ਦਾ ਸਕੂਲ ਚਲਾਇਆ। ਬਿਨ ਪਿਉ ਬੱਚਿਆਂ ਤੇ ਉਨ੍ਹਾਂ ਦੀਆਂ ਮਾਵਾਂ ਲਈ ਘਰ ਬਣਵਾਇਆ, ਅਛੂਤਾਂ ਲਈ ਪਾਣੀ ਦਾ ਤਲਾਅ ਬਣਾਇਆ ਅਤੇ 'ਸਤਯਸ਼ੋਧਕ' ਸਮਾਜ ਦੀ ਸਥਾਪਨਾ ਕੀਤੀ।

ਬੀ.ਟੀ. ਰਣਦੀਵੇ ਨੇ ਆਪਣੇ ਕਿਤਾਬਚੇ 'ਜਾਤ ਵਰਗ ਅਤੇ ਜਾਇਦਾਦ ਦੇ ਸਬੰਧ' ਵਿਚ ਜਯੋਤੀਬਾ ਫੂਲੇ, ਪੇਰੀਆਰ ਅਤੇ ਡਾ. ਅੰਬੇਡਕਰ ਦਾ ਸੰਖੇਪ ਪਰ ਡੂੰਘਾ ਵਿਸ਼ਲੇਸ਼ਣ ਕੀਤਾ ਹੈ। ਰਣਦੀਵੇ ਨੇ ਫੂਲੇ ਦੀ ਗੈਰ-ਸਮਝੌਤਾਵਾਦੀ ਨੀਤੀ ਦੀ ਬਣਦੀ ਪ੍ਰਸ਼ੰਸਾ ਕੀਤੀ ਹੈ। ਰਣਦੀਵੇ ਨੇ ਸਤਯਸ਼ੋਧਕ ਅੰਦੋਲਨ ਬਾਰੇ ਲਿਖਿਆ ਹੈ: "ਇਹ ਅੰਦੋਲਨ ਬ੍ਰਾਹਮਣਾਂ ਦੀ ਸਰਵ-ਉਚਤਾ 'ਤੇ ਆਧਾਰਿਤ ਹਿੰਦੂ ਸਮਾਜ ਵਿਵਸਥਾ ਦੇ ਝੂਠ ਅਨਿਆਂ ਅਤੇ ਦੋਗਲੇਪਨ ਦਾ ਵਿਰੋਧ ਕਰਨ ਵਾਲਾ ਸੀ। ਉਨ੍ਹਾਂ ਨੇ ਬ੍ਰਾਹਮਣਾਂ ਅਤੇ ਉਨ੍ਹਾਂ ਦੀ ਵਿਚਾਰਧਾਰਾ ਖਿਲਾਫ ਆਪਣਾ ਧਰਮ ਯੁੱਧ ਛੇੜ ਦਿੱਤਾ ਸੀ, ਜਾਤੀਆਂ ਦੀ ਉਤਪਤੀ ਅਤੇ ਧਾਰਨਾ ਦਾ ਪਰਦਾਫਾਸ਼ ਕੀਤਾ। ਉਨ੍ਹਾਂ ਸਭ ਲਈ ਪੂਰਨ ਸਮਾਨਤਾ ਦੀ ਮੰਗ ਕੀਤੀ। ਮੁਸਲਮਾਨਾਂ ਅਤੇ ਇਸਾਈਆਂ ਨਾਲ ਸਮਾਨਤਾ ਦਾ ਵਿਹਾਰ ਕਰਨ ਦੀ ਮੰਗ ਕੀਤੀ। ਹੇਠਲੇ ਤੋਂ ਹੇਠਲੇ ਤਬਕੇ ਲਈ ਸਿਖਿਆ ਦੀ ਮੰਗ ਕੀਤੀ ਅਤੇ ਮਰਦ ਔਰਤ ਦੀ ਬਰਾਬਰੀ 'ਤੇ ਜ਼ੋਰ ਦਿੱਤਾ। ਕੁੱਲ ਮਿਲਾ ਕੇ ਉਨ੍ਹਾਂ ਨੇ ਅਸਮਾਨਤਾ 'ਤੇ ਆਧਾਰਿਤ ਪੁਰਾਣੀ ਵਿਵਸਥਾ ਦੇ ਖਿਲਾਫ ਖੁੱਲ੍ਹੀ ਜੰਗ ਦਾ ਐਲਾਨ ਕੀਤਾ।"

ਵਿਲਾਸ ਸੋਨਵਣੇ ਨੇ ਸਾਡਾ ਧਿਆਨ ਇਸ ਤੱਥ ਵਲ ਦਿਵਾਇਆ ਹੈ ਕਿ 1876 ਦੀ ਸ਼ਾਹੂਕਾਰਾਂ ਖਿਲਾਫ ਲੜਾਈ ਜਿਸ ਨੂੰ 'ਡਕਨਰਾਇਟਸ' ਕਿਹਾ ਜਾਂਦਾ ਹੈ, ਦੀ ਅਗਵਾਈ ਜਯੋਤੀਬਾ ਫੂਲੇ ਨੇ ਕੀਤੀ। ਸੋਨਵਣੇ ਅਨੁਸਾਰ, "ਫੂਲੇ ਜਾਤੀ ਪ੍ਰਥਾ ਦੇ ਖਿਲਾਫ ਜ਼ਰੂਰ ਸਨ ਪਰ ਭਾਰਤ ਵਿਚ ਜੋ ਵਰਗ ਬਣੇ, ਉਨ੍ਹਾਂ ਵਿਚ ਵਰਗ ਸੰਘਰਸ਼ ਦਾ ਪਹਿਲਾ ਲੀਡਰ ਉਹੀ ਸੀ।" (ਨਯਾਪਥ, ਅਕਤੂਬਰ 2015-ਜੂਨ 2016, ਪੰਨਾ 226)।

ਇਸੇ ਸਮੇਂ ਈ.ਵੀ.ਐਮ. ਪੇਰੀਆਰ ਨੇ ਵੀ ਜਾਤੀ ਪ੍ਰਥਾ ਖਿਲਾਫ ਆਪਣੇ ਢੰਗ ਨਾਲ ਥੋੜ੍ਹ ਚਿਰੀ ਲੜਾਈ ਲੜੀ। ਮਾਰਗ੍ਰੇਟ ਰੌਸਬਰਨਟ ਅਨੁਸਾਰ, "ਉਸ ਨੇ ਕਾਂਗਰਸ ਦੇ ਉਚ ਜਾਤੀ ਰਵੱਈਏ ਅਤੇ ਸਮਾਜਕ ਰੂੜ੍ਹੀਵਾਦ ਖਿਲਾਫ ਸਮਾਜ ਸੁਧਾਰ ਦਾ ਝੰਡਾ ਬੁਲੰਦ ਕੀਤਾ। ਉਸ ਨੇ ਸੋਵੀਅਤ ਸੰਘ ਦੀ ਯਾਤਰਾ ਤੋਂ ਬਾਅਦ ਥੋੜ੍ਹੇ ਜਿਹੇ ਸਮੇਂ ਤਕ ਹੀ ਸਹੀ, ਕਮਿਊਨਿਜ਼ਮ ਦੀ ਮੁਹਿੰਮ ਵੀ ਚਲਾਈ ਅਤੇ ਜ਼ਿਮੀਦਾਰੀ ਪ੍ਰਥਾ ਵਿਰੁਧ ਸੰਮੇਲਨ ਵੀ ਕੀਤਾ।"

ਡਾ. ਅੰਬੇਡਕਰ ਜਾਤ-ਪਾਤ ਦਾ ਵਿਰੋਧ ਕਰਨ ਵਾਲਿਆਂ ਵਿਚੋਂ ਸਭ ਤੋਂ ਵੱਧ ਪੜ੍ਹੇ ਲਿਖੇ ਅਤੇ ਮੋਹਰੀ ਸਨ। ਉਹ ਕਾਨੂੰਨ ਮੰਤਰੀ, ਸੰਵਿਧਾਨ ਖਰੜਾ ਕਮੇਟੀ ਦੇ ਚੇਅਰਮੈਨ ਤੇ ਕਿਰਤ ਮੰਤਰੀ ਵੀ ਰਹੇ। ਉਨ੍ਹਾਂ ਨੇ ਸਮਤਾ ਸੈਨਿਕ ਦਲ, ਇੰਡੀਪੈਂਡੈਂਟ ਲੇਬਰ ਪਾਰਟੀ ਅਤੇ ਸ਼ਡਿਊਲਡ ਕਾਸਟ ਫੈਡਰੇਸ਼ਨ ਕਾਇਮ ਕੀਤੇ। ਉਨ੍ਹਾਂ ਔਰਤਾਂ ਤੇ ਮਜ਼ਦੂਰਾਂ ਦੇ ਹੱਕਾਂ ਲਈ ਖੜ੍ਹਾ ਹੋਣ ਵਾਲੇ ਨਿਆਂ ਸ਼ਾਸਤਰੀ, ਰਾਜਨੀਤੀ ਵੇਤਾ ਅਤੇ ਸਮਾਜ ਸੁਧਾਰਕ ਦੇ ਤੌਰ 'ਤੇ ਜਾਣਿਆ ਜਾਂਦਾ ਹੈ। ਜਾਤ-ਪਾਤ ਦੇ ਵਿਰੋਧੀ ਹੋਣ ਪਿੱਛੇ ਉਨ੍ਹਾਂ ਦਾ ਸਦੀਆਂ ਤੋਂ ਸ਼ੂਦਰਾਂ ਨਾਲ ਹੋਈ ਬੇਇਨਸਾਫੀ ਦੇ ਅਹਿਸਾਸ ਅਤੇ ਸਮਝ ਤੋਂ ਇਲਾਵਾ ਕੌੜਾ ਨਿੱਜੀ ਅਨੁਭਵ ਵੀ ਸਨ। ਸਕੂਲ ਕਾਲ ਸਮੇਂ ਉਸ ਦੀ ਹਜਾਮਤ ਕਰਨ ਲਈ ਕੋਈ ਨਾਈ ਤਿਆਰ ਨਹੀਂ ਸੀ ਹੁੰਦਾ, ਇਹ ਹਜਾਮਤ ਉਸ ਦੀਆਂ ਭੈਣਾਂ ਕਰਦੀਆਂ। ਜਮਾਤ ਵਿਚ ਵਿਦਿਆਰਥੀਆਂ ਤੋਂ ਵੱਖ ਬੈਠਣਾ ਪੈਂਦਾ। ਉਸ ਨੂੰ ਉਚ ਜਾਤੀ ਦਾ ਕੋਈ ਵਿਦਿਆਰਥੀ ਦੂਰੋਂ ਖੜ੍ਹ ਕੇ ਪਾਣੀ ਪਿਲਾਉਂਦਾ। ਕ੍ਰਿਕਟ ਖੇਡਣ ਦੀ ਉਸ ਲਈ ਮਨਾਹੀ ਸੀ। ਇਸ ਸਭ ਨੇ ਡਾ. ਅੰਬੇਡਕਰ ਨੂੰ ਜਾਤ-ਪਾਤ ਦੇ ਕੋਹੜ ਨਾਲ ਲੜਾਈ ਲੜਨ ਲਈ ਤਿਆਰ ਕੀਤਾ।

ਜਾਤ-ਪਾਤ ਖਿਲਾਫ ਮੁਕਤੀ ਅੰਦੋਲਨ ਸਮੁੱਚੇ ਭਾਰਤੀ ਸਮਾਜ ਲਈ ਮਹੱਤਵਪੂਰਨ ਹੈ। ਮਨੂੰ ਸਿਮ੍ਰਤੀ ਦੇ ਯੁੱਗ ਦੇ ਕਾਲੇ ਕਾਨੂੰਨਾਂ ਨੂੰ ਡਾ. ਅੰਬੇਡਕਰ 'ਅੰਧਕਾਰਮਈ ਅਤੇ ਅਗਿਆਨੀ ਯੁੱਗਾਂ ਵਿਚ ਤਿਆਰ ਕੀਤੇ ਗਏ ਕਾਨੂੰਨ' ਮੰਨਦੇ ਸਨ। ਉਨ੍ਹਾਂ ਦੇ ਆਪਣੇ ਚਲਾਏ ਅੰਦੋਲਨ ਬਾਰੇ ਵਿਚਾਰ ਸਨ: "ਇਹ ਅੰਦੋਲਨ ਆਪਣੇ ਖਿਲਾਫ ਹੋ ਰਹੇ ਭੇਦ-ਭਾਵ ਨੂੰ ਖਤਮ ਕਰਨ ਲਈ ਹੀ ਨਹੀਂ, ਇਹ ਸਮਾਜਕ ਕ੍ਰਾਂਤੀ ਲਿਆਉਣ ਲਈ ਵੀ ਹੈ। ਇਹ ਕ੍ਰਾਂਤੀ ਇਨਸਾਨ ਦੁਆਰਾ ਜਾਤ-ਪਾਤ ਦੇ ਬੰਧਨਾਂ ਨੂੰ ਖਤਮ ਕਰਨ ਲਈ ਵੀ ਹੈ। ਇਹ ਕ੍ਰਾਂਤੀ ਸਭ ਨੂੰ ਬਰਾਬਰ ਮੌਕੇ ਮੁਹੱਈਆ ਕਰਨ ਲਈ ਵੀ ਹੈ। ਵਰਤਮਾਨ ਜਾਤ-ਪਾਤ ਵਿਵਸਥਾ ਸਾਡੇ ਰਾਸ਼ਟਰ ਦੀ ਸਭ ਤੋਂ ਵੱਡੀ ਕਮਜ਼ੋਰੀ ਹੈ। ਸਾਡਾ ਅੰਦੋਲਨ ਸ਼ਕਤੀ ਅਤੇ ਭਾਈਚਾਰੇ ਲਈ ਹੈ। ਅਸੀਂ ਉਨ੍ਹਾਂ ਸ਼ਾਸਤਰਾਂ ਤੇ ਸਿਮ੍ਰਤੀਆਂ ਦੁਆਰਾ ਕੰਟਰੋਲ ਹੋਣ ਅਤੇ ਬੰਨ੍ਹੇ ਜਾਣ ਤੋਂ ਇਨਕਾਰ ਕਰਦੇ ਹਾਂ ਜੋ ਕਾਲੇ ਕਾਨੂੰਨ ਅੰਧਕਾਰਮਈ ਅਤੇ ਅਗਿਆਨੀ ਯੁੱਗਾਂ ਵਿਚ ਤਿਆਰ ਕੀਤੇ ਗਏ ਸਨ। ਸਾਡੀ ਸਫਲਤਾ ਦੇਸ਼ ਦੀ ਮਹਾਨ ਸੇਵਾ ਹੋਵੇਗੀ।" (ਰੌਣਕੀ ਰਾਮ, ਦਲਿਤ ਪਛਾਣ ਮੁਕਤੀ ਅਤੇ ਸ਼ਕਤੀਕਰਨ, ਪੰਨਾ 117)

ਇਹ ਗੱਲ ਧਿਆਨ ਦੇਣ ਵਾਲੀ ਹੈ ਕਿ ਅੰਬੇਡਕਰ ਆਪਣੀਆਂ ਮੁਹਿੰਮਾਂ ਦੀਆਂ ਸੀਮਾਵਾਂ ਵੀ ਜਾਣਦੇ ਸਨ। ਜੇ ਉਹ ਸ਼ੂਦਰਾਂ ਨੂੰ ਮੰਦਰਾਂ ਵਿਚ ਦਾਖਲ ਕਰਵਾਉਣਾ ਚਾਹੁੰਦੇ ਸਨ ਤਾਂ ਉਹ ਇਸ ਪੱਖੋਂ ਵੀ ਸੁਚੇਤ ਕਰਦੇ ਹਨ ਕਿ "ਮੰਦਰਾਂ ਵਿਚ ਪ੍ਰਵੇਸ਼ ਨਾਲ ਤੁਹਾਡੀਆਂ ਸਮੱਸਿਆਵਾਂ ਖਤਮ ਨਹੀਂ ਹੋਣਗੀਆਂ। ਸਿਆਸਤ, ਅਰਥ ਸ਼ਾਸਤਰ, ਵਿਦਿਆ ਅਤੇ ਧਰਮ ਸਭ ਸਮੱਸਿਆ ਦਾ ਹਿੱਸਾ ਹਨ। ਸਾਨੂੰ ਪਤਾ ਹੈ ਕਿ ਮੰਦਰ ਵਿਚਲਾ ਭਗਵਾਨ ਪੱਥਰ ਦਾ ਹੈ। ਦਰਸ਼ਨ ਅਤੇ ਪੂਜਾ ਸਾਡੀਆਂ ਸਮੱਸਿਆਵਾਂ ਨੂੰ ਹੱਲ ਨਹੀਂ ਕਰ ਸਕਦੇ।"

ਵਿਲਾਸ ਸੋਨਵਣੇ ਨੇ ਡਾ. ਅੰਬੇਡਕਰ ਵਲੋਂ ਇੰਡੀਪੈਂਡੈਂਟ ਲੇਬਰ ਪਾਰਟੀ ਬਣਾਉਣ ਦੇ ਮਹੱਤਵ ਬਾਰੇ ਲਿਖਿਆ ਹੈ ਕਿ ਅੰਬਡੇਕਰ ਨੇ ਜਦੋਂ 1936 ਵਿਚ ਇੰਡੀਪੈਂਡੈਂਟ ਲੇਬਰ ਪਾਰਟੀ ਬਣਾਈ ਤਾਂ ਉਥੇ (ਕੋਂਕਣ) ਜ਼ਿਲ੍ਹਾ ਪ੍ਰੀਸ਼ਦ ਦੀਆਂ ਚੋਣਾਂ ਵਿਚ ਰਤਨਾਗਿਰੀ ਜ਼ਿਲ੍ਹੇ ਵਿਚ 18 ਵਿਚੋਂ 14 ਸੀਟਾਂ ਲੇਬਰ ਪਾਰਟੀ ਨੂੰ ਮਿਲੀਆਂ ਪਰ ਬਾਅਦ ਵਿਚ ਜਦੋਂ ਕਮਿਊਨਲ ਐਵਾਰਡ ਮਿਲਣ ਲੱਗਾ ਤਾਂ ਸ਼ੂਦਰਾਂ ਦੇ ਪ੍ਰਤਿਨਿਧ ਵਜੋਂ ਉਸ ਸਾਹਮਣੇ ਪੇਸ਼ ਹੋਣ ਲਈ ਸ਼ਡਿਊਲਡ ਕਾਸਟ ਫੈਡਰੇਸ਼ਨ ਬਣਾ ਲਈ। ਸੋਨਵਣੇ ਨੇ ਇਹ ਤੱਥ ਉਭਾਰ ਕੇ ਪੇਸ਼ ਕੀਤਾ ਹੈ ਕਿ 1929 ਤੋਂ ਲੈ ਕੇ 1936 ਤਕ ਭਾਰਤ ਵਿਚ ਕਿਸਾਨਾਂ ਦੀ ਪਹਿਲੀ ਹੜਤਾਲ ਮਹਾਰਾਸ਼ਟਰ ਦੇ ਕੋਲਾਬਾ ਜ਼ਿਲ੍ਹੇ ਵਿਚ ਹੋਈ ਜਿਸ ਦੇ ਚਾਰ ਨੇਤਾ ਸਨ- ਡਾ. ਅੰਬੇਡਕਰ, ਸ਼ਿਆਮਾਰਾਉ ਪਰੂਲੇਕਰ, ਨਾਰਾਇਣ ਨਾਗੋਪਾਟਿਲ ਅਤੇ ਆਰਬੀ ਮੋਰੇ। ਇਹ ਹੜਤਾਲ ਜ਼ਿਮੀਦਾਰੀ ਖਿਲਾਫ ਸੀ। ਇਸ ਇਲਾਕੇ ਵਿਚ ਮਨੂੰ ਸਿਮ੍ਰਤੀ ਜਲਾਈ ਜਾਂਦੀ ਹੈ। ਇਸ ਲੜਾਈ ਦਾ ਨਤੀਜਾ ਬੜਾ ਮਹੱਤਵਪੂਰਨ ਰਿਹਾ, "ਕੋਂਕਣ ਵਿਚ ਜਾਵੋਗੇ ਤਾਂ ਜ਼ਿਮੀਦਾਰ ਖਿਲਾਫ ਜਿਨ੍ਹਾਂ ਨੇ ਵੀ ਲੜਾਈਆਂ ਲੜੀਆਂ, ਉਨ੍ਹਾਂ ਸਾਰਿਆਂ ਦੇ ਘਰਾਂ ਵਿਚ ਅੰਬੇਡਕਰ ਦੀ ਤਸਵੀਰ ਮਿਲ ਜਾਵੇਗੀ।"

ਬੀ.ਟੀ. ਰਣਦੀਵੇ ਨੇ ਡਾ. ਅੰਬੇਡਕਰ ਵਲੋਂ ਕਾਂਗਰਸੀ ਪਖੰਡਾਂ ਖਿਲਾਫ ਤਿੱਖੇ ਹਮਲਿਆਂ ਦਾ ਜ਼ਿਕਰ ਕਰਦਿਆਂ ਸੰਵਿਧਾਨ ਨਿਰਮਾਤਾ ਦੇ ਤੌਰ 'ਤੇ ਉਨ੍ਹਾਂ ਦੀ ਤਾਰੀਫ ਵੀ ਕੀਤੀ ਪਰ ਨਾਲ ਹੀ ਸੀਮਾ ਵੀ ਦਰਜ ਕੀਤੀ ਜਿਸ ਕਰ ਕੇ ਡਾ. ਅੰਬੇਡਕਰ ਦਾ ਮੋਹ ਭੰਗ ਹੋਇਆ। ਉਹ ਲਿਖਦੇ ਹਨ, "ਕਾਂਗਰਸੀ ਨੇਤਾਵਾਂ ਅਤੇ ਉਨ੍ਹਾਂ ਦੇ ਪਾਖੰਡਾਂ ਖਿਲਾਫ ਅੰਬੇਡਕਰ ਵਰਗਾ ਤਿੱਖਾ ਤੇ ਲਗਾਤਾਰ ਹਮਲਾ ਹੋਰ ਕਿਸੇ ਨੇ ਸ਼ਾਇਦ ਹੀ ਕੀਤਾ ਹੋਏ। ਇਸ ਦੇ ਬਾਵਜੂਦ ਉਹ ਸਾਡੇ ਸੰਵਿਧਾਨ ਦੇ ਮੁੱਖ ਨਿਰਮਾਤਾਵਾਂ ਵਿਚੋਂ ਇਕ ਸਨ। ਇਹ ਉਹੀ ਸੰਵਿਧਾਨ ਹੈ ਜਿਸ ਨੂੰ ਹੁਣ ਤਕ ਕਾਂਗਰਸ ਲੋਕਤੰਤਰ ਦਾ ਬੇਮਿਸਾਲ ਨਮੂਨਾ ਕਹਿ ਕੇ ਤਾਰੀਫ ਕਰਦੀ ਨਹੀਂ ਥੱਕਦੀ। ਇਹ ਉਹੀ ਸੰਵਿਧਾਨ ਹੈ ਜਿਸ ਅਧੀਨ ਅਛੂਤਾਂ ਦੇ ਘਰ ਜਲਾਏ ਜਾਂਦੇ ਹਨ, ਘਰ ਲੁੱਟੇ ਜਾਂਦੇ ਹਨ, ਔਰਤਾਂ ਨਾਲ ਬਲਾਤਕਾਰ ਕੀਤਾ ਜਾਂਦਾ ਹੈ, ਹੱਤਿਆਵਾਂ ਹੁੰਦੀਆਂ ਹਨ। ਹੈਰਾਨੀ ਦੀ ਗੱਲ ਨਹੀਂ ਹੈ, ਜੇਕਰ ਅੰਬੇਡਕਰ ਨੂੰ ਮਹਿਸੂਸ ਹੋਇਆ ਹੋਵੇ ਕਿ ਉਨ੍ਹਾਂ ਨਾਲ ਧੋਖਾ ਕੀਤਾ ਗਿਆ ਹੈ।" ਇਸ ਵਿਚ ਜੇਕਰ ਬੀ.ਜੇ.ਪੀ. ਦੇ ਸੱਤਾ ਵਿਚ ਆਉਣ ਤੋਂ ਬਾਅਦ ਦਲਿਤਾਂ ਨਾਲ ਕੀ ਹੋਇਆ, ਉਹ ਵੀ ਜੋੜ ਦਿੱਤਾ ਜਾਵੇ ਤਾਂ ਸੰਵਿਧਾਨ ਦੀਆਂ ਸੀਮਾਵਾਂ ਹੋਰ ਵੀ ਸਪਸ਼ਟ ਰੂਪ ਵਿਚ ਸਾਹਮਣੇ ਆ ਜਾਂਦੀਆਂ ਹਨ।

ਪੰਜਾਬ ਵਿਚ ਡਾ. ਅੰਬੇਡਕਰ ਦੇ ਸਮਕਾਲੀ ਬਾਬੂ ਮੰਗੂ ਰਾਮ ਮੁੱਗੋਵਾਲੀਆ ਵੀ ਦਲਿਤ ਉਥਾਨ ਲਈ ਕਾਰਜਸ਼ੀਲ ਸਨ। ਉਨ੍ਹਾਂ ਦਾ ਪ੍ਰੇਰਨਾ ਸਰੋਤ ਗਦਰ ਪਾਰਟੀ ਦਾ ਆਜ਼ਾਦ ਭਾਰਤ ਵਿਚ ਬਰਾਬਰੀ ਦਾ ਸੰਕਲਪ ਸੀ। ਗਦਰੀ ਲਹਿਰ ਦੇ ਕੇਂਦਰ ਵਿਚ ਰਹਿ ਕੇ ਉਨ੍ਹਾਂ ਇਹੋ ਮਹਿਸੂਸ ਕੀਤਾ। ਗਦਰੀ ਪਾਰਟੀ ਦੇ ਵਫਾਦਾਰ ਯੋਧੇ ਹੋਣ ਕਰ ਕੇ ਹੀ ਉਨ੍ਹਾਂ ਨੂੰ ਚਾਰ ਹੋਰ ਸਾਥੀਆਂ ਸਮੇਤ ਹਥਿਆਰ ਲੈ ਕੇ ਹਿੰਦੁਸਤਾਨ ਭੇਜਿਆ ਗਿਆ। ਗਦਰ ਲਹਿਰ ਦੀ ਨਾਕਾਮਯਾਬੀ ਸਦਕਾ ਇਸ ਦੇ ਮੈਂਬਰ ਵੱਖ ਵੱਖ ਖੇਤਰਾਂ ਵਿਚ ਚਲੇ ਗਏ ਜਿਵੇਂ ਬੱਬਰ ਅਕਾਲੀ, ਕਿਰਤੀ ਲਹਿਰ, ਕਮਿਊਨਿਸਟ ਲਹਿਰ ਆਦਿ ਪਰ ਬਾਬੂ ਮੰਗੂ ਰਾਮ ਨੇ 1925 ਵਿਚ ਵਾਪਸੀ ਤੋਂ ਬਾਅਦ ਆਦਿ ਧਰਮ ਲਹਿਰ ਦੀ ਸ਼ੁਰੂਆਤ ਕੀਤੀ। ਡਾ. ਅੰਬੇਡਕਰ ਵਾਂਗ ਨਿੱਜੀ ਅਨੁਭਵਾਂ ਦੇ ਆਧਾਰ 'ਤੇ ਉਹ ਦਲਿਤਾਂ ਦੇ ਹਾਲਾਤ ਤੋਂ ਵਾਕਿਫ ਸਨ। ਇਸ ਲਈ ਉਨ੍ਹਾਂ ਸ਼ੂਦਰਾਂ ਨੂੰ ਹਿੰਦੂ ਧਰਮ ਤੋਂ ਵੱਖ ਆਦਿ ਧਰਮੀ ਕਿਹਾ ਅਤੇ ਸਰਕਾਰ ਤੋਂ ਇਹ ਤੱਥ ਮੰਨਵਾ ਵੀ ਲਿਆ। ਉਨ੍ਹਾਂ ਦੀਆਂ ਮੰਗਾਂ ਵਿਚ ਪੰਜਾਬ ਭੂਮੀ ਇੰਤਕਾਲ ਐਕਟ-1900 ਵਿਚ ਆਦਿ ਧਰਮੀਆਂ ਨੂੰ ਸਹੂਲਤਾਂ ਦੇਣ ਸਬੰਧੀ ਸੋਧ ਕਰਨਾ, ਹੋਰਨਾਂ ਵਾਂਗ ਜਾਇਦਾਦ ਦਾ ਅਧਿਕਾਰ ਦਿਵਾਉਣਾ, ਆਦਿ ਧਰਮੀਆਂ ਨੂੰ ਆਦਿ ਧਰਮੀਆਂ ਦੀ ਜ਼ਾਮਨੀ ਦਾ ਅਧਿਕਾਰ ਦੇਣਾ, ਇਨ੍ਹਾਂ ਉਪਰ ਜਰਾਇਮ-ਪੇਸ਼ਾ ਹੋਣ ਦਾ ਧੱਬਾ ਧੋਣਾ, ਆਦਿ ਧਰਮੀਆਂ ਨੂੰ ਵੀ ਬੈਂਕਾਂ ਵਲੋਂ ਕਰਜ਼ੇ ਦੇਣ ਦਾ ਪ੍ਰਬੰਧ ਕਰਵਾਉਣਾ ਆਦਿ ਸ਼ਾਮਲ ਸੀ।

ਡਾ. ਅੰਬੇਡਕਰ ਅਤੇ ਬਾਬੂ ਮੰਗੂ ਰਾਮ ਇਕ ਦੂਜੇ ਤੋਂ ਵੱਖ ਹਾਲਾਤ ਵਿਚ ਕੰਮ ਕਰ ਰਹੇ ਸਨ, ਇਸ ਲਈ ਉਨ੍ਹਾਂ ਦੇ ਵਿਚਾਰਾਂ ਵਿਚ ਕੁਝ ਅੰਤਰ ਵੀ ਹੋ ਸਕਦਾ ਹੈ ਪਰ ਦੋਵੇਂ ਸ਼ੂਦਰ ਜਾਤੀਆਂ ਦੇ ਨਿੱਜੀ ਅਨੁਭਵ ਲੈ ਕੇ ਵੱਖਰੇ ਪ੍ਰੇਰਨਾ ਸਰੋਤਾਂ ਅਧੀਨ ਇਨ੍ਹਾਂ ਦੇ ਉਥਾਨ ਵਲ ਪੂਰੀ ਪ੍ਰਤਿਬੱਧਤਾ ਨਾਲ ਲੱਗੇ ਹੋਏ ਸਨ। ਇਸ ਲਈ ਇਨ੍ਹਾਂ ਦਰਮਿਆਨ ਸਾਂਝਾਂ ਵਧੇਰੇ ਹਨ। ਡਾ. ਅੰਬੇਡਕਰ ਨੇ ਸਿਖਿਆ ਨੂੰ ਸਮੁੱਚੀ ਤਰੱਕੀ ਦੀ ਚਾਬੀ ਵਜੋਂ ਵਿਚਾਰਿਆ ਜਦਕਿ ਮੰਗੂ ਰਾਮ ਦਾ ਕਹਿਣਾ ਸੀ ਕਿ ਸਿੱਖਿਆ ਸਾਨੂੰ ਸੱਚਖੰਡ (ਸਚਾਈ ਦਾ ਮੰਡਲ) ਵਲ ਲਿਜਾਂਦੀ ਹੈ। ਡਾ. ਅੰਬੇਡਕਰ ਨੇ ਹੋਰ ਅੱਗੇ 'ਸਿਖਿਆ, ਸੰਘਰਸ਼ ਅਤੇ ਸੰਗਠਨ' ਦੀਆਂ ਤਿੰਨ ਮੁੱਖ ਗੱਲਾਂ ਲੋਕਾਂ ਨੂੰ ਮੰਨਣ ਲਈ ਆਖਿਆ ਜਦ ਕਿ ਬਾਬੂ ਮੰਗੂ ਰਾਮ ਅਨੁਸਾਰ ਗਰੀਬਾਂ ਕੋਲ ਤਿੰਨ ਕਿਸਮ ਦੀਆਂ ਤਾਕਤਾਂ ਹਨ, ਕੌਮੀਅਤ (ਸਮੂਹਿਕ ਇਕਮੁੱਠਤਾ), ਮਜ਼ਬ (ਅਧਿਆਤਮਕਤਾ) ਅਤੇ ਮਜਲਿਸ (ਸੰਗਠਨ)। ਇਨ੍ਹਾਂ ਵਿਚਾਰਕਾਂ ਦਾ ਪ੍ਰਭਾਵ ਹੀ ਹੈ ਕਿ ਅਜੋਕਾ ਦਲਿਤ ਵਰਗ ਆਪਣੀ ਵੱਖਰੀ ਪਛਾਣ ਲਈ ਲੜ ਰਿਹਾ ਹੈ। ਇਸ ਲਈ ਖ਼ੂਨੀ ਟਕਰਾਅ ਵੀ ਹੋ ਰਹੇ ਹਨ।

ਇਕ ਸਮਾਂ ਆਉਂਦਾ ਹੈ ਕਿ ਦਲਿਤ ਲਹਿਰਾਂ ਦੇ ਮੁੱਖ ਆਗੂ ਕਾਂਗਰਸ ਵਿਚ ਜਾ ਸਮਾਉਂਦੇ ਹਨ। ਇਨ੍ਹਾਂ ਲਹਿਰਾਂ ਦੇ ਇਤਿਹਾਸਕਾਰ ਇਹ ਹਿੱਸਾ ਜਾਂ ਤਾਂ ਛੱਡ ਜਾਂਦੇ ਹਨ ਜਾਂ ਫਿਰ ਸੀਮਤ ਸੂਚਨਾ ਦੇ ਕੇ ਸਾਰੀ ਗੱਲ ਸਮੇਟ ਦਿੰਦੇ ਹਨ ਪਰ ਪ੍ਰਗਤੀਵਾਦੀ ਮਾਰਕਸਵਾਦੀ ਇਸ ਸਵਾਲ ਨਾਲ ਟਕਰਾਉਂਦੇ ਹਨ। ਬੀ.ਟੀ. ਰਣਦੀਵੇ ਨੇ ਇਸ ਦੇ ਦੋ ਕਾਰਨ ਦੱਸੇ ਹਨ। ਪਹਿਲਾ, ਉਸ ਸਮੇਂ ਉਠੀ ਸਾਮਰਾਜ ਵਿਰੋਧੀ ਲਹਿਰ ਅਤੇ ਦੂਸਰਾ, ਇਨ੍ਹਾਂ ਨੇਤਾਵਾਂ ਦੀ ਪੂਰਵ-ਪੂੰਜੀਵਾਦੀ ਭੂਮੀ ਸਬੰਧਾਂ ਦੀਆਂ ਜੜ੍ਹਾਂ ਉਪਰ ਵਾਰ ਕਰਨ ਦੀ ਅਸਮਰੱਥਾ।

ਪੰਜਾਬ ਦੇ ਪ੍ਰਸੰਗ ਵਿਚ 18ਵੀਂ-19ਵੀਂ ਸਦੀ ਦਾ ਕਾਲ ਪੁਨਰ ਜਾਗ੍ਰਤੀ ਦਾ ਕਾਲ ਹੈ ਜਿਸ ਦੀ ਸ਼ਕਤੀ ਸਾਮਰਾਜ ਵਿਰੋਧ ਵਿਚੋਂ ਪੈਦਾ ਹੁੰਦੀ ਹੈ ਅਤੇ ਇਸੇ ਸਮੇਂ ਦੌਰਾਨ ਬਰਾਬਰੀ, ਭਾਈਚਾਰਾ, ਆਜ਼ਾਦੀ ਆਦਿ ਸੰਕਲਪ ਜੜ੍ਹਾਂ ਫੜਦੇ ਹਨ। ਇਨ੍ਹਾਂ ਨੂੰ ਮੰਨਣ ਵਾਲੇ ਧਰਮ ਨੂੰ ਹੀ ਡਾ. ਅੰਬੇਡਕਰ ਨੇ ਅਸਲੀ ਧਰਮ ਮੰਨਿਆ ਪਰ ਇਸੇ ਸਮੇਂ ਧਾਰਮਿਕ ਪੁਨਰ ਉਥਾਨਵਾਦ ਵੀ ਜ਼ੋਰਾਂ 'ਤੇ ਸੀ। ਪੰਜਾਬ ਵਿਚ ਸਿੰਘ ਸਭਾ, ਆਰੀਆ ਸਮਾਜ ਤੇ ਮੁਸਲਿਮ ਸੰਗਠਨ ਬਰਾਬਰੀ ਦੇ ਨਾਂ 'ਤੇ ਦਲਿਤਾਂ/ਸ਼ੂਦਰਾਂ ਨੂੰ ਆਪਣੇ ਅੰਦਰ ਸ਼ਾਮਿਲ ਕਰਨ ਲਈ ਮੁਹਿੰਮਾਂ ਚਲਾ ਰਹੇ ਸਨ। ਉਪਰਲੇ ਆਗੂਆਂ ਦੇ ਸਮਾਨੰਤਰ ਹੀ ਭਗਤ ਸਿੰਘ ਤੇ ਉਸ ਵਲੋਂ ਚਲਾਈ ਲਹਿਰ ਜ਼ੋਰ ਫੜ ਰਹੀ ਹੈ। ਭਗਤ ਸਿੰਘ ਅਛੂਤ ਦੇ ਸਵਾਲ ਨੂੰ ਸਿੱਧਾ ਮਾਨਵਵਾਦੀ/ਪ੍ਰਗਤੀਵਾਦੀ ਦ੍ਰਿਸ਼ਟੀ ਤੋਂ ਸੰਬੋਧਿਤ ਹੁੰਦਾ ਹੈ। ਉਸ ਦਾ ਲੇਖ 'ਅਛੂਤ ਦਾ ਸਵਾਲ' ਡੂੰਘੇ ਅਧਿਐਨ ਦੀ ਮੰਗ ਕਰਦਾ ਹੈ। ਭਗਤ ਸਿੰਘ ਅਨੁਸਾਰ ਸਾਰੇ ਇਨਸਾਨ ਇਕੋ ਜਿਹੇ ਹਨ, ਕੰਮ ਕਾਜ ਨਾਲ ਭਿੰਨ ਭੇਦ, ਜਨਮ ਨਾਲ ਨਹੀਂ। ਭਗਤ ਸਿੰਘ ਪੁਨਰ-ਜਨਮ ਦਾ ਵਿਸ਼ਲੇਸ਼ਣ ਕਰਦਿਆਂ ਕਹਿੰਦਾ ਹੈ ਕਿ ਇਸ ਵਿਸ਼ਵਾਸ ਨੇ ਭਾਰਤੀਆਂ 'ਚ ਆਤਮ-ਵਿਸ਼ਵਾਸ, ਇਨਸਾਨੀਅਤ ਅਤੇ ਆਤਮ-ਨਿਰਭਰਤਾ ਨੂੰ ਹੀ ਤਬਾਹ ਨਹੀਂ ਕੀਤਾ ਸਗੋਂ ਇਸ ਨੇ ਜ਼ਰੂਰੀ ਕੰਮਾਂ ਲਈ ਘ੍ਰਿਣਾ ਵੀ ਪੈਦਾ ਕੀਤੀ ਹੈ। ਇਹ ਘ੍ਰਿਣਾ ਇਥੋਂ ਤਕ ਜਾਂਦੀ ਹੈ ਕਿ 'ਕੁੱਤਾ ਸਾਡੀ ਗੋਦੀ ਵਿਚ ਬੈਠ ਸਕਦਾ ਹੈ, ਸਾਡੇ ਚੌਂਕੇ ਵਿਚ ਨਿਸ਼ੰਗ ਫਿਰਦਾ ਹੈ ਪਰ ਇਕ ਆਦਮੀ (ਸ਼ੂਦਰ) ਸਾਡੇ ਨਾਲ ਛੂਹ ਜਾਵੇ ਤਾਂ ਬਸ ਧਰਮ ਖਰਾਬ ਹੋ ਜਾਂਦਾ ਹੈ... ਜਾਨਵਰਾਂ ਦੀ ਪੂਜਾ ਕਰ ਸਕਦੇ ਹਾਂ ਪਰ ਇਨਸਾਨ ਨੂੰ ਕੋਲ ਨਹੀਂ ਬਿਠਾ ਸਕਦੇ।" ਅੱਜ ਦੇ ਪ੍ਰਸੰਗ ਵਿਚ ਇਸ ਨੂੰ ਗਾਂ ਦੇ ਸਵਾਲ ਨਾਲ ਜੋੜ ਕੇ ਦੇਖਿਆ ਜਾ ਸਕਦਾ ਹੈ।

ਭਗਤ ਸਿੰਘ ਅਛੂਤਾਂ/ਸ਼ੂਦਰਾਂ ਦੇ ਧਰਮ ਪਰਿਵਰਤਨ ਦੇ ਖਿਲਾਫ ਹੈ। ਉਹ ਇਨ੍ਹਾਂ ਨੂੰ ਇਨਸਾਨ ਮੰਨ ਕੇ ਇਨ੍ਹਾਂ ਨਾਲ ਮੇਲ ਜੋਲ ਬਣਾਉਣਾ ਚਾਹੁੰਦਾ ਹੈ। ਹਿੰਦੂ, ਮੁਸਲਮਾਨ ਅਤੇ ਸਿੱਖਾਂ ਵਿਚ ਚਲਾਈ ਜਾ ਰਹੀ ਧਰਮ ਪਰਿਵਰਤਨ ਦੀ ਲਹਿਰ ਦੀ ਥਾਂ ਭਗਤ ਸਿੰਘ ਕਿੰਨਾ ਸਪਸ਼ਟ ਹੈ, ਇਹ ਉਸ ਦੇ ਇਨ੍ਹਾਂ ਸ਼ਬਦਾਂ ਤੋਂ ਦੇਖਿਆ ਜਾ ਸਕਦਾ ਹੈ, "ਜਿਨ੍ਹਾਂ ਭਰਾਵਾਂ ਨੂੰ ਅੱਜ ਤੱਕ ਅਛੂਤ ਅਛੂਤ ਕਿਹਾ ਕਰਦੇ ਸਾਂ, ਉਨ੍ਹਾਂ ਕੋਲੋਂ ਆਪਣੇ ਇਸ ਪਾਪ ਵਾਸਤੇ ਖਿਮਾ ਮੰਗਣੀ ਅਤੇ ਉਨ੍ਹਾਂ ਨੂੰ ਆਪਣੇ ਵਰਗਾ ਆਦਮੀ ਸਮਝਣਾ, ਬਿਨਾਂ ਅੰਮ੍ਰਿਤ ਛਕਾਇਆਂ, ਕਲਮਾ ਪੜ੍ਹਾਇਆਂ ਜਾਂ ਸ਼ੁੱਧੀਕਰਨ ਕੀਤਿਆਂ ਹੀ ਉਸ ਨੂੰ ਆਪਣੇ ਵਿਚ ਰਲਾ ਲੈਣਾ, ਉਸ ਦੇ ਹੱਥ ਦਾ ਪਾਣੀ ਪੀਣਾ, ਇਹੋ ਠੀਕ ਤਰੀਕਾ ਹੈ।" ਭਗਤ ਸਿੰਘ ਇਤਿਹਾਸਕ ਦ੍ਰਿਸ਼ਟੀ ਤੋਂ ਦੇਖ ਸਕਦਾ ਹੈ ਕਿ ਗੁਰੂ ਗੋਬਿੰਦ ਸਿੰਘ ਦੀ ਸੈਨਿਕ ਸ਼ਕਤੀ ਇਹੀ ਲੋਕ ਸਨ (ਇਨ੍ਹਾਂ ਲਈ ਹੀ ਗੁਰੂ ਸਾਹਿਬ ਕਹਿੰਦੇ ਹਨ- ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ, ਨਹੀਂ ਮੋ ਸੋ ਗਰੀਬ ਕਰੋਰ ਪਰੇ)। ਇਨ੍ਹਾਂ ਦੇ ਦਮ 'ਤੇ ਹੀ ਸ਼ਿਵਾਜੀ ਨੇ ਰਾਜ ਸਥਾਪਿਤ ਕੀਤਾ। 'ਦੁਨੀਆ ਭਰ ਦੇ ਮਜ਼ਦੂਰੋ, ਇਕ ਹੋ ਜਾਓ' ਦੀ ਤਰਜ਼ ਤੇ ਭਗਤ ਸਿੰਘ ਨਾਅਰਾ ਦਿੰਦਾ ਹੈ, 'ਕਿਰਤੀਓ ਜਥੇਬੰਦ ਹੋ ਜਾਓ', 'ਤੁਸੀਂ ਅਸਲੀ ਕਿਰਤੀ ਹੋ, ਕਿਰਤੀਓ ਜਥੇਬੰਦ ਹੋ ਜਾਓ। ਤੁਹਾਡਾ ਨੁਕਸਾਨ ਨਹੀਂ ਹੋਵੇਗਾ, ਕੇਵਲ ਗੁਲਾਮੀ ਦੀਆਂ ਜ਼ੰਜੀਰਾਂ ਕੱਟੀਆਂ ਜਾਣਗੀਆਂ'। ਭਗਤ ਸਿੰਘ ਦੇ ਇਨ੍ਹਾਂ ਵਿਚਾਰਾਂ ਨੂੰ ਬਹੁਤ ਚਿਰ ਪਹਿਲਾਂ ਆਤਮਸਾਤ ਕੀਤਾ ਜਾਣਾ ਚਾਹੀਦਾ ਸੀ ਪਰ ਅੱਜ ਇਨ੍ਹਾਂ ਨੂੰ ਆਤਮਸਾਤ ਕਰਨ ਦੀ ਪਹਿਲਾਂ ਨਾਲੋਂ ਵੀ ਵਧੇਰੇ ਲੋੜ ਹੈ।

ਦਲਿਤ ਲਹਿਰ ਦੇ ਸਬਕਾਂ ਨੂੰ ਆਤਮਸਾਤ ਕਰਦਿਆਂ ਸਾਨੂੰ ਦਲਿਤ ਨਾਰੀਵਾਦੀ ਚਿੰਤਨ ਨਾਲ ਵੀ ਭਾਈਵਾਲੀ ਪਾਉਣੀ ਪਵੇਗੀ, ਕਿਉਂਕਿ ਅਖੌਤੀ ਉਚ ਜਾਤੀਵਾਦੀ ਪ੍ਰਬੰਧ ਵਿਚ ਨਾਰੀ ਨੂੰ ਅਤਿ ਸ਼ੂਦਰ ਦੀ ਸ਼੍ਰੇਣੀ ਵਿਚ ਰੱਖਿਆ ਗਿਆ ਹੈ। ਅਨੀਤਾ ਭਾਰਤੀ ਨੇ ਸਾਨੂੰ ਇਸ ਤੱਥ ਤੋਂ ਜਾਣੂ ਕਰਵਾਇਆ ਹੈ ਕਿ 2500 ਸਾਲ ਪਹਿਲਾਂ 73 ਔਰਤਾਂ ਬੁੱਧ ਧਰਮ ਵਿਚ ਭਿਖਸ਼ੂ ਬਣੀਆਂ ਜਿਨ੍ਹਾਂ ਨੇ ਕਵਿਤਾਵਾਂ ਵਿਚ ਸਵੈ-ਜੀਵਨੀਆਂ ਲਿਖੀਆਂ। ਇਨ੍ਹਾਂ ਵਿਚ ਨਗਰਵਧੂਆਂ, ਦਲਿਤ ਤੇ ਗਰੀਬ ਭਿਕਸ਼ੂ ਸਨ। ਕਸ਼ਮੀਰ ਦੀ ਲਲ ਦੇਈ ਮਿਹਤਰ ਸੀ, ਰਾਮੀ ਚੰਡੀਦਾਸ ਧੋਬੀਆਂ ਵਿਚੋਂ ਸੀ। ਸਾਵਿਤ੍ਰੀ ਬਾਈ ਫੂਲੇ ਜੋ ਆਪ ਕਵਿਤਰੀ ਵੀ ਸੀ, ਉਸ ਦੇ ਸਮਾਜਕ ਕਾਰਜਾਂ ਦਾ ਜ਼ਿਕਰ ਉਪਰ ਆ ਚੁੱਕਾ ਹੈ। ਰਮਾ ਬਾਈ ਨੇ ਭਰੂਣ ਹੱਤਿਆ ਦਾ ਮੁੱਦਾ ਉਠਾਇਆ। ਉਸ ਨੇ ਪੰਜਾਬ ਹਰਿਆਣਾ ਵਿਚ ਆਪਣੇ ਸਮੇਂ ਹੋ ਰਹੀ ਭਰੂਣ ਹੱਤਿਆ ਤੋਂ ਬਾਅਦ ਇਨ੍ਹਾਂ ਬਹਾਨਿਆਂ ਦਾ ਮਜ਼ਾਕ ਉਡਾਇਆ ਕਿ ਕੁੜੀ ਨੂੰ ਜੰਮਦਿਆਂ ਜੰਗਲੀ ਜਾਨਵਰ ਲੈ ਗਿਆ; ਜਿਵੇਂ ਜਾਨਵਰ ਨੂੰ ਇਹ ਪਤਾ ਹੋਵੇ ਕਿ ਕਿਸ ਘਰ ਕੁੜੀ ਪੈਦਾ ਹੋਈ ਹੈ! ਅਨੀਤਾ ਭਾਰਤੀ ਨੇ ਸਮੂਹਿਕ ਲੜਾਈ ਉਪਰ ਜ਼ੋਰ ਦਿੱਤਾ ਹੈ ਤਾਂ ਹੀ ਉਸ ਦਾ ਸੂਤਰਵਾਕ ਹੈ ਕਿ 'ਮੁਕਤੀ ਦੇ ਰਸਤੇ ਇਕੱਲਿਆਂ ਨਹੀਂ ਮਿਲਦੇ।'

ਦਿਲੀਪ ਚਵਾਹਣ ਨੇ ਹੇਠਲੀਆਂ ਜਾਤੀਆਂ ਦੀਆਂ ਔਰਤਾਂ ਦੀ ਮਿਹਨਤ ਉਪਰ ਆਪਣਾ ਧਿਆਨ ਕੇਂਦਰਿਤ ਕਰਦਿਆਂ ਲਿਖਿਆ ਹੈ ਕਿ "ਮਾਰਕਸਵਾਦੀ ਦ੍ਰਿਸ਼ਟੀ ਤੋਂ ਦੇਖੀਏ ਤਾਂ ਦੁਨੀਆ ਨੂੰ ਬਚਾਉਣ ਵਿਚ ਜਿੰਨੀ ਮਿਹਨਤ ਲੱਗੀ ਹੈ, ਉਸ ਵਿਚ ਹੇਠਲੀਆਂ ਜਾਤੀਆਂ ਦੀਆਂ ਔਰਤਾਂ ਦੀ ਮਿਹਨਤ ਸਭ ਤੋਂ ਜ਼ਿਆਦਾ ਹੈ।" ਉਸ ਅਨੁਸਾਰ, "ਸਾਡੀ ਲੜਾਈ ਇਕੋ ਵੇਲੇ ਸਾਮੰਤਵਾਦ, ਪੂੰਜੀਵਾਦ, ਸਾਮਰਾਜਵਾਦ, ਧਰਮ ਸੱਤਾ, ਪਿੱਤਰ ਸੱਤਾ ਅਤੇ ਜਾਤੀ ਸੱਤਾ ਨਾਲ ਬਣਦੀ ਹੈ ਜੋ ਬੇਹੱਦ ਮੁਸ਼ਕਿਲ ਕੰਮ ਹੈ।" ਰੇਖਾ ਅਵਸਥੀ ਇਸੇ ਰੌਸ਼ਨੀ ਵਿਚ ਕਹਿ ਰਹੀ ਹੈ ਕਿ ਅੱਜ ਸਾਡੀ ਮਨਸ਼ਾ ਇਹ ਹੋਣੀ ਚਾਹੀਦੀ ਹੈ ਕਿ ਦੁਨੀਆ ਵਿਚ ਚਲ ਰਹੇ ਲਿੰਗ ਭੇਦ-ਭਾਵ ਦੇ ਅੰਦੋਲਨ ਨੂੰ ਭਾਰਤ ਵਿਚ ਜਾਤੀਗਤ, ਭੇਦਭਾਵ ਅਤੇ ਸ਼ੋਸ਼ਣ ਦੇ ਖਿਲਾਫ ਚਲ ਰਹੇ ਅੰਦੋਲਨਾਂ ਦੇ ਨਾਲ ਜੋੜ ਕੇ ਵੀ ਅਤੇ ਵੱਖਰੇ ਵੀ ਪੁਖਤਾ ਤੇ ਧਾਰਦਾਰ ਬਣਾਉ। ਜ਼ਾਹਿਰ ਹੈ ਕਿ ਜਦੋਂ ਅਸੀਂ ਆਪਣੇ ਸਮਾਜ ਦਾ ਮੰਥਨ ਕਰ ਰਹੇ ਹਾਂ ਤਾਂ ਸਾਨੂੰ ਮਜ਼ਦੂਰਾਂ ਅਤੇ ਦਲਿਤ ਔਰਤਾਂ ਦੀ ਸਮੱਸਿਆ ਨੂੰ ਮਹੱਤਵ ਦੇਣਾ ਪਵੇਗਾ।

ਡਾ. ਅੰਬੇਡਕਰ ਨੇ ਉਪਰੋਕਤ ਵਿਸ਼ਿਆਂ ਉਪਰ ਡੂੰਘੀ ਵਿਚਾਰ ਕੀਤੀ ਹੈ। ਅਸੀਂ ਅਨੀਤਾ ਭਾਰਤੀ ਨਾਲ ਸਹਿਮਤ ਹਾਂ ਕਿ ਬ੍ਰਾਹਮਣਵਾਦੀ ਲੋਕਾਂ ਨੇ ਉਨ੍ਹਾਂ ਨੂੰ ਦਲਿਤ ਵਿਚਾਰਕ ਦੇ ਰੂਪ ਵਿਚ ਹੀ ਪ੍ਰਚਾਰਿਆ ਹੈ; ਇਥੋਂ ਤਕ ਕਿ ਅੰਬੇਡਕਰ ਦਾ ਨਾਂ ਲੈਣ ਵਾਲੇ ਨੂੰ ਵੀ ਜਾਤੀਵਾਦੀ ਐਲਾਨਿਆ ਜਾਂਦਾ ਹੈ। ਇਹ ਸਭ ਸਮਝਦਿਆਂ ਪ੍ਰਗਤੀਵਾਦੀਆਂ ਨੂੰ ਅੰਬੇਡਕਰ ਦਾ ਪਹਿਲਾਂ ਬਣੀਆਂ ਧਾਰਨਾਵਾਂ ਦੇ ਉਲਟ ਡੂੰਘਾ ਅਧਿਐਨ ਕਰਨ ਦੀ ਲੋੜ ਹੈ।

ਡਾ. ਅੰਬੇਡਕਰ ਇਸ ਪੱਖੋਂ ਸੁਚੇਤ ਸਨ ਕਿ ਬੁੱਧ ਅਤੇ ਕਾਰਲ ਮਾਰਕਸ ਦੀ ਤੁਲਨਾ ਨੂੰ 'ਹਾਸੋ-ਹੀਣਾ' ਕਿਹਾ ਜਾ ਸਕਦਾ ਹੈ, ਫਿਰ ਵੀ ਆਪਣੇ ਕਾਰਨਾਂ ਕਰ ਕੇ ਉਨ੍ਹਾਂ ਇਹ ਤੁਲਨਾ ਅੱਗੇ ਵਧਾਈ। ਦੋਨਾਂ ਦੇ ਸਿਧਾਂਤਾਂ ਦੀ ਪੁਣਛਾਣ ਤੋਂ ਬਾਅਦ ਚਾਰ ਨੁਕਤਿਆਂ 'ਤੇ ਕਾਰਲ ਮਾਰਕਸ ਨਾਲ ਸਹਿਮਤੀ ਪ੍ਰਗਟ ਕੀਤੀ। ਉਹ ਨੁਕਤੇ ਹਨ:

1. ਦਰਸ਼ਨ ਸ਼ਾਸਤਰ ਦਾ ਉਦੇਸ਼ ਸਮਾਜ ਦੀ ਪੁਨਰ ਰਚਨਾ ਕਰਨਾ ਹੈ, ਨਾ ਕਿ ਬ੍ਰਹਿਮੰਡ ਦੀ ਉਤਪਤੀ ਦਾ ਵਰਣਨ ਕਰਨਾ।

2. ਇਕ ਵਰਗ ਦੀ ਦੂਸਰੇ ਨਾਲ ਲੜਾਈ ਆਪਣੇ ਸਵਾਰਥ ਲਈ ਹੈ।


3. ਵਿਅਕਤੀਗਤ ਸੰਪਤੀ ਤੇ ਅਧਿਕਾਰ ਇਕ ਵਰਗ ਨੂੰ ਸ਼ਕਤੀ ਮੁਹੱਈਆ ਕਰਦਾ ਹੈ ਜਦ ਕਿ ਦੂਸਰੇ ਨੂੰ ਸ਼ੋਸ਼ਣ ਰਾਹੀਂ ਦੁੱਖ ਦਿੰਦਾ ਹੈ।

4. ਸਮਾਜ ਹਿਤ ਵਿਚ ਜ਼ਰੂਰੀ ਹੈ ਕਿ ਵਿਅਕਤੀਗਤ ਸੰਪਤੀ ਦਾ ਖਾਤਮਾ ਕਰ ਕੇ ਦੁੱਖ ਦੂਰ ਕੀਤੇ ਜਾਣ (ਡਾ. ਬੀਆਰ ਅੰਬੇਡਕਰ, ਬੁੱਧ ਔਰ ਕਾਰਲ ਮਾਰਕਸ, ਅਨੁਵਾਦ ਸ਼ੀਲ ਪ੍ਰਿਯ ਬੌਧ, ਪੰਨਾ 19)। ਨਿਚੋੜ ਕੱਢਦੇ ਹੋਏ ਡਾ. ਅੰਬੇਡਕਰ ਲਿਖਦੇ ਹਨ, "ਇਹ ਸਪਸ਼ਟ ਹੈ ਕਿ ਬੁੱਧ ਅਤੇ ਕਾਰਲ ਮਾਰਕਸ ਵਿਚ ਕੀ ਸਮਾਨਤਾਵਾਂ ਹਨ ਤੇ ਕੀ ਭਿੰਨਤਾਵਾਂ, ਫਰਕ ਕੇਵਲ ਸਾਧਨਾਂ ਦਾ ਹੈ। ਉਦੇਸ਼ ਦੋਨਾਂ ਦਾ ਇਕ ਹੈ।" (ਉਹੀ ਪੰਨਾ 26)

ਅੱਜ ਭਾਰਤ ਜਿਸ ਫਾਸ਼ੀਵਾਦੀ ਦੌਰ ਵਲ ਵਧ ਰਿਹਾ ਹੈ, ਉਹ ਮੁੜ ਮਨੂੰ ਸਿਮ੍ਰਤੀ ਵਲ ਪਰਤਣ ਲਈ ਤਰਲੋਮੱਛੀ ਹੋ ਰਿਹਾ ਹੈ। ਇਸ ਪ੍ਰਸੰਗ ਵਿਚ ਪ੍ਰਗਤੀਵਾਦੀ/ਮਾਨਵਵਾਦੀ ਸ਼ਕਤੀਆਂ ਦਾ ਸਾਂਝਾ ਮੰਚ ਬਣਾਉਣਾ ਸਮੇਂ ਦੀ ਲੋੜ ਹੈ। ਇਕ ਪਾਸੇ ਅੰਧ-ਰਾਸ਼ਟਰਵਾਦੀ ਫਾਸ਼ੀਵਾਦ ਦਾ ਹਮਲਾ ਅਤੇ ਦੂਜੇ ਪਾਸੇ ਸੰਸਾਰੀਕਰਨ/ਉਤਰ-ਪੂੰਜੀਵਾਦ ਦਾ ਹਮਲਾ ਵੀ ਸਿਰ 'ਤੇ ਮੰਡਰਾ ਰਿਹਾ ਹੈ। ਨਿੱਜੀਕਰਨ ਨੇ ਪਬਲਿਕ ਸੈਕਟਰ ਨੂੰ ਸੁੰਗੇੜਦਿਆਂ ਦਲਿਤਾਂ ਲਈ ਹੋਰ ਵੱਡੀਆਂ ਮੁਸੀਬਤਾਂ ਲਿਆਂਦੀਆਂ ਹਨ।

ਦੇਵੀ ਚੈਟਰਜੀ ਦਾ ਇਹ ਸੁਝਾਅ ਅਹਿਮ ਹੈ ਕਿ ਘੱਟੋ-ਘੱਟ ਪ੍ਰੋਗਰਾਮ ਦੇ ਆਧਾਰ 'ਤੇ ਜ਼ਿਆਦਾ ਤੋਂ ਜ਼ਿਆਦਾ ਦੱਬੀਆਂ ਜਾਤੀਆਂ ਨੂੰ ਲੜਾਈ ਵਿਚ ਸ਼ਾਮਿਲ ਕਰਨਾ ਸਮੇਂ ਦੀ ਲੋੜ ਹੈ। ਕੋਈ ਇਕੋ ਪਾਰਟੀ ਅਧੀਨ ਇਹ ਹੋਵੇ, ਜ਼ਰੂਰੀ ਨਹੀਂ। ਦਲਿਤ ਮਿੱਤਰ ਪਾਰਟੀਆਂ ਅਤੇ ਸਮਾਜਕ ਸਮੂਹਾਂ ਦੀ ਕਨਫੈਡਰੇਸ਼ਨ ਕੰਮ ਚਲਾ ਸਕਦੀ ਹੈ। ਜ਼ਰੂਰੀ ਹੈ, ਪ੍ਰਤਿਬੱਧਤਾ ਅਤੇ ਵਿਜ਼ਨ (ਵਾਜਿਬ ਨਜ਼ਰੀਏ) ਦੀ। ਭੂਮੀ ਸੁਧਾਰ, ਸਿਖਿਆ, ਲੋਕਤੰਤਰ ਅਤੇ ਆਧੁਨਿਕ ਮੁੱਦਿਆਂ ਨੂੰ ਆਧਾਰ ਬਣਾ ਕੇ ਅਗਾਂਹ ਵਧਿਆ ਜਾ ਸਕਦਾ ਹੈ। ਡਾ. ਅੰਬੇਡਕਰ ਦੇ ਨਾਅਰੇ ਨੂੰ ਮੋਕਲਾ ਕਰਨ ਦੀ ਲੋੜ ਹੈ: 'ਪੜ੍ਹੋ, ਜਥੇਬੰਦ ਹੋਵੋ ਅਤੇ ਸੰਘਰਸ਼ ਕਰੋ' ਅਤੇ ਮਾਰਕਸ/ਭਗਤ ਸਿੰਘ ਦੇ ਨਾਅਰੇ ਨੂੰ ਨਾਲ ਜੋੜਨ ਦੀ ਲੋੜ ਹੈ, 'ਕਿਰਤੀਓ ਜਥੇਬੰਦ ਹੋ ਜਾਓ।'

***ਡਾ. ਅੰਬੇਡਕਰ ਇਸ ਪੱਖੋਂ ਸੁਚੇਤ ਸਨ ਕਿ ਬੁੱਧ ਅਤੇ ਕਾਰਲ ਮਾਰਕਸ ਦੀ ਤੁਲਨਾ ਨੂੰ 'ਹਾਸੋ-ਹੀਣਾ' ਕਿਹਾ ਜਾ ਸਕਦਾ ਹੈ, ਫਿਰ ਵੀ ਆਪਣੇ ਕਾਰਨਾਂ ਕਰ ਕੇ ਉਨ੍ਹਾਂ ਇਹ ਤੁਲਨਾ ਅੱਗੇ ਵਧਾਈ। ਦੋਨਾਂ ਦੇ ਸਿਧਾਂਤਾਂ ਦੀ ਪੁਣਛਾਣ ਤੋਂ ਬਾਅਦ ਚਾਰ ਨੁਕਤਿਆਂ 'ਤੇ ਕਾਰਲ ਮਾਰਕਸ ਨਾਲ ਸਹਿਮਤੀ ਪ੍ਰਗਟ ਕੀਤੀ। ਪਹਿਲਾ, ਦਰਸ਼ਨ ਸ਼ਾਸਤਰ ਦਾ ਉਦੇਸ਼ ਸਮਾਜ ਦੀ ਪੁਨਰ ਰਚਨਾ ਕਰਨਾ ਹੈ, ਨਾ ਕਿ ਬ੍ਰਹਿਮੰਡ ਦੀ ਉਤਪਤੀ ਦਾ ਵਰਣਨ ਕਰਨਾ। ਦੂਜਾ, ਇਕ ਵਰਗ ਦੀ ਦੂਸਰੇ ਨਾਲ ਲੜਾਈ ਆਪਣੇ ਸਵਾਰਥ ਲਈ ਹੈ। ਤੀਜਾ, ਵਿਅਕਤੀਗਤ ਸੰਪਤੀ ਤੇ ਅਧਿਕਾਰ ਇਕ ਵਰਗ ਨੂੰ ਸ਼ਕਤੀ ਮੁਹੱਈਆ ਕਰਦਾ ਹੈ ਜਦ ਕਿ ਦੂਸਰੇ ਨੂੰ ਸ਼ੋਸ਼ਣ ਰਾਹੀਂ ਦੁੱਖ ਦਿੰਦਾ ਹੈ। ਚੌਥਾ, ਸਮਾਜ ਹਿਤ ਵਿਚ ਜ਼ਰੂਰੀ ਹੈ ਕਿ ਵਿਅਕਤੀਗਤ ਸੰਪਤੀ ਦਾ ਖਾਤਮਾ ਕਰ ਕੇ ਦੁੱਖ ਦੂਰ ਕੀਤੇ ਜਾਣ।***



# ਸਾਕਾ ਨੀਲਾ ਤਾਰਾ: ਡੀ.ਸੀ. ਅੰਮ੍ਰਿਤਸਰ ਦੀ ਨਿਯੁਕਤੀ

ਨ੍ਰਿਪਇੰਦਰ ਰਤਨ

***ਆਈ.ਏ.ਐਸ. ਅਫਸਰ ਨ੍ਰਿਪਇੰਦਰ ਰਤਨ ਦੀ ਹੁਣੇ-ਹੁਣੇ ਕਿਤਾਬ ਛਪੀ ਹੈ: 'ਉਪਰੇਸ਼ਨ ਬਲਿਊ ਸਟਾਰ 84'। ਉਸ ਵਕਤ ਉਨ੍ਹਾਂ ਨੂੰ ਜਲੰਧਰ ਡਿਵੀਜ਼ਨ ਦਾ ਕਮਿਸ਼ਨਰ ਲਾਇਆ ਗਿਆ ਸੀ। ਇਸ ਲੇਖ ਵਿਚ 5 ਤੋਂ 7 ਜੂਨ ਤੱਕ ਦੀਆਂ ਅਹਿਮ ਸਰਗਰਮੀਆਂ ਦਾ ਜ਼ਿਕਰ ਹੈ ਜਿਸ ਤੋਂ ਪਤਾ ਲੱਗਦਾ ਹੈ ਕਿ ਕਿਸ ਤਰ੍ਹਾਂ ਫੌਜ ਨੇ ਸਿਵਲ ਪ੍ਰਸ਼ਾਸਨ ਨੂੰ ਲਾਂਭੇ ਕਰ ਕੇ ਕੰਟਰੋਲ ਆਪਣੇ ਹੱਥ ਲੈ ਲਿਆ ਸੀ।***



ਡੀ.ਸੀ. ਅੰਮ੍ਰਿਤਸਰ, ਰਮੇਸ਼ਇੰਦਰ ਸਿੰਘ ਦੀ ਨਿਯੁਕਤੀ ਦੀ ਕਹਾਣੀ ਵੀ ਬੜੀ ਅਜੀਬ ਹੈ। ਉਹ ਪੱਛਮੀ ਬੰਗਾਲ ਕੇਡਰ ਤੋਂ ਪੰਜਾਬ ਵਿਚ ਡੈਪੂਟੇਸ਼ਨ ਉਤੇ ਆਇਆ ਹੋਇਆ ਸੀ ਅਤੇ ਜੁਲਾਈ 1984 ਵਿਚ ਉਸ ਦੀ ਵਾਪਸੀ ਹੋਣੀ ਸੀ। ਉਧਰ, ਅੰਮ੍ਰਿਤਸਰ ਦੇ ਡੀ.ਸੀ. ਗੁਰਦੇਵ ਸਿੰਘ ਬਰਾੜ ਦੀ ਸੀ.ਆਰ.ਪੀ.ਐਫ. ਅਤੇ ਆਈ.ਜੀ. ਭਿੰਡਰ ਨਾਲ ਕਈ ਕਾਰਨਾਂ ਕਰ ਕੇ ਖਿੱਚੋਤਾਣ ਸੀ। ਬਰਾੜ ਨੇ ਛੁੱਟੀ ਮੰਗ ਲਈ ਸੀ ਅਮਰੀਕਾ ਜਾਣ ਵਾਸਤੇ। ਰਮੇਸ਼ਇੰਦਰ ਮੇਰੇ ਕੋਲ 28 ਜਾਂ 29 ਮਈ ਦੁਪਹਿਰ ਮਾਡਲ ਟਾਊਨ ਆਇਆ ਸੀ। ਉਹ ਅੰਮ੍ਰਿਤਸਰ ਤੋਂ ਵਾਪਸ ਆ ਰਿਹਾ ਸੀ ਜਿਥੇ ਉਸ ਨੂੰ ਡੀ.ਸੀ. ਦੇ 'ਸ਼ਗਿਰਦ' ਵਾਂਗ 8 ਕੁ ਦਿਨ ਕੱਟਣੇ ਪਏ ਸਨ ਕਿਉਂਕਿ ਉਸ ਨੂੰ ਡੀ.ਸੀ. ਅੰਮ੍ਰਿਤਸਰ ਨਾਮਜ਼ਦ ਕੀਤਾ ਗਿਆ ਸੀ (ਮੁਕਲ ਜੋਸ਼ੀ ਨੇ ਅੱਧ ਅਪਰੈਲ ਵਿਚ ਮੈਨੂੰ ਦੱਸਿਆ ਸੀ ਕਿ ਡੀ.ਸੀ. ਅੰਮ੍ਰਿਤਸਰ ਦੀ ਸ਼ਾਇਦ ਬਦਲੀ ਹੋ ਜਾਵੇ ਕਿਉਂ ਜੋ ਦਿਨੇਸ਼ ਚੰਦਰ ਖੁਸ਼ ਨਹੀਂ ਸੀ)। ਸ਼ੁਰੂ ਮਈ ਵਿਚ ਦਿਨੇਸ਼ ਨੇ ਆਪ ਮੇਰੇ ਨਾਲ ਗੱਲ ਕੀਤੀ। ਮੈਂ ਕਿਹਾ ਕਿ ਜੇ ਅਕਾਲੀਆਂ ਨਾਲ ਸੰਪਰਕ ਬਣਾਉਣ ਵਾਸਤੇ ਬਦਲੀ ਕਰਨੀ ਹੈ ਤਾਂ ਬੀ.ਜੇ. ਸਿੰਘ ਸਭ ਤੋਂ ਉਤਮ ਚੋਣ ਹੈ, ਉਸ ਤੋਂ ਬਾਅਦ ਜੈ ਸਿੰਘ ਗਿੱਲ। ਰਮੇਸ਼ਇੰਦਰ ਸਿੰਘ ਨੂੰ ਕਿਹਾ ਸੀ ਕਿ ਉਹ 5 ਜੂਨ ਸ਼ਾਮ ਨੂੰ ਚਾਰਜ ਸੰਭਾਲ ਲਵੇ। ਉਸ ਦੱਸਿਆ ਕਿ ਉਹ ਚੰਡੀਗੜ੍ਹ ਵਾਪਸ ਜਾ ਰਿਹਾ ਸੀ ਪੈਕਿੰਗ ਵਗੈਰਾ ਕਰਨ। ਮੈਂ ਉਸ ਨੂੰ ਸਲਾਹ ਦਿੱਤੀ ਕਿ ਉਹ ਕੰਮ ਚਲਾਊ ਦੇ ਤੌਰ ਉਤੇ ਲੱਗਣ ਤੋਂ ਇਨਕਾਰ ਕਰ ਦੇਵੇ। 'ਨਾ ਤਾਂ ਤਿੰਨ ਮਹੀਨਿਆਂ ਵਾਸਤੇ ਅਤੇ ਨਾ ਹੀ ਉਦੋਂ ਤੱਕ ਜਦ ਤਕ ਬਰਾੜ ਵਾਪਸ ਆ ਕੇ ਹਾਜ਼ਰੀ ਨਹੀਂ ਦਿੰਦਾ; ਕਿਉਂਕਿ ਅਸਥਾਈ ਪੋਸਟਿੰਗ ਵਿਚ ਨਾ ਉਹ ਮਨ ਲਗਾ ਸਕੇਗਾ, ਨਾ ਤਾਂ ਸਥਾਨਕ ਅਫਸਰਾਂ ਨੇ ਅਤੇ ਨਾ ਹੀ ਅਧਿਕਾਰੀਆਂ ਅਤੇ ਲੋਕਾਂ ਨੇ ਉਸ ਦੀ ਪਰਵਾਹ ਕਰਨੀ ਹੈ।' ਰਮੇਸ਼ ਪੂਰੀ ਤਰ੍ਹਾਂ ਸਹਿਮਤ ਸੀ। ਉਹ ਤਾਂ ਪਿੱਛੋਂ ਪਤਾ ਲੱਗਾ ਕਿ ਉਸ ਨੂੰ ਤੁਰਤ ਫੁਰਤ ਅੰਮ੍ਰਿਤਸਰ ਦੌੜਾਇਆ ਗਿਆ ਅਤੇ ਉਸ ਨੇ 4 ਜੂਨ ਸਵੇਰੇ ਚਾਰਜ ਲੈ ਲਿਆ ਸੀ।

5 ਜੂਨ ਸਵੇਰੇ ਕਰੀਬ 8 ਵਜੇ ਕਮਿਸ਼ਨਰ ਵਾਲੀ ਕਾਰ ਅਤੇ ਗੰਨਮੈਨ, ਸਟੈਨੋ ਘਰ ਆ ਗਏ। ਮੈਂ ਉਨ੍ਹਾਂ ਨੂੰ ਕਰੀਬ 10 ਵਜੇ ਆਉਣ ਵਾਸਤੇ ਕਿਹਾ। ਫਿਰ 10 ਵਜੇ ਮੈਂ ਦਫਤਰ ਆਇਆ ਅਤੇ ਕਰੀਬ ਡੇਢ ਘੰਟਾ ਦਫਤਰ ਬੈਠਾ। ਆਵਾਜਾਈ ਦੇ ਸਭ ਸਾਧਨ ਬੰਦ ਹੋਣ ਕਰ ਕੇ ਕੋਈ ਵੀ ਦਫਤਰ ਨਹੀਂ ਸੀ ਆਇਆ। ਉਸੇ ਸ਼ਾਮ ਸਰਕਾਰ ਵੱਲੋਂ ਮੇਰੀ ਨਿਯੁਕਤੀ ਦਾ ਟੀ.ਪੀ.ਐਮ. ਮਿਲ ਗਿਆ। ਉਸ ਦੇ ਨਾਲ ਹੀ ਅੰਮ੍ਰਿਤਸਰ ਵਿਚ ਸ਼ਾਮ ਨੂੰ ਲੋਕ ਸੰਪਰਕ ਦੇ ਐਲਾਨ ਦੀ ਕਾਪੀ ਵੀ ਮਿਲ ਗਈ ਸੀ। ਸ਼ਾਮ ਨੂੰ 6 ਵਜੇ ਕੋਰ ਹੈੱਡ ਕੁਆਰਟਰ ਉਤੇ ਹੋਣ ਵਾਲੀ ਮੀਟਿੰਗ ਵਾਸਤੇ ਗਿਆ। ਉਥੇ ਇਹ ਦੱਸਿਆ ਗਿਆ ਕਿ ਪਿਛਲੇ ਦਿਨ 4 ਜੂਨ ਸਵੇਰੇ ਅੰਮ੍ਰਿਤਸਰ ਸੁਲਤਾਨਵਿੰਡ ਦਰਵਾਜ਼ੇ ਵੱਲ ਕੁਝ ਲੋਕਾਂ ਨੇ ਬਾਹਰ ਆ ਕੇ ਮਕਾਨਾਂ/ਦੁਕਾਨਾਂ, ਫੈਕਟਰੀਆਂ ਨੂੰ ਅੱਗਾਂ ਲਗਾ ਦਿੱਤੀਆਂ, ਹਮਲੇ ਵੀ ਕੀਤੇ। ਇਹ ਕੁਝ ਕਰਨ ਵਾਲੇ ਸਿੱਖ ਮੁੰਡੇ ਸਨ। ਮੈਂ ਜੀ.ਓ.ਸੀ. (ਜਨਰਲ ਕਮਾਂਡਿੰਗ ਆਫੀਸਰ) ਨੂੰ ਡੀ.ਸੀ. ਅੰਮ੍ਰਿਤਸਰ ਦੇ ਟੈਲੀਫੋਨਾਂ ਬਾਰੇ ਗੱਲ ਕੀਤੀ (ਫੌਜ ਦੇ ਹੁਕਮ ਕਰਕੇ ਡੀ.ਸੀ., ਏ.ਡੀ.ਸੀ., ਐਸ.ਡੀ.ਐਮ., ਜੀ.ਏ. ਅਤੇ ਹੋਰ ਸਾਰੇ ਜ਼ਿਲ੍ਹਾ ਅਫਸਰਾਂ ਦੇ ਫੋਨ ਕੱਟ ਦਿੱਤੇ ਸਨ)। ਉਸ ਇੰਜ ਦਿਖਾਵਾ ਕੀਤਾ, ਜਿਵੇਂ ਉਸ ਨੂੰ ਕੁਝ ਪਤਾ ਹੀ ਨਾ ਹੋਵੇ: 'ਇਹ ਕਿਵੇਂ ਹੋ ਸਕਦਾ ਹੈ? ਇਹ ਕਿਵੇਂ ਸੰਭਵ ਹੈ? ਹੋ ਸਕਦਾ ਹੈ ਕਿ ਐਕਸਚੇਂਜ ਵਿਚ ਕੋਈ ਨੁਕਸ ਪੈ ਗਿਆ ਹੋਵੇ।' ਮੈਂ ਕਿਹਾ ਕਿ ਬਹੁਤ ਗੰਭੀਰ ਨੁਕਸ ਵੀ 6 ਘੰਟੇ ਦੇ ਵਿਚ ਵਿਚ ਠੀਕ ਕਰਨਾ ਹੁੰਦਾ ਹੈ ਅਤੇ ਨਾਲੇ ਸਾਰੇ ਹੀ ਫੋਨ ਇੱਕੋ ਵਕਤ ਨਹੀਂ ਵਿਗੜ ਸਕਦੇ। ਉਸ ਨੇ ਇੰਜ ਹੀ ਦਿਖਾਵਾ ਕੀਤਾ ਜਿਵੇਂ ਬਿਲਕੁਲ ਅਨਜਾਣ ਹੋਵੇ, ਕਹਿੰਦਾ ਕਿ ਉਹ ਤੁਰੰਤ ਠੀਕ ਕਰਨ ਵਾਸਤੇ ਕਹੇਗਾ। ਉਸ ਕਿਹਾ, 'ਕਿਸੇ ਵੀ ਸੂਰਤ ਵਿਚ ਫੌਜੀ ਲਾਇਨਾਂ ਡੀ.ਸੀ. ਵਾਸਤੇ ਹਾਜ਼ਰ ਹਨ। ਉਹ ਫੌਜੀ ਐਕਸਚੇਂਜ ਦੀ ਵਰਤੋਂ ਕਰ ਸਕਦਾ ਹੈ'। ਮੀਟਿੰਗ ਵਿਚ ਇਹ ਪ੍ਰਸ਼ਨ ਉਠਿਆ ਕਿ ਆਮ ਜਨਤਾ ਵਾਸਤੇ, ਕਰਫਿਊ ਲਗਾਉਣ, ਢਿੱਲ ਦੇਣ ਵਾਸਤੇ ਕਿਸ ਦੇ ਹੁਕਮ ਮੰਨੇ ਜਾਣਗੇ? ਜ਼ਿਲ੍ਹਾ ਮੈਜਿਸਟਰੇਟਾਂ ਦੇ ਜਾਂ ਫੌਜ ਦੇ। ਜੀ.ਓ.ਸੀ. ਨੂੰ ਮੈਂ ਕਿਹਾ ਕਿ ਕਾਨੂੰਨੀ ਪੱਖ ਤੋਂ ਕਰਫਿਊ ਪ੍ਰਬੰਧਨ ਡੀ.ਐਮ. ਦੀ ਜ਼ਿੰਮੇਵਾਰੀ ਹੈ ਅਤੇ ਫੌਜ ਸਿਵਲ ਪ੍ਰਸ਼ਾਸਨ ਦੀ ਸਹਾਇਤਾ ਵਾਸਤੇ ਹੈ ਪਰ ਜੇ ਕਰ ਫੌਜ ਆਪਣੇ ਅਨੁਸਾਰ ਪ੍ਰਬੰਧ ਕਰਨਾ ਚਾਹੁੰਦੀ ਹੈ ਤਾਂ ਸਰਕਾਰ ਕੋਲੋਂ ਡੀ.ਐਮਾਂ. ਨੂੰ ਹਦਾਇਤਾਂ ਜਾਰੀ ਕਰਵਾਈਆਂ ਜਾਣ।

ਟੈਲੀਫੋਨਾਂ ਦੇ ਆਉਣ ਕਰ ਕੇ, ਫੋਨ ਆਪ ਕਰਨ ਕਰ ਕੇ, ਸਰਕਾਰੀ ਪੱਧਰ ਦੀਆਂ ਗੱਲਾਂ ਗੁਪਤ ਰੱਖਣ ਕਰ ਕੇ ਇਹ ਜ਼ਰੂਰੀ ਸੀ ਕਿ ਵੱਖਰੇ ਫੋਨ ਦੀ ਵਰਤੋਂ ਕਰਾਂ। ਘਰ ਪਰਾਸ਼ਰ (ਘਰ ਦਾ ਮਾਲਕ) ਹੁਰਾਂ ਦਾ ਫੋਨ ਨਾ ਮੈਂ ਵਰਤ ਸਕਦਾ ਸਾਂ, ਨਾ ਗੱਲਾਂ ਕਰ ਸਕਦਾ ਸਾਂ (ਹਾਲਾਂਕਿ ਉਨ੍ਹਾਂ ਪੂਰਾ ਫੋਨ ਮੇਰੇ ਵਾਸਤੇ ਰੱਖ ਦਿੱਤਾ ਸੀ) ਕਮਿਸ਼ਨਰ ਵਾਲਾ ਘਰ ਪਹਿਲੇ ਕਮਿਸ਼ਨਰ (ਏ.ਸੀ. ਸੇਨ) ਨੇ ਖਾਲੀ ਨਹੀਂ ਸੀ ਕੀਤਾ, ਦਿਨੇਸ਼ ਚੰਦਰ (ਜਲੰਧਰ ਡਿਵੀਜ਼ਨ ਦਾ ਕਮਿਸ਼ਨਰ) ਆਪਣਾ ਘਰ ਬੰਦ ਕਰ ਗਿਆ ਸੀ। ਇਸ ਲਈ ਮੈਂ ਇਹ ਫੈਸਲਾ ਕੀਤਾ ਕਿ ਰਾਤ ਨੂੰ ਸਰਕਟ ਹਾਊਸ ਵਿਚ ਹੈੱਡ ਕੁਆਰਟਰ ਬਣਾਇਆ ਜਾਵੇ। ਇਸ ਲਈ ਰਾਤ 7.45 ਵਜੇ ਮੈਂ ਸਰਕਟ ਹਾਊਸ ਆ ਗਿਆ ਅਤੇ ਉਥੇ ਹੈੱਡ ਕੁਆਰਟਰ ਬਣਾ ਲਿਆ। ਸਾਰੇ ਡੀਸੀਆਂ ਨੂੰ, ਅਤੇ ਸਥਾਨਕ ਪੁਲਿਸ ਕੰਟਰੋਲ, ਆਰਮੀ ਕੰਟਰੋਲ ਨੂੰ ਵੀ, ਖਬਰ ਕਰ ਦਿੱਤੀ ਕਿ ਹਰ ਰੋਜ਼ ਰਾਤ 8 ਤੋਂ ਸਵੇਰੇ 8 ਤੱਕ ਮੇਰਾ ਹੈੱਡ ਕੁਆਰਟਰ ਸਰਕਟ ਹਾਊਸ ਹੀ ਹੋਵੇਗਾ।

ਉਥੋਂ ਹੀ ਰਾਤ 8 ਵਜੇ ਮੈਂ ਡਿਵੀਜ਼ਨ ਦੇ ਸਾਰੇ ਡੀਸੀਆਂ ਨੂੰ ਨਿਰਦੇਸ਼ ਭੇਜਿਆ ਕਿ ਉਹ ਹਰ ਰੋਜ਼ ਸਾਰੇ ਦਿਨ ਦੀ ਕਾਨੂੰਨ ਅਤੇ ਵਿਵਸਥਾ ਦੀ ਹਾਲਤ 20.30 ਵਜੇ ਤੱਕ ਮੈਨੂੰ ਵਾਇਰਲੈਸ ਉਤੇ ਭੇਜਣ। ਰਾਤ 9 ਵਜੇ ਜਨਰਲ ਸਟਾਫ ਦੇ ਚੀਫ (ਸੀ.ਓ.ਐਸ.) ਮੇਜਰ ਜਨਰਲ ਰਾਜਿੰਦ੍ਰ ਸਿੰਘ ਦਾ ਕੋਰ ਹੈੱਡ ਕੁਆਰਟਰ ਤੋਂ ਫੋਨ ਆਇਆ ਅਤੇ ਉਸ ਕਿਹਾ ਕਿ ਮੈਂ ਸਾਰੇ ਡੀਸੀਆਂ ਨੂੰ ਇਹ ਹਦਾਇਤਾਂ ਜਾਰੀ ਕਰ ਦੇਵਾਂ ਕਿ ਉਹ ਆਪੋ-ਆਪਣੇ ਜ਼ਿਲ੍ਹੇ ਦੇ ਸਬੰਧਤ ਬ੍ਰਿਗੇਡ ਕਮਾਂਡਰਾਂ ਨਾਲ ਸਲਾਹ ਕਰ ਕੇ ਅਤੇ ਉਨ੍ਹਾਂ ਦੀ ਸਲਾਹ ਅਨੁਸਾਰ ਕਰਫਿਊ ਵਿਚ ਢਿੱਲ ਦੇਣ ਲਈ ਯੋਜਨਾਵਾਂ ਬਣਾਉਣ ਪਰ ਰੇਡੀਓ ਜਾਂ ਟੀ.ਵੀ. ਉਤੇ ਛੋਟਾਂ ਦਾ ਪ੍ਰਸਾਰਨ ਨਹੀਂ ਕਰਨਾ। ਮੈਂ ਕਿਹਾ ਕਿ ਸਰਕਾਰ ਕੋਲੋਂ ਇਹ ਹੁਕਮ ਜਾਰੀ ਹੋ ਗਿਆ ਹੈ ਕਿ ਡੀਸੀਆਂ ਨੇ, ਬ੍ਰਿਗੇਡ ਕਮਾਂਡਰਾਂ ਦੀ ਸਲਾਹ ਅਤੇ ਉਨ੍ਹਾਂ ਨਾਲ ਵਿਚਾਰ ਵਟਾਂਦਰੇ ਪਿੱਛੋਂ ਇਹ ਸਭ ਕਰਨਾ ਹੈ? ਉਸ ਕਿਹਾ ਕਿ ਉਸ ਨੂੰ ਇਸ ਬਾਰੇ ਪਤਾ ਨਹੀਂ ਪਰ ਸ਼ਾਇਦ ਤੁਰੰਤ ਹੀ ਐਸੇ ਹੁਕਮ ਜਾਰੀ ਹੋ ਜਾਣਗੇ। ਮੈਂ ਤੁਰੰਤ ਹੀ ਗ੍ਰਹਿ ਸਕੱਤਰ ਨਾਲ ਫੋਨ ਬੁੱਕ ਕੀਤਾ ਗੱਲ ਕਰਨ ਲਈ। ਇਸ ਦੌਰਾਨ ਰਾਤ 9.15 ਵਜੇ ਡੀਸੀ ਹੁਸ਼ਿਆਰਪੁਰ, ਬੰਗੜ ਦਾ ਫੋਨ ਆ ਗਿਆ ਅਤੇ ਉਸ ਦੱਸਿਆ ਕਿ ਹਾਲਾਤ ਠੀਕ ਸਨ ਪਰ ਉਸ ਦਾ ਐਸ.ਡੀ.ਐਮ. ਬਲਾਚੌਰ ਗੁੰਮ ਸੀ ਦੋ ਦਿਨ ਦਾ। ਉਹ ਇਸ ਬਾਰੇ ਸਰਕਾਰ ਨੂੰ ਰਿਪੋਰਟ ਭੇਜ ਰਿਹਾ ਸੀ।

ਰਾਤ 10 ਵਜੇ ਗ੍ਰਹਿ ਸਕੱਤਰ (ਅਮਰੀਕ ਸਿੰਘ ਪੂਨੀ) ਨਾਲ ਫੋਨ ਮਿਲਿਆ। ਮੈਂ ਉਸ ਨੂੰ ਸੀ.ਓ.ਐਸ. ਤੋਂ ਮਿਲੇ ਸੁਨੇਹੇ ਬਾਰੇ ਦੱਸਿਆ ਅਤੇ ਪੁੱਛਿਆ ਕਿ ਸਰਕਾਰ ਵੱਲੋਂ ਕੋਈ ਹੁਕਮ ਹੋਏ ਹਨ? ਪੂਨੀ ਨੇ ਦੱਸਿਆ ਕਿ ਉਸ ਨੂੰ ਇਸ ਬਾਰੇ ਜਾਂ ਕਿਸੇ ਵੀ ਹੋਰ ਚੀਜ਼ ਬਾਰੇ ਕੋਈ ਖਬਰ ਨਹੀਂ ਸੀ, ਕੋਈ ਇਤਲਾਹ ਨਹੀਂ ਸੀ। ਪੂਨੀ ਨੇ ਕਿਹਾ, 'ਰਤਨ, ਸਿਵਲ ਪ੍ਰਸ਼ਾਸਨ ਬੇਲੋੜਾ ਹੋ ਗਿਆ ਹੈ। ਸਾਰੇ ਫੈਸਲੇ ਲਾਟ ਸਾਬ ਅਤੇ ਉਸ ਦੇ ਸਲਾਹਕਾਰ ਕਰ ਰਹੇ ਹਨ... ਇਸ ਲਈ ਮੈਂ ਤੈਨੂੰ ਸਲਾਹ ਦਿੰਦਾਂ ਕਿ ਤੂੰ ਆਪਣੇ ਸਾਰੇ ਡੀਸੀਆਂ ਨੂੰ ਕਹਿ ਦੇ ਕਿ ਉਂਜ ਹੀ ਕਰਨ ਜਿਵੇਂ ਫੌਜੀ ਅਧਿਕਾਰੀ ਕਹਿਣ। ਮੈਂ ਸੁਣਿਆ ਹੈ ਕਿ ਗਵਰਨਰ ਨੇ ਇਹ ਸੁਝਾਅ ਮੰਨ ਲਿਆ ਹੈ ਕਿ ਫੌਜ ਵੱਲੋਂ ਦਿੱਤੀਆਂ ਸਾਰੀਆਂ ਹਦਾਇਤਾਂ ਦੀ ਪਾਲਣਾ ਕੀਤੀ ਜਾਵੇ।' ਮੈਂ ਕਿਹਾ ਕਿ 'ਸਰ! ਜੇ ਇਹ ਗੱਲ ਹੈ ਤਾਂ ਫਿਰ ਡੀਸੀਆਂ ਨੂੰ ਕਿਉਂ ਨਾ ਬਹੁਤ ਸਪਸ਼ਟ ਹਦਾਇਤਾਂ ਜਾਰੀ ਕੀਤੀਆਂ ਜਾਣ। ਉਨ੍ਹਾਂ ਨੂੰ ਕਿਹਾ ਜਾਵੇ ਕਿ ਉਨ੍ਹਾਂ ਨੇ ਫੌਜ ਦੀ ਮਦਦ ਕਰਨੀ ਹੈ ਅਤੇ ਉਸ ਦੇ ਹੁਕਮ ਮੰਨਣੇ ਹਨ। ਇਹ ਜਵਾਨ ਮੰਡੇ ਐਵੇਂ ਕਦਮ ਕਦਮ ਉਤੇ ਫੇਰ ਪੰਗੇ ਲਈ ਜਾਂਦੇ ਹਨ ਫੌਜੀਆਂ ਨਾਲ। ਫੈਸਲਾ ਲੈਣ ਵਾਲੀਆਂ ਸ਼ਕਤੀਆਂ ਦੇ ਮਾਮਲਿਆਂ ਬਾਰੇ ਉਨ੍ਹਾਂ ਨੂੰ ਸਪਸ਼ਟ ਦੱਸ ਦੇਈਏ ਕਿ ਜਿਵੇਂ ਫੌਜੀ ਕਹਿਣ, ਉਂਜ ਹੀ ਉਹ ਕਰੀ ਜਾਣ।' ਪੂਨੀ ਕਹਿੰਦਾ ਕਿ 'ਹਾਲਾਤ ਤਾਂ ਇਹੋ ਜਿਹੇ ਹੀ ਹਨ।' ਜਦੋਂ ਮੈਂ ਪੁੱਛਿਆ ਕਿ 'ਹੋਰ ਕੀ ਖਬਰ ਹੈ?' ਤਾਂ ਪੂਨੀ ਕਹਿੰਦਾ ਕਿ 'ਮੇਰੇ ਪਾਸ ਇਹ ਖਬਰ ਹੈ ਕਿ ਸ਼ਾਮ 7 ਵਜੇ ਤੋਂ ਅੱਜ ਸੈਨਾ ਨੇ ਸ੍ਰੀ ਹਰਿਮੰਦਰ ਸਾਹਿਬ ਉਤੇ ਟੈਂਕਾਂ ਰਾਹੀਂ ਹਮਲਾ ਕੀਤਾ ਅਤੇ ਇਹ ਅਜੇ ਤੱਕ ਵੀ ਜਾਰੀ ਹੈ। ਕੀ ਰਿਹਾ, ਕੀ ਤਬਾਹ ਹੋਇਆ, ਕੁਝ ਪਤਾ ਨਹੀਂ।

ਇਸ ਤੋਂ ਪਿੱਛੋਂ ਮੈਂ ਫਿਰ ਰਾਤ 10.05 ਉਤੇ ਸਾਰੇ ਡੀਸੀਆਂ ਨੂੰ ਵਾਇਰਲੈਸ ਸੰਦੇਸ਼ ਭੇਜ ਦਿੱਤੇ ਕਰਫਿਊ ਪ੍ਰਸ਼ਾਸਨ ਅਤੇ ਢਿੱਲ ਦੇਣ ਬਾਰੇ ਅਤੇ ਰਾਤ 10.15 ਵਜੇ ਮੁਕਲ ਜੋਸ਼ੀ (ਡੀ.ਸੀ. ਜਲੰਧਰ) ਨੂੰ ਫੋਨ ਉਤੇ ਦੱਸ ਦਿੱਤਾ। ਰਾਤ 10.45 ਵਜੇ ਡੀਸੀ ਗੁਰਦਾਸਪੁਰ ਤੋਂ 'ਸਭ ਅੱਛਾ' ਰਿਪੋਰਟ ਆ ਗਈ।

6 ਜੂਨ ਸਵੇਰੇ 07.15 ਵਜੇ ਡੀ.ਸੀ. ਕਪੂਰਥਲਾ ਨਾਲ ਫੋਨ ਉਤੇ ਗੱਲ ਕੀਤੀ ਅਤੇ ਉਸ ਨੂੰ ਕਰਫਿਊ ਪ੍ਰਸ਼ਾਸਨ ਅਤੇ ਫੌਜੀਆਂ ਦੀ ਸਲਾਹ ਅਨੁਸਾਰ ਕੰਮ ਕਰਨ ਨੂੰ ਕਿਹਾ। ਉਸ ਨੇ ਵਿਰੋਧ ਕੀਤਾ ਕਿ ਕੀ ਇਹ ਫੌਜ ਵੱਲੋਂ ਪ੍ਰਸ਼ਾਸਨ ਸੰਭਾਲ ਲਿਆ, ਕਿ ਡੀ.ਐਮ. ਜ਼ਿੰਮੇਵਾਰ ਹੈ ਕਰਫਿਊ ਬਾਰੇ, ਕਿ 'ਐਥੇ ਅਸੀਂ ਫੌਜੀਆਂ ਨੂੰ ਐਨ ਟਿਕਾਣੇ ਲਗਾ ਕੇ ਰੱਖਿਆ ਹੋਇਆ ਹੈ' ਪਰ ਮੈਂ ਸਮਝਾਇਆ ਕਿ ਸਰਕਾਰੀ ਹਦਾਇਤਾਂ ਇਹੋ ਹਨ ਅਤੇ ਉਨ੍ਹਾਂ ਅਨੁਸਾਰ ਹੀ ਕੰਮ ਕੀਤਾ ਜਾਵੇ।

ਸਵੇਰੇ 10 ਵਜੇ ਕੋਰ ਹੈੱਡ ਕੁਆਰਟਰ ਗਏ ਮੀਟਿੰਗ ਵਾਸਤੇ। ਉਥੇ ਸੀ.ਓ.ਐਸ. ਦੇ ਕਮਰੇ ਵਿਚ ਬੈਠੇ ਸਾਂ ਜਦੋਂ ਬੀ.ਐਸ.ਐਫ. ਦਾ ਕਮਾਂਡੈਂਟ (ਸ਼ਾਇਦ ਐਮ.ਐਸ. ਬੋਪਾਰਾਏ ਨਾਂ ਸੀ, ਸੀਨੀਅਰ ਸੁਪਰਡੈਂਟ ਰੈਂਕ) ਮੇਰੇ ਕੋਲ ਆ ਬੈਠਾ। ਮੈਂ ਸਰਸਰੀ ਤੌਰ ਉਤੇ ਪੁੱਛਿਆ, 'ਸੁਣਾਓ, ਕੀ ਖਬਰਾਂ ਹਨ ਅੰਮ੍ਰਿਤਸਰ ਦੀਆਂ?' ਉਹ ਬਹੁਤ ਅਸ਼ਾਂਤ ਹੋ ਗਿਆ, ਉਸ ਦੀਆਂ ਅੱਖਾਂ ਭਰ ਆਈਆਂ, ਆਵਾਜ਼ ਬੰਦ ਹੋਣ ਵਾਲੀ ਹੋ ਗਈ ਅਤੇ ਫੁਸਫੁਸਾ ਕੇ ਮੈਨੂੰ ਕਹਿੰਦਾ, 'ਸਰ! ਖਬਰਾਂ ਚੰਗੀਆਂ ਨਹੀਂ ਹਨ। ਹਰਿਮੰਦਰ ਸਾਹਿਬ ਦਾ ਉਪਰਲਾ ਗੁੰਬਦ ਢਹਿ ਗਿਆ ਹੈ। ਦਰਸ਼ਨੀ ਡਿਓਢੀ ਅਤੇ ਅਕਾਲ ਤਖਤ ਸਾਰਾ ਖਤਮ ਹੋ ਗਿਆ ਹੈ। ਇੱਕ ਡੀ.ਆਈ.ਜੀ./ਬੀ.ਐਸ.ਐਫ. ਅਤੇ 3-4 ਹੋਰ ਸਿੱਖ ਅਫਸਰਾਂ ਨੇ ਅਸਤੀਫੇ ਦੇ ਦਿੱਤੇ ਹਨ। ਸ਼ਾਇਦ ਉਹ ਗ੍ਰਿਫਤਾਰੀ ਅਧੀਨ ਹਨ। ਹਜ਼ਾਰਾਂ ਯਾਤਰੂ ਮਾਰੇ ਗਏ ਹਨ।'

ਬੜੀਆਂ ਹੀ ਚਿੰਤਾਜਨਕ ਖਬਰਾਂ ਸਨ। ਮੈਂ ਪੁੱਛਿਆ, 'ਤੁਹਾਨੂੰ ਕਿਵੇਂ ਪਤਾ ਲੱਗਾ? ਕੋਈ ਵਾਇਰਲੈਸ ਸੰਦੇਸ਼ ਹਨ?' ਉਹ ਕਹਿੰਦਾ, 'ਨਹੀਂ ਸੰਦੇਸ਼ ਨਹੀਂ, ਦੋ-ਚਾਰ ਜਵਾਨ ਬੀ.ਐਸ.ਐਫ. ਦੇ ਆਏ ਹਨ ਅੰਮ੍ਰਿਤਸਰ ਤੋਂ।' ਮੈਂ ਪੁੱਛਿਆ, 'ਉਹ ਕਿਵੇਂ ਆ ਗਏ? ਟ੍ਰੈਫਿਕ ਤਾਂ ਬੰਦ ਹੈ?' ਉਸ ਦੇ ਜਵਾਬ ਦੇਣ ਤੋਂ ਪਹਿਲਾਂ ਹੀ ਮੀਟਿੰਗ ਲਈ ਜੀ.ਓ.ਸੀ. ਦੇ ਕਮਰੇ ਵੱਲ ਜਾਣ ਲਈ ਉਠ ਪਏ। ਅੰਦਰ ਜਾ ਕੇ ਸੁਰਜੀਤ ਸਿੰਘ ਡੀ.ਆਈ.ਜੀ. ਰੇਂਜ ਕੋਲੋਂ ਪੁੱਛਿਆ। ਉਹ ਵੀ ਕਹਿੰਦਾ, 'ਖਬਰਾਂ ਮਾੜੀਆਂ ਨੇ। ਬਹੁਤ ਨੁਕਸਾਨ ਹੋ ਗਿਆ ਹੈ ਹਰਿਮੰਦਰ ਸਾਹਿਬ ਦਾ।'

ਮੀਟਿੰਗ ਵਿਚ ਬ੍ਰਿਗੇਡੀਅਰ ਦਿਓਲ (ਜਲੰਧਰ) ਅਤੇ ਬ੍ਰਿਗੇਡੀਅਰ ਇੰਚਾਰਜ ਲੁਧਿਆਣਾ ਨੇ ਕਰਫਿਊ ਵਿਚ ਛੋਟ ਦੇਣ ਵਾਸਤੇ ਬਹੁਤ ਜ਼ੋਰਦਾਰ ਢੰਗ ਨਾਲ ਬੇਨਤੀ ਕੀਤੀ। ਬ੍ਰਿਗੇਡੀਅਰ ਗਿੱਲ/ਲੁਧਿਆਣਾ (ਸ਼ਾਇਦ ਗਿੱਲ ਹੀ ਸੀ) ਨੇ ਇੱਥੋਂ ਤੱਕ ਕਹਿ ਦਿੱਤਾ, 'ਸਰ! ਕਰਫਿਊ ਹੋਰ ਜਾਰੀ ਰੱਖਣਾ ਸੰਭਵ ਨਹੀਂ। ਸਾਨੂੰ ਛੋਟਾਂ ਦੇਣੀਆਂ ਹੀ ਪੈਣੀਆਂ ਹਨ। ਸਾਨੂੰ ਲੋਕਾਂ ਨੂੰ ਰਾਹਤ ਦੇਣੀ ਹੀ ਪੈਣੀ ਹੈ। ਪਸ਼ੂ ਮਰਨੇ ਸ਼ੁਰੂ ਹੋ ਗਏ ਹਨ, ਬੱਚੇ ਭੁੱਖ ਨਾਲ ਵਿਲਕਣ ਲੱਗ ਪਏ ਹਨ। ਲੋਕਾਂ ਨੂੰ ਘਰਾਂ ਵਿਚ ਡੱਕੀ ਰੱਖਣਾ ਹੋਰ ਸੰਭਵ ਨਹੀਂ।' ਬ੍ਰਿਗੇਡੀਅਰ ਦਿਓਲ ਨੇ ਵੀ ਜ਼ੋਰਦਾਰ ਤਰੀਕੇ ਨਾਲ ਗੱਲ ਕੀਤੀ। ਡੀ.ਸੀ. ਦੇ ਬੋਲਣ ਦੀ ਬਜਾਇ ਉਸ ਨੇ ਹੀ ਸਾਰੇ ਕੇਸ ਦੀ ਪੈਰਵੀ ਕੀਤੀ।

ਜੀ.ਓ.ਸੀ. ਨੇ ਅਫਵਾਹਾਂ ਬਾਰੇ ਗੱਲ ਕੀਤੀ। ਕਹਿੰਦਾ ਕਿ ਅਫਵਾਹ ਇਹ ਹੈ ਕਿ ਜਨਰਲ ਤਰਲੋਕ ਸਿੰਘ ਅਤੇ 5 ਸਿੱਖ ਬ੍ਰਿਗੇਡੀਅਰਾਂ ਨੇ ਅਸਤੀਫੇ ਦੇ ਦਿੱਤੇ ਹਨ। 'ਕਿਉਂ ਬਈ, ਤੁਸੀਂ ਅਸਤੀਫੇ ਦੇ ਦਿੱਤੇ ਹਨ?' ਜਨਰਲ ਤਰਲੋਕ ਸਿੰਘ, ਬ੍ਰਿਗੇਡੀਅਰ ਗਿੱਲ, ਦਿਓਲ ਅਤੇ ਢਿੱਲੋਂ ਵੀ ਉਥੇ ਬੈਠੇ ਸਨ। ਉਸ ਨੇ ਦੱਸਿਆ ਕਿ ਸਵੇਰੇ ਚੰਡੀਗੜ੍ਹ ਤੋਂ ਇਹ ਅਫਵਾਹ ਆਈ ਕਿ ਰਾਸ਼ਟਰਪਤੀ ਨੇ ਅਸਤੀਫਾ ਦੇ ਦਿੱਤਾ ਹੈ ਅਤੇ ਉਹ ਗ੍ਰਿਫਤਾਰ ਕਰ ਲਿਆ ਹੈ!! ਉਸ ਨੇ ਇਸ ਅਫਵਾਹ ਨੂੰ ਵੀ ਗਲਤ ਦੱਸਿਆ ਕਿ ਹਰਿਮੰਦਰ ਨੂੰ ਕੋਈ ਨੁਕਸਾਨ ਹੋਇਆ ਹੈ ਜਾਂ ਕਿਸੇ ਡੀ.ਆਈ.ਜੀ. ਜਾਂ ਹੋਰ ਪੁਲਿਸ ਅਫਸਰਾਂ ਨੇ ਅਸਤੀਫੇ ਦਿੱਤੇ ਹਨ।

ਮੀਟਿੰਗ ਖਤਮ ਹੋਣ ਪਿੱਛੋਂ ਮੈਂ ਸੁਰਜੀਤ ਸਿੰਘ ਡੀ.ਆਈ.ਜੀ. ਨਾਲ ਉਸ ਦੇ ਦਫਤਰ ਚਲਾ ਗਿਆ ਅਤੇ ਉਥੋਂ ਦੁਪਹਿਰੇ 12 ਵਜੇ ਅਸੀਂ ਹੈੱਡ ਕੁਆਰਟਰ 36 ਡਿਵੀਜ਼ਨ ਗਏ ਜਿੱਥੇ ਜਨਰਲ ਤਰਲੋਕ ਸਿੰਘ ਅਤੇ ਉਸ ਦੇ ਬ੍ਰਿਗੇਡ ਕਮਾਂਡਰਾਂ ਨਾਲ ਮੀਟਿੰਗ ਹੋਈ। 36 ਡਿਵੀਜ਼ਨ ਅੰਦਰੂਨੀ ਸੁਰੱਖਿਆ ਦਾ ਜ਼ਿੰਮੇਵਾਰ ਸੀ, ਜਲੰਧਰ-ਹੁਸ਼ਿਆਰਪੁਰ-ਕਪੂਰਥਲਾ, ਬਿਆਸ ਦਰਿਆ ਦੇ ਇਸ ਪਾਸੇ ਤੱਕ।

ਉਸ ਦਿਨ ਸ਼ਾਮ 4.45 ਵਜੇ ਮੁੱਖ ਸਕੱਤਰ ਦਾ ਫੋਨ ਘਰੇ ਮਾਡਲ ਟਾਊਨ ਆਇਆ। ਲਾਇਨ ਵਿਚ ਬਹੁਤ ਗੜਬੜੀ ਸੀ ਪਰ ਮੈਂ ਐਨਾ ਕੁ ਸਮਝਿਆ ਕਿ ਉਸ ਨੇ ਕਿਹਾ ਕਿ ਸਾਰੇ ਡੀਸੀਆਂ ਨੂੰ ਹਦਾਇਤ ਕਰਾਂ ਕਿ ਉਹ ਡਾਕਟਰੀ ਟੀਮਾਂ, ਸਕੂਲੀ ਇਮਾਰਤਾਂ ਨੂੰ ਕੈਂਪ ਲਗਾਉਣ ਦੀਆਂ ਥਾਵਾਂ, ਉਨ੍ਹਾਂ ਦੇ ਜ਼ਿਲ੍ਹਿਆਂ ਵਿਚ ਅੰਮ੍ਰਿਤਸਰ ਤੋਂ ਆਣ ਵਾਲੀਆਂ ਲਾਸ਼ਾਂ ਦਾ ਸਸਕਾਰ ਕਰਨ ਵਾਸਤੇ ਕਨਟੈਨਜੈਂਸੀ ਸਕੀਮਾਂ ਤਿਆਰ ਰੱਖਣ। ਉਸ ਕਿਹਾ ਕਿ ਮੈਂ ਡੀਸੀਆਂ ਨਾਲ ਜ਼ਬਾਨੀ ਗੱਲ ਕਰਾਂ। ਇਸ ਅਨੁਸਾਰ ਮੈਂ ਉਸ ਰਾਤ 9.20 ਵਜੇ ਡੀ.ਸੀ. ਹੁਸ਼ਿਆਰਪੁਰ, 9.25 ਵਜੇ ਡੀ.ਸੀ. ਕਪੂਰਥਲਾ, 9.30 ਵਜੇ ਡੀ.ਸੀ. ਗੁਰਦਾਸਪੁਰ ਅਤੇ 9.40 ਵਜੇ ਡੀ.ਸੀ. ਜਲੰਧਰ ਨਾਲ ਗੱਲ ਕੀਤੀ ਅਤੇ ਇਨ੍ਹਾਂ ਮੁੱਦਿਆਂ ਬਾਰੇ ਹਦਾਇਤਾਂ ਕੀਤੀਆਂ। ਫਿਰ ਰਾਤ 10.00 ਵਜੇ ਗ੍ਰਹਿ ਸਕੱਤਰ ਨੂੰ ਦੱਸ ਦਿੱਤਾ ਕਿਉਂ ਜੋ ਮੁੱਖ ਸਕੱਤਰ ਦਾ ਨੰਬਰ ਨਹੀਂ ਮਿਲ ਰਿਹਾ ਸੀ। ਅਖੀਰ ਰਾਤ 10.45 ਵਜੇ ਡੀ.ਐਮ./ਅੰਮ੍ਰਿਤਸਰ ਵਲੋਂ ਰੇਡੀਓ ਸੁਨੇਹਾ ਆਇਆ ਜਿਸ ਵਿਚ ਉਸ ਦੱਸਿਆ ਕਿ ਸੁਰੱਖਿਆ ਦਸਤੇ ਮੁੱਖ ਗੋਲਡਨ ਟੈਂਪਲ ਵਿਚ ਦਾਖਲ ਹੋ ਚੁੱਕੇ ਹਨ। ਸਾਰੇ ਇਮਾਰਤੀ ਸਮੂਹ ਵਿਚੋਂ ਅਤਿਵਾਦੀਆਂ ਨੂੰ ਕੱਢਣ ਵਾਸਤੇ ਫੌਜ ਦੀ ਕਾਰਵਾਈ ਜਾਰੀ ਹੈ।

7 ਜੂਨ ਸਵੇਰੇ 08.40 ਵਜੇ ਡੀ.ਐਮ. ਅੰਮ੍ਰਿਤਸਰ ਵੱਲੋਂ ਵਾਇਰਲੈਸ ਸੁਨੇਹਾ ਆਇਆ ਜਿਸ ਵਿਚ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਲਾਸ਼ ਮਿਲਣ ਬਾਰੇ ਖਬਰ ਸੀ ਅਤੇ ਇਹ ਵੀ ਕਿ ਅਮਰੀਕ ਸਿੰਘ ਬਾਰੇ ਕੋਈ ਖਬਰ ਨਹੀਂ ਸੀ। ਫਿਰ 9.30 ਵਜੇ ਡੀ.ਸੀ. ਗੁਰਦਾਸਪੁਰ ਵੱਲੋਂ ਫੋਨ ਆਇਆ। ਉਸ ਦੱਸਿਆ ਕਿ ਉਹ ਸਾਰੀਆਂ ਐਂਬੂਲੈਂਸਾਂ ਭੇਜ ਰਿਹਾ ਹੈ ਪਰ ਇਕ ਉਸ ਹੈੱਡ ਕੁਆਰਟਰ ਉਤੇ ਰੱਖਣ ਦੀ ਇਜਾਜ਼ਤ ਮੰਗੀ, ਉਹ ਮੈਂ ਦੇ ਦਿੱਤੀ। ਨਾਲ ਹੀ 9.45 ਵਜੇ ਡੀ.ਸੀ. ਜਲੰਧਰ ਨੇ ਫੋਨ ਉਤੇ ਦੱਸਿਆ ਕਿ ਸ਼ਹਿਰ ਵਿਚ ਤਣਾਅ ਬਣ ਰਿਹਾ ਸੀ। ਇਹ ਵੀ ਖਬਰ ਸੀ ਕਿ ਕੁਝ ਇਲਾਕਿਆਂ ਵਿਚ ਹਿੰਦੂਆਂ ਵੱਲੋਂ ਮਠਿਆਈ ਵੀ ਵੰਡੀ ਗਈ। ਉਸ ਨੂੰ ਕਿਹਾ ਕਿ ਐਸੀ ਕਾਰਵਾਈ ਨੂੰ ਸਖਤੀ ਨਾਲ ਦਬਾ ਦਿੱਤਾ ਜਾਵੇ। ਉਸ ਨੇ ਇੰਤਜਾਮ ਕਰਨ ਖਾਤਰ ਕੋਰ ਹੈੱਡ ਕੁਆਰਟਰ ਦੀ ਮੀਟਿੰਗ ਵਿਚੋਂ ਛੁੱਟੀ ਮੰਗੀ, ਉਹ ਮੈਂ ਪ੍ਰਵਾਨ ਕਰ ਲਈ। ਸਵੇਰੇ 10 ਵਜੇ ਕੋਰ ਹੈੱਡ ਕੁਆਰਟਰ ਉਤੇ ਮੀਟਿੰਗ ਹੋਈ ਜਿਸ ਵਿਚ 'ਗ੍ਰਿਫਤਾਰ ਕੀਤੇ ਆਦਮੀ ਸਿਵਲ ਪੁਲਿਸ ਦੇ ਹਵਾਲੇ ਕਿਸ ਤਰ੍ਹਾਂ ਕੀਤੇ ਜਾਣ' ਦੀ ਰਸਮੀ ਕਾਰਵਾਈ, ਢੰਗ-ਤਰੀਕਿਆਂ ਬਾਰੇ ਚਰਚਾ ਹੋਈ। 'ਐਸੇ ਬੰਦੇ ਕਿਥੇ ਰੱਖੇ ਜਾਣ', 'ਜ਼ਰੂਰੀ ਵਸਤਾਂ ਲੈ ਕੇ ਜਾ ਰਹੀਆਂ ਅੰਤਰ-ਜ਼ਿਲ੍ਹਾ ਗੱਡੀਆਂ ਦਾ ਕਿਵੇਂ ਪ੍ਰਬੰਧ ਕੀਤਾ ਜਾਵੇ' ਬਾਰੇ ਵਿਚਾਰ ਕੀਤੇ ਗਏ। ਉਸ ਤੋਂ ਪਿੱਛੋਂ 11.50 ਵਜੇ ਡੀ.ਸੀ. ਕਪੂਰਕਲਾ ਦਾ ਫੋਨ ਆਇਆ। ਉਸ ਦੱਸਿਆ ਕਿ ਜ਼ਿਲ੍ਹੇ ਵਿਚ ਤਿੰਨ ਕਤਲ ਹੋਏ ਹਨ ਹਿੰਦੂਆਂ ਦੇ। ਉਸ ਇਹ ਵੀ ਦੱਸਿਆ ਕਿ ਸਰਦਾਰ ਆਤਮਾ ਸਿੰਘ ਐਮ.ਐਲ.ਏ. ਦੋ ਚਿੱਠੀਆਂ ਭੇਜਣੀਆਂ ਚਾਹੁੰਦਾ ਹੈ- ਰਾਜਪਾਲ ਤੇ ਰਾਸ਼ਟਰਪਤੀ ਨੂੰ, ਤੇ ਡੀ.ਸੀ. ਨੇ ਐਸਕਾਰਟ ਦੇ ਕੇ ਇੱਕ ਅਫਸਰ ਤੋਰਿਆ ਹੈ। ਆਤਮਾ ਸਿੰਘ ਅੰਮ੍ਰਿਤਸਰ ਜਾਣਾ ਚਾਹੁੰਦਾ ਹੈ ਪਰ ਉਹ ਰੋਕ ਦਿੱਤਾ ਗਿਆ। ਡੀ.ਸੀ. ਨੇ ਦੱਸਿਆ ਕਿ ਫਗਵਾੜਾ ਤੋਂ ਐਂਬੂਲੈਂਸ ਗੱਡੀਆਂ




***ਰਮੇਸ਼ਇੰਦਰ ਸਿੰਘ ਅਤੇ ਨ੍ਰਿਪਇੰਦਰ ਰਤਨ ਦੀ ਕਿਤਾਬ ਦਾ ਮੁਖੜਾ।***


***(ਬਾਕੀ ਅਗਲੇ ਸਫੇ 'ਤੇ)***

# ਓਭੜ ਲੋਕ

***ਪੰਜਾਬੀ ਕਹਾਣੀ ਦੇ ਧੰਨਭਾਗ ਉਘੇ ਲਿਖਾਰੀ ਕੁਲਵੰਤ ਸਿੰਘ ਵਿਰਕ ਦੀਆਂ ਕਹਾਣੀਆਂ ਬੰਦੇ ਦੇ ਧੁਰ ਅੰਦਰ ਤੱਕ ਮਾਰ ਕਰਨ ਵਾਲੀਆਂ ਹਨ। ਉਹ ਬਹੁਤ ਥੋੜ੍ਹੇ ਸ਼ਬਦਾਂ ਵਿਚ ਵੱਡੀਆਂ ਗੱਲਾਂ ਕਰਨ ਵਾਲਾ ਲੇਖਕ ਸੀ। 2021 ਉਨ੍ਹਾਂ ਦਾ ਜਨਮ ਸ਼ਤਾਬਦੀ ਵਰ੍ਹਾ ਹੈ। ਉਨ੍ਹਾਂ ਦਾ ਜਨਮ 20 ਮਈ 1921 ਨੂੰ ਹੋਇਆ ਸੀ। ਅੱਜ ਤੋਂ ਕਈ ਦਹਾਕੇ ਪਹਿਲਾਂ ਉਨ੍ਹਾਂ ਇਕੱਲਤਾ ਬਾਰੇ ਉਮਦਾ ਲੇਖ 'ਓਭੜ ਲੋਕ' ਲਿਖਿਆ ਸੀ। ਇਸ ਲੇਖ ਵਿਚ ਸਮਾਜ ਵਿਚ ਆ ਰਹੀਆਂ ਤਬਦੀਲੀ ਦੀਆਂ ਕਨਸੋਆਂ ਹਨ ਅਤੇ ਇਸ ਵਿਚ ਸਮਾਜਿਕ ਪ੍ਰਸੰਗ ਫਰੋਲੇ ਗਏ ਹਨ।***

ਅੱਜ ਕਲ ਇਹ ਖਿਆਲ ਪਸਰਿਆ ਹੋਇਆ ਹੈ ਕਿ ਮਨੁੱਖ ਇਕੱਲਾ ਰਹਿ ਗਿਆ ਹੈ। ਇਸ ਦੁਨੀਆ ਵਿਚ ਉਹ ਓਭੜਾਂ (ਅਜਨਬੀ, ਨਾਵਾਕਫ) ਵਾਂਗ ਫਿਰ ਰਿਹਾ ਹੈ। ਨਾ ਕੋਈ ਕੰਮ ਅਤੇ ਨਾ ਕੋਈ ਮਨੁੱਖ ਉਸ ਨੂੰ ਚੰਗੀ ਤਰ੍ਹਾਂ ਟੁੰਬਦਾ ਹੈ ਅਤੇ ਉਸ ਨੂੰ ਇਹ ਪਤਾ ਨਹੀਂ ਲਗਦਾ ਕਿ ਉਹ ਕੀ ਕਰੇ ਅਤੇ ਕਿੱਧਰ ਜਾਵੇ। ਜੇ ਉਹ ਸੋਚਵਾਨ ਕਿਸਮ ਦਾ ਹੋਵੇ ਤਾਂ ਹੋਰ ਵੀ ਪੂਰੀ ਤਰ੍ਹਾਂ ਕੱਟਿਆ ਜਾਂਦਾ ਹੈ। ਸਾਹਿਤ ਅਕਾਦਮੀ ਦੇ ਅੰਗਰੇਜ਼ੀ ਪਰਚੇ 'ਇੰਡੀਅਨ ਲਿਟਰੇਚਰ' ਦੇ ਸੱਜਰੇ ਅੰਕ ਵਿਚ ਇਕ ਲੇਖ ਛਪਿਆ ਹੈ ਜਿਸ ਵਿਚ ਮੁਖ ਹਿੰਦੀ ਕਹਾਣੀ ਲੇਖਕਾਂ ਦੀ ਅਜਿਹੇ ਆਦਮੀ ਨੂੰ ਸਫਲਤਾ ਨਾਲ ਚਿਤਰਨ ਲਈ ਉਸਤਤ ਕੀਤੀ ਗਈ ਹੈ। ਕਿਹਾ ਜਾਂਦਾ ਹੈ ਕਿ ਸਾਰੇ ਮਨੁੱਖ ਚਾਬੀ ਵਾਲੇ ਬਾਵਿਆਂ ਵਾਂਗ ਫਿਰ ਰਹੇ ਹਨ। ਭਾਵੇਂ ਉਨ੍ਹਾਂ ਦੀ ਬਣਤਰ ਇਕੋ ਜਿਹੀ ਹੈ ਪਰ ਉਨ੍ਹਾਂ ਦੀ ਆਪੋ ਵਿਚ ਕੋਈ ਸਾਂਝ ਨਹੀਂ ਹੈ। ਕਹਿੰਦੇ ਹਨ ਕਿ ਇਹ ਹਾਲਤ ਉਦਯੋਗਕ ਧੰਦਿਆਂ ਦੇ ਵਧਣ ਕਰਕੇ ਅਤੇ ਬਹੁਤੇ ਲੋਕਾਂ ਦੇ ਸ਼ਹਿਰਾਂ ਵਿਚ ਆ ਵਸਣ ਕਰਕੇ ਹੋਈ ਹੈ, ਜਿੱਥੇ ਗਵਾਂਢੀ ਗਵਾਂਢੀ ਦਾ ਨਾਂ ਨਹੀਂ ਜਾਣਦਾ।

ਮੈਨੂੰ ਕਈ ਸਾਲ ਦਿੱਲੀ ਦੇ ਵੱਡੇ ਸ਼ਹਿਰ ਵਿਚ ਰਹਿੰਦਿਆਂ ਹੋ ਗਏ ਹਨ। ਮੈਂ ਆਪ ਉਨ੍ਹਾਂ ਲੋਕਾਂ ਵਿਚੋਂ ਹਾਂ ਜਿਹੜੇ ਗਵਾਂਢੀਆਂ ਦਾ ਨਾਂ ਨਹੀਂ ਜਾਣਦੇ ਅਤੇ ਜਿਨ੍ਹਾਂ ਦਾ ਨਾਂ ਗਵਾਂਢੀ ਬਿਲਕੁਲ ਹੀ ਨਹੀਂ ਜਾਣਦੇ। ਜੇ ਕੋਈ ਮੈਨੂੰ



**ਕੁਲਵੰਤ ਸਿੰਘ ਵਿਰਕ**

ਮੇਰੇ ਗਵਾਂਢੀ ਦਾ ਪਤਾ ਪੁੱਛੇ ਤਾਂ ਮੈਨੂੰ ਵਖਤ ਪੈ ਜਾਂਦਾ ਹੈ ਅਤੇ ਜੇ ਕੋਈ ਮੇਰੇ ਕਿਸੇ ਗਵਾਂਢੀ ਤੋਂ ਮੇਰਾ ਪਤਾ ਪੁੱਛੇ ਤਾਂ ਉਸ ਨੂੰ ਵਖਤ ਪੈ ਜਾਂਦਾ ਹੈ। ਪਰ ਮੈਂ ਇਸ ਹਾਲਤ ਤੋਂ ਅਸੰਤੁਸ਼ਟ ਨਹੀਂ। ਸ਼ਹਿਰ ਵਿਚ ਸਾਡਾ ਮਕਾਨ ਕਿਸ ਥਾਂ ਹੈ, ਇਹ ਇਤਫਾਕ ਦੀ ਗੱਲ ਹੈ। ਜਿੱਥੇ ਕਿਧਰੇ ਉਨੇ ਕੁ ਕਿਰਾਏ ਵਿਚ ਮਕਾਨ ਮਿਲਿਆ, ਲੈ ਲਿਆ। ਖਰੀਦਿਆ ਹੋਇਆ ਜਾਂ ਬਣਾਇਆ ਹੋਇਆ ਮਕਾਨ ਵੀ ਇਸੇ ਤਰ੍ਹਾਂ ਇਤਫਾਕ ਦੀ ਗੱਲ ਹੈ। ਜਿੱਥੇ ਢੋਅ ਢੁਕ ਗਿਆ। ਇਸ ਵਿਚ ਗਵਾਂਢ ਦਾ ਕੋਈ ਹਿੱਸਾ ਜਾਂ ਹੱਥ ਨਹੀਂ, ਨਾ ਹੀ ਉਸ ਵਿਚ ਪੁੱਛਣਾ ਜ਼ਰੂਰੀ ਹੈ। ਇਸ ਲਈ ਜੇ ਉਨ੍ਹਾਂ ਨਾਲ ਵਾਕਫੀ ਨਹੀਂ ਤਾਂ ਕੋਈ ਫਿਕਰ ਦੀ ਗੱਲ ਨਹੀਂ। ਕੋਈ ਗਵਾਂਢ ਬਹੁਤ ਪਸੰਦ ਵੀ ਆ ਸਕਦਾ ਹੈ। ਉਸ ਨਾਲ ਗੂੜ੍ਹ ਵੀ ਹੋ ਸਕਦਾ ਹੈ। ਕੋਈ ਰੁਕਾਵਟ ਵੀ ਨਹੀਂ।

ਕੀ ਆਂਢ ਗਵਾਂਢ ਵਿਚ ਦੋਸਤੀ ਜਾਂ ਜਾਣ ਪਹਿਚਾਣ ਨਾ ਹੋਣ ਕਰਕੇ ਮਨੁੱਖ ਔਖਾ ਨਹੀਂ ਹੋ ਜਾਂਦਾ? ਮੱਝਾਂ ਗਾਵਾਂ ਵੀ ਆਪਣੀਆਂ ਸਹੇਲੀਆਂ ਦੀ ਸੰਗਤ ਪਸੰਦ ਕਰਦੀਆਂ ਹਨ ਅਤੇ ਨਿੱਖੜ ਕੇ ਦੁਖੀ ਹੁੰਦੀਆਂ ਹਨ, ਅਜੇ ਉਨ੍ਹਾਂ ਲਈ ਆਪੋ ਵਿਚ ਕਹਿਣ ਸੁਣਨ ਲਈ ਕੁਝ ਨਹੀਂ ਹੁੰਦਾ। ਪਰ ਇਹ ਜਾਣ ਪਹਿਚਾਣ ਜਾਂ ਦੋਸਤੀ ਮਨੁੱਖ ਦੇ ਆਪਣੇ ਕਿੱਤੇ ਵਿਚ ਹੋ ਸਕਦੀ ਹੈ। ਪੰਜਾਬੀ ਵਿਚ ਲਿਖਦਾ ਹੋਣ ਕਰਕੇ ਮੇਰੀ ਬਹੁਤ ਸਾਰੇ ਪੰਜਾਬੀ ਲੇਖਕਾਂ ਨਾਲ ਦੋਸਤੀ ਹੈ। ਪਿੱਛੇ ਜਿਹੇ ਮੈਂ ਅਮਰੀਕੀ ਨਾਟਕ 'ਏ ਸਟ੍ਰੀਟਕਾਰ ਨੇਮਡ ਡਿਜ਼ਾਇਰ' ਪੜ੍ਹਿਆ। ਫਾਰਮ ਵਿਚ ਕੰਮ ਕਰਦੇ ਕੁਝ ਆਦਮੀ ਸਾਡੇ ਜੱਟਾਂ ਵਾਂਗ ਇਕੱਲੇ ਸ਼ਰਾਬ ਪੀਂਦੇ ਹਨ, ਤਾਸ਼ ਖੇਡਦੇ ਹਨ, ਆਪਣੀਆਂ ਵਹੁਟੀਆਂ ਨੂੰ ਕੁੱਟਦੇ, ਨਾਲੇ ਉਨ੍ਹਾਂ ਨੂੰ ਬਹੁਤ ਪਿਆਰ ਕਰਦੇ ਹਨ। ਜਦੋਂ ਇਕ ਆਦਮੀ ਨੂੰ ਪਤਾ ਲਗਦਾ ਹੈ ਕਿ ਉਸ ਦੀ ਸਾਲੀ ਮਾੜੇ ਚਾਲ ਚਲਣ ਦੀ ਹੈ ਤਾਂ ਉਹ ਇਹ ਗੱਲ ਅਗਾਂਹ ਦੱਸ ਕੇ ਉਸ ਦੀ ਆਪਣੇ ਬੇਲੀ ਨਾਲ ਮੰਗਣੀ ਹੋਣੋਂ ਰੋਕ ਦੇਂਦਾ ਹੈ। ਇਸ ਕੰਮ ਵਿਚ ਉਸ ਦੀ ਕੋਈ ਜ਼ਿੰਮੇਵਾਰੀ ਨਹੀਂ ਸੀ ਕਿਉਂਕਿ ਉਹ ਆਪ ਤਾਂ ਇਹ ਸਾਕ ਨਹੀਂ ਸੀ ਕਰਵਾ ਰਿਹਾ। ਪਰ ਉਹ ਕਹਿੰਦਾ ਹੈ ਕਿ ਹੁਣ ਜਦੋਂ ਮੈਨੂੰ ਇਸ ਗੱਲ ਦਾ ਪਤਾ ਲੱਗ ਗਿਆ ਹੈ ਤਾਂ ਜੇ ਮੈਂ ਉਸ ਨੂੰ ਨਾ ਦੱਸਾਂ ਤਾਂ ਮੈਂ ਸਾਰੀ ਉਮਰ ਉਸ ਦੇ ਸਾਹਮਣੇ ਸੱਚਾ ਨਹੀਂ ਹੋ ਸਕਦਾ। ਆਖਰ ਅਸੀਂ ਦੋਵੇਂ ਇਕੋ ਥਾਂ ਕੰਮ ਕਰਦੇ ਹਾਂ। ਕਿੱਤੇ ਤੋਂ ਬਿਨਾਂ ਖਿਆਲਾਂ ਦੀ ਸਾਂਝ ਵੀ ਇਕ ਤਗੜੀ ਸਾਂਝ ਹੈ। ਭਾਰਤ ਵਿਚ ਅਤੇ ਬਾਹਰ ਵੱਡੀਆਂ-ਵੱਡੀਆਂ ਹੜਤਾਲਾਂ ਜਾਂ ਹੜਤਾਲਾਂ ਦੀਆਂ ਗੱਲਾਂ ਹੁੰਦੀਆਂ ਹਨ। ਕਈ ਲੋਕਾਂ ਦਾ ਖਿਆਲ ਹੈ ਕਿ 1956 ਵਿਚ ਜਿਹੜਾ ਪੰਜਾਬੀ ਸੂਬੇ ਲਈ ਸਿੱਖਾਂ ਦਾ ਜਲੂਸ ਨਿਕਲਿਆ, ਓਡਾ ਜਲੂਸ ਭਾਰਤ ਦੇ ਇਤਿਹਾਸ ਵਿਚ ਪਹਿਲਾਂ ਕਦੀ ਨਹੀਂ ਨਿਕਲਿਆ ਹੋਣਾ। ਕੀ ਇਹ ਸਾਰੇ ਓਭੜ ਲੋਕਾਂ ਦੇ ਕੰਮ ਹਨ?

ਪਿੰਡਾਂ ਦਾ ਜੀਵਨ ਜਾਂ ਪਹਿਲੇ ਸਮੇਂ ਦਾ ਜੀਵਨ ਮੱਥੇ ਲਗਦੇ ਸਮਾਜ ਦਾ ਜੀਵਨ ਹੈ। ਤੁਸੀਂ ਕਿਸੇ ਕੋਲੋਂ ਬਿਨਾਂ ਉਸ ਨੂੰ ਪਹਿਚਾਣੇ ਜਾਂ ਗੱਲ ਕੀਤੇ ਨਹੀਂ ਲੰਘ ਸਕਦੇ। ਕੋਈ ਆਪਣੀ ਚਿੱਠੀ ਪੜ੍ਹ ਰਿਹਾ ਹੈ ਤਾਂ ਵੀ ਤੁਹਾਡਾ ਖਲੋ ਕੇ ਉਹ ਚਿੱਠੀ ਸੁਣਨੀ ਵਾਜਬ ਹੈ। ਸ਼ਹਿਰ ਵਿਚ ਇਹ ਬਹੁਤ ਵੱਡਾ ਐਬ ਸਮਝਿਆ ਜਾਵੇਗਾ ਪਰ ਇਸ ਦਾ ਇਹ ਅਰਥ ਨਹੀਂ ਕਿ ਉਹ ਪਹਿਲਾ ਸਮਾਜ ਬਹੁਤ ਪਿਆਰ ਵਾਲਾ ਜਾਂ ਆਮ ਲੋਕਾਂ ਵਿਚ ਬਹੁਤੀ ਦਿਲਚਸਪੀ ਵਾਲਾ ਸਮਾਜ ਸੀ। ਓਥੇ ਵੀ ਕਦੀ ਕਦੀ ਆਪਣੇ ਗਵਾਂਢੀਆਂ ਜਾਂ ਸਕਿਆਂ ਨੂੰ ਵੱਢ ਦੇਣ ਨੂੰ ਜੀਅ ਕਰਦਾ ਹੈ ਅਤੇ ਕਦੀ ਉਨ੍ਹਾਂ ਦੀ ਖਾਤਰ ਵੱਢੇ ਜਾਣ ਨੂੰ। ਇਹ ਦੋਵੇਂ ਜਜ਼ਬੇ ਨਾਲ ਨਾਲ ਹੀ ਪਲ ਰਹੇ ਹੁੰਦੇ ਹਨ। ਇਹ ਖਿਆਲ ਗ਼ਲਤ ਤੌਰ 'ਤੇ ਪ੍ਰਚੱਲਤ ਹੋਇਆ ਹੈ ਕਿ ਉੱਥੇ ਪਿਆਰ ਦੇ ਦਰਿਆ ਭਰ ਭਰ ਕੇ ਕੰਢਿਆਂ ਤੋਂ ਉਛਲਦੇ ਰਹਿੰਦੇ ਸਨ।

ਪੇਂਡੂ ਲੋਕ ਵੀ ਬਿਨਾਂ ਮਤਲਬ ਤੋਂ ਕਿਧਰੇ ਸੰਬੰਧ ਪੈਦਾ ਨਹੀਂ ਕਰਨਾ ਚਾਹੁੰਦੇ। ਜਿਸ ਚੌਗਿਰਦੇ ਨਾਲ ਉਹਨਾਂ ਦਾ ਸਿੱਧਾ ਵਾਸਤਾ ਨਾ ਹੋਵੇ, ਉੱਥੇ ਉਹ ਵੀ ਓਭੜ (ਨਾਵਾਕਫ, ਅਜਨਬੀ) ਬਣ ਜਾਂਦੇ ਹਨ। ਜਿਵੇਂ ਗੱਡੀ ਜਾਂ ਬੱਸ ਵਿਚ ਬੈਠੇ ਜਾਂ ਓਪਰੇ ਸ਼ਹਿਰ ਵਿਚ ਫਿਰਦੇ। ਕਹਿੰਦੇ ਹਨ 'ਦੋ ਘੜੀ ਵੇਲਾ ਟਪਾਣਾ ਹੈ, ਕਿਹੜਾ ਬਹਿ ਰਹਿਣਾ ਹੈ। ਝੱਟ ਕੁ ਔਖ ਸੌਖ ਕੱਟ ਲਵੋ। ਕਿਸੇ ਨਾਲ ਕਿਉਂ ਝਗੜਾ ਕਰਨਾ ਹੈ। ਕਿਸੇ ਗੱਲ ਵਿਚ ਕਿਉਂ ਆਉਣਾ ਹੈ'। ਹਰ ਗੱਲ ਵਿਚ ਨੀਵੀਂ ਖਿੱਚਣ ਲਈ ਤਿਆਰ ਹੁੰਦੇ ਹਨ ਪਰ ਕਿਸੇ ਨਾਲ ਮੇਲ ਵਧਾਣ ਨੂੰ ਕਾਹਲੇ ਨਹੀਂ ਹੁੰਦੇ। ਆਪਣੀ ਜੂਹ ਜਾਂ ਵਾਕਫੀ ਦੇ ਘੇਰੇ ਵਿਚ ਅੱਪੜ ਕੇ ਉਹ ਆਦਮੀ ਹੋਰ ਦਾ ਹੋਰ ਹੋ ਜਾਂਦਾ ਹੈ।

ਦੂਜੇ ਪਾਸੇ ਸ਼ਹਿਰੀ ਵੀ ਦੂਜੇ ਲੋਕਾਂ ਦੇ ਸੁਖ ਤੋਂ ਅਵੇਸਲਾ ਨਹੀਂ ਹੁੰਦਾ। ਜਿਹੜੇ ਲੋਕ ਸ਼ਹਿਰ ਦੇ ਅੰਦਰ ਚੱਲਣ ਵਾਲੀਆਂ ਬੱਸਾਂ ਵਿਚ ਚੜ੍ਹੇ ਹਨ, ਉਹ ਜਾਣਦੇ ਹਨ ਕਿ ਗਰਮੀਆਂ ਵਿਚ ਉਨ੍ਹਾਂ ਵਿਚ



***ਸਵਿਟਜ਼ਰਲੈਂਡ ਦੇ ਚਿੱਤਰਕਾਰ ਮਨੇਸਟਾ ਦੀ ਪੇਂਟਿੰਗ 'ਲੋਨਲੀਨੈੱਸ ਵੇਇਜ਼' (ਇਕੱਲਤਾ ਦਾ ਬੋਝ)।***

ਖਲੋ ਕੇ ਸਫਰ ਕਰਨਾ ਕਿੰਨਾ ਔਖਾ ਹੈ। ਹਵਾ ਨਹੀਂ ਲੱਗਦੀ ਅਤੇ ਭੀੜ ਹੋਣ ਕਰਕੇ ਮੁੜ੍ਹਕੇ ਭਿੱਜੇ ਪਿੰਡੇ ਨਾਲ ਘਸਰਦੇ ਹਨ। ਫਿਰ ਵੀ ਜਦੋਂ ਕਿਧਰੇ ਬੱਸ ਰੁਕਦੀ ਹੈ ਤਾਂ ਇਹ ਮੁੜ੍ਹਕੇ ਭਿੱਜੇ ਖੜ੍ਹੇ ਲੋਕ ਕਹਿੰਦੇ ਹਨ, 'ਨਾਲ ਨਾਲ ਹੋ ਜਾਵੋ, ਦੋ ਚਾਰ ਬੰਦੇ ਹੋਰ ਚੜ੍ਹ ਆਉਣਗੇ'। ਉੱਤੇ ਖੜ੍ਹਿਆਂ ਨੂੰ ਇਹ ਪਤਾ ਨਹੀਂ ਹੁੰਦਾ ਕਿ ਹੇਠਾਂ ਚੜ੍ਹਨ ਵਾਲੇ ਕੌਣ ਹਨ ਅਤੇ ਨਾ ਹੀ ਹੇਠਲਿਆਂ ਨੂੰ ਪਤਾ ਹੁੰਦਾ ਹੈ ਕਿ ਉੱਤੇ ਉਨ੍ਹਾਂ ਲਈ ਥਾਂ ਬਣਾਣ ਵਾਸਤੇ ਕੌਣ ਪਰਚਾਰ ਕਰ ਰਿਹਾ ਹੈ।

ਪੇਂਡੂ ਜੀਵਨ ਵਿਚ ਸਰੀਰਕ ਇਕੱਲ ਦੀ ਘਾਟ ਨਹੀਂ ਸੀ। ਪੁਰਾਣਾ ਜੀਵਨ ਕੇਵਲ ਇਕ ਛਿੰਝਾਂ ਮੇਲਿਆ ਦਾ ਹੀ ਜੀਵਨ ਨਹੀਂ ਸੀ। ਬਹੁਤੇ ਘਰਾਂ ਦਾ ਇਕੋ ਇਕ ਹਲ ਹੁੰਦਾ ਹੈ। ਹਲਾਂ ਦੇ ਮੌਸਮ (ਹਾੜ੍ਹ, ਸਾਉਣ, ਭਾਦੋਂ, ਅੱਸੂ ਆਦਿ) ਵਿਚ ਹਾਲੀ ਇਕੱਲਾ ਸਵੇਰੇ ਤਿੰਨ ਚਾਰ ਵਜੇ ਤੋਂ ਲੈ ਕੇ ਗਿਆਰਾਂ ਬਾਰਾਂ ਵਜੇ ਤਕ ਹਲ ਵਾਹੁੰਦਾ ਰਹਿੰਦਾ ਸੀ। ਇਸ ਸਮੇਂ ਵਿਚ ਸਿਵਾਏ ਰੋਟੀ ਲੈ ਕੇ ਆਈ ਵਹੁਟੀ ਜਾਂ ਕਿਸੇ ਹੋਰ ਬੱਚੇ ਤੋਂ, ਉਹ ਕਿਸੇ ਮਨੁੱਖ ਨਾਲ ਕੋਈ ਗੱਲ ਨਹੀਂ ਕਰਦਾ। ਉਸ ਤੋਂ ਪਿੱਛੋਂ ਵੀ ਬਹੁਤਾ ਕੰਮ ਉਸ ਇਕੱਲੇ ਦਾ ਹੀ ਹੈ, ਇਹ ਵੱਖਰੀ ਗੱਲ ਹੈ ਕਿ ਉਸ ਦਾ ਆਪਣੇ ਕੰਮ ਵਿਚ ਜਾਂ ਆਲੇ ਦੁਆਲੇ ਵਿਚ ਜੀਅ ਬਹੁਤ ਲਗਦਾ ਹੋਵੇ। ਜਿਹੜੇ ਲੋਕ ਪਿੰਡ ਦੀ ਆਰਥਿਕਤਾ ਜਾਂ ਰਾਜਨੀਤੀ ਵਿਚ ਬਹੁਤਾ ਹਿੱਸਾ ਨਾ ਪਾ ਸਕਦੇ ਹੋਣ (ਜਿਵੇਂ ਅਣ-ਵਿਆਹੇ ਜਾਂ ਰੋਗੀ ਬੰਦੇ ਜਾਂ ਬੁੱਢੇ ਜਿਨ੍ਹਾਂ ਦੇ ਪੁੱਤਰਾਂ ਨੇ ਆਕੀ ਹੋ ਕੇ ਆਪ ਕੰਮ ਸੰਭਾਲ ਲਿਆ ਹੋਵੇ), ਉਹ ਵੀ ਉਸ ਇਕੱਲ ਦੀ ਮਾਰ ਹੇਠ ਆਏ ਹੁੰਦੇ ਸਨ। ਦੂਜੇ ਪਾਸੇ ਕਨਿੰਘਮ ਨੇ ਆਪਣੀ 'ਸਿੱਖਾਂ ਦਾ ਇਤਿਹਾਸ' ਪੁਸਤਕ ਵਿਚ ਇਕ ਸਿੰਘ ਨਾਲ ਮੇਲ ਦਾ ਜ਼ਿਕਰ ਕੀਤਾ ਹੈ ਜਿਹੜਾ ਕਈ ਮਹੀਨਿਆਂ ਤੋਂ ਬਿਲਕੁਲ ਇਕੱਲਾ ਹੀ ਪਹਾੜ ਵਿਚ ਲੋਕਾਂ ਦੇ ਲੰਘਣ ਲਈ ਇਕ ਸੜਕ ਬਣਾ ਰਿਹਾ ਸੀ। ਉਸ ਨੂੰ ਇਕੱਲ ਨਹੀਂ ਸੀ ਲਗਦਾ।

ਜਦੋਂ ਪਾਕਿਸਤਾਨੋਂ ਉਖੜ ਕੇ ਸਾਡੇ ਪਿੰਡਾਂ ਦੇ ਲੋਕ ਅੰਮ੍ਰਿਤਸਰ ਆਏ ਤਾਂ ਮੇਰਾ ਇਹ ਖਿਆਲ ਸੀ ਕਿ ਜਿਹੜਾ ਹੁਣ ਆਪਣੇ ਪਿੰਡ ਦੀ ਢਾਣੀ ਨਾਲੋਂ ਨਿੱਖੜ ਗਿਆ, ਉਹ ਫਿਰ ਕਦੀ ਵੀ ਉਸ ਨੂੰ ਲੱਭ ਨਹੀਂ ਸਕੇਗਾ। ਜਿਹੜਾ ਇਕ ਵਾਰ ਕਿਸੇ ਹੋਰ ਜ਼ਿਲ੍ਹੇ ਦੇ ਪਿੰਡ ਵਿਚ ਬੈਠ ਗਿਆ, ਮੈਂ ਸੋਚਦਾ, ਉਸ ਦੀ ਕੋਈ ਉਘ ਸੁੱਘ ਕਿਸ ਤਰ੍ਹਾਂ ਨਿਕਲ ਸਕਦੀ ਹੈ। ਉਸ ਨੂੰ ਕਿਵੇਂ ਪਤਾ ਲੱਗੇਗਾ ਕਿ ਇਸ ਓਪਰੇ ਦੇਸ ਵਿਚ ਦੂਸਰੇ ਲੋਕ ਕਿੱਥੇ ਬੈਠੇ ਹੋਏ ਹਨ ਪਰ ਚਾਰ ਪੰਜ ਮਹੀਨੇ ਪਿੱਛੋਂ ਜਦੋਂ ਮੈਂ ਆ ਕੇ ਆਪਣੇ ਪਿੰਡ ਦੇ ਲੋਕਾਂ ਨੂੰ ਮਿਲਿਆ ਤਾਂ ਮੈਂ ਇਹ ਵੇਖ ਕੇ ਹੈਰਾਨ ਰਹਿ ਗਿਆ ਕਿ ਹਰ ਇਕ ਨੂੰ ਆਪਣੇ ਪਿੰਡ ਦੇ ਲੋਕਾਂ ਦਾ ਤਾਂ ਕੀ, ਹੋਰ ਪਿੰਡਾਂ ਦੇ ਲੋਕਾਂ ਬਾਰੇ ਵੀ ਸਾਰਾ ਪਤਾ ਸੀ ਕਿ ਕਿਹੜਾ ਕਿਸ ਜ਼ਿਲ੍ਹੇ ਦੇ ਕਿਸ ਪਿੰਡ ਵਿਚ ਬੈਠਾ ਹੈ ਅਤੇ ਗੱਡੀ ਦਾ ਕਿਹੜਾ ਸਟੇਸ਼ਨ ਜਾਂ ਬੱਸ ਦਾ ਕਿਹੜਾ ਅੱਡਾ ਓਥੇ ਲਗਦਾ ਹੈ। ਜਿਨ੍ਹਾਂ ਜਾ ਕੇ ਉਹ ਥਾਂ ਨਹੀਂ ਵੇਖੇ ਸਨ, ਉਨ੍ਹਾਂ ਵੀ ਬੜੇ ਧਿਆਨ ਨਾਲ ਉਸ ਬਾਰੇ ਸਾਰਾ ਕੁਝ ਸੁਣ ਕੇ ਗ੍ਰਹਿਣ ਕੀਤਾ ਹੋਇਆ ਸੀ। ਉਨ੍ਹਾਂ ਇਸ ਸਾਰੇ ਨਵੇਂ 'ਮਿਲੇ' ਇਲਾਕੇ ਨੂੰ ਬੱਚਿਆਂ ਵਰਗੀ ਦਿਲਚਸਪੀ ਨਾਲ ਜਾਣਿਆਂ ਅਤੇ ਘੋਖਿਆ ਸੀ ਅਤੇ ਇਸ ਦੀ ਕੋਈ ਗੁੱਠ ਉਨ੍ਹਾਂ ਤੋਂ ਛੁਪੀ ਹੋਈ ਨਹੀਂ ਸੀ। ਇਸ ਨਵੇਂ ਪੰਜਾਬ ਅਤੇ ਇਸ ਦੀਆਂ ਰਿਆਸਤਾਂ ਵਿਚ ਉਹ ਓਭੜ ਬਣ ਕੇ ਨਹੀਂ ਰਹਿਣਾ ਚਾਹੁੰਦੇ ਸਨ।

ਅਸਲ ਮਸਲਾ ਦੁਨੀਆ ਅਤੇ ਦੁਨੀਆ ਦੇ ਲੋਕਾਂ ਵਿਚ ਦਿਲਚਸਪੀ ਲੈਣ ਦਾ ਹੈ। ਜਿਸ ਦੇ ਮਨ ਵਿਚ ਬਹੁਤ ਸਾਰੇ ਖਿਆਲ ਹੋਣ ਅਤੇ ਉਹਨਾਂ ਖਿਆਲਾਂ ਨੂੰ ਜਾਂ ਦੁਨੀਆ ਨੂੰ ਮਨ-ਚਾਹਤ ਸ਼ਕਲ ਦੇਣ ਦੀ ਇੱਛਾ ਹੋਵੇ, ਉਹ ਕਦੀ ਵੀ ਓਭੜ ਜਾਂ ਇਕੱਲਾ ਅਨੁਭਵ ਨਹੀਂ ਕਰਦਾ। ਪਹਿਲਾਂ ਪਹਿਲਾਂ ਮੈਂ ਇਹ ਵੇਖ ਕੇ ਬਹੁਤ ਹੈਰਾਨ ਹੁੰਦਾ ਕਿ ਪ੍ਰੋਫੈਸਰ ਸੇਖੋਂ (ਸੰਤ ਸਿੰਘ) ਦੀ ਵੱਖ ਵੱਖ ਦੇਸਾਂ ਦੀ ਰਾਜਨੀਤੀ ਵਿਚ ਦਿਲਚਸਪੀ ਅਤੇ ਜਾਣਕਾਰੀ ਕਿੰਨੀ ਜ਼ਿਆਦਾ ਹੈ। ਫਿਰ ਮੈਨੂੰ ਖਿਆਲ ਆਇਆ ਕਿ ਇਹ ਉਨ੍ਹਾਂ ਦੀ ਕਮਿਊਨਿਸਟ ਪਾਰਟੀ ਨਾਲ ਸਾਂਝ ਕਰਕੇ ਹੈ। ਇਸ ਦਾ ਅਰਥ ਇਹ ਨਹੀਂ ਕਿ ਕਮਿਊਨਿਸਟ ਪਾਰਟੀ ਨਾਲ ਸਾਂਝ ਬਣਾਣਾ ਦੁਨੀਆ ਵਿਚ ਦਿਲਚਸਪੀ ਲੈਣ ਦਾ ਇਕੋ ਇਕ ਸਾਧਨ ਹੈ। ਅੰਗਰੇਜ਼ ਲਿਖਾਰੀ ਹੈਜ਼ਲਿਟ ਨੇ ਲਿਖਿਆ ਹੈ ਕਿ 'ਸਭ ਤੋਂ ਘੱਟ ਇਕੱਲ ਮੈਂ ਉਸ ਵੇਲੇ ਅਨੁਭਵ ਕਰਦਾ ਹਾਂ ਜਦੋਂ ਮੈਂ ਇਕੱਲਾ ਹੋਵਾਂ।' ਉਸ ਵੇਲੇ ਉਸ ਨੂੰ ਆਪਣੇ ਖਿਆਲਾਂ ਨਾਲ ਜੁਝਣ ਦਾ ਮੌਕਾ ਮਿਲਦਾ ਸੀ।

ਸਾਹਿਤਕਾਰਾਂ ਦੀ ਇਕੱਲਤਾ ਉਨ੍ਹਾਂ ਦੀ ਅੰਦਰਲੀ ਹਉਮੈ ਕਰਕੇ ਹੈ। ਉਹ ਸਮਝਦੇ ਹਨ ਕਿ ਉਹ ਵੱਖਰੀ ਤਰ੍ਹਾਂ ਦੇ ਆਦਮੀ ਹਨ ਅਤੇ ਹੋਰ ਕੋਈ ਉਨ੍ਹਾਂ ਨੂੰ ਠੀਕ ਤਰ੍ਹਾਂ ਸਮਝ ਨਹੀਂ ਸਕਦਾ। ਉਨ੍ਹਾਂ ਨਾਲ ਕੋਈ ਗੱਲ ਕਰੇ ਵੀ ਤਾਂ ਲਤੀਫੇਬਾਜ਼ੀ ਦੀ ਪੱਧਰ ਉੱਤੇ ਰਹਿੰਦੀ ਹੈ। ਉਹ ਆਪਣੇ ਦਿਲ ਦੀ, ਆਪਣੇ ਕਿੱਤੇ ਦੀ, ਆਪਣੇ ਘਰ ਦੀ, ਆਪਣੇ ਪਾਲਣ ਪੋਸਣ ਦੀ ਗੱਲ ਘੱਟ ਕਰਦੇ ਹਨ। ਅਗਲੇ ਦਿਨ ਇਕ ਬੰਗਾਲੀ ਮੁੰਡਾ ਮੈਨੂੰ ਮਿਲਣ ਆਇਆ। ਇਕ ਦੋ ਗੱਲਾਂ ਪਿੱਛੋਂ ਮੈਂ ਇਕ ਦਮ ਕਿਹਾ, 'ਤੂੰ ਆਪਣੇ ਘਰ ਦੀਆਂ ਗੱਲਾਂ ਦੱਸ ਮੈਨੂੰ।' ਕਹਿਣ ਸਾਰ ਹੀ ਮੈਨੂੰ ਲੱਗਾ ਕਿ ਇਹ ਬੜੀ ਮੂਰਖਤਾ ਹੋਈ ਪਰ ਉਸ ਤੋਂ ਪਿੱਛੋਂ ਗੱਲਬਾਤ ਬਹੁਤ ਗੂੜ੍ਹੀ ਹੋ ਗਈ ਅਤੇ ਲਾਹੇਵੰਦ ਵੀ। ਕਈ ਸਾਲ ਪਹਿਲਾਂ ਇਕ ਪੰਜਾਬੀ ਲੇਖਕ, ਜਿਹੜਾ ਅਧਿਆਪਕ ਵੀ ਸੀ, ਮੈਨੂੰ ਮਿਲਿਆ। ਮੈਨੂੰ ਹਿੰਦੀ ਪੰਜਾਬੀ ਵਿਚ ਚੱਲੀ ਨਵੀਂ ਪੜ੍ਹਾਈ ਵਿਚ ਬੜੀ ਦਿਲਚਸਪੀ ਸੀ। ਇਸ ਬਾਰੇ ਮੈਂ ਉਸ ਤੋਂ ਬਹੁਤ ਸਾਰੀਆਂ ਗੱਲਾਂ ਪੁੱਛੀਆਂ। ਅਖੀਰ ਉਹ ਅੱਕ ਗਿਆ ਤੇ ਕਹਿਣ ਲੱਗਾ, 'ਕੋਈ ਸਾਹਿਤ ਬਾਰੇ ਗੱਲ ਕਰ। ਇਹ ਕੀ ਲੈ ਬੈਠਾ ਹੈਂ?' ਸਾਹਿਤ ਬਾਰੇ ਮੈਨੂੰ ਕੋਈ ਗੱਲ ਕਰਨੀ ਨਹੀਂ ਆਉਂਦੀ ਸੀ। ਗੱਲਬਾਤ ਖਤਮ ਹੋ ਗਈ।

ਇਕ ਪਾਸੇ ਤਾਂ ਸਾਹਿਤਕਾਰ ਸਮਾਜ ਨਾਲ ਡਾਂਗੋ ਡਾਂਗੀ ਹੋਣ ਦਾ ਭੇਖ ਕਰ ਰਿਹਾ ਹੈ ਅਤੇ ਦੂਜੇ ਪਾਸੇ ਉਸ ਬਾਰੇ ਕੁਝ ਜਾਣਨਾ ਜਾਂ ਸੁਣਨਾ ਨਹੀਂ ਚਾਹੁੰਦਾ। ਆਪਣੀ ਬਾਹਰਲੀ ਸ਼ਕਲ ਵਿਚ, ਆਦਤਾਂ ਵਿਚ ਅਤੇ ਗੱਲਬਾਤ ਵਿਚ ਉਹ ਆਪਣੇ ਆਪ ਨੂੰ ਸਮਾਜ ਤੋਂ ਵੱਖ ਅਤੇ ਉਸ ਹੱਥੋਂ ਦੁਖਿਆ ਹੋਇਆ ਪ੍ਰਗਟ ਕਰਦਾ ਹੈ ਪਰ ਜਿੱਥੇ ਹੋਰ ਲੋਕ ਅਤੇ ਜਥੇਬੰਦੀਆਂ ਆਪਣੇ ਦੁਸ਼ਮਣ ਬਾਰੇ ਜਾਣਨ ਲਈ ਬੇਸ਼ੁਮਾਰ ਰੁਪਈਆ ਖਰਚ ਕਰਨ ਨੂੰ ਤਿਆਰ ਹਨ, ਉਥੇ ਇਹ ਉਸ ਵੱਲ ਅੱਖ ਭਰ ਕੇ ਵੇਖਣਾ ਵੀ ਨਹੀਂ ਚਾਹੁੰਦਾ। ਵਧ ਰਹੀ ਸਾਇੰਸ ਦੀ ਸਹਾਇਤਾ ਨਾਲ ਦਿਨੋ-ਦਿਨ ਬਦਲਦੇ ਸਮਾਜ ਨੂੰ ਬੁੱਝ ਸਕਣਾ ਸੌਖਾ ਨਹੀਂ। ਪੀਅਰਜ਼ ਇਨਸਾਈਕਲੋਪੀਡੀਆ ਦੀ ਸੱਜਰੀ ਐਡੀਸ਼ਨ ਦੇ ਮੁਖਬੰਦ ਵਿਚ ਲਿਖਿਆ ਹੈ ਕਿ ਇਹ ਕੋਈ ਨਹੀਂ ਦੱਸ ਸਕਦਾ ਕਿ ਪਿਛਲੇ ਪੰਦਰਾਂ ਸਾਲਾਂ ਵਿਚ ਪੱਛਮੀ ਦੇਸ ਐਨੇ ਅਮੀਰ ਕਿਸ ਤਰ੍ਹਾਂ ਹੋ ਗਏ ਹਨ ਪਰ ਇਸ ਦਾ ਮਤਲਬ ਇਹ ਹੈ ਕਿ ਅਸੀਂ ਇਸ ਕੰਮ ਵਿਚ ਹੋਰ ਵਧੇਰੀ ਦਿਲਚਸਪੀ ਲਈਏ ਅਤੇ ਮਿਹਨਤ ਕਰੀਏ ਨਾ ਕਿ ਇਹ ਕਿ ਲੁਕ ਕੇ ਇਸ ਨੂੰ ਗਾਲ੍ਹਾਂ ਕੱਢਣ ਉੱਤੇ ਹੀ ਸਬਰ ਕਰ ਛੱਡੀਏ ਅਤੇ ਫਿਰ ਇਹ ਸ਼ਿਕਾਇਤ ਕਰੀਏ ਕਿ ਸਾਡਾ ਜੀਅ ਨਹੀਂ ਲਗਦਾ।

# ਡੀ.ਸੀ. ਅੰਮ੍ਰਿਤਸਰ ਦੀ ਨਿਯੁਕਤੀ

*(ਪਿਛਲੇ ਸਫੇ ਦੀ ਬਾਕੀ)*

ਤੋਰ ਦਿੱਤੀਆਂ ਸਨ।

ਮੈਂ 12.50 ਵਜੇ ਸਿਹਤ ਸਕੱਤਰ ਰੱਤੜਾ ਨਾਲ ਗੱਲ ਕੀਤੀ। ਉਸ ਕਿਹਾ ਕਿ ਪ੍ਰਾਈਵੇਟ ਐਂਬੂਲੈਂਸ ਵੈਨਾਂ ਵੀ ਰੈਕੁਈਜ਼ੀਸ਼ਨ ਕਰ ਕੇ ਭੇਜ ਦਿੱਤੀਆਂ ਜਾਣ। ਉਸ ਇਹ ਵੀ ਕਿਹਾ ਕਿ ਡਾਇਰੈਕਟਰ ਸਿਹਤ ਸੇਵਾਵਾਂ ਗੁਰਦਾਸਪੁਰ ਫਸਿਆ ਪਿਆ ਸੀ। ਉਸ ਨੂੰ ਅੰਮ੍ਰਿਤਸਰ ਭੇਜਣ ਦੇ ਪ੍ਰਬੰਧ ਕੀਤੇ ਜਾਣ। ਮੈਂ 12.55 ਉੱਤੇ ਡੀ.ਸੀ. ਕਪੂਰਥਲਾ-ਹੁਸ਼ਿਆਰਪੁਰ-ਗੁਰਦਾਸਪੁਰ ਨੂੰ ਵਾਇਰਲੈਸ ਸੰਦੇਸ਼ ਭੇਜੇ ਅਤੇ ਡੀ.ਸੀ. ਗੁਰਦਾਸਪੁਰ ਨਾਲ ਫੋਨ ਉੱਤੇ ਗੱਲ ਹੋਈ। ਉਸ ਦੱਸਿਆ ਕਿ ਡਾਇਰੈਕਟਰ ਸਿਹਤ ਸੇਵਾਵਾਂ (ਡੀ.ਐਚ.ਐਸ.) ਨੂੰ ਅੰਮ੍ਰਿਤਸਰ ਭੇਜ ਦਿੱਤਾ ਸੀ। ਇਸ ਬਾਰੇ 1.30 ਉੱਤੇ ਮੈਂ ਸਿਹਤ ਸਕੱਤਰ ਨੂੰ ਖਬਰ ਦੇ ਦਿੱਤੀ।

ਸ਼ਾਮ 6.35 ਉੱਤੇ ਕੰਟਰੋਲ ਰੂਮ ਤੋਂ ਮਾਡਲ ਟਾਊਨ ਸੁਨੇਹਾ ਆਇਆ ਕਿ ਮੁੱਖ ਸਕੱਤਰ ਗੱਲ ਕਰਨਾ ਚਾਹੁੰਦੇ ਸਨ। ਮੈਂ ਸਰਕਟ ਹਾਊਸ ਆ ਕੇ 7.15 ਉੱਤੇ ਮੁੱਖ ਸਕੱਤਰ ਵਾਸਤੇ ਕਾਲ ਬੁੱਕ ਕਰਵਾਈ ਪਰ ਐਕਸਚੇਂਜ ਕਹਿੰਦਾ ਕਿ ਲਾਈਨਾਂ ਬੰਦ ਸਨ। ਮੈਂ ਕੰਟਰੋਲ ਰੂਮ ਨੂੰ ਕਿਹਾ ਕਿ ਮੁੱਖ ਸਕੱਤਰ ਨੂੰ ਵਾਇਰਲੈਸ ਉੱਤੇ ਇਸ ਬਾਰੇ ਖਬਰ ਕਰ ਦੇਣ। ਤਦ ਹੀ 7.19 ਵਜੇ ਡੀ.ਸੀ. ਹੁਸ਼ਿਆਰਪੁਰ ਵਲੋਂ ਫੋਨ ਆ ਗਿਆ। ਉਸ ਦੱਸਿਆ ਕਿ ਨੈਨੋਵਾਲ ਵਿਚ ਤਿੰਨ ਕਤਲ ਹੋ ਗਏ ਸਨ ਅਤੇ ਹੋਰ ਵੀ ਘਟਨਾਵਾਂ ਹੋਈਆਂ। ਫਿਰ 7.40 ਵਜੇ ਮੁੱਖ ਸਕੱਤਰ ਵਲੋਂ ਫੋਨ ਆ ਗਿਆ। ਮੁੱਖ ਸਕੱਤਰ ਪੁੱਛਦੇ, 'ਰਤਨ, ਤੁਸੀਂ ਅੰਮ੍ਰਿਤਸਰ ਲਈ ਕਦ ਰਵਾਨਾ ਹੋ ਸਕਦੇ ਹੋ?' ਮੈਂ ਕਿਹਾ, 'ਕੋਈ ਸਮੱਸਿਆ ਨਹੀਂ ਸਰ। ਮੈਂ ਪੰਜ ਮਿੰਟ ਵਿਚ ਨਿਕਲ ਸਕਦਾ ਹਾਂ'। ਮੁੱਖ ਸਕੱਤਰ ਕਹਿੰਦੇ, 'ਫੇਰ ਤੁਸੀਂ ਅੰਮ੍ਰਿਤਸਰ ਲਈ ਤੁਰੰਤ ਰਵਾਨਾ ਹੋਵੋ ਅਤੇ ਡੀ.ਸੀ. ਨੂੰ ਗਾਇਡ ਕਰੋ।' ਮੈਂ ਕਿਹਾ ਕਿ ਫੌਜ ਨੇ ਸਾਰੇ ਰਸਤੇ ਬੰਦ ਕੀਤੇ ਹੋਏ ਹਨ। ਮੈਂ ਕੋਰ ਹੈੱਡ ਕੁਆਰਟਰ ਤੋਂ ਰਾਹਦਾਰੀ, ਐਸਕਾਰਟ ਵਗੈਰਾ ਲੈ ਲਵਾਂ। ਇਸ ਲਈ ਦੂਜੇ ਦਿਨ ਸਵੇਰੇ 6 ਵਜੇ ਤੋਂ ਪਹਿਲਾਂ ਨਿਕਲ ਜਾਵਾਂਗਾ।'

ਮੁੱਖ ਸਕੱਤਰ ਮੇਰੇ ਨਾਲ ਸਹਿਮਤ ਹੋ ਗਿਆ। ਫਿਰ 9.57 ਉੱਤੇ ਡੀਸੀ ਜਲੰਧਰ ਦਾ ਫੋਨ ਆ ਗਿਆ। ਉਸ ਸਾਰੇ ਦਿਨ ਬਾਰੇ ਰਿਪੋਰਟ ਕੀਤੀ। ਮੈਂ ਉਸ ਨੂੰ ਆਪਣੇ ਅੰਮ੍ਰਿਤਸਰ ਜਾਣ ਵਾਸਤੇ ਦੱਸਿਆ ਅਤੇ ਕਿਹਾ ਕਿ ਉਹ ਕੋਰ ਹੈੱਡ ਕੁਆਰਟਰ ਤੋਂ ਦੂਜੇ ਦਿਨ ਸਵੇਰੇ 6.00 ਵਜੇ ਰਵਾਨਗੀ ਵਾਸਤੇ ਐਸਕਾਰਟ ਦਾ ਪ੍ਰਬੰਧ ਕਰਵਾ ਦੇਵੇ। ਰਾਤ 10 ਵਜੇ ਡੀ.ਸੀ. ਨੇ ਪੁਸ਼ਟੀ ਕਰ ਦਿੱਤੀ ਕਿ ਸਵੇਰੇ 6.00 ਵਜੇ ਐਸਕਾਰਟ ਸਰਕਟ ਹਾਊਸ ਪੁੱਜ ਜਾਵੇਗੀ। ਮੈਂ ਉਸ ਰਾਤ ਤੱਕ ਦਾ ਸਰਕਟ ਹਾਊਸ ਦਾ ਬਿਲ ਭੁਗਤਾਨ ਕੀਤਾ ਅਤੇ ਮਾਡਲ ਟਾਊਨ ਜਾ ਕੇ ਸੁੱਤਾ।

## ਜ਼ਿੰਦਗੀ ਦਾ ਚਰਖਾ

ਸਾਰੀ ਉਮਰ, ਘੁੰਮ ਚਰਖੜਿਆ ਘੁੰਮ
ਲੰਮੀਆਂ ਤੰਦਾਂ ਪਾਉਂਦੀ ਗਈ।
ਦੁੱਖ, ਸੁੱਖ ਗੀਤਾਂ ਵਿਚ ਲਪੇਟੇ
ਕੱਤ ਗਲੋਟੇ ਬਣਾਉਂਦੀ ਗਈ।

ਜੀਅ ਕਰਦਾ ਹੁਣ ਫੜ ਅਟੇਰਨਾ,
ਸੂਤ ਦੀਆਂ ਅੱਟੀਆਂ ਬਣਾ ਦੇਵਾਂ।
ਚਾੜ੍ਹ ਕੇ ਵੱਟ, ਬੁਣ ਦਿਆਂ ਮੰਜਾ
ਕਿਸੇ ਕੋਨੇ ਵਿਚ ਟਿਕਾਅ ਦੇਵਾਂ।

**-ਦਵਿੰਦਰ ਕੌਰ**

---

## ਇੰਤਜ਼ਾਰ

ਤੇਰੇ ਖਿਆਲਾਂ ਵਿਚ ਡੁੱਬੀ

## ਕਾਵਿ-ਕਿਆਰੀ

ਤੇਰੀਆਂ ਸੱਧਰਾਂ ਰੋੜਿਆ।
ਤੇਰੇ ਪਿਆਰ 'ਚ ਹੋਈ ਅਧਮੋਈ ,
ਤੇਰੇ ਜਜ਼ਬਾਤਾਂ ਮੁੱਖ ਮੋੜਿਆ।
ਤੇਰੇ ਨਾਮ ਦੀ ਬਾਤ ਵੱਖਰੀ,
ਤੇਰੇ ਸੁਪਨਿਆਂ ਵੀ ਤੋੜਿਆ।

ਤੇਰੇ ਇੰਤਜ਼ਾਰ ਵਿਚ ਬੈਠੀ,
ਪਰ ਵੇ ਤੂੰ ਨਾ ਬਹੁੜਿਆ।
ਤੇਰੇ ਲਫ਼ਜ਼ਾਂ ਵਿਚ ਬੇਰੁੱਖੀ,
'ਤਰਵਿੰਦਰ' ਚਿੱਤ ਬੇਲੋੜਿਆ।

**-ਤਰਵਿੰਦਰ ਕੌਰ ਝੰਡੋਕ**
**ਫੋਨ: 91-98144-50239**

# ਰੂਹ 'ਚ ਵੱਸਦਾ ਬਾਪ

**ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਹਥਲੇ ਲੇਖ ਵਿਚ ਡਾ. ਭੰਡਾਲ ਨੇ 'ਰੂਹ 'ਚ ਵੱਸਦੇ ਬਾਪ' ਨੂੰ ਫਾਦਰ'ਜ਼ ਡੇਅ ਮੌਕੇ ਸ਼ਰਧਾਂਜਲੀ ਅਰਪਿਤ ਕੀਤੀ ਹੈ। ਉਨ੍ਹਾਂ ਦੇ ਇਨ੍ਹਾਂ ਬੋਲਾਂ ਵਿਚ ਕਿੰਨਾ ਵੱਡਾ ਸੱਚ ਛੁਪਿਆ ਹੈ ਕਿ ਬਾਪ ਮਰ ਕੇ ਕਦੇ ਵੀ ਨਹੀਂ ਮਰਦਾ। ਉਹ ਤਾਂ ਆਪਣੀ ਔਲਾਦ ਵਿਚ ਸਦਾ ਜਿਉਂਦਾ ਰਹਿੰਦਾ।...ਉਸ ਦੀਆਂ ਯਾਦਾਂ ਦਾ ਕਾਫਲਾ ਹਰ ਦਮ ਨਾਲ ਰਹਿੰਦਾ। ਲੇਖ ਵਿਚ ਡਾ. ਭੰਡਾਲ ਨੇ ਆਪਣੇ ਪਿਤਾ ਦੇ ਵਿਹਾਰਕ ਸੁਭਾਅ ਅਤੇ ਮਿਹਨਤੀ ਸੁਭਾਅ ਦਾ ਕਿੱਸਾ ਛੋਹਣ ਦੇ ਨਾਲ ਨਾਲ ਉਨ੍ਹਾਂ ਤੋਂ ਪ੍ਰਾਪਤ ਕੀਤੇ ਗੁਣਾਂ ਨੂੰ ਵੀ ਚਿਤਾਰਿਆ ਹੈ।**

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਬਾਪ ਨੂੰ ਪੂਰੇ ਹੋਇਆਂ ਦੋ ਸਾਲ ਹੋ ਚੁਕੇ ਨੇ, ਪਰ ਜਾਪਦਾ ਏ ਜਿਵੇਂ ਅਜੇ ਕੱਲ੍ਹ ਦੀ ਗੱਲ ਹੋਵੇ। ਮਨ ਸੀ ਕਿ ਮੌਤ ਤੋਂ ਸਾਲ ਬਾਅਦ ਫਿਰ ਪਿੰਡ ਜਾਵਾਂਗਾ ਅਤੇ ਪਿਤਾ ਦੀ ਯਾਦ ਨੂੰ ਨਤਮਸਤਕ ਹੋਵਾਂਗਾ, ਪਰ ਕਰੋਨਾ ਮਹਾਮਾਰੀ ਕਾਰਨ ਵਤਨ ਜਾ ਕੇ ਆਪਣੇ ਦਰਾਂ, ਘਰਾਂ ਅਤੇ ਗਰਾਂ ਨੂੰ ਨਤਮਸਤਕ ਹੋਣਾ ਮੁਹਾਲ ਹੋ ਗਿਆ। ਬਾਪ ਦੀ ਰੁਖਸਤਗੀ ਬਹੁਤ ਔਖਰਦੀ ਹੈ ਅਤੇ ਇਸ ਨੂੰ ਘੱਟ ਕਰਨ ਲਈ ਅਕਸਰ ਹੀ ਮੈਂ ਹਰਫਾਂ ਦੀ ਪਨਾਹ ਵਿਚ ਜਾਂਦਾ ਹਾਂ। ਆਪਣੀ ਚੀਸ ਨੂੰ ਵਰਕੇ 'ਤੇ ਉਤਾਰ ਕੁਝ ਰਾਹਤ ਮਹਿਸੂਸਦਾ ਹਾਂ।

ਦਰਸਅਸਲ ਬਾਪ ਦਾ ਤੁਹਾਡੀ ਜ਼ਿੰਦਗੀ ਨੂੰ ਸੇਧ ਦੇਣ, ਵਿਅਕਤੀਤਵ ਉਸਾਰੀ ਅਤੇ ਤੁਹਾਡੀਆਂ ਤਰਜ਼ੀਹਾਂ ਤੇ ਤਕਦੀਰਾਂ ਸਿਰਜਣ ਵਾਸਤੇ ਤਦਬੀਰਾਂ ਘੜਨ ਵਿਚ ਬਹੁਤ ਅਹਿਮ ਰੋਲ ਹੁੰਦਾ ਹੈ। ਬੱਚੇ ਦੇ ਸਮੁੱਚ ਵਿਚੋਂ ਉਸ ਦੇ ਬਾਪ ਨੂੰ ਪ੍ਰਤੱਖ ਤੇ ਅਪ੍ਰਤੱਖ ਰੂਪ ਵਿਚ ਕਦਮ ਕਦਮ 'ਤੇ ਦੇਖਿਆ ਅਤੇ ਸਮਝਿਆ ਜਾ ਸਕਦੈ। ਜੀਵਨ ਦੀ ਸਾਰਥਿਕਤਾ ਵਿਚ ਰਚ-ਮਿਚ ਚੁਕੇ ਬਾਪ ਨੂੰ ਕਿਵੇਂ ਭੁਲਾਇਆ ਜਾ ਸਕਦੈ? ਉਸ ਦੀਆਂ ਰਹਿਮਤਾਂ ਅਤੇ ਬਖਸ਼ਿਸ਼ਾਂ ਨੂੰ ਵਾਰ ਵਾਰ ਚਿਤਾਰਨ ਅਤੇ ਸ਼ੁਕਰੀਆ ਕਰਨ ਨੂੰ ਜੀਅ ਕਰਦੈ। ਬਹੁਤ ਅਕ੍ਰਿਤਘਣ ਹੁੰਦੇ ਨੇ ਉਹ ਲੋਕ, ਜੋ ਬਾਪ ਨੂੰ ਸਿਰਫ ਜਾਇਦਾਦ ਖਾਤਰ ਹੀ ਯਾਦ ਕਰਦੇ ਅਤੇ ਉਨ੍ਹਾਂ ਦੇ ਜਾਣ ਤੋਂ ਬਾਅਦ, ਬਾਪ ਦੀ ਯਾਦ ਨੂੰ, ਬਾਪ ਸਮੇਤ ਕਬਰਾਂ ਵਿਚ ਦਫਨਾ ਕੇ ਘਰਾਂ ਨੂੰ ਪਰਤਦੇ।

ਜੀਵਨ 'ਤੇ ਪਿੱਛਲਝਾਤੀ ਮਾਰਦਾ ਹਾਂ ਤਾਂ ਬਾਪ ਦੀ ਹਰ ਮੋੜ 'ਤੇ ਹੋਂਦ ਅਤੇ ਸੰਗਤਾ ਵਿਚੋਂ ਪ੍ਰਾਪਤ ਕੀਤੇ ਹਾਸਲ ਨੂੰ ਅਣਮੁੱਲੀ ਅਮਾਨਤ ਸਮਝਦਾ ਹਾਂ। ਕਿਵੇਂ ਉਨ੍ਹਾਂ ਨੇ ਇਕ ਬੱਚੇ ਨੂੰ ਜ਼ਿੰਮੇਵਾਰ ਵਿਅਕਤੀ ਵਜੋਂ ਤਰਾਸ਼ਿਆ? ਉਸ ਦੇ ਸੁਪਨਿਆਂ ਦੀ ਪੂਰਤੀ ਲਈ ਮੁੜਕਾ ਵਹਾਇਆ, ਬੇਆਈਆਂ ਤੇ ਰੱਟਨਾਂ ਵਿਚੋਂ ਉਜਵਲ ਭਵਿੱਖ ਨੂੰ ਕਿਆਸਿਆ ਅਤੇ ਫਖਰਮਈ ਕਰਤੱਵ ਸਮਝ ਕੇ ਪੂਰਾ ਕੀਤਾ?

ਚੇਤੇ ਆਉਂਦਾ ਏ ਬਾਪ ਦਾ ਨਵੇਂ ਮੌਜੇ ਪੈਰਾਂ 'ਚ ਪਵਾਉਣਾ, ਅੱਡੀਆਂ ਪਿੱਛੇ ਰੂੰ ਰੱਖਣਾ, ਪਹਿਲੀ ਵਾਰ ਅੱਡੀਆਂ 'ਤੇ ਪਏ ਛਾਲਿਆਂ ਨੂੰ ਸਹਿਲਾਉਣਾ, ਸਰੋਂ ਦਾ ਤੇਲ ਲਾਉਣਾ ਅਤੇ ਇਨ੍ਹਾਂ ਨੂੰ ਹਰ ਰੋਜ਼ ਪਾਉਣ ਦੀ ਤਾਕੀਦ ਕਰਨਾ। ਵੈਸੇ ਘਰ ਤੋਂ ਹਵੇਲੀ ਜਾਂ ਖੂਹ 'ਤੇ ਜਾਣਾ ਅਤੇ ਖੇਡਣ ਵੇਲੇ ਕੌਣ ਜੁੱਤੀ ਪਾਉਂਦਾ ਸੀ? ਸਿਰਫ ਸਕੂਲ ਜਾਣ ਵੇਲੇ ਜਰੂਰ ਜੁੱਤੀ ਪਾਈਦੀ ਸੀ ਅਤੇ ਉਹ ਵੀ ਪਿੰਡ ਦੇ ਧੰਨੂ ਮੋਚੀ ਦੇ ਤਿਆਰ ਕੀਏ ਮੌਜੇ। ਪਸ਼ੂ ਚਾਰਨ ਜਾਂਦਿਆਂ ਪੈਰਾਂ ਨੂੰ ਤੱਤੀ ਧੁੱਧਲ ਤੋਂ ਬਚਾਉਣ ਲਈ ਘਾਹ 'ਤੇ ਤੁੱਰ ਲਈਦਾ ਸੀ। ਨੰਗੇ ਰਹਿ ਕੇ ਪੈਰ ਇੰਨੇ ਸਖਤ ਹੋ ਗਏ ਸਨ ਕਿ ਗਰਮੀ/ਸਰਦੀ ਦੀ ਘੱਟ ਹੀ ਪ੍ਰਵਾਹ ਕਰੀਦੀ ਸੀ।

ਬਾਪ ਤਾਂ ਬਹੁਤ ਘੱਟ ਪੈਰੀਂ ਜੁੱਤੀ ਪਾਉਂਦਾ ਸੀ। ਉਹ ਤਾਂ ਉਮਰ ਦੇ ਆਖਰੀ ਪੜਾਅ ਵਿਚ ਵੀ ਤਾਕੀਦ ਕਰਨ 'ਤੇ ਹੀ ਜੁੱਤੀ ਪਾਉਂਦੇ ਸਨ, ਵਰਨਾ ਉਨ੍ਹਾਂ ਨੂੰ ਨੰਗੇ ਪੈਰੀਂ ਖੂਹ 'ਤੇ ਜਾਣਾ ਜਾਂ ਹਵੇਲੀ ਵਿਚ ਲਵੇਰੀਆਂ ਨੂੰ ਪੱਠੇ ਪਾਉਣੇ ਚੰਗੇ ਲੱਗਦੇ ਸਨ। ਉਹ ਧਰਤੀ ਨਾਲ ਜੁੜਿਆ, ਇਸ ਦੀ ਮਹਿਕ ਨੂੰ ਆਪਣੇ ਤਨ-ਮਨ ਵਿਚ ਰਚਾਉਂਦਾ, ਧਰਤੀ ਮਾਂ ਦੀ ਕੁੱਖ ਵਿਚੋਂ ਖੁਸ਼ਹਾਲੀ ਤੇ ਖੁਆਬ ਉਣਦਾ ਰਿਹਾ। ਸਿਹਤਮੰਦ ਜੀਵਨ ਅਤੇ ਲੰਮੀ ਉਮਰ ਦੀ ਦਾਤ ਨਾਲ ਵਰਸੋਇਆ ਰਿਹਾ। ਯਾਦ ਹੈ, 'ਕੇਰਾਂ ਉਨ੍ਹਾਂ ਦੇ ਪੈਰ ਦੇ ਉਪਰਲੇ ਪਾਸੇ ਅਜਿਹਾ ਜਖਮ ਹੋਇਆ ਕਿ ਠੀਕ ਹੋਣ ਬਾਅਦ ਫਿਰ ਹਰਾ ਹੋ ਜਾਂਦਾ ਸੀ। ਮੈਂ ਆਪਣੇ ਮਿੱਤਰ ਡਾਕਟਰ ਨੂੰ ਇਸ ਦਾ ਕਾਰਨ ਪੁੱਛਿਆ ਤਾਂ ਉਹ ਵੀ ਹੈਰਾਨ। ਫਿਰ ਕੁਝ ਸੋਚ ਕੇ ਉਸ ਨੇ ਜਖਮ ਨੂੰ ਫਰੋਲਿਆ ਤਾਂ ਦੇਖਿਆ ਕਿ ਲੱਕੜ ਦੀ ਵੱਡੀ ਸਾਰੀ ਛਿੱਲਤ ਜਖਮ ਵਿਚ ਸੀ ਅਤੇ ਇਸ ਛਿੱਲਤ ਕਾਰਨ ਹੀ ਜਖਮ ਠੀਕ ਨਹੀਂ ਸੀ ਹੋ ਰਿਹਾ। ਇਸ ਨੂੰ ਬਾਹਰ ਕੱਢਣ ਤੋਂ ਬਾਅਦ ਜਖ਼ਮ ਬਹੁਤ ਜਲਦੀ ਠੀਕ ਹੋ ਗਿਆ। ਕੇਹੀ ਸੀ ਬੇਫਿਕਰੀ ਬਾਪ ਦੀ ਕਿ ਉਸ ਨੂੰ ਪੈਰ ਵਿਚ ਵੱਜੀ ਹੋਈ ਛਿੱਲਤ ਦਾ ਕੋਈ ਪਤਾ ਹੀ ਨਹੀਂ ਸੀ ਅਤੇ ਦੋ ਮਹੀਨੇ ਤੀਕ ਪੀੜ ਦੀ ਵੀ ਕੋਈ ਪ੍ਰਵਾਹ ਨਹੀਂ ਕੀਤੀ।

ਬਹੁਤ ਯਾਦ ਏ ਉਹ ਵਕਤ ਜਦ ਬਾਪ ਨੇ ਹਲ ਦਾ ਮੁੰਨਾ ਫੜਾਉਂਦਿਆ ਸਮਝਾਇਆ ਕਿ ਕਿਵੇਂ ਹਲ ਨੂੰ ਸਿੱਧਾ ਰੱਖਣਾ ਤਾਂ ਕਿ ਚੌਅ ਬਲਦਾਂ ਦੇ ਪੈਰ ਵਿਚ ਨਾ ਵੱਜੇ? ਕਿਵੇਂ ਰੈਅਲ ਸਿੱਧੀ ਲੈਣੀ ਅਤੇ ਸਿਆੜ ਵੀ ਸਿੱਧੇ ਹੋਣੇ ਚਾਹੀਦੇ ਤਾਂ ਕਿ ਪੈਲੀ ਵਾਹੁੰਦਿਆਂ ਕੋਈ ਪਾੜਾ ਨਾ ਰਹਿ ਜਾਵੇ? ਹੱਲ ਜ਼ਿਆਦਾ ਡੂੰਘਾ ਵੀ ਨਹੀਂ ਹੋਣਾ ਚਾਹੀਦਾ, ਨਹੀਂ ਤਾਂ ਬਲਦਾਂ ਦੇ ਮਤਾੜੇ ਜਾਣ ਦਾ ਡਰ ਰਹਿੰਦਾ। ਸੂਖਮ ਅਤੇ ਸਮਝ ਵਾਲੀਆਂ ਗੱਲਾਂ ਉਹ ਬਹੁਤ ਹੀ ਸਧਾਰਨ ਅਤੇ ਸੌਖੇ ਤਰੀਕੇ ਨਾਲ ਸਮਝਾ, ਪੁੱਤ ਨੂੰ ਕਿਸਾਨੀ ਦੇ ਧੰਦੇ ਅਤੇ ਇਸ ਨਾਲ ਜੁੜੀਆਂ ਬਾਰੀਕੀਆਂ ਦੀ ਜਾਣਕਾਰੀ ਦੇਣਾ, ਆਪਣਾ ਸੁਭਾਗ ਸਮਝਦਾ ਸੀ। ਉਨ੍ਹਾਂ ਦੀ ਧਾਰਨਾ ਸੀ ਕਿ ਜੱਟ ਦੇ ਪੁੱਤ ਨੂੰ ਹਲ ਤਾਂ ਜਰੂਰ ਵਾਹੁਣਾ ਆਉਣਾ ਚਾਹੀਦੈ। ਪੋਰ ਕਿਵੇਂ ਬੰਨਣੀ? ਪੋਰ ਰਾਹੀ ਬੀਜ ਕਿਵੇਂ ਕੇਰਨਾ? ਇਕ ਹੱਥ ਪੋਰ 'ਤੇ ਰੱਖ, ਬੀਜ ਵੀ ਕੇਰਨਾ ਅਤੇ ਹੱਲ ਨੂੰ ਸਿੱਧਾ ਰੱਖਣਾ, ਬਹੁਤ ਹੀ ਸਿਆਣਪ ਭਰਿਆ ਕਾਰਜ ਹੁੰਦਾ ਸੀ, ਜਿਸ ਨੂੰ ਸੁਖੈਨ ਬਣਾਉਣ ਲਈ ਜੁਗਤ ਸਮਝਾਉਣੀ। ਦਰਅਸਲ ਸਾਰੇ ਭੈਣ-ਭਰਾ ਪੜ੍ਹਦੇ ਹੋਣ ਕਾਰਨ, ਬਾਪ ਨੂੰ ਖੁਦ ਹੀ ਪੋਰ ਰਾਹੀਂ ਕਣਕ ਜਾਂ ਮੱਕਈ ਨੂੰ ਕੇਰਨਾ ਪੈਂਦਾ। ਕਿਆਰੇ 'ਤੇ ਵੱਟਾਂ ਪਾਉਣੀਆਂ ਅਤੇ ਆੜ੍ਹ ਖੋਦਣਾ ਤਾਂ ਅਸਾਨ ਜਿਹੇ ਕੰਮ ਸਨ, ਜਿਨ੍ਹਾਂ ਨੂੰ ਦੇਖ ਕੇ ਹੀ ਸਮਝ ਲਿਆ ਸੀ।

ਬਾਪ ਬਹੁਤ ਕਿਰਸੀ, ਮਿਹਨਤੀ ਅਤੇ ਬੇਆਰਾਮ ਸੀ। ਯਾਦ ਏ ਕਿ ਇਕ ਦਿਨ ਅੱਸੂ ਮਹੀਨੇ ਕਹਿਣ ਲੱਗਾ ਕਿ ਆਪਾਂ ਤੂਤ ਨੂੰ ਛਾਂਗਣਾ ਅਤੇ ਇਨ੍ਹਾਂ ਦੀਆਂ ਛਿੱਟੀਆਂ ਦੇ ਟੋਕਰੇ ਬਣਾਉਣੇ ਆ। ਬਹੁਤ ਕਾਰੀਗਰੀ ਦਾ ਕੰਮ ਹੁੰਦਾ ਏ ਤੂਤ ਨੂੰ ਛਾਂਗਣਾ, ਸਿੱਧੀਆਂ ਤੇ ਲੈਰੀਆਂ ਛਿੱਟੀਆਂ ਨੂੰ ਵੱਖਰਾ ਰੱਖਣਾ ਅਤੇ ਫਿਰ ਇਨ੍ਹਾਂ ਦੇ ਵੱਖੋ-ਵੱਖ ਅਕਾਰਾਂ ਦੇ ਲੋੜ ਅਨੁਸਾਰ ਟੋਕਰੇ ਜਾਂ ਲੋੜੀਂਦੀਆਂ ਵਸਤਾਂ ਬਣਾਉਣਾ। ਖਦੇ=ਕਦਾਈਂ ਜਦ ਉਨ੍ਹਾਂ ਨੇ ਖੇਤੀ ਦੇ ਕੰਮਾਂ ਵਿਚ ਜ਼ਿਆਦਾ ਰੁੱਝੇ ਹੋਣਾ ਤਾਂ ਟਾਹਲੀਆਂ ਨੂੰ ਛਾਂਗਣ ਦਾ ਜਿੰਮਾ ਵੀ ਮੇਰਾ ਹੀ ਹੁੰਦਾ। ਬੜੀ ਤਕੜਾਈ ਅਤੇ ਤਕਨੀਕ ਦਾ ਕੰਮ ਹੁੰਦਾ ਏ ਟਾਹਲੀ ਦੇ ਸਿਰੇ 'ਤੇ ਚੜ੍ਹ ਛੰਗਾਈ ਸ਼ੁਰੂ ਕਰਨਾ, ਹੌਲੀ ਹੌਲੀ ਹੇਠਾਂ ਆਈ ਜਾਣਾ ਅਤੇ ਫਿਰ ਛਾਪਿਆਂ ਦੀ ਢੇਰੀ ਲਾ ਕੇ ਸੁਕਾਉਣ ਲਈ ਛੱਡ ਆਉਣਾ। ਬੇੜ, ਰੱਸੇ ਜਾਂ ਰੱਸੀ ਵੱਟਣਾ ਆਦਿ ਇਹ ਸਾਰੇ ਕੰਮ ਬਾਪ ਦੀ ਦਿੱਤੀ ਹੋਈ ਸੁਮੱਤ ਸਦਕਾ ਬਹੁਤ ਆਸਾਨ ਲੱਗਦੇ ਸੀ।

ਬਾਪ ਨਾਲ ਬਹੁਤ ਸਾਰੀਆਂ ਯਾਦਾਂ ਅਜਿਹੀਆਂ ਨੇ, ਜਿਨ੍ਹਾਂ ਨੇ ਮਨੁੱਖੀ ਗੁਣਾਂ ਸਰਬਗੁਣੀ ਦੀ ਪ੍ਰਫੁੱਲਤਾ ਹੋਣ ਅਤੇ ਇਨ੍ਹਾਂ ਨੂੰ ਸਮਝਾਉਣ ਵਿਚ ਅਹਿਮ ਭੂਮਿਕਾ ਨਿਭਾਈ। ਮਨੁੱਖ ਲਈ ਸਿਰ ਦੀ ਛੱਤ ਹੀ ਸਭ ਤੋਂ ਪਹਿਲੀ ਲੋੜ ਅਤੇ ਖੇਤ ਵਿਚ ਛੰਨ ਬਹੁਤ ਜਰੂਰੀ ਹੁੰਦੀ ਸੀ। ਛੰਨ ਪਾਉਣ ਲਈ ਪਹਿਲਾਂ ਮੰਡ ਵਿਚ ਘਾਹ ਵੱਢਣਾ। ਗੱਡੇ 'ਤੇ ਲੱਦ ਕੇ ਲਿਆਣਾ। 'ਕੇਰਾਂ ਮੈਂ ਆਪਣੇ ਬਾਪ ਨਾਲ ਘਾਹ ਵੱਢ ਰਿਹਾ ਸਾਂ ਤਾਂ ਭਲੋਜਲੇ ਦੇ ਕੁਝ ਵਿਅਕਤੀ ਆ ਗਏ ਕਿ ਘਾਹ ਫਿਰ ਵੱਢਣਾ, ਪਹਿਲਾਂ ਇਕ ਗੱਡੇ ਦੇ 20 ਰੁਪਏ ਦਿਓ। ਬਾਪ ਗੁੱਸੇਖੋਰ ਬਹੁਤ ਸੀ। ਉਸ ਨੇ ਗੱਡੇ 'ਚ ਲਕੋਇਆ ਦਾਤਰ ਕੱਢਿਆ ਅਤੇ ਕਿਹਾ ਕਿ ਇਹ ਮੰਡ ਤੁਹਾਡਾ ਨਹੀਂ। ਚੰਗਾ ਹੈ ਤਾਂ ਚੱਲੇ ਜਾਓ। ਵਰਨਾ ਹੁਣੇ ਹੀ ਕੁਝ ਹੋ ਜਾਵੇਗਾ। ਉਹ ਕੰਨ ਵਲੇਟ ਕੇ ਤੁਰਦੇ ਬਣੇ। ਇਹ ਮੇਰੇ ਲਈ ਇਕ ਅਚੇਤ ਸੁਨੇਹਾ ਸੀ ਕਿ ਆਪਣੇ ਹੱਕ ਲਈ ਡਟਣਾ ਅਤੇ ਸੱਚ 'ਤੇ ਪਹਿਰਾ ਦੇਣਾ ਸਹੀ ਹੁੰਦਾ। ਬੇਇਨਸਾਫੀ ਵਿਰੁੱਧ ਡੱਟ ਜਾਵੋ, ਕਿਉਂਕਿ ਡਰਦੇ ਹੋਏ ਨੂੰ ਲੋਕ ਜ਼ਿਆਦਾ ਡਰਾਉਂਦੇ ਆ। ਵੈਸੇ ਬਾਪ ਦਾ ਸਿਧਾਂਤ ਸੀ ਕਿ ਚੋਰੀ ਕਿਸੇ ਦੇ ਪੱਠੇ ਨਾ ਵੱਢੋ, ਇਹ ਹੀ ਸਭ ਤੋਂ ਵੱਡਾ ਧਰਮ ਏ। ਇਸ ਨਾਲ ਹਵੇਲੀ, ਖੁਰਲੀ ਅਤੇ ਡੰਗਰਾਂ ਦੀਆਂ ਬਰਕਤਾਂ ਕਾਇਮ ਰਹਿਣਗੀਆਂ।

ਬਾਪ ਆਪ ਸਕੂਲੇ ਨਹੀਂ ਸੀ ਗਿਆ ਅਤੇ ਉਸ ਨੂੰ ਬੜਾ ਚਾਅ ਸੀ ਕਿ ਉਸ ਦੇ ਬੱਚੇ ਪੜ੍ਹਨ ਅਤੇ ਉਨ੍ਹਾਂ ਅੱਖਰਾਂ ਦੀ ਜੋਤ ਆਪਣੇ ਦੀਦਿਆਂ ਵਿਚ ਜਗਾਉਣ, ਜਿਸ ਤੋਂ ਉਹ ਮਹਿਰੂਮ ਰਿਹਾ ਸੀ। ਉਸ ਨੇ ਸਾਨੂੰ ਸਾਰੇ ਭੈਣ-ਭਰਾਵਾਂ ਨੂੰ ਸਕੂਲ ਭੇਜਿਆ। ਯਾਦ ਏ ਉਸ ਦਾ ਆਪਣੇ ਬੱਚਿਆਂ ਨੂੰ ਪੜ੍ਹਦਿਆਂ ਨਿਹਾਰਨਾ ਅਤੇ ਇਕ ਮਾਣਮੱਤਾ ਅਹਿਸਾਸ ਆਪਣੇ ਮਨ ਵਿਚ ਪੈਦਾ ਕਰਨਾ। ਕਾਲਜ ਵਿਚ ਪੜ੍ਹਦਿਆਂ ਬਾਪ ਗੱਡਾ ਵਾਹੁਣ ਕਾਰਨ ਬਹੁਤ ਸੁਵਖਤੇ ਹੀ ਸ਼ਹਿਰ ਨੂੰ ਤੁਰ ਪੈਂਦਾ ਸੀ। ਮੈਂ ਕਾਲਜ ਜਾਣ ਵੇਲੇ ਉਨ੍ਹਾਂ ਲਈ ਰੋਟੀ ਲੈ ਕੇ ਜਾਣਾ ਅਤੇ ਮੰਡੀ ਵਿਚ ਰੋਟੀ ਦੇ ਕੇ ਵਾਪਸ ਕਾਲਜ ਆਉਣਾ। ਉਨ੍ਹਾਂ ਦੀ ਤਾਕੀਦ ਹੁੰਦੀ ਸੀ ਕਿ ਜਲਦੀ ਵਾਪਸ ਜਾ ਤਾਂ ਕਿ ਕਾਲਜ ਤੋਂ ਲੇਟ ਨਾ ਹੋ ਜਾਵੀਂ। ਫਿਰ ਸਮਝਾਉਣਾ ਕਿ ਕਾਲਜ ਤੋਂ ਬਾਅਦ ਘਰ ਜਾ ਕੇ ਪੱਠੇ ਵੱਢ ਲੈਣਾ, ਕਿਉਂਕਿ ਮੈਂ ਲੇਟ ਹੋ ਜਾਵਾਂਗਾ। ਸਮੇਂ ਦੀ ਸਹੀ ਅਤੇ ਸੁਲੱਗ ਵਰਤੋਂ ਅਤੇ ਇਸ ਨੂੰ ਸੁੱਚੀ ਕਿਰਤ ਦੇ ਲੇਖੇ ਲਾਉਣ ਦਾ ਗੁਰ, ਅਚੇਤ ਰੂਪ ਵਿਚ ਪਿਤਾ ਵਲੋਂ ਹੀ ਮਿਲਿਆ ਏ।

ਅੱਜ ਕੱਲ੍ਹ ਕਾਰ 'ਤੇ ਸਫਰ ਕਰਦਿਆਂ ਬਹੁਤ ਯਾਦ ਆਉਂਦਾ ਏ ਉਹ ਵਕਤ, ਜਦ ਮੈਂ ਨੌਵੀਂ ਕਲਾਸ ਵਿਚ ਧਾਲੀਵਾਲ ਬੇਟ ਸਕੂਲ ਵਿਚ ਦਾਖਲਾ ਹੋਇਆ ਜੋ ਮੇਰੇ ਪਿੰਡ ਤੋਂ 3 ਮੀਲ ਦੂਰ ਸੀ। ਕੁਝ ਦਿਨ ਤਾਂ ਤੁਰ ਕੇ ਗਿਆ। ਫਿਰ ਪਤਾ ਨਹੀਂ ਬਾਪ ਦੇ ਮਨ ਵਿਚ ਕੀ ਆਇਆ ਕਿ ਉਸ ਨੇ ਮੇਰੇ ਲਈ ਪੁਰਾਣੇ ਸਾਈਕਲ ਦਾ ਜੁਗਾੜ ਬਣਾਇਆ। ਅਸਲ 'ਚ ਬਾਪ ਨੂੰ ਮੱਝਾਂ ਦੇ ਸੌਦੇ ਕਰਨ ਦਾ ਸ਼ੌਕ ਸੀ। ਇਕ ਸੌਦੇ ਵਿਚ ਉਨ੍ਹਾਂ ਨੇ ਮੱਝ ਸਮੇਤ ਇਕ ਪੁਰਾਣਾ ਰੇਡੀਓ ਵੀ ਲੈ ਲਿਆ ਸੀ। ਇਸ ਮੌਕੇ ਬਾਪ ਨੇ ਉਹ ਪੁਰਾਣਾ ਰੇਡੀਓ ਵੇਚ ਕੇ ਮੇਰੇ ਲਈ ਇਕ ਪੁਰਾਣਾ ਸਾਈਕਲ ਲੈ ਲਿਆ, ਜਿਸ ਨਾਲ ਮੈਨੂੰ ਸਕੂਲ ਜਾਣਾ ਸੌਖਾ ਹੋ ਗਿਆ। ਬਾਪ ਦੀ ਸੋਚ ਨੂੰ ਸਿੱਜਦਾ ਕਿ ਉਸ ਲਈ ਬਾਕੀ ਗੱਲਾਂ ਨਾਲੋਂ ਬੱਚੇ ਦੀ ਪੜ੍ਹਾਈ ਜ਼ਿਆਦਾ ਪ੍ਰਮੁੱਖ ਸੀ। ਜਦ ਮੈਂ ਕਪੂਰਥਲੇ ਕਾਲਜ ਵਿਚ ਦਾਖਲ ਹੋਇਆ ਤਾਂ ਉਨ੍ਹਾਂ ਵਲੋਂ ਦਿੱਤੇ ਨਵੇਂ ਐਟਲਸ ਸਾਈਕਲ ਦੇ ਸਾਥ ਨੇ ਜਿਥੇ ਮੈਨੂੰ ਆਪਣੀ ਔਕਾਤ ਨਾਲ ਜੋੜੀ ਰੱਖਿਆ, ਉਥੇ ਮੈਂ ਅਜਿਹੇ ਸਾਥੀਆਂ ਦੇ ਸਾਥ ਤੋਂ ਵੀ ਬਚਿਆ ਰਿਹਾ, ਜਿਨ੍ਹਾਂ ਲਈ ਕਾਲਜ ਪੜ੍ਹਨਾ, ਇਕ ਸ਼ੁਗਲ ਦੀ ਜਗ੍ਹਾ ਸੀ। ਬਿਨਾ ਕੈਰੀਅਰ ਤੋਂ ਟੋਕਰੀ ਵਾਲੇ ਸਾਈਕਲ ਨੇ ਮੇਰੇ ਸੁਪਨਿਆਂ ਦੀ ਪੂਰਤੀ ਵਿਚ ਅਹਿਮ ਰੋਲ ਨਿਭਾਇਆ, ਜਿਸ ਲਈ ਪਹਿਲਕਦਮੀ ਮੇਰੇ ਬਾਪ ਦੀ ਹੀ ਸੀ। ਸਿਰਫ ਇਕ ਹੀ ਲਿਲਕ ਸੀ ਪੜ੍ਹਨਾ ਅਤੇ ਘਰ ਦੇ ਕੰਮਾਂ ਵਿਚ ਬਾਪ ਦਾ ਹੱਥ ਵਟਾਉਣਾ।

ਕਈ ਵਾਰ ਜ਼ਿੰਦਗੀ ਇਕ ਅਜਿਹੇ ਚੌਰਾਹੇ 'ਤੇ ਲਿਆ ਪਟਕਾਉਂਦੀ, ਜਿਥੇ ਭਟਕਣ ਦੇ ਬਹੁਤ ਜ਼ਿਆਦਾ ਮੌਕੇ ਹੁੰਦੇ। ਇਨ੍ਹਾਂ ਮੌਕਿਆਂ 'ਤੇ ਸੰਭਲਣਾ ਅਤੇ ਆਪਣੇ ਟੀਚੇ ਦੀ ਪ੍ਰਮੁੱਖਤਾ ਨੂੰ ਬਣਾਈ ਰੱਖਣ ਲਈ ਬਾਪ ਦੀ ਸੇਧ ਅਤੇ ਉਸ ਦਾ ਸਹਿਯੋਗ ਬਹੁਤ ਜਰੂਰੀ ਹੁੰਦਾ। ਬਾਪ ਹੀ ਹੁੰਦਾ, ਜੋ ਤੁਹਾਡੀ ਅਛਿਆਈ, ਚੰਗਿਆਈ, ਭਲਾ ਚਾਹੁੰਦਾ। ਅਜਿਹੇ ਮੋੜ 'ਤੇ ਉਸ ਦੀ ਸੋਚ ਨੂੰ ਸਲਾਮ ਕਰਨਾ ਬਣਦਾ। ਉਹ ਪਲ ਅੱਜ ਵੀ ਮੇਰੇ ਚੇਤਿਆਂ ਵਿਚ ਆ ਕੇ ਅੱਖਾਂ ਨਮ ਕਰ ਜਾਂਦਾ, ਜਦ ਜੇਠ ਦੀ ਤਿੱਖੜ ਦੁਪਹਿਰੇ ਮੈਂ ਆਪਣੇ ਬਾਪ ਨਾਲ ਰੂੜੀ ਦਾ ਗੱਡਾ ਲਦਵਾ ਰਿਹਾ ਸਾਂ। ਮੇਰੇ ਦੋਸਤ ਨੇ ਦੱਸਿਆ ਕਿ ਤੂੰ ਗਿਆਰਵੀਂ ਵਿਚੋਂ ਫੇਲ੍ਹ ਹੋ ਗਿਆ ਏਂ। ਨਮੋਸ਼ੀ ਅਤੇ ਉਦਾਸੀ ਵਿਚ ਡੁੱਬਿਆ, ਮੈਂ ਬਾਪ ਸਾਹਵੇਂ ਅੱਖਾਂ ਉਤਾਂਹ ਕਰਕੇ ਵੀ ਨਹੀਂ ਸਾਂ ਦੇਖ ਸਕਦਾ; ਪਰ ਬਾਪ ਨੇ ਮੋਢਾ ਪਲੋਸਦਿਆਂ, ਹੱਲਾਸ਼ੇਰੀ ਦਿੰਦਿਆਂ ਤੇ ਹਮਦਰਦੀ ਨਾਲ ਮੈਨੂੰ ਕਿਹਾ ਕਿ ਤੂੰ ਕਿਹੜਾ ਬੁੱਢਾ ਹੋ ਗਿਆਂ? ਕੋਈ ਨਾ ਫਿਰ ਦਾਖਲ ਹੋ ਅਤੇ ਹੋਰ ਜੋਰ ਨਾਲ ਪੜ੍ਹਾਈ ਕਰੀਂ। ਅਗਲੇ ਸਾਲ ਪਾਸ ਹੋ ਜਾਵੇਂਗਾ। ਉਸ ਵਕਤ ਬਾਪ ਦੀਆਂ ਅੱਖਾਂ ਵਿਚ ਉਤਰੀ ਨਮੀ ਨੂੰ ਯਾਦ ਕਰਕੇ ਹੁਣ ਵੀ ਮਨ ਰੁਆਂਸਿਆ ਜਾਂਦੈ। ਇਸ ਨਮੀ ਦੀ ਹੀ ਕਸਮ ਸੀ ਕਿ ਮੇਰੇ ਸਿੱਲੇ ਹੋਏ ਸੁਪਨੇ ਅਤੇ ਤਿੜਕੀਆਂ ਤਮੰਨਾਵਾਂ ਨੇ ਫਿਰ ਤੋਂ ਪਰਵਾਜ਼ ਭਰਨ ਦਾ ਹੁੱਨਰ ਅਤੇ ਹਾਸਲ ਪ੍ਰਾਪਤ ਕੀਤਾ। ਉਸ ਮੋੜ 'ਤੇ ਮਿਲੀ ਹੋਈ ਰਹਿਨੁਮਾਈ ਨੇ ਮੇਰੇ ਲਈ ਜ਼ਿੰਦਗੀ ਦੇ ਅਰਥ ਹੀ ਬਦਲ ਦਿੱਤੇ। ਇਨ੍ਹਾਂ ਬਦਲੇ ਹੋਏ ਅਰਥਾਂ ਵਿਚਲੇ ਮਘਦੇ ਸੂਰਜਾਂ ਵਿਚ ਸਭ ਤੋਂ ਪ੍ਰਕਾਸ਼ਮਈ ਹੈ ਬਾਪ-ਰੂਪੀ ਸੂਰਜ, ਜਿਸ ਦੇ ਚਾਨਣ ਵਿਚ ਰਾਹਾਂ ਨੂੰ ਰੌਸ਼ਨੀ ਅਤੇ ਥੰਮੇ ਹੋਏ ਪੈਰਾਂ ਨੂੰ ਪੈੜ ਤੇ ਸਫਰ ਨਸੀਬ ਹੋਇਆ।

ਬਾਪ ਅਨਪੜ੍ਹ ਹੋਣ ਦੇ ਬਾਵਜੂਦ ਆਪਣੇ ਬੱਚਿਆਂ ਦੇ ਚੰਗੇਰੇ ਭਵਿੱਖ ਅਤੇ ਉਤਮ ਵਿਚਾਰ, ਵਿਹਾਰ ਅਤੇ ਅਚਾਰ ਦੀ ਤਵੱਕੋ ਰੱਖਦਾ ਸੀ। ਹੁਣ ਵੀ ਚੇਤਿਆਂ ਵਿਚ ਸੁਖਨ ਅਤੇ ਖਲਲ ਪਾ ਜਾਂਦੀ ਏ ਉਸ ਦੀ ਸਾਫਗੋਈ ਤੇ ਸਿਆਣਪ ਦਾ ਜੀਵਨ-ਕਰਮਸ਼ੈਲੀ ਵਿਚ ਉਗਮਣਾ। 'ਕੇਰਾਂ ਮੇਰੇ ਕੋਲ ਰਾਤ ਠਹਿਰਿਆ ਅਤੇ ਸਵੇਰੇ ਉਠ ਕੇ ਕਹਿਣ ਲੱਗਾ ਕਿ ਤਿਆਰ ਹੋ, ਤਹਿਸੀਲੇ ਜਾਣਾ ਹੈ। ਕੰਮ ਬਾਰੇ ਕੁਝ ਨਾ ਦੱਸੇ। ਜਦ ਮੈਂ ਜੋਰ ਪਾਇਆ ਤਾਂ ਕਹਿਣ ਲੱਗਾ ਕਿ ਇਨ੍ਹਾਂ ਸਾਹਾਂ ਦਾ ਕੀ ਭਰੋਸਾ ਹੈ। ਮੈਂ ਆਪਣੇ ਵਲੋਂ ਤੁਹਾਡੇ ਲਈ ਵਸੀਹਤ ਕਰਨਾ ਚਾਹੁੰਦਾ ਹਾਂ ਤਾਂ ਕਿ ਭਵਿੱਖ ਵਿਚ ਕੋਈ ਬਖੇੜਾ ਨਾ ਖੜ੍ਹਾ ਹੋਵੇ। ਉਸ ਦੀ ਸੋਚ ਨੂੰ ਸਲਾਮ ਕੀਤਾ। ਮੈਂ ਸਮਝਾਇਆ ਕਿ ਤੁਸੀਂ ਬਹੁਤ ਤੰਦਰੁਸਤ ਹੋ। ਕੁਝ ਨਹੀਂ ਹੁੰਦਾ। ਆਪਾਂ ਫਿਰ ਬਣਵਾ ਲਵਾਂਗੇ ਵਸੀਅਤ, ਐਵੇਂ ਫਿਕਰ ਨਾ ਕਰੋ। ਵਸੀਅਤ ਦੀ ਲੋੜ ਨਹੀਂ, ਸਾਨੂੰ ਤਾਂ ਤੁਹਾਡੀ ਅਸ਼ੀਰਵਾਦ ਅਤੇ ਸੰਗਤ ਚਾਹੀਦੀ ਹੈ। ਹੁਣ ਸੋਚਦਾ ਹਾਂ ਕਿ ਬਾਪ ਕਿੰਨਾ ਸਿਆਣਾ ਸੀ ਕਿ ਭਰਾਵਾਂ ਵਿਚ ਕੋਈ ਬਦਮਗਜੀ ਨਾ ਪੈਦਾ ਹੋਵੇ, ਤਾਂ ਹੀ ਉਸ ਨੇ ਆਪਣੇ ਜਿਉਂਦੇ ਜੀਅ ਵਸੀਅਤ ਕਰਵਾਉਣ ਦੀ ਗੱਲ ਆਖੀ ਸੀ।




ਬਾਪ ਤਾਂ ਤੁਰ ਗਿਆ, ਜ਼ਿੰਦਗੀ ਦਾ ਸੁੱਚਮ, ਸਾਦਗੀ, ਸੰਤੋਖ, ਸਾਧਨਾ ਤੇ ਸੁਖਨਤਾ ਕਮਾ ਅਤੇ ਬੱਚਿਆਂ ਨੂੰ ਜੀਵਨ ਦੀਆਂ ਸਾਰੀਆਂ ਨਿਆਮਤਾਂ ਬਖਸ਼; ਪਰ ਉਸ ਦੀ ਆਤਮਾ ਜਰੂਰ ਕੁਰਲਾਉਂਦੀ ਹੋਵੇਗੀ, ਜਦ ਆਪਣਿਆਂ ਦੇ ਮਨਾਂ ਵਿਚ ਪੈਦਾ ਹੋਈ ਖੁਦਗਰਜੀ ਨੇ ਭਰਾਵਾਂ ਜਿਹੇ ਰਿਸ਼ਤੇ ਵੀ ਹਜ਼ਮ ਕਰ ਲਏ। ਬਾਪ ਦੀ ਬੇਖੁਦੀ, ਬੰਦਿਆਈ ਅਤੇ ਬੰਦਗੀ 'ਤੇ ਸਦਾ ਨਾਜ਼ ਰਹੇਗਾ ਅਤੇ ਯਾਦ ਰਹੇਗਾ ਉਹ ਪਲ, ਜਦ ਉਸ ਨੇ ਆਪਣੇ ਆਖਰੀ ਫਰਜ਼ ਨੂੰ ਸੱਚਾਈ ਅਤੇ ਸੰਤੁਲਤਾ ਨਾਲ ਨਿਭਾਉਣ ਲਈ ਖੁਦ ਹੀ ਹਾਮੀ ਭਰੀ ਸੀ।

ਬਾਪ ਦੇ ਉਨ੍ਹਾਂ ਬੋਲਾਂ ਨੂੰ ਕਿਵੇਂ ਭੁਲਾਇਆ ਜਾ ਸਕਦੈ, ਜਦ ਸ਼੍ਰੋਮਣੀ ਸਾਹਿਤਕਾਰ ਮਿਲਣ 'ਤੇ ਬਾਪ ਨੂੰ ਦੱਸਿਆ। ਬਾਪ ਬਹੁਤ ਖੁਸ਼ ਹੋਇਆ ਕਿ ਉਸ ਦੇ ਜਾਏ ਨੂੰ ਸਰਕਾਰ ਵਲੋਂ ਕੋਈ ਇਨਾਮ ਮਿਲੇਗਾ, ਪਰ ਉਸ ਦਾ ਮੋੜਵਾਂ ਪ੍ਰਸ਼ਨ ਸੀ ਕਿ ਹੁਣ ਤੂੰ ਇਹ ਇਨਾਮ ਲੈਣ ਲਈ ਕਦੋਂ ਪੰਜਾਬ ਆ ਰਿਹੈਂ? ਉਸ ਨੂੰ ਇਨਾਮ ਮਿਲਣ ਨਾਲੋਂ ਉਹ ਪਲ ਜ਼ਿਆਦਾ ਕੀਮਤੀ ਲੱਗਦੇ ਸਨ, ਜਦ ਉਸ ਦਾ ਪੁੱਤ ਸੱਤ ਸਮੁੰਦਰੋਂ ਪਾਰ ਇਹ ਇਨਾਮ ਲੈਣ ਦੇ ਬਹਾਨੇ ਘਰ ਪਰਤੇਗਾ ਅਤੇ ਬਾਪ ਦੇ ਸੀਨੇ ਵਿਚ ਠੰਢ ਪਾਵੇਗਾ। ਇਹੋ ਜਿਹੀ ਪਾਕੀਜ਼ਗੀ, ਨਿਰਛੱਲਤਾ ਅਤੇ ਆਪਣੇਪਣ ਨੂੰ ਸੀਮਤ ਜਿਹੇ ਸ਼ਬਦਾਂ ਤੇ ਬੋਲਾਂ ਵਿਚ ਤੁਸੀਂ ਕਿਵੇਂ ਉਲਥਾ ਸਕਦੇ ਹੋ? ਇਸ ਦੀ ਅਮੁੱਲਤਾ ਨੂੰ ਸਿਰਫ ਉਹੀ ਕਿਆਸਦੈ, ਜਿਸ ਨੇ ਇਨ੍ਹਾਂ ਪਲਾਂ ਨੂੰ ਜੀਵਿਆ ਹੋਵੇ ਅਤੇ ਇਸ ਦੀ ਜੀਵੰਤਤਾ ਨੂੰ ਜੀਵਨ ਦਾ ਹਿੱਸਾ ਬਣਾਇਆ ਹੋਵੇ।

ਬਾਪ ਦੇ ਆਖਰੀ ਬੋਲ, ਹੁਣ ਵੀ ਮੇਰੀ ਰੂਹ ਵਿਚ ਝਰਨਾਹਟ ਛੇੜਦੇ, ਕੰਬਣੀ ਲਿਆ ਦਿੰਦੇ ਨੇ। ਉਨ੍ਹਾਂ ਦੇ ਦਿਮਾਗ ਦੀ ਨਾੜੀ ਫਟਣ ਤੋਂ ਇਕ ਦਿਨ ਪਹਿਲਾਂ ਉਨ੍ਹਾਂ ਨਾਲ ਬਹੁਤ ਸਾਰੀਆਂ ਗੱਲਾਂ ਕੀਤੀਆਂ। ਉਹ ਮੇਰੇ ਛੋਟੇ ਭਰਾ ਦੇ ਵਿਦੇਸ਼ ਜਾਣ ਅਤੇ ਵਾਅਦੇ ਮੁਤਾਬਕ ਜਲਦੀ ਵਾਪਸ ਨਾ ਪਰਤਣ ਤੋਂ ਬਹੁਤ ਖਫਾ ਤੇ ਉਦਾਸ ਸਨ ਅਤੇ ਉਸ ਨੂੰ ਅਵਾ-ਤਵਾ ਵੀ ਬੋਲ ਰਹੇ ਸਨ। ਜਦ ਮੈਂ ਕਿਹਾ ਕਿ ਮੈਂ ਆ ਜਾਂਦਾ ਹਾਂ ਤਾਂ ਉਸ ਨੇ ਕਿਹਾ ਤੂੰ ਉਸ ਨੂੰ ਕਿਵੇਂ ਨਾ ਕਿਵੇਂ ਜਲਦੀ ਭੇਜ। ਤੇਰੇ ਆਉਣ ਦੀ ਲੋੜ ਨਹੀਂ। ਮੈਂ ਦੱਸਿਆ ਕਿ ਮੈਂ ਗਰਮੀਆਂ ਦੀਆਂ ਛੁੱਟੀਆਂ ਵਿਚ ਡੇਢ ਕੁ ਮਹੀਨੇ ਤੀਕ ਆਵਾਂਗਾ ਅਤੇ ਦੋ-ਢਾਈ ਮਹੀਨੇ ਰਹਾਂਗਾ। ਉਹ ਬਹੁਤ ਖੁਸ਼ ਹੋਇਆ ਅਤੇ ਕਹਿਣ ਲੱਗਾ ਕਿ ਫਿਰ ਤਾਂ ਸਿਰਫ ਡੇਢ ਕੁ ਮਹੀਨਾ ਹੀ ਰਹਿ ਗਿਆ ਤੇਰੇ ਆਉਣ ਵਿਚ। ਉਸ ਨੇ ਖੁਸ਼ੀ ਖੁਸ਼ੀ ਆਪਣੀਆਂ ਪੋਤਰੀਆਂ ਅਤੇ ਉਨ੍ਹਾਂ ਦੇ ਬੱਚਿਆਂ ਨੂੰ ਅਸੀਸਾਂ ਦਿੰਦਿਆਂ ਫੋਨ ਬੰਦ ਕੀਤਾ।

ਅਗਲੇ ਦਿਨ ਹੀ ਇਹ ਆਖਰੀ ਬੋਲ ਸਦਾ ਲਈ ਚੁੱਪ ਹੋ ਗਏ। ਖਾਮੋਸ਼ੀ ਵਿਚ ਡੁੱਬ ਗਈ ਬਾਪ ਦੇ ਸਾਹਾਂ ਦੀ ਬਰਕਤ, ਉਸ ਦੀ ਹੋਂਦ ਦਾ ਹਾਸਲ ਅਤੇ ਉਸ ਦੀਆਂ ਦੁਆਵਾਂ ਤੇ ਰਹਿਮਤਾਂ ਦੀ ਰੂਹ-ਰੰਗਤਾ। ਉਸ ਦੀਆਂ ਬੋਲਾਂ ਵਿਚਲਾ ਠਰੰਮਾ ਅਤੇ ਔਲਾਦ ਨੂੰ ਉਚਤਮ ਤਰਜ਼ੀਹਾਂ ਦੇਣ ਦੀ ਤਮੰਨਾ। ਬਾਪ ਤਾਂ ਚਲੇ ਗਿਆ ਦੂਰ ਦੇ ਸਫਰ 'ਤੇ, ਜਿਥੋਂ ਕੋਈ ਨਹੀਂ ਪਰਤਦਾ, ਪਰ ਉਸ ਦੀਆਂ ਯਾਦਾਂ ਦਾ ਕਾਫਲਾ ਹਰ ਦਮ ਨਾਲ ਰਹਿੰਦਾ। ਉਨ੍ਹਾਂ ਪਲਾਂ ਦੀ ਅਸੀਮਤਾ ਮੇਰੀ ਝੋਲੀ ਪਾਉਂਦਾ ਅਤੇ ਜ਼ਿੰਦਗੀ ਦੇ ਸੁੱਚਮ ਤੇ ਉਤਮਤਾ ਨੂੰ ਹਰ ਸਾਕ ਦੇ ਨਾਮ ਲਾਉਣ ਦਾ ਸੰਦੇਸ਼ ਦਿੰਦਾ, ਮੇਰੇ ਸਦਾ ਹੀ ਅੰਗ-ਸੰਗ ਰਹਿੰਦਾ ਹੈ। ਬਾਪ ਜਾ ਕੇ ਵੀ ਕਿਧਰੇ ਨਹੀਂ ਗਿਆ। ਸਗੋਂ ਸਦਾ ਹੀ ਮੇਰੀ ਸੋਚ, ਸਾਧਨਾ ਤੇ ਸਿਰੜ ਵਿਚ ਸਮਾਇਆ, ਮੇਰੇ ਸੁਪਨਿਆਂ ਦੀ ਤਕਦੀਰ ਤੇ ਤਸਵੀਰ ਹੈ।

ਬਾਪ ਮਰ ਕੇ ਕਦੇ ਵੀ ਨਹੀਂ ਮਰਦਾ। ਉਹ ਤਾਂ ਆਪਣੀ ਔਲਾਦ ਵਿਚ ਸਦਾ ਜਿਉਂਦਾ ਰਹਿੰਦਾ।

# ਕਾਲਿਆਂ ਬਾਗਾਂ ਦੀ ਮਹਿੰਦੀ

ਕਲਾ ਪਰਿਕਰਮਾ

ਜੀਵਨ ਨੂੰ ਹੱਸ ਕੇ, ਕੁਦਰਤ ਨਾਲ ਘੁਲ-ਮਿਲ ਕੇ, ਲੋੜਾਂ ਅਤੇ ਚਾਵਾਂ ਦੀ ਪੂਰਤੀ ਕਰਕੇ ਜਿਊਣ ਦੀ ਕਲਾ 'ਚੋਂ ਹੀ ਸਭਿਆਚਾਰ ਜਨਮ ਲੈਂਦਾ ਹੈ। ਹਰ ਸਭਿਆਚਾਰ ਦੀ ਬੁਨਿਆਦ ਪਦਾਰਥ ਦੀ ਸੁਚੱਜੀ ਪ੍ਰੀਤ ਭਰੀ ਵਰਤੋਂ ਵਿਚੋਂ ਉਪਜਿਆ ਮਾਨਸਿਕ ਜਾਂ ਰੂਹ ਦਾ ਆਨੰਦ ਹੀ ਤਾਂ ਹੈ। ਜਦੋਂ ਮਨੁੱਖੀ ਜੀਵਨ ਕੁਦਰਤ ਦੇ ਨਜ਼ਾਰਿਆਂ, ਮਨੁੱਖੀ ਰਿਸ਼ਤਿਆਂ, ਪਦਾਰਥਕ ਲੋੜਾਂ ਦੀ ਪੂਰਤੀ ਲਈ ਸਿਰਜਣਾ ਅਤੇ ਇਤਿਹਾਸਕ ਘਟਨਾਵਾਂ ਨਾਲ ਓਤਪੋਤ ਹੁੰਦਾ ਹੈ ਤਾਂ ਮਨ ਵਿਚੋਂ ਵਲਵਲੇ ਉਠਦੇ ਹਨ। ਇਹ ਵਲਵਲੇ ਹੀ ਰਸ ਦੇ ਸਰੋਤ ਹਨ। ਫਿਰ ਇਹ ਰਸ ਸੱਭਿਆਚਾਰ ਦੀਆਂ ਵੰਨਗੀਆਂ ਵਿਚ ਉਘੜ ਪੈਂਦਾ ਹੈ।

**ਪ੍ਰੇਮ ਲਤਾ ਪ੍ਰਿੰਸੀਪਲ**

ਮਨੁੱਖੀ ਸੱਭਿਆਚਾਰ ਵਿਚ ਮੁੱਖ ਰੂਪ ਵਿਚ ਨੌਂ ਰਸ ਮੰਨੇ ਜਾਂਦੇ ਹਨ ਜਿਨ੍ਹਾਂ ਵਿਚ ਸ਼ਿੰਗਾਰ ਰਸ ਸਿਰੀ ਰਸ ਮੰਨਿਆ ਗਿਆ ਹੈ। ਇਹ ਰਸਾਂ ਵਿਚੋਂ ਰਸ ਰਾਜ ਹੈ। ਭਰਤ ਮੁਨੀ ਅਨੁਸਾਰ ਸੰਸਾਰ ਵਿਚ ਜੋ ਕੁਝ ਵੀ ਉਜਵਲ ਤੇ ਪਵਿੱਤਰ ਹੈ, ਉਹ ਸ਼ਿੰਗਾਰ ਰਸ ਵਿਚ ਸ਼ਾਮਲ ਹੈ। ਸ਼ਿੰਗਾਰ ਰਸ ਨੂੰ ਨਿਰਜੀਵ ਅਤੇ ਸੰਜੀਵ ਦੋਹਾਂ ਸ਼ੈਆਂ ਵਿਚ ਦੇਖਿਆ ਜਾ ਸਕਦਾ ਹੈ। ਮੋਰਾਂ ਦੀਆਂ ਪੈਲਾਂ, ਤਿਤਲੀਆਂ ਦੇ ਖੰਭਾਂ ਦੇ ਰੰਗ, ਆਸਮਾਨ ਵਿਚ ਪੰਛੀਆਂ ਅਤੇ ਜੰਗਲਾਂ ਵਿਚ ਹਿਰਨਾਂ ਦੀਆਂ ਡਾਰਾਂ, ਖਿੜੇ ਹੋਏ ਫੁੱਲ, ਹਰਿਆਵਲ ਭਰੇ ਖੇਤ, ਸਤਰੰਗੇ ਪਹਾੜ, ਡਿਗਦੇ-ਵਹਿੰਦੇ ਝਰਨੇ ਆਦਿ ਵਿਚ ਕੁਦਰਤ ਦਾ ਰੰਗ ਡੁੱਲ੍ਹ-ਡੁੱਲ੍ਹ ਪੈਂਦਾ ਹੈ ਜਿਨ੍ਹਾਂ ਦੇ ਅਹਿਸਾਸ ਨਾਲ ਮਨੁੱਖ ਰੂਹ ਦਾ ਆਨੰਦ ਮਾਣਦਾ ਹੈ।

ਮਰਦਾਂ ਦੇ ਮੁਕਾਬਲੇ ਔਰਤਾਂ ਵਿਚ ਸ਼ਿੰਗਾਰ ਰਸ ਨੂੰ ਪ੍ਰਾਪਤ ਕਰਨ ਦੀ ਪ੍ਰਬਲ ਚਾਹਤ ਹੁੰਦੀ ਹੈ। ਔਰਤਾਂ ਦੀ ਇਹੋ ਚਾਹਤ ਅਮੀਰ ਸੱਭਿਆਚਾਰ ਨੂੰ ਜਨਮ ਦਿੰਦੀ ਹੈ। ਸਭਿਆਚਾਰ ਮਨੁੱਖ ਨੂੰ ਧਰਤੀ ਦੇ ਵਿਸ਼ੇਸ਼ ਟੁਕੜੇ ਨਾਲ ਜੋੜਦਾ ਹੈ। ਜਦੋਂ ਕੋਈ ਕਾਰਖਾਨਾ ਜਾਂ ਉਦਯੋਗ ਨਹੀਂ ਸੀ, ਉਸ ਵੇਲੇ ਔਰਤ ਪੌਦਿਆਂ ਤੋਂ ਬਣੀਆਂ ਵਸਤਾਂ ਜਾਂ ਫੁੱਲ-ਪੱਤੀਆਂ ਨਾਲ ਹੀ ਆਪਣਾ ਸ਼ਿੰਗਾਰ ਕਰਦੀ ਸੀ। ਉਸ ਦੀ ਸੁਹਾਗ ਪਟਾਰੀ ਵਿਚ ਦੰਦਾਸਾ, ਚੰਦਨ ਅਤੇ ਮਹਿੰਦੀ ਮੁੱਖ ਰੂਪ ਵਿਚ ਹੁੰਦੀ ਸੀ। ਇਹ ਤਿੰਨੋਂ ਵਸਤਾਂ ਪੌਦਿਆਂ ਤੋਂ ਹੀ ਮਿਲਦੀਆਂ ਹਨ। ਇਸ ਤੋਂ ਇਲਾਵਾ ਸੁਰਮਾ, ਚੂੜੀਆਂ, ਸੰਧੂਰ, ਨਹੁੰ ਪਾਲਿਸ਼, ਬਿੰਦੀ, ਇਤਰ, ਖੰਮਣੀ, ਲਾਲ ਰਿਬਨ ਆਦਿ ਵਸਤਾਂ ਸੁਹਾਗ ਪਟਾਰੀ ਦਾ ਸ਼ਿੰਗਾਰ ਹੁੰਦੀਆਂ ਸਨ ਪਰ ਔਰਤ ਦਾ ਮਹਿੰਦੀ ਨਾਲ ਸਾਥ ਹਾਲੇ ਤਕ ਵੀ ਬਣਿਆ ਹੋਇਆ ਹੈ। ਔਰਤ ਦੇ 16 ਸ਼ਿੰਗਾਰਾਂ ਵਿਚੋਂ ਮਹਿੰਦੀ ਦਾ ਸ਼ਿੰਗਾਰ ਉਤਮ ਮੰਨਿਆ ਗਿਆ ਹੈ।

ਅੰਗਰੇਜ਼ੀ ਵਿਚ ਮਹਿੰਦੀ ਨੂੰ ਹਿਨਾ ਕਿਹਾ ਜਾਂਦਾ ਹੈ ਅਤੇ ਇਸ ਦਾ ਵਿਗਿਆਨਕ ਨਾਮ ਲਾਅਸੋਨੀਆ ਇਨਰਮਿਸ ਹੈ। ਮਹਿੰਦੀ ਦਾ ਬੂਟਾ, ਅਨਾਰ ਦੇ ਬੂਟੇ ਵਾਂਗ ਲੰਮਾ-ਝਾੜੀਦਾਰ ਹੁੰਦਾ ਹੈ। ਪਿਛਲੇ ਸਮੇਂ ਵਿਚ ਮਹਿੰਦੀ ਦੇ ਬੂਟੇ ਤੋਂ ਛੋਟੇ-ਛੋਟੇ ਪੱਤੇ ਤੋੜ ਕੇ ਕੂੰਡੇ ਵਿਚ ਕੁੱਟੇ ਜਾਂਦੇ ਸਨ। ਹਰੇ ਪੱਤਿਆਂ ਨੂੰ ਜਿੰਨਾ ਬਾਰੀਕ ਕੁੱਟਿਆ ਜਾਂਦਾ ਸੀ, ਰੰਗ ਓਨਾ ਹੀ ਗੂੜ੍ਹਾ ਚੜ੍ਹਦਾ ਸੀ। ਸੌਣ ਤੋਂ ਪਹਿਲਾਂ ਕੁੜੀਆਂ ਅਤੇ ਵਿਆਂਦੜਾਂ ਮਹਿੰਦੀ ਦੇ ਘੋਲ ਨੂੰ ਹੱਥਾਂ ਅਤੇ ਪੈਰਾਂ ਉਪਰ ਲਗਾ ਕੇ ਸੌਂ ਜਾਂਦੀਆਂ ਸਨ।

ਪੁਰਾਣੇ ਸਮਿਆਂ ਵਿਚ ਪਿੰਡਾਂ ਦੀਆਂ ਸਾਂਝੀਆਂ ਥਾਂਵਾਂ 'ਤੇ ਮਹਿੰਦੀ ਦੇ ਬੂਟੇ ਲੱਗੇ ਹੁੰਦੇ ਸਨ। ਘਰਾਂ ਵਿਚ ਸੁਆਣੀਆਂ ਸੁੱਕੇ ਪੱਤਿਆਂ ਤੋਂ ਪੀਸੀ ਹੋਈ ਮਹਿੰਦੀ ਦੇ ਕੁੱਜੇ ਭਰ ਕੇ ਸੰਦੂਕਾਂ ਹੇਠਾਂ ਰੱਖ ਦਿੰਦੀਆਂ ਸਨ। ਜਿਸ ਨੂੰ ਵਿਆਹਾਂ-ਸ਼ਾਦੀਆਂ, ਮੇਲਿਆਂ, ਤਿਉਹਾਰਾਂ ਮੌਕੇ ਲੋਹ ਜਾਂ ਮਿੱਟੀ ਦੀਆਂ ਬਠਲੀਆਂ ਵਿਚ ਭਿਉਂ ਦਿੱਤਾ ਜਾਂਦਾ ਸੀ। ਮਿੱਟੀ ਦੇ ਬਰਤਨਾਂ ਵਿਚ ਘੋਲੀ ਮਹਿੰਦੀ ਅਨੂਠੀ ਮਹਿਕ ਦਿੰਦੀ ਸੀ ਜਿਸ ਨਾਲ ਸਾਰਾ ਮਾਹੌਲ ਨਸ਼ਿਆ ਜਾਂਦਾ ਸੀ।

ਸਾਉਣ ਵਿਚ ਮਹਿੰਦੀ ਦੀ ਵਰਤੋਂ ਚੋਖੀ ਵਧ ਜਾਂਦੀ ਸੀ। ਸਾਉਣ ਦੀਆਂ ਤੀਆਂ ਦੇ ਮੇਲਿਆਂ ਵੇਲੇ ਹਰ ਇਕ ਘਰ ਵਿਚ ਕੁਆਰੀਆਂ ਅਤੇ ਵਿਆਂਦੜਾਂ ਮਹਿੰਦੀ ਦਾ ਸ਼ਿੰਗਾਰ ਕਰਦੀਆਂ ਹਨ। ਨਿਆਣੀ ਧੀ ਆਪਣੀ ਮਾਂ ਨੂੰ ਕਹਿੰਦੀ ਹੈ:



ਮਹਿੰਦੀ ਦੇ ਪੱਤੇ।



ਹੱਥਾਂ 'ਤੇ ਰਚ ਰਹੀ ਮਹਿੰਦੀ।

ਨੀ ਲੈ ਦੇ ਮਾਏ ਕਾਲਿਆਂ ਬਾਗਾਂ ਦੀ ਮਹਿੰਦੀ।

ਸਾਉਣ ਮਾਨਣ ਪੇਕੇ ਆਈਆਂ ਮੁਟਿਆਰਾਂ ਮਹਿੰਦੀ ਦੇ ਲਾਲ ਸੂਹੇ ਰੰਗਾਂ ਵਿਚ ਰੰਗੀਆਂ, ਸਿਰ ਫੁਲਕਾਰੀਆਂ ਲੈ ਕੇ ਗਿੱਧੇ ਦੇ ਪਿੜ ਵਿਚ ਚੀਚ ਵਹੁਟੀਆਂ ਬਣ-ਬਣ ਨਿੱਤਰ ਦੀਆਂ ਹਨ।

ਜੇ ਕੋਈ ਮੁਟਿਆਰ ਤੀਆਂ ਵੇਲੇ ਪੇਕੇ ਨਾ ਜਾਂਦੀ, ਉਸ ਦਾ ਰੰਗਲਾ ਸਮਾਂ ਸਹੇਲੀਆਂ ਤੋਂ ਵਾਂਝਾ ਰਹਿ ਜਾਂਦਾ। ਫੇਰ ਉਸ ਦੀ ਨਨਾਣ ਹੀ ਉਸ ਦੇ ਮਹਿੰਦੀ ਲਾ ਦਿੰਦੀ ਸੀ, ਇਸ ਸਥਿਤੀ ਵਿਚ ਮੁਟਿਆਰ ਕਹਿੰਦੀ:

ਮਹਿੰਦੀ ਵਾਲੇ ਹੱਥ ਰੁੱਸ ਗਏ
ਜਦੋਂ ਘੋਲ ਕੇ ਨਨਾਣ ਨੇ ਲਾਈ
ਫਿੱਕਾ-ਫਿੱਕਾ ਰੰਗ ਚੜ੍ਹਿਆ
ਬੂਟੀ ਇਕ ਨਾ ਸਵਾਦ ਦੀ ਪਾਈ।

ਪੇਕਿਆਂ ਵੱਲੋਂ ਸਹੁਰੇ ਵਸਦੀ ਧੀ ਲਈ ਭੇਜੇ ਜਾਂਦੇ ਤੀਆਂ ਦੇ ਸੰਧਾਰੇ ਵਿਚ ਵੀ ਮਹਿੰਦੀ ਦਾ ਸਥਾਨ ਅਹਿਮ ਹੁੰਦਾ ਹੈ। ਕਰਵਾ ਚੌਥ ਵੇਲੇ ਪੇਕੇ ਗਈ ਨੂੰਹ ਲਈ ਸਹੁਰਿਆਂ ਵੱਲੋਂ ਭੇਜੀ ਜਾਂਦੀ ਸਰਘੀ ਵਿਚ ਵੀ ਸੁਹਾਗ ਦੀ ਨਿਸ਼ਾਨੀ ਮਹਿੰਦੀ ਜ਼ਰੂਰ ਰੱਖੀ ਜਾਂਦੀ ਹੈ। ਮਹਿੰਦੀ ਨੂੰ ਸ਼ਗਨਾਂ ਦਾ ਬੂਟਾ ਸਮਝਿਆ ਜਾਂਦਾ ਹੈ। ਕੁੜੀਆਂ ਗਾਉਂਦੀਆਂ ਕਹਿੰਦੀਆਂ ਨੇ:

ਮਾਏ ਨੀਂ ਮਾਏ ਮਹਿੰਦੜ ਮੈਂ ਬੀਜਿਆ
ਨੀਂ ਝੰਗ ਸਿਆਲਾਂ ਦੇ ਖੂਹ 'ਤੇ।

ਵਿਆਹ-ਸਾਹਿਆਂ ਸਮੇਂ ਸ਼ਰੀਕੇ-ਕਬੀਲੇ ਅਤੇ ਆਂਢ-ਗੁਆਂਢ ਦੀਆਂ ਔਰਤਾਂ ਪਰਾਤ ਵਿਚ ਘੋਲੀ ਹੋਈ ਮਹਿੰਦੀ ਦੇ ਦੁਆਲੇ ਘੇਰਾ ਘੱਤ ਕੇ ਭੁੰਜੇ ਦਰੀ 'ਤੇ ਬੈਠ ਜਾਂਦੀਆਂ ਹਨ। ਵਿਚਕਾਰ ਲੱਕੜ ਦੀ ਚੌਂਕੀ 'ਤੇ ਵਿਆਂਦੜ ਕੁੜੀ ਨੂੰ ਬਿਠਾਇਆ ਜਾਂਦਾ ਹੈ, ਕੁੜੀ ਦੇ ਮਹਿੰਦੀ ਲਗਾਈ ਜਾਂਦੀ ਹੈ, ਨਾਲ ਹੀ ਲੰਮੀਆਂ ਹੇਕਾਂ ਵਾਲੇ ਗੀਤਾਂ ਨਾਲ ਉਸ ਦਾ ਦਿਲ ਬਹਿਲਾਇਆ ਜਾਂਦਾ ਹੈ। ਸਾਰੀਆਂ ਸੁਆਣੀਆਂ ਅਤੇ ਕੁੜੀਆਂ ਇਕ-ਦੂਜੀ ਦੇ ਮਹਿੰਦੀ ਲਗਾਉਂਦੀਆਂ ਤੇ ਗੀਤ ਗਾਉਂਦੀਆਂ ਹਨ। ਵਿਆਹ ਵਾਲੀ ਕੁੜੀ ਦੀ ਮਾਂ, ਭੈਣ, ਭਰਜਾਈ ਨੂੰ ਸੰਬੋਧਨ ਕਰਦਿਆਂ ਕੁੜੀਆਂ ਗਾਉਂਦੀਆਂ ਹਨ:

ਉਪਰ ਚੁਬਾਰੇ ਤੈਨੂੰ ਸੱਦ ਹੋਈ
ਸਾਲੂ ਵਾਲੀਏ ਨੀ
ਆ ਕੇ ਤਾਂ ਮਹਿੰਦੀ ਨੀ ਲਵਾ
ਦਿਲਾਂ ਵਿਚ ਵਸ ਹਰੀਏ ਨੀ...

ਕੁੜੀ ਦੇ ਵਿਆਹ ਸਮੇਂ ਮਹਿੰਦੀ ਦੇ ਗੀਤਾਂ ਦਾ ਰੰਗ ਸੁਹਾਗ ਦੇ ਗੀਤਾਂ ਵਿਚ ਵਟ ਜਾਂਦਾ ਹੈ:

ਰੰਗ ਚੜ੍ਹਿਆ ਭੈਣੇ ਏਸ ਮਹਿੰਦੀ ਦਾ ਸਿਖਰੇ ਨੀ
ਬਾਬਲ ਨਿਵਿਆਂ ਭੈਣੇ, ਧੀਆਂ ਦੇ ਫਿਕਰੇ ਨੀ।

ਵਿਆਂਦੜ ਕੁੜੀ ਤੋਰਨ ਵੇਲੇ, ਮਹਿੰਦੀ ਦਾ ਰੰਗ ਵੀ ਉਦਾਸ ਹੋ ਜਾਂਦਾ ਹੈ ਜਿਵੇਂ:

ਮਹਿੰਦੀ ਤਾਂ ਪਾ ਦੇ ਮਾਏ ਸੁੱਕਣੀ ਨੀ
ਮਹਿੰਦੀ ਦਾ ਰੰਗ ਉਦਾਸ
ਖੂਨੀ ਨੈਣ ਜਲ ਨੀਂ ਭਰੇ...।

ਮੁੰਡੇ ਦੇ ਵਿਆਹ ਸਮੇਂ ਮਹਿੰਦੀ ਦੇ ਗੀਤਾਂ ਦਾ ਰੰਗ ਘੋੜੀਆਂ ਵਿਚ ਬਦਲ ਜਾਂਦਾ ਹੈ। ਭੈਣਾਂ ਵੀਰ ਦੇ ਮਹਿੰਦੀ ਲਾਉਂਦੀਆਂ ਗਾਉਂਦੀਆਂ ਹਨ:

ਲਾਓ ਨੀਂ ਲਾਓ ਏਹਨੂੰ ਸ਼ਗਨਾਂ ਦੀ ਮਹਿੰਦੀ
ਮਹਿੰਦੀ ਦਾ ਰੰਗ ਸੂਹਾ ਲਾਲ
ਮੇਰੇ ਬੰਨੜੇ ਦੇ ਮੱਥੇ 'ਤੇ ਚਮਕਣ ਵਾਲ।

ਜਦੋਂ ਵਿਆਹ ਵੇਲੇ ਕੜਾਹੀ ਵਾਲੇ ਦਿਨ ਮੁਟਿਆਰਾਂ ਮਹਿੰਦੀ ਵਾਲੇ ਹੱਥਾਂ ਨਾਲ ਲੱਡੂ ਵਟਦੀਆਂ ਹਨ ਤਾਂ ਮਹਿੰਦੀ ਰੱਤੇ ਹੱਥ ਬਹੁਤ ਹੀ ਸੋਹਣੇ ਲੱਗਦੇ ਹਨ। ਦਿਓਰ-ਭਰਜਾਈ ਦੀ ਨੋਕ-ਝੋਕ ਵਿਚ ਵੀ ਮਹਿੰਦੀ ਦਾ ਜ਼ਿਕਰ ਇਕ ਖੂਬਸੂਰਤ ਬੋਲੀ ਰਾਹੀਂ ਇੰਜ ਹੋਇਆ ਹੈ:

ਜੇ ਮੈਂ ਅੱਡੀ ਮਾਰ ਉਡਾਵਾਂ, ਮੇਰੀ ਝਾਂਜਰ ਲਹਿੰਦੀ
ਜੇ ਮੈਂ ਤਾੜੀ ਮਾਰ ਉਡਾਵਾਂ, ਮੇਰੀ ਮਹਿੰਦੀ ਲਹਿੰਦੀ
ਤੇਰੀ ਕਣਕ ਦੀ ਰਾਖੀ ਮੁੰਡਿਆ ਵੇ ਹੁਣ ਮੈਂ ਨਾ ਬਹਿੰਦੀ।

ਸੱਸੀ ਪੁਨੂੰ ਦੀ ਪ੍ਰੀਤ ਗਾਥਾ ਵਿਚ ਸੱਸੀ ਦੇ ਮਹਿੰਦੀ ਚਿਤਰੇ ਪੈਰ ਡਾਚੀ ਦੀ ਪੈੜ ਲੱਭਦੇ-ਲੱਭਦੇ ਥਲਾਂ ਵਿਚ ਭੁੱਜ ਜਾਂਦੇ ਹਨ। ਸੂਫੀ ਕਵੀ ਹਾਸ਼ਮ ਇਸ ਵੇਦਨਾ ਨੂੰ ਇੰਜ ਪ੍ਰਗਟ ਕਰਦਾ ਹੈ:

ਨਾਜ਼ੁਕ ਪੈਰ ਮਲੂਕ ਸੱਸੀ ਦੇ ਮਹਿੰਦੀ ਨਾਲ ਸ਼ਿੰਗਾਰੇ
ਬਾਲੂ ਰੇਤ ਤਪੇ ਵਿਚ ਥਲ ਦੇ ਜਿਓਂ ਜੌਂ ਭੁੰਨਣ ਭਟਿਆਰੇ।

ਜੇ ਹਾਣ-ਪ੍ਰਵਾਨ ਦਾ ਵਰ ਕਿਸੇ ਮੁਟਿਆਰ ਨੂੰ ਨਾ ਮਿਲਦਾ ਤਾਂ ਵੀ ਉਸ ਦਾ ਮਹਿੰਦੀ ਲਾਉਣ ਦਾ ਚਾਅ ਅਧੂਰਾ ਰਹਿ ਜਾਂਦਾ। ਫੇਰ ਉਹ ਮੁਟਿਆਰ ਆਪਣਾ ਰੁਦਨ ਇਸ ਤਰ੍ਹਾਂ ਕਰਦੀ ਹੈ:

ਬੁੱਢੜੇ ਨਾਲ ਮੇਰਾ ਵਿਆਹ ਧਰ ਦਿੱਤਾ
ਮੈਂ ਰੋਟੀ ਨਾ ਖਾਵਾਂ
ਸਖੀਆਂ ਆਖਣ ਮਹਿੰਦੀ ਲਾ ਲੈ
ਮੈਂ ਮਹਿੰਦੀ ਨਾ ਲਾਵਾਂ
ਸੁੱਤੀ ਪਈ ਦੇ ਲਾ ਤੀ ਮਹਿੰਦੀ
ਕੌਲਿਆਂ ਨਾਲ ਘਸਾਵਾਂ
ਵੀਰਾਂ ਦੇ ਹਲ ਵਗਦੇ
ਰੋਂਦੀ ਕੋਲ ਦੀ ਜਾਵਾਂ

ਮਹਿੰਦੀ ਦਾ ਹਿੰਦੀ ਤੇ ਪੰਜਾਬੀ ਨਾਮ ਮਹਿੰਦੀ, ਮਹਿਕ ਤੋਂ ਉਪਜਿਆ ਜਾਪਦਾ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਮਹਿੰਦੀ ਮਿਸਰ ਤੋਂ ਅਰਬ ਹੁੰਦੀ ਹੋਈ ਭਾਰਤ ਪਹੁੰਚੀ ਹੈ। ਮਹਿੰਦੀ ਵਿਚ ਔਸ਼ਧੀ ਗੁਣ ਹੋਣ ਕਾਰਨ ਮਿਸਰੀ ਲੋਕ ਆਪਣੇ ਰਾਜੇ-ਮਹਾਰਾਜਿਆਂ ਦੇ ਮ੍ਰਿਤ ਸਰੀਰਾਂ ਨੂੰ ਲੰਮੇ ਸਮੇਂ ਲਈ ਕਾਇਮ ਰੱਖਣ ਲਈ ਮਹਿੰਦੀ ਦਾ ਲੇਪ ਲਗਾਉਂਦੇ ਸਨ। ਮਿਸਰ ਦੀ ਰਾਣੀ ਕਲਿਉਪੈਟਰਾ ਵੀ ਆਪਣੇ ਸ਼ਿੰਗਾਰ ਵਿਚ ਮਹਿੰਦੀ ਦਾ ਪ੍ਰਯੋਗ ਕਰਦੀ ਸੀ।

ਸੰਸਕ੍ਰਿਤ ਵਿਚ ਵੀ ਮੈਂਧਿਕਾ ਨਾਂ ਦਾ ਸ਼ਬਦ ਹੈ। ਪ੍ਰਾਚੀਨ ਗ੍ਰੰਥਾਂ ਵਿਚ ਮੈਂਧਿਕਾ ਅਤੇ ਹਲਦੀ ਦੀ ਵਰਤੋਂ ਦਾ ਜ਼ਿਕਰ ਆਉਂਦਾ ਹੈ। ਔਰਤ ਦੇ 16 ਸ਼ਿੰਗਾਰਾਂ ਵਿਚ ਮਹਿੰਦੀ ਨੂੰ ਸੁਰ ਸੁੰਦਰੀ ਦੇਵੀ ਦੀ ਉਪਾਧੀ ਹਾਸਲ ਹੈ। ਆਯੁਰਵੇਦ ਵਿਚ ਔਸ਼ਧੀ ਗੁਣਾਂ ਤੋਂ ਇਲਾਵਾ ਮਹਿੰਦੀ ਦੀ ਤਾਸੀਰ ਠੰਢੀ ਮੰਨੀ ਗਈ ਹੈ। ਰਾਖਸ਼ਾਂ ਉਪਰ ਜਿੱਤ ਪ੍ਰਾਪਤ ਕਰਨ ਤੋਂ ਬਾਅਦ ਦੁਰਗਾ ਮਾਤਾ ਦੇ ਹੱਥ-ਪੈਰ ਖੂਨ ਨਾਲ ਭਰ ਗਏ ਸਨ, ਉਨ੍ਹਾਂ ਦਾ ਗੁੱਸਾ ਸ਼ਾਂਤ ਕਰਨ ਲਈ ਦੁਰਗਾ ਮਾਤਾ ਦਾ ਸ਼ਿੰਗਾਰ ਸੁਰ ਸੁੰਦਰੀ ਦੇਵੀ ਮਹਿੰਦੀ ਨਾਲ ਕੀਤਾ ਗਿਆ ਸੀ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 27 ਜੂਨ 2021 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-487



*ਵਕਤ ਨੇ ਕੇਹੀ ਬਣਾਈ ਦਾਸਤਾਨ, ਧੜਕਨਾਂ ਨੂੰ ਸੁਣਨ ਦਾ ਹੀਲਾ ਕਰੋ।*
*ਉੱਡ ਗਏ ਨੇ ਰੰਗ ਜੀਵਨ ਦੇ ਤਮਾਮ, ਉਲਝੀ ਤਾਣੀ ਬੁਣਨ ਦਾ ਹੀਲਾ ਕਰੋ।*

## ਕੈਪਸ਼ਨ ਮੁਕਾਬਲਾ-485



ਭੋਲੇ ਮੁੱਖੜੇ ਤੱਕ ਤਿੱਕੜੀ ਦੇ,
ਮੱਲੋ-ਮੱਲੀ ਮੋਹ ਜਿਹਾ ਆਵੇ।
ਲੰਘਣ ਵਾਲਾ ਜੋ ਵੀ ਤੱਕੇ,
ਅੰਦਰੋਂ-ਬਾਹਰੋਂ ਖੁਸ਼ ਹੋ ਜਾਵੇ।
ਪਤਾ ਨਹੀਂ ਫਿਰ ਕਾਹਤੋਂ ਦੁਨੀਆਂ,
ਧੀ ਨੂੰ ਕੁੱਖ ਵਿਚ ਮਾਰ ਮੁਕਾਵੇ।
*-ਜਗਮੀਤ ਸਿੰਘ ਪੰਧੇਰ*
*ਪਿੰਡ ਕਲਾਹੜ (ਲੁਧਿਆਣਾ)*
*ਫੋਨ: 91-98783-37222*

---

ਪਟੋਲਿਆਂ ਵਾਂਗ ਮਾਂ ਲਿਆਈ,
ਧੀਆਂ ਨੂੰ ਸਜਾ ਕੇ।
ਰੰਗ ਬਿਖੇਰਨ, ਬੈਂਚ 'ਤੇ ਬੈਠੀਆਂ,
ਤੱਕਣ ਨੀਝ ਲਗਾ ਕੇ।
ਕੁਝ ਖਾਣ ਨੂੰ, ਕੋਈ ਖਿਡੌਣਾ,
ਮਾਂ ਫੜਾਊ ਲਿਆ ਕੇ।
*-ਦਵਿੰਦਰ ਕੌਰ*

---

ਕੋਈ ਧੀ ਮੰਗਦਾ ਕੋਈ ਪੁੱਤ ਮੰਗੇ
ਕਈ ਤੁਰ ਜਾਂਦੇ ਔਂਤਰੇ ਜਹਾਨ ਉੱਤੋਂ।
ਕ੍ਰਿਸ਼ਮੇ ਕਾਦਰ ਦੇ ਰੰਗ ਬਹੁਰੰਗੇ
ਧੀ ਆਪਾ ਵਾਰੇ ਬਾਪੂ ਦੀ ਸ਼ਾਨ ਉੱਤੋਂ।
ਬੇਔਲਾਦਿਆਂ ਨੂੰ ਜਰਾ ਪੁੱਛ ਦੇਖੋ
ਕੀ ਬੀਤਦਾ ਦਿਲ 'ਤੇ ਬਿਨ ਔਲਾਦੋਂ,
ਫੁੱਲਾਂ ਜਿਹੀਆਂ ਦੇਹ ਇੱਕੋ ਵਾਰੀ,
ਜੋੜ ਜੀਣ ਦਾ ਲਾਇਆ ਪੱਕਾ ਫੌਲਾਦੋਂ।
*-ਸੇਵਾ ਸਿੰਘ ਨੂਰਪੁਰੀ*

---

ਕੁਦਰਤ ਦੇ ਦੇਖੋ ਇਹ ਮਿੱਤਰੋ ਨਜ਼ਾਰੇ
ਬੈਂਚ ਉੱਤੇ ਬੈਠੇ ਤਿੰਨ ਬੱਚੇ ਨਿਆਰੇ।
ਭੋਲੀਆਂ ਸੂਰਤਾਂ ਤੇ ਮੂੰਹ ਬੜੇ ਪਿਆਰੇ
ਮਿਕਨਾਤੀਸੀ ਖਿੱਚ ਝਾਤੀਆਂ ਉੱਪਰੋਂ ਮਾਰੇ।
ਮਾਪੇ ਇਕੱਲਿਆਂ ਛੱਡ ਕੇ ਕਿਸ ਦੇ ਸਹਾਰੇ
ਤੁਰ ਗਏ ਬਾਜ਼ਾਰ ਕਿਵੇਂ ਜਾਈਏ ਬਲਿਹਾਰੇ।
ਨਿੱਕੀਆਂ ਜਿੰਦਾਂ ਝਾਕਣ ਮੂੰਹ ਕਰ ਕੇ ਵਿਚਾਰੇ
ਅਦਭੁੱਤ ਦੁਨੀਆਂ ਦੇਖੋ ਕਰਦੀ ਕੀ ਕਾਰੇ!
*-ਕਲਵੰਤ ਸਿੰਘ ਸਹੋਤਾ*
*ਫੋਨ: 604-589-5919*

---

ਮਾਪਿਆਂ ਦਾ ਧਿਆਨ ਖਿੱਚਣ ਲਈ
ਸਕੀਮਾਂ ਦੇਣ ਬਿਗ ਬਾਜ਼ਾਰਾਂ ਵਾਲੇ।
ਸਾਰਾ ਟੱਬਰ ਤਿਆਰ ਹੁੰਦਾ
ਬੱਚੇ ਉਨ੍ਹਾਂ ਨਾਲੋਂ ਵੀ ਕਾਹਲੇ।
ਸਾਰੇ ਮਹੀਨੇ ਦੀ ਕਮਾਈ ਲੁੱਟ ਕੇ
ਬਣਦੇ ਆਧੁਨਿਕ ਫੈਸ਼ਨ 'ਚ ਮਤਵਾਲੇ।
ਮਹਾਮਾਰੀ ਨੇ ਸਾਰੀ ਭੱਜ-ਦੌੜ ਰੋਕ'ਤੀ
ਲੋਕਾਂ ਨੂੰ ਪਏ ਸਿਹਤ ਤੇ ਰੋਟੀ ਦੇ ਲਾਲੇ।
*-ਅਮਰਜੀਤ ਸਿੰਘ ਤੂਰ*
*ਪਿੰਡ ਕੁਲਬੁਰਛਾ, ਪਟਿਆਲਾ।*
*ਫੋਨ: 91-98784-69639*

---

ਕੁੜੀ ਹੋਵੇ ਜਾਂ ਮੁੰਡਾ
ਬੱਚਾ ਮਨਮੋਹਣਾ ਦਿਲ ਮੋਹ ਲੈਂਦਾ।
ਨਾ ਕੀਨਾ, ਨਾ ਸਾੜਾ
ਆਜ਼ਾਦ ਹਰ ਫਿਕਰਾਂ ਤੋਂ
ਅੱਜ ਦਾ ਬੱਚਾ ਕੱਲ ਦਾ ਭਵਿੱਖ।
ਜੋ ਅੱਜ ਝੂਲੇ 'ਚ ਪਿਆ
ਕੱਲ੍ਹ ਨੂੰ ਦੁਨੀਆਂ 'ਤੇ ਰਾਜ ਕਰ ਸਕਦਾ,
ਕੁੜੀਆਂ ਚਿੜੀਆਂ ਇਕ ਸਮਾਨ।
ਤੰਗ ਦਿਲੀ ਭੱਜ ਰਹੀ ਅੱਜ ਸਮਾਜ 'ਚੋਂ
ਜਿਵੇਂ ਜਿਵੇਂ ਸਿੱਖਿਆ ਲੋਕਾਂ 'ਚ ਪਹੁੰਚਗੀ।
*-ਦਰਸ਼ਨਪਾਲ ਦੋਸਾਂਝ*

---

ਮਾਸੂਮੀਅਤ ਬਚਪਨ ਦੀ ਹੁੰਦੀ ਹੈ ਅਲਬੇਲੀ
ਸਾਰੇ ਯਾਰ ਦੋਸਤ, ਸਾਰੇ ਸੱਜਣ ਬੇਲੀ।
ਝੂਠ ਦੀ ਨਹੀਂ ਹੁੰਦੀ ਕੋਈ ਸਾਰ
ਨਾ ਧਰਮਾਂ ਦਾ ਝਗੜਾ,
ਨਾ ਜਾਤ-ਪਾਤ ਕੋਈ
ਨਾ ਬੇਈਮਾਨੀ ਦਾ ਰਗੜਾ।
ਮਾਂਵਾਂ ਨੇ ਸੋਹਣੇ ਕੱਪੜੇ ਪਾ ਕੇ
ਬੈਂਚ ਉਪਰ ਬੱਚੇ ਬਿਠਾਏ,
ਤਿੰਨੋ ਬੱਚੇ ਕਿੰਨੇ ਪਿਆਰੇ
ਕਰਮਾਂ ਵਾਲੀਆਂ ਮਾਂਵਾਂ ਦੇ ਜਾਏ।
ਇਨ੍ਹਾਂ 'ਚ ਭੇਦ-ਭਾਵ ਨਾ ਹੇਰਾ-ਫੇਰੀ,
ਨਾ ਪੈਸੇ ਦਾ ਮੋਹ, ਨਾ ਤੇਰੀ-ਮੇਰੀ।
ਬੀਤੇ ਬਚਪਨ ਦੀ ਯਾਦ ਆਵੇ ਬਥੇਰੀ,
ਅੱਗੇ ਹੋਈ ਜਾਂਦੀ ਉਮਰ ਵਡੇਰੀ।
*-ਗੋਰਾ ਪ੍ਰਜਾਪਤ, ਨਿਊ ਯਾਰਕ*
*ਫੋਨ: 718-640-6660*

# ਬੋਦੇ ਵਾਲਾ ਭਲਵਾਨ

ਵਿਅੰਗ

ਨਾਂ ਤਾਂ ਉਸ ਦਾ ਸੁਰਜਣ ਸੀ। ਪਰ ਲੋਕ ਉਸ ਨੂੰ 'ਭਲਵਾਨ' ਹੀ ਆਖਦੇ ਸਨ। ਘੁਲਦਾ-ਘਲਦਾ ਵੀ ਨਹੀਂ ਸੀ। ਸਾਢੇ ਛੇ ਫੁਟਾ ਕੱਦ, ਪਰ ਸਰੀਰੋਂ ਛਾਂਟਵਾਂ ਸੀ। ਧੜ ਛੋਟੀ, ਅਤੇ ਲੱਤਾਂ ਲੰਮੀਆਂ ਸਨ। ਜਦ ਪੈਰਾਂ ਭਾਰ ਬੈਠਦਾ, ਤਾਂ ਉਸ ਦੇ ਗੋਡੇ ਸਿਰ ਦੇ ਉਪਰੋਂ ਦੀ ਲੰਘ ਜਾਂਦੇ। ਮੁੱਛਾਂ ਲੰਮੀਆਂ ਅਤੇ ਮੂੰਹ-ਸਿਰ ਬਿਲਕੁਲ ਘਰੜ! ਮੋਢੇ 'ਤੇ ਡੱਬੀਆਂ ਵਾਲਾ ਸਾਅਫਾ। ਉਸ ਦੇ ਸਿਰ ਦੇ ਐਨ ਵਿਚਕਾਰ ਇਕ ਲੰਮਾ ਬੋਦਾ ਰੱਖਿਆ ਹੋਇਆ ਸੀ। ਇੱਕ ਵਾਰ ਕੋਈ ਰਾਹੀ ਬੋਤੇ 'ਤੇ ਸਵੇਰੇ-ਸਵੇਰੇ, ਮੂੰਹ ਹਨੇਰੇ ਹੀ ਲੋਪੋ ਦੇ ਪਰਲੇ ਘਰਾਟਾਂ ਤੋਂ ਆਟਾ ਪਿਹਾਉਣ ਜਾ ਰਿਹਾ ਸੀ, ਅਚਾਨਕ ਬੋਤੇ ਤੋਂ ਪੀਹਣ ਵਾਲੀ ਬੋਰੀ ਡਿੱਗ ਪਈ। ਭਲਵਾਨ ਕਿਤੇ ਖੇਤਾਂ ਵਿਚ 'ਜੰਗਲ-ਪਾਣੀ' ਬੈਠਾ ਸੀ। ਆਮ ਵਾਂਗ ਵੱਡੇ-ਵੱਡੇ ਗੋਡੇ ਸਿਰ ਦੇ ਉਪਰੋਂ ਦੀ ਲੰਘੇ ਹੋਏ ਸਨ। ਉਸ ਰਾਹੀ ਨੂੰ ਭੁਲੇਖਾ ਪਿਆ ਕਿ ਸ਼ਾਇਦ ਤਿੰਨ ਜਣੇ ਇਕੱਠੇ ਹੋ ਕੇ ਕੱਸੀ ਦਾ ਪਾਣੀ ਲਾ ਰਹੇ ਹਨ ਅਤੇ ਮੂੰਹ ਹਨੇਰੇ ਦੀ ਠੰਢ ਕਾਰਨ ਧੂਣੀ ਧੁਖਾਈ



ਸ਼ਿਵਚਰਨ ਜੱਗੀ ਕੁੱਸਾ
jaggikussa@yahoo.de

ਬੈਠੇ ਹਨ। ਵੈਸੇ ਇਤਨੀ ਠੰਢ ਹੈ ਨਹੀਂ ਸੀ। ਕਪਾਹਾਂ ਅਤੇ ਨਰਮੇ ਗੋਡੇ-ਗੋਡੇ ਸਨ। ਉਸ ਰਾਹੀ ਨੇ ਹਾਕ ਮਾਰੀ, 'ਬਾਈ ਸਿਆਂ, ਬੋਤੇ ਤੋਂ ਕਣਕ ਆਲੀ ਬੋਰੀ ਡਿੱਗਪੀ, ਮਾੜਾ ਜਿਆ ਹੱਥ ਪੁਆਉਂਗੇ...?'

'ਆਉਨੈਂ...!' ਭਲਵਾਨ ਖੁਰਦਰੀ ਜਿਹੀ ਆਵਾਜ਼ ਵਿਚ ਬੋਲਿਆ ਅਤੇ ਹੱਥ ਧੋ ਕੇ ਬੋਤੇ ਵਾਲ਼ ਸੱਜਣ ਕੋਲ ਆ ਗਿਆ।

'ਕੱਲਾ ਈ ਆ ਗਿਆ ਬਾਈ...? ਦੂਜਿਆਂ ਨੂੰ ਵੀ 'ਵਾਜ ਮਾਰ ਲੈਂਦਾ, ਬੋਰੀ ਭਾਰੀ ਐ।' ਇਕੱਲੇ ਭਲਵਾਨ ਨੂੰ ਦੇਖ ਕੇ ਬੋਤੇ ਵਾਲਾ ਬੋਲਿਆ।

'ਦੂਜੇ? ਦੂਜੇ ਕਿਹੜੇ...?' ਭਲਵਾਨ ਹੈਰਾਨ ਸੀ।

'ਜਿਹੜੇ ਤੇਰੇ ਨਾਲ ਬੈਠੇ ਸਨ।'

'ਮੈਂ ਤਾਂ ਬਾਈ 'ਕੱਲਾ ਈ ਸੀ।'

'ਤੂੰ 'ਕੱਲਾ ਈ ਸੀ...? ਨਹੀਂ ਯਾਰ, ਹੁਣ ਤਾਂ ਮੈਂ ਤੇਰੇ ਨਾਲ ਦੋ ਜਣੇ ਹੋਰ ਬੈਠੇ ਦੇਖੇ ਸਨ।'

ਭਲਵਾਨ ਹੱਸ ਪਿਆ। 'ਬਾਈ ਤੈਨੂੰ ਭੁਲੇਖਾ ਲੱਗਿਐ, ਮੈਂ ਤਾਂ ਬਿਲਕੁਲ ਈ 'ਕੱਲਾ ਸੀ, ਛੇਤੀ ਕਰ, ਬੋਰੀ ਲੱਦ ਮੈਂ ਜਾਣੈਂ।'

'ਤੂੰ ਗੋਲੀ ਮਾਰ ਬਾਈ ਬੋਰੀ ਨੂੰ...! ਬਾਈ ਬਣ ਕੇ ਮੈਨੂੰ ਇੱਕ ਵਾਰੀ 'ਤਿੰਨ' ਬਣ ਕੇ ਦਿਖਾ ਦੇਹ।'

ਭਲਵਾਨ ਕੋਲੇ ਇੱਕ ਮੋਟਰ ਸਾਈਕਲ ਰੱਖਿਆ ਹੋਇਆ ਸੀ। ਮੋਟਰ ਸਾਈਕਲ ਵੀ ਕਾਹਦਾ ਸੀ, ਬੱਸ ਵਾਟ ਹੀ ਨਿਬੇੜਨ ਦਾ ਜੁਗਾੜ ਸੀ। ਨਾ ਉਸ ਦੇ ਕੋਈ ਮੱਡਗਾਰਡ, ਨਾ ਸਪੀਡੋ ਮੀਟਰ, ਨਾ ਕੋਈ ਸ਼ੀਸ਼ਾ ਅਤੇ ਨਾ ਹੀ ਕੋਈ ਬੱਤੀ! ਉਹ ਸਰਕਸ ਵਾਲਿਆਂ ਦਾ ਮੋਟਰ ਸਾਈਕਲ ਹੋਣ ਦਾ ਭੁਲੇਖਾ ਪਾਉਂਦਾ ਸੀ। ਉਸ ਵਿਚ ਇੱਕ ਸਿਫਤ ਸੀ ਕਿ ਭੱਜਦਾ ਬਹੁਤ ਸੀ। ਜਦੋਂ ਉਹ ਸਟਾਰਟ ਹੁੰਦਾ ਤਾਂ ਪੰਜਵੇਂ ਘਰ ਪਤਾ ਚੱਲਦਾ ਕਿ ਭਲਵਾਨ ਜੀ ਦਾ ਮੋਟਰ ਸਾਈਕਲ ਕਿਤੇ ਜਾ ਰਿਹਾ ਹੈ। ਇੱਕ ਵਾਰ ਭਲਵਾਨ ਦਾ ਕਾਲਜੀਏਟ ਭਾਣਜਾ ਛੁੱਟੀਆਂ ਕੱਟਣ ਆ ਗਿਆ। ਕੋਈ ਕੰਮ ਪਿਆ ਤਾਂ ਉਸ ਨੇ ਭਲਵਾਨ ਮਾਮੇ ਦਾ ਮੋਟਰ ਸਾਈਕਲ ਮੰਗ ਲਿਆ। ਭਲਵਾਨ ਬੜਾ ਦਿਲਦਾਰ ਬੰਦਾ ਸੀ। ਕਿਸੇ ਨੂੰ ਕਿਸੇ ਚੀਜ਼ ਤੋਂ ਜਵਾਬ ਨਹੀਂ ਸੀ ਦਿੰਦਾ। ਜਦੋਂ ਉਸ ਦਾ ਭਾਣਜਾ 'ਨ੍ਹੇਰੀ' ਮੋਟਰ ਸਾਈਕਲ ਲੈ ਕੇ ਵਾਪਿਸ ਆਇਆ ਤਾਂ ਉਸ ਨੇ ਆਉਣ ਸਾਰ ਪੁੱਛਿਆ, 'ਮਾਮਾ...! ਇਹ ਜਿਹੜਾ ਤੇਰਾ ਮੋਟਰ ਸਾਈਕਲ ਐ, ਨਾ ਇਹਦੇ ਕੋਈ ਬੱਤੀ, ਨਾ ਸ਼ੀਸ਼ਾ, ਹੋਰ ਤਾਂ ਹੋਰ, ਇਹਦੇ ਸਪੀਡੋ ਮੀਟਰ ਤੋਂ ਬਿਨਾ ਤੈਨੂੰ ਕਿਵੇਂ ਪਤਾ ਲੱਗਦੈ, ਬਈ ਇਹ ਕਿੰਨੇ ਕਿਲੋਮੀਟਰ ਦੀ ਸਪੀਡ 'ਤੇ ਜਾ ਰਿਹੈ...?'

ਭਾਣਜੇ ਨ੍ਹੇਰੀ ਦੇ ਪੁੱਛਣ 'ਤੇ ਭਲਵਾਨ ਹੱਸ ਪਿਆ, 'ਉਏ ਭਾਣਜੇ! ਅਸੀਂ ਪੁਰਾਣੇ ਘੁਲਾਟੀਏ ਆਂ!'

'ਨ੍ਹਾ ਫੇਰ ਵੀ...? ਕਿਵੇਂ ਨਾ ਕਿਵੇਂ ਤਾਂ ਤੈਨੂੰ ਸਪੀਡ ਦਾ ਪਤਾ ਲੱਗਦਾ ਈ ਹੋਣੈ...?'

'ਭਾਣਜੇ, ਇਹਦੀ ਰਫਤਾਰ ਪੜ੍ਹਨ ਆਸਤੇ ਮੇਰੇ ਕੋਲੇ ਦੋ ਹਥਿਆਰ ਐ।'

'ਉਹ ਕਿਹੜੇ...?' ਨ੍ਹੇਰੀ ਹੈਰਾਨ ਸੀ।

'ਇੱਕ ਤਾਂ ਹਵਾ, ਤੇ ਦੂਜਾ ਮੇਰਾ ਆਹ ਬੋਦਾ...!' ਉਸ ਨੇ ਸਿਰ ਵਾਲਾ ਬੋਦਾ ਬਿੱਲੀ ਦੀ ਪੂਛ ਵਾਂਗ ਫੜ ਕੇ ਹਿਲਾਇਆ।

'ਬੋਦਾ...?' ਨ੍ਹੇਰੀ ਦੰਗ ਸੀ।

'ਹਾਂ ਬੋਦਾ! ਨਹੀਂ ਸਮਝਿਆ...?'

'ਗੱਲ ਦਿਮਾਗ 'ਚ ਆਈ ਨ੍ਹੀਂ ਮਾਮਾ।'

'ਲੈ ਸੁਣ, ਤੇ ਕਰ ਡਮਾਕ ਲੋਟ...! ਮੋਟਰ ਫ਼ੈਂਕਲ ਚਲਾਉਂਦੇ ਨੂੰ ਮੈਨੂੰ ਹਵਾ ਦੱਸਦੀ ਐ ਬਈ ਇਹ ਕਿੰਨੀ ਸਪੀਡ 'ਤੇ ਜਾ ਰਿਹੈ, ਤੇ ਭਾਣਜੇ ਜਦੋਂ ਮੇਰਾ ਬੋਦਾ ਹਵਾ ਨਾਲ ਪਿੱਛੇ ਗਿੱਦੜ ਦੀ ਪੂਛ ਮਾਂਗੂੰ ਖੜ੍ਹਾ ਹੋ'ਜੇ, ਫੇਰ ਸਮਝ ਲਾ ਬਈ ਆਪਣਾ ਮੋਟਰ ਫ਼ੈਂਕਲ ਫੁੱਲ ਸਪੀਟ 'ਤੇ ਆ...।'

ਭਲਵਾਨ ਦੀ ਗੱਲ 'ਤੇ ਨ੍ਹੇਰੀ ਦੀਆਂ ਹੱਸਦੇ ਦੀਆਂ ਵੱਖੀਆਂ ਟੁੱਟ ਗਈਆਂ। ਮਾਮਾ ਆਪਣੇ ਬੋਦੇ ਨੂੰ ਹੀ 'ਕੰਪਾਸ' ਬਣਾਈ ਫਿਰਦਾ ਸੀ। ਖੈਰ ਲੋੜ ਕਾਢ ਦੀ ਮਾਂ ਹੈ। ਜਿਹੜੇ ਬੰਦੇ ਨੂੰ ਢੰਗ ਅਤੇ




ਤਰਤੀਬ ਆ ਗਈ, ਕਦੇ ਮਾਰ ਨਹੀਂ ਖਾਂਦਾ। ਜਨੂੰਨ ਅਤੇ ਦੁਸ਼ਮਣੀ ਬੰਦੇ ਨੂੰ ਕਮਲਾ ਕਰ ਦਿੰਦੇ ਹਨ!

ਜਦੋਂ ਭਲਵਾਨ ਅਜੇ ਬੱਚਾ ਹੀ ਸੀ, ਉਨ੍ਹਾਂ ਦੇ ਇਕ ਚੱਪੇ ਸਿੰਗਾਂ ਵਾਲੀ ਬੱਲ੍ਹੀ ਮੱਝ ਰੱਖੀ ਹੁੰਦੀ ਸੀ, ਜਿਸ ਦੇ ਮਗਰ ਇਕ ਰਿੱਗਲ ਜਿਹਾ ਡੱਬਖੜੱਬਾ ਕੱਟਾ ਸੀ। ਉਹ ਕੱਟਾ ਇੰਨਾ ਨਿਰਬਲ ਸੀ ਕਿ ਜੈਤੋ ਵਾਲੀ ਬੱਸ ਵਾਂਗੂੰ ਵਿੰਗਾ ਜਿਹਾ ਤੁਰਦਾ ਅਤੇ ਜਦ ਉਸ ਨੇ ਮਕਾਨ ਦੀ ਦੇਹਲੀ ਟੱਪਣੀ ਹੁੰਦੀ ਤਾਂ 'ਦਾਅੜ' ਦੇਣੇ ਡਿੱਗ ਪੈਂਦਾ ਅਤੇ ਕਾਫੀ ਚਿਰ ਉਵੇਂ ਹੀ ਬੇਸੁਰਤ ਜਿਹਾ ਪਿਆ ਰਹਿੰਦਾ, ਤਾਂ ਭਲਵਾਨ ਆਖਦਾ, 'ਬੇਬੇ ਆਪਣਾ ਕੱਟਾ ਤਾਂ ਮਰ ਗਿਆ...!'

ਬੇਬੇ ਬੱਕੜਵਾਹ ਕਰਦੀ, 'ਵੇ ਮਰ ਜਾਣਿਆਂ ਕੋਈ ਚੰਗਾ ਬਚਨ ਕਰ ਲਿਆ ਕਰ! ਉਹ ਤੇਰਾ ਪਤੰਦਰ ਮਰਿਆ ਨ੍ਹੀਂ, ਮਾੜਾ ਕਰਕੇ ਡਿੱਗ ਪਿਆ, ਆਪੇ ਉਠ ਖੜੂਗਾ।' ਤਾਂ ਭਲਵਾਨ ਚੁੱਪ ਕਰ ਜਾਂਦਾ। ਬੇਬੇ ਤਾਂ ਖਿਝਦੀ ਸੀ ਕਿ ਕੱਟੇ ਬਿਨਾ ਮੱਝ ਦਾ ਮਿਲਣਾ ਮੁਸ਼ਕਿਲ ਸੀ। ਹੋਰ ਉਸ ਨੂੰ ਕੱਟੇ ਦਾ ਕੋਈ ਹੇਰਵਾ ਜਾਂ ਮੋਹ ਨਹੀਂ, ਇੱਕ ਜ਼ਰੂਰਤ ਸੀ!

ਕੁਦਰਤ ਰੱਬ ਦੀ, ਇੱਕ ਦਿਨ ਬੇਬੇ ਮੱਸਿਆ ਨਹਾਉਣ ਤਖਤੂਪੁਰੇ ਗਈ ਹੋਈ ਸੀ ਕਿ ਕੱਟਾ ਸੱਚਮੁੱਚ ਹੀ ਮਰ ਗਿਆ। ਕੁੜੀਆਂ ਨੇ ਸੋਚਿਆ ਕਿ ਬੇਬੇ ਮੱਸਿਆ ਦਾ ਇਸ਼ਨਾਨ ਕਰਨ ਗਈ ਹੋਈ ਹੈ, ਜਦ ਇਸ਼ਨਾਨ ਕਰ ਕੇ ਮੁੜੀ, ਉਸ ਨੂੰ ਕੱਟੇ ਦੇ ਮਰਨ ਬਾਰੇ ਪਤਾ ਲੱਗਿਆ, ਤਾਂ ਉਸ ਦਾ ਮਨ ਦੁਖੀ ਹੋਊ। ਕਿਉਂਕਿ ਕੱਟੇ ਬਿਨਾ ਮੱਝ ਨੇ ਧਾਰ ਨਹੀਂ ਕੱਢਣ ਦੇਣੀ ਸੀ। ਵਿਚਾਰੀਆਂ ਸਿਆਣੀਆਂ ਕੁੜੀਆਂ ਨੇ ਲੰਮੀ ਸੋਚੀ ਅਤੇ ਭਾਗ ਰਵਿਦਾਸੀਏ ਨੂੰ ਮਰਿਆ ਹੋਇਆ ਕੱਟਾ ਚੁਕਵਾ ਦਿੱਤਾ। ਉਹ ਕੱਟੇ ਨੂੰ ਸਾਈਕਲ 'ਤੇ ਲੱਦ ਕੇ ਹੱਡਾਂਰੋੜੀ ਸੁੱਟਣ ਲਈ ਲੈ ਗਿਆ। ਜਦ ਬੇਬੇ ਤਖਤੂਪੁਰੇ ਤੋਂ ਮੱਸਿਆ ਨਹਾ ਕੇ ਵਾਪਿਸ ਮੁੜੀ ਤਾਂ ਕੁੜੀਆਂ ਤਾਂ ਕਪਾਹ ਚੁਗਣ ਖੇਤ ਗਈਆਂ ਹੋਈਆਂ ਸਨ, ਇਕੱਲਾ ਭਲਵਾਨ ਹੀ ਘਰੇ ਸੀ। ਬੇਬੇ ਨੇ ਪਾਣੀ-ਧਾਣੀ ਪੀਤਾ। ਉਸ ਨੂੰ ਕੱਟਾ ਵਿਹੜੇ ਵਿਚ ਗਸ਼ਤ ਜਿਹੀ ਕਰਦਾ ਨਜ਼ਰ ਨਾ ਆਇਆ। ਕੱਟੇ ਦੇ ਕਿਸੇ ਨੇ ਸੰਗਲੀ ਜਾਂ ਰੱਸਾ ਤਾਂ ਕਦੇ ਪਾਇਆ ਹੀ ਨਹੀਂ ਸੀ। ਉਹ ਬਿਨਾ ਰੱਸੇ ਤੋਂ ਹੀ ਮਾੜਾ-ਮੋਟਾ ਵਿਹੜੇ ਵਿਚ ਭਲਵਾਨੀ ਗੇੜਾ ਦੇ ਛੱਡਦਾ, ਜਿੱਥੇ ਡਿੱਗ ਪੈਂਦਾ, ਉਥੇ ਹੀ ਪਿਆ ਰਹਿੰਦਾ ਸੀ।

'ਵੇ ਸੁਰਜਣਾਂ...!'

'ਹੋ ਬੇਬੇ...?'

'ਵੇ ਆਪਣਾ ਕੱਟਾ ਨ੍ਹੀਂ ਦੀਹਦਾ ਕਿਤੇ...?'

'ਬੇਬੇ, ਆਪਣਾ ਕੱਟਾ ਅੱਜ ਫ਼ੈਂਕਲ 'ਤੇ ਚੜ੍ਹ ਕੇ ਪਤਾ ਨ੍ਹੀਂ ਕਿੱਧਰ ਨੂੰ ਚਲਿਆ ਗਿਆ।'

'... ...।' ਬੇਬੇ ਚੁੱਪ ਕਰ ਗਈ। ਉਸ ਨੂੰ ਪਤਾ ਲੱਗ ਗਿਆ ਕਿ ਕੱਟਾ 'ਚੜ੍ਹਾਈ' ਕਰ ਗਿਆ ਸੀ।

1977 ਵਿਚ ਉਦੋਂ ਅਕਾਲੀਆਂ ਅਤੇ ਜਨਤਾ ਪਾਰਟੀ ਦਾ ਗੱਠਜੋੜ ਹੋਇਆ ਸੀ। ਵੋਟਾਂ ਦਾ ਸਮਾਂ ਵੀ ਨੇੜੇ ਹੀ ਸੀ। ਅਕਾਲੀਆਂ ਅਤੇ ਜਨਤਾ ਪਾਰਟੀ ਦੇ ਗੱਠਜੋੜ ਨੂੰ ਲੋਕਾਂ ਵੱਲੋਂ ਕਾਫੀ ਉਸਾਰੂ ਹੁੰਗਾਰਾ ਮਿਲ ਰਿਹਾ ਸੀ। ਬੋਦੇ ਵਾਲਾ ਭਲਵਾਨ ਵੀ ਜਨਤਾ ਪਾਰਟੀ ਦੀ ਹਮਾਇਤ ਵਿਚ ਅੜ ਗਿਆ। ਉਧਰੋਂ ਉਦੋਂ 'ਪਰਿਵਾਰ-ਨਿਯੋਜਨ' ਲਹਿਰ ਦਾ ਵੀ ਕਾਫੀ ਬੋਲਬਾਲਾ ਸੀ ਅਤੇ ਲੋਕਾਂ ਵਿਚ ਭਾਰੀ ਸਹਿਮ ਪਾਇਆ ਜਾ ਰਿਹਾ ਸੀ, ਕਿਉਂਕਿ ਨੌਜਵਾਨਾਂ ਦੇ ਜ਼ਬਰਦਸਤੀ ਫੜ-ਫੜ 'ਆਪ੍ਰੇਸ਼ਨ' ਕੀਤੇ ਜਾ ਰਹੇ ਸਨ। ਇੱਕ ਸ਼ਾਮ ਭਲਵਾਨ ਵੋਟਾਂ ਵਾਲਿਆਂ ਦੀ ਕਾਰ ਵਿਚ ਘੁੰਮ ਰਿਹਾ ਸੀ। ਸ਼ਾਮ ਨੂੰ ਉਹ ਨਾਲ ਦੇ ਪਿੰਡ ਵਿਚ ਵੋਟਾਂ ਦਾ ਪ੍ਰਚਾਰ ਕਰਨ ਚਲੇ ਗਏ। ਦੋ-ਤਿੰਨ ਜਾਣੇ ਉਸ ਨਾਲ ਹੋਰ ਸਨ। ਜਦ ਉਨ੍ਹਾਂ ਨੇ ਘੁੱਟ-ਘੁੱਟ ਲਾ ਕੇ ਪਿੰਡ ਵਿਚ ਸੁਭੈਕੀ ਗੇੜਾ ਦਿੱਤਾ ਤਾਂ ਲੋਕਾਂ ਨੇ ਸਮਝਿਆ ਕਿ ਕਿਤੇ 'ਨਸਬੰਦੀ' ਵਾਲੇ ਆ ਗਏ। ਪਿੰਡ ਵਾਲਿਆਂ ਨੇ ਅੰਬੈਸਡਰ ਕਾਰ ਦੇ ਅੱਗੇ ਪੁੱਠੀ ਕਹੀ ਰੱਖ ਕੇ ਕਾਰ ਰੋਕ ਲਈ। ਸਮੇਂ ਦੀ ਭੈੜੀ ਨਜ਼ਾਕਤ ਦੇਖ ਕੇ ਭਲਵਾਨ ਦੇ ਬਾਕੀ ਸਾਥੀ ਤਾਂ ਭੱਜ ਗਏ, ਪਰ ਭਲਵਾਨ ਦਾਰੂ ਦੇ ਨਸ਼ੇ ਵਿਚ ਵੱਡੀ ਸਾਰੀ ਉਂਗਲ ਹਿਲਾ ਕੇ 'ਉਪਦੇਸ਼' ਦੇਣ ਲੱਗ ਪਿਆ। ਅਜੇ ਉਸ ਨੇ 'ਜਦੋਂ ਸਾਡੀ ਸਰਕਾਰ...' ਦਾ ਨਾਂ ਹੀ ਲਿਆ ਸੀ ਕਿ ਲੋਕਾਂ ਨੇ ਸੋਚਿਆ ਆਪ੍ਰੇਸ਼ਨ ਕਰਨ ਵਾਲੇ ਸਾਰੇ ਸਰਕਾਰ ਦਾ ਵਾਸਤਾ ਹੀ ਦਿੰਦੇ ਹਨ ਅਤੇ ਉਨ੍ਹਾਂ ਨੇ 'ਉਹੀ ਐ...ਉਹੀ ਐ...!' ਕਰ ਕੇ ਭਲਵਾਨ ਮੂਧਾ ਪਾ ਲਿਆ। ਡਰਾਈਵਰ ਗੱਡੀ ਛੱਡ ਕੇ ਪੱਤਰੇ ਵਾਚ ਗਿਆ। ਗਿੱਦੜ ਕੁੱਟ ਨਾਲ ਬੌਂਦਲਿਆ ਭਲਵਾਨ ਉਨ੍ਹਾਂ ਨੇ ਧਰਮਸਾਲਾ ਵਿਚ ਲਿਆ ਸੁੱਟਿਆ। ਪੰਚਾਇਤ ਇਕੱਠੀ ਹੋ ਗਈ। ਬਚਾਉਣ ਵਾਲਾ ਰੱਬ, ਕੁਦਰਤੀਂ ਪਿੰਡ ਦਾ ਸਰਪੰਚ ਭਲਵਾਨ ਦਾ ਜਾਣੂੰ ਨਿਕਲ ਆਇਆ ਅਤੇ ਉਸ ਨੇ ਅਸਲੀਅਤ ਪੁੱਛ ਕੇ ਉਸ ਦੀ ਖਲਾਸੀ ਕਰਵਾਈ। ਵੋਟਾਂ ਵਾਲੀ ਅਸਲ ਗੱਲ ਜਾਣ ਕੇ ਪਿੰਡ ਵਾਲਿਆਂ ਨੇ ਵੀ, 'ਯਾਰ ਬੇਚਾਰਾ ਐਮੇ ਈ ਕੁੱਟ ਧਰਿਆ...!' ਆਖ ਕੇ ਪਛਤਾਵਾ ਕਰਨ ਲੱਗੇ।

'ਤੂੰ ਵੀ ਗਾਂਧੀ ਬਣ ਕੇ ਕੁੱਟ ਖਾਈ ਗਿਆ, ਖਸਮਾਂ ਨੂੰ ਖਾਣਿਆਂ ਬੋਲਿਆ ਕਿਉਂ ਨ੍ਹੀ...?' ਸਰਪੰਚ ਨੇ ਠੁਣਾਂ ਭਲਵਾਨ ਸਿਰ ਭੰਨਿਆ।

'ਬੋਲਦਾ ਕਿਵੇਂ ਸਰਪੈਂਚਾ...? ਛਿੱਤਰਾਂ ਦੀ ਤਾਂ ਬਾਛੜ ਹੋਣ ਲੱਗ'ਪੀ ਸੀ, ਗੜਿਆਂ ਮਾਂਗੂੰ ਤਾਂ ਪੈਣ ਲੱਗ'ਪੀਆਂ...।' ਭਲਵਾਨ ਸੁੱਜੇ ਹੱਡਾਂ ਨੂੰ ਸੇਕ ਦੇ ਰਿਹਾ ਸੀ। ਉਸ ਦਿਨ ਤੋਂ ਲੈ ਕੇ ਅੱਜ ਤੱਕ ਭਲਵਾਨ ਕਦੇ ਵੋਟਾਂ ਵਾਲਿਆਂ ਨਾਲ ਨਹੀਂ ਤੁਰਿਆ।

# ਮਾਸੂਮੀਅਤ ਦੀ ਬਰਕਤ

ਮਿਨੀ ਕਹਾਣੀ

ਜ਼ਿੰਦਗੀ ਦੇ ਅਗਲੇ ਅਕਾਦਮਿਕ ਪੜਾਅ ਵਿਚ ਦਾਖਲ ਹੋਣ ਲਈ ਬੀ.ਐਡ ਦੇ ਸਰਕਾਰੀ ਕਾਲਜ ਵਿਚ ਦਾਖਲਾ ਲੈਣ ਦੀ ਤਾਂਘ ਨੇ ਉਸ ਦਿਨ ਮੇਰੇ ਖੁਆਬਾਂ ਦੇ ਮਹਿਲ ਨੂੰ ਠੇਡਾ ਮਾਰ ਕੇ ਢਾਹ-ਢੇਰੀ ਕਰ ਦਿੱਤਾ, ਜਦੋਂ ਅਖੀਰਲੀ ਕੌਂਸਲਿੰਗ ਵਿਚ ਵੀ ਮੇਰਾ ਨਾਮ ਸਿਰਫ਼ ਇਕ ਨੰਬਰ ਦੀ ਘਾਟ ਕਾਰਨ ਨਾ ਆ ਸਕਿਆ। ਉਸ ਦਿਨ ਸੱਭਿਆਚਾਰਕ ਗਤੀਵਿਧੀਆਂ ਦੇ ਵਿਚ ਪ੍ਰਾਪਤ ਕੀਤੀਆਂ ਅਨੇਕਾਂ ਅਕਾਦਮਿਕ ਪ੍ਰਾਪਤੀਆਂ ਵੀ

ਸੰਦੀਪ ਸਿੰਘ

ਬੇਵੱਸ ਅਤੇ ਲਾਚਾਰ ਨਜ਼ਰ ਆ ਰਹੀਆਂ ਸਨ ਜੋ ਮੇਰੇ ਦਾਖਲੇ ਲਈ ਆਪਣਾ ਬਣਦਾ ਯੋਗਦਾਨ ਨਾ ਪਾ ਸਕੀਆਂ।

ਉਸ ਦਿਨ ਮੇਰਾ ਮਨ ਬਹੁਤ ਭਾਵੁਕ ਅਤੇ ਜਜ਼ਬਾਤੀ ਹੋ ਗਿਆ ਸੀ। ਭਰੇ ਮਨ ਨਾਲ ਮੈਂ ਪਟਿਆਲਾ ਤੋਂ ਭਵਾਨੀਗੜ੍ਹ ਨੂੰ ਜਾਣ ਵਾਲੀ ਬੱਸ ਫੜੀ। ਘਰ ਪਹੁੰਚ, ਸਾਰੇ ਟੱਬਰ ਦੀਆਂ ਨਜ਼ਰਾਂ ਮੇਰੇ ਵੱਲ ਸਨ ਪਰ ਮੈਂ ਉਨ੍ਹਾਂ ਦੀਆਂ ਨਜ਼ਰਾਂ ਨਾਲ ਨਜ਼ਰਾਂ ਨਾ ਮਿਲਾ ਸਕਿਆ ਜਿਵੇਂ ਕੋਈ ਬਹੁਤ ਵੱਡਾ ਗੁਨਾਹ ਕਰਕੇ ਆਇਆ ਹੋਵਾਂ। ਮਾਤਾ-ਪਿਤਾ ਨੇ ਮੇਰੇ ਬੇਵੱਸ ਚਿਹਰੇ ਨੂੰ ਪੜ੍ਹ ਲਿਆ ਅਤੇ ਮੈਨੂੰ ਇਸ ਕਦਰ ਹੌਂਸਲਾ ਦੇਣ ਲੱਗੇ, ਜਿਵੇਂ ਮੈਂ ਜ਼ਿੰਦਗੀ ਦੀ ਕੋਈ ਬਹੁਤ ਵੱਡੀ ਦੌੜ ਹਾਰ ਗਿਆ ਹੋਵਾਂ।

ਮੇਰੇ ਲਈ ਵੈਸੇ ਇਹ ਕਿਸੇ ਉਲੰਪਿਕ ਦੌੜ ਤੋਂ ਘੱਟ ਵੀ ਨਹੀਂ ਸੀ। ਇੱਛਾਵਾਂ ਅਤੇ ਜ਼ਿੰਦਗੀ ਵਿਚ ਕੁਝ ਕਰਨ ਦੀ ਚਾਹ ਰੱਖਣ ਵਾਲੀਆਂ ਅੱਖੀਆਂ ਨਾਲ ਕਲਾ ਨੂੰ ਦੂਜਿਆਂ ਤੱਕ ਪਹੁੰਚਾਉਣਾ ਅਤੇ ਕਲਾ ਅਧਿਆਪਕ ਬਣਨਾ ਹੀ ਮੇਰੀ ਜ਼ਿੰਦਗੀ ਦੀ ਪਹਿਲੀ ਅਤੇ ਆਖ਼ਿਰੀ ਇੱਛਾ ਸੀ। ਬੀ.ਐਡ ਦੇ ਪ੍ਰਾਈਵੇਟ ਕਾਲਜਾਂ ਨਾਲੋਂ ਸਰਕਾਰੀ ਕਾਲਜਾਂ ਦੀ ਫੀਸ ਦਾ ਜ਼ਮੀਨ ਅਸਮਾਨ ਦਾ ਅੰਤਰ ਹੋਣ ਕਰਕੇ ਮੇਰਾ ਉਤਰਿਆ ਹੋਇਆ ਚਿਹਰਾ ਪਰਿਵਾਰ ਦੇ ਜੀਆਂ ਕੋਲੋਂ ਦੇਖਿਆ ਨਾ ਗਿਆ। ਪੈਸਿਆਂ ਦੀ ਚਿੰਤਾ ਨਾ ਕਰਦਿਆਂ ਘਰ ਵਿਚ ਮੇਰਾ ਪ੍ਰਾਈਵੇਟ ਕਾਲਜ ਵਿਚ ਦਾਖਲਾ ਕਰਵਾਉਣ ਲਈ ਗੱਲ ਬਾਤ ਸ਼ੁਰੂ ਹੋ ਗਈ। ਬਸ ਹੁਣ ਸਭ ਤੋਂ ਵੱਡੀ ਮੁਸ਼ਕਿਲ ਪ੍ਰਾਈਵੇਟ ਕਾਲਜ ਦੀ ਫੀਸ ਜੁਟਾਉਣਾ ਸੀ, ਜੋ ਕਿ ਇੱਕ ਮੱਧ-ਵਰਗੀ ਪਰਿਵਾਰ ਲਈ ਬਹੁਤ ਵੱਡੇ ਉਦਮ ਵਾਂਗ ਜਾਪ ਰਹੀ ਸੀ।

ਸਾਰੇ ਪਰਿਵਾਰਕ ਜੀਅ ਫੀਸ ਦੇ ਲਈ ਪੈਸੇ ਜੁਟਾਉਣ ਦੀਆਂ ਗੱਲਾਂ ਵਿਚ ਮਸਰੂਫ ਸਨ ਕਿ ਅਚਾਨਕ ਮੇਰੀ ਅੱਠ ਸਾਲਾਂ ਦੀ ਲਾਡਲੀ ਭਤੀਜੀ ਹਰਮਨ ਨੇ ਆਪਣਾ ਗੋਲਕ ਲਿਆ ਕਿ ਮੇਰੇ ਹੱਥਾਂ ਵਿਚ ਥਮਾ ਦਿੱਤਾ ਅਤੇ ਉਸਦੇ ਤੋਤਲੇ ਬੋਲਾਂ ਨੇ ਤਾਂ ਮੇਰੀ ਰੂਹ ਤੱਕ ਨੂੰ ਝੰਜੋੜ ਕੇ ਰੱਖ ਦਿੱਤਾ ਜਦੋਂ ਉਸ ਨੇ ਆਪਣੀ ਤੋਤਲੀ ਤੇ ਮਾਸੂਮੀਅਤ ਭਰੀ ਆਵਾਜ਼ ਨਾਲ ਇਹ ਕਿਹਾ, "ਚਾਚੂ ਆਹ ਲੋ ਪੈਛੇ, ਤੁਛੀ ਆਪਣੀ ਫੀਛ ਭਰਦੋ।" ਮੈਨੂੰ ਇੰਝ ਜਾਪ ਰਿਹਾ ਸੀ ਜਿਵੇਂ ਉਹ ਆਪਣੇ ਜੀਵਨ ਭਰ ਦੀ ਕਮਾਈ ਨਾਲ ਮੈਨੂੰ ਦੁਨੀਆਂ ਦੀਆਂ ਤਮਾਮ ਖੁਸ਼ੀਆਂ ਖਰੀਦਣ ਲਈ ਕਹਿ ਰਹੀ ਹੋਵੇ।

ਉਸਦੇ ਤੋਤਲੇ ਬੋਲਾਂ ਨੂੰ ਸੁਣਣਸਾਰ ਮੈਂ ਉਸ ਨੂੰ ਘੁੱਟ ਕੇ ਆਪਣੀ ਬੁੱਕਲ ਵਿਚ ਲੈ ਲਿਆ ਤੇ ਆਪ ਮੁਹਾਰੇ ਹੰਝੂਆਂ ਨਾਲ ਲਬਰੇਜ਼ ਹੋਈਆਂ ਅੱਖਾਂ ਅਤੇ ਭਰਿਆ ਹੋਇਆ ਮਨ ਉਸਨੂੰ ਦੁਨੀਆਂ ਦੀਆਂ ਤਮਾਮ ਖੁਸ਼ੀਆਂ ਦੇਣ ਲਈ ਵਾਹਿਗੁਰੂ ਕੋਲ ਅਰਦਾਸਾਂ ਕਰਨ ਲੱਗਾ, ਆਪਣੇ ਦੁਆਰਾ ਕਹੇ ਡੂੰਘੇ ਸ਼ਬਦਾਂ ਦੇ ਅਰਥਾਂ ਤੋਂ ਅਣਜਾਣ ਮਾਸੂਮੀਅਤ ਨਾਲ ਭਰੀ ਮੇਰੀ ਭਤੀਜੀ ਅਜੇ ਵੀ ਬਿਨਾਂ ਕਿਸੇ ਚਿੰਤਾ ਜਾਂ ਝਿਜਕ ਦੇ ਮੁਸਕਰਾ ਰਹੀ ਸੀ ਅਤੇ ਪਰਿਵਾਰ ਦੇ ਜੀਅ ਚੁੱਪ-ਚਪੀਤੇ ਕਿਸੇ ਫਰਿਸ਼ਤੇ ਦੇ ਮੂੰਹੋਂ ਨਿਕਲੇ ਸ਼ਬਦਾਂ ਅਤੇ ਉਸਦੇ ਹਾਵਾਂ-ਭਾਵਾਂ ਨੂੰ ਬਿਨਾਂ ਪਲਕਾਂ ਝਪਕੇ ਦੇਖ ਰਹੇ ਸਨ।

ਸਿਆਣੇ ਕਹਿੰਦੇ ਨੇ ਕਿ ਬੱਚੇ ਤਾਂ ਰੱਬ ਦਾ ਰੂਪ ਹੁੰਦੇ ਹਨ। ਉਸ ਦਿਨ ਮੈਨੂੰ ਇੰਝ ਹੀ ਮਹਿਸੂਸ ਹੋਇਆ ਜਿਵੇਂ ਖ਼ੁਦ ਰੱਬ ਮੇਰਾ ਸਾਥ ਦੇਣ ਲਈ ਧਰਤੀ 'ਤੇ ਉਤਰ ਆਇਆ ਹੋਵੇ। ਉਹ ਦਿਨ ਤੇ ਅੱਜ ਦਾ ਦਿਨ ਭਤੀਜੀ ਦੁਆਰਾ ਦਿੱਤੀ ਉਹ ਪੈਸੇ ਤੇ ਮਾਸੂਮੀਅਤ ਦੀ ਬਰਕਤ ਸਦਕਾ ਬੀ. ਐਡ ਵੀ ਮੁੰਕਮਲ ਹੋ ਗਈ ਅਤੇ ਬਹੁਤ ਸਾਰੀਆਂ ਹੋਰ ਉਪਲਬੱਧੀਆਂ ਵੀ ਜ਼ਿੰਦਗੀ ਵਿਚ ਹਾਸਿਲ ਕਰ ਲਈਆਂ। ਅੱਜ ਮੈਨੂੰ ਪੀ ਐਚ.ਡੀ ਦਾ ਖੋਜਾਰਥੀ ਹੋਣ ਦਾ ਮਾਣ ਹਾਸਿਲ ਹੈ। ਉਹ ਦਿਨ ਦੂਰ ਨਹੀਂ ਜਦੋਂ ਇਹ ਕਾਰਜ ਵੀ ਮੇਰਾ ਵੱਡ-ਵਡੇਰਿਆਂ ਦੇ ਆਸ਼ੀਰਵਾਦ ਅਤੇ ਮੇਰੇ ਲਈ ਫਰਿਸ਼ਤਾ ਬਣੀ ਮੇਰੀ ਭਤੀਜੀ ਦੇ ਤੋਤਲੇ ਲਫ਼ਜ਼ਾਂ ਅਤੇ ਮਾਸੂਮੀਅਤ ਦੀ ਬਰਕਤ ਨਾਲ ਬਿਨਾਂ ਕਿਸੇ ਰੁਕਾਵਟ ਦੇ ਸੰਪੂਰਨ ਹੋ ਜਾਵੇਗਾ।

# ਕਵੀ ਨਗਰ ਦਾ ਕਵੀ ਸੰਮੇਲਨ

ਇਸ ਛੋਟੇ ਜਿਹੇ ਸ਼ਹਿਰ ਦਾ ਨਾਂ ਸ਼ਾਇਦ ਇੱਥੇ ਵਸਦੇ ਕਵੀਆਂ ਦੀ ਭਰਮਾਰ ਸਦਕਾ ਹੀ ਕਵੀ ਨਗਰ ਪਿਆ ਹੋਣੈ। ਜਨਾਬ ਜਦ ਮਿਲਦੇ-ਗਿਲਦੇ ਇੱਕ ਦੂਸਰੇ ਨੂੰ ਕਵਿਤਾਵਾਂ ਸੁਣਾ-ਸੁਣਾ ਅੱਕ ਗਏ ਤਾਂ ਉਨ੍ਹਾਂ ਇੱਕ ਕਵੀ ਸੰਮੇਲਨ ਦਾ ਆਯੋਜਨ ਕਰ ਸ਼ਹਿਰ ਵਾਸੀਆਂ ਨੂੰ ਨਿਹਾਲ ਕਰਨ

ਹਰਜੀਤ ਦਿਓਲ, ਬਰੈਂਪਟਨ

ਦਾ ਮਨ ਬਣਾਇਆ। ਸ਼ਹਿਰ ਵਾਸੀਆਂ ਨੂੰ ਇਸ ਸੰਮੇਲਨ ਦੀ ਅਗਾਊਂ ਸੂਚਨਾ ਦਿੱਤੀ ਗਈ ਅਤੇ ਨਿਰਧਾਰਤ ਦਿਨ ਪੰਡਾਲ ਵਿਚ ਜੋ ਸੌ ਕੁ ਕਵੀ ਆਪਣੀ ਕਲਾ ਦੇ ਜੌਹਰ ਦਿਖਾਉਣ ਪਹੁੰਚੇ, ਉਨ੍ਹਾਂ ਵਿਚ ਪੰਜ ਕੁ ਕਵਿੱਤਰੀਆਂ ਵੀ ਸ਼ਾਮਲ ਸਨ। 'ਲੇਡੀਜ਼ ਫਸਟ' ਦਾ ਅਨੁਸਰਣ ਕਰਦਿਆਂ ਪਹਿਲਾਂ ਕਵਿੱਤਰੀਆਂ ਨੂੰ ਪੇਸ਼ ਕੀਤਾ ਗਿਆ। ਪਹਿਲੀ ਕਵਿੱਤਰੀ ਨੇ ਆਪਣਾ ਕਲਾਮ ਪੇਸ਼ ਕਰਦਿਆਂ ਹੇਕ ਲਾਈ, 'ਸਵੇਰ ਦਾ ਰੋਟੀ-ਟੁੱਕ ਕਰਕੇ ਆਈ ਹਾਂ, ਸ਼ਾਮ ਦੀ ਜਾ ਬਣਾਉਣੀ ਹੈ- ਮੈਂ ਅੱਜ ਆਪਣੀਆਂ ਕਵਿਤਾਵਾਂ ਦੀ ਛਹਿਬਰ ਲਾਉਣੀ ਹੈ।'

ਪੰਡਾਲ ਖਚਾਖਚ ਭਰਿਆ ਪਿਆ ਸੀ। ਬੜੀਆਂ ਤਾੜੀਆਂ ਅਤੇ ਸੀਟੀਆਂ ਵੱਜੀਆਂ। ਅਗਲੀਆਂ ਕਵਿੱਤਰੀਆਂ ਨੇ ਜੋ ਕਲਾਮ ਪੇਸ਼ ਕੀਤੇ, ਲੋਕਾਂ ਜੰਮ ਕੇ ਵਾਹ ਵਾਹ ਕੀਤੀ, ਜਿਸ ਨਾਲ ਹੋਰਾਂ ਕਵੀਆਂ ਦੇ ਵੀ ਹੌਸਲੇ ਬੁਲੰਦ ਹੋਏ; ਪਰ ਜਿਉਂ ਹੀ ਕਵਿੱਤਰੀਆਂ ਦੀ ਵਾਰੀ ਸਮਾਪਤ ਹੋਈ, ਸਥਿਤੀ ਬੜੀ ਨਾਜ਼ੁਕ ਹੋ ਗਈ, ਕਿਉਂਕਿ ਹੁਣ ਪੰਡਾਲ ਵਿਚ ਜੋ ਲੋਕ ਰਹਿ ਗਏ ਸਨ, ਲਗਭਗ ਕਵੀ ਹੀ ਸਨ। ਬਹੁਤੀ ਭੀੜ ਤਿਤਰ-ਬਿਤਰ ਹੋ ਗਈ। ਇਸ ਉਪਰੰਤ ਜੋ ਹੋਇਆ, ਉਹ ਹੋਰ ਵੀ ਨਿਰਾਸ਼ਾਜਨਕ ਸੀ, ਕਿਉਂਕਿ ਜੋ ਕਵੀ ਸਟੇਜ 'ਤੇ ਆਉਂਦਾ, ਆਪਣੀ ਕਵਿਤਾ ਸੁਣਾ ਪਿਛਲੇ ਰਸਤੇ ਘਰ ਨੂੰ ਤੁਰ ਜਾਂਦਾ।

ਅਖੀਰ ਮੇਰੇ ਵਰਗਾ ਇੱਕ ਅਪਰੈਂਟਿਸ ਕਵੀ ਰਹਿ ਗਿਆ, ਜਿਸ ਨੇ ਆਪਣੀ ਵਾਰੀ ਇਸ ਕਰਕੇ ਅਖੀਰ 'ਚ ਰਖਵਾਈ ਸੀ ਕਿ ਅੰਤ ਵਿਚ ਸੁਣੀ ਕਵਿਤਾ ਮਨ ਅੰਦਰ ਬਹੁਤਾ ਪ੍ਰਭਾਵ ਛੱਡ ਜਾਂਦੀ ਹੈ। ਅਪਰੈਂਟਿਸ ਕਵੀ ਨੇ ਬੜੀ ਮਾਯੂਸੀ ਵਿਚ ਸਟੇਜ 'ਤੇ ਆ ਮਾਈਕ ਸੰਭਾਲਿਆ ਅਤੇ ਕਹਿਣ ਲੱਗਾ, 'ਸੱਜਣੋ ਸ਼ਹਿਰ ਵਸੀਆਂ ਦੀ ਸਾਹਿਤ ਵਿਚ ਘਟ ਰਹੀ ਰੁਚੀ ਅਤਿਅੰਤ ਨਿਰਾਸ਼ਾਜਨਕ ਹੈ, ਪਰ ਤੁਸਾਂ ਜੋ ਪੰਜ ਸੱਤ ਜਣੇ ਬੈਠੇ ਹੋ, ਅਵੱਸ਼ ਸਾਹਿਤ ਰਸੀਏ ਹੋ। ਸੋ ਆਸ ਹੈ, ਮੇਰੀਆਂ ਤਾਜਾ-ਤਰੀਨ ਕਵਿਤਾਵਾਂ ਦਾ ਅਨੰਦ ਮਾਣੋਗੇ।' ਇਹ ਕਹਿ ਜਿਉਂ ਹੀ ਕਵੀ ਮਹੋਦਯ ਆਪਣਾ ਕਲਾਮ ਪੜ੍ਹਨ ਲੱਗੇ। ਬੈਠੇ ਵਿਅਕਤੀਆਂ ਵਿਚੋਂ ਇੱਕ ਉੱਠ ਕਹਿਣ ਲੱਗਾ, 'ਜਨਾਬ ਅਸੀਂ ਸਰੋਤੇ ਨਾ ਹੋ ਕੇ ਟੈਂਟ ਵਾਲੇ ਹਾਂ ਅਤੇ ਟੈਂਟ ਸਮੇਟਣ ਲਈ ਬੈਠੇ ਹਾਂ।'

ਇਹ ਸੁਣ ਕੇ ਨਵੇਂ ਉੱਭਰ ਰਹੇ ਸ਼ਾਇਰ ਦਾ ਗੁੱਸਾ ਸੱਤ-ਅਸਮਾਨੀ ਜਾ ਪਹੁੰਚਿਆ ਅਤੇ ਉਹ ਮਾਈਕ ਫੜ ਬੋਲਿਆ, 'ਇਹ ਜੋ ਆਪਣੀ ਆਪਣੀ ਸੁਣਾ ਕੇ ਨੱਠੇ ਨੇ, ਇਹ ਹਰਾਮਖੋਰ ਕਵੀ ਨਹੀਂ, ਉੱਲੂ ਦੇ ਪੱਠੇ ਨੇ।' ਇੰਨਾ ਕਹਿ ਉਸ ਨੇ ਮਾਈਕ ਵਗਾਹ ਮਾਰਿਆ ਅਤੇ ਭਵਿੱਖ ਵਿਚ ਕਵੀ ਬਣਨ ਦਾ ਇਰਾਦਾ ਹਮੇਸ਼ਾ ਲਈ ਛਿੱਕੇ ਟੰਗ ਦਿੱਤਾ।

# ਗੁਰਬਚਨ ਸਿੰਘ ਭੁੱਲਰ ਦੀ ਕਲਮ ਤੋਂ

ਪੰਜਾਬੀ ਖੇਡ ਸਾਹਿਤ

46



ਪ੍ਰਿੰ. ਸਰਵਣ ਸਿੰਘ
ਫੋਨ: 647-785-1661

ਪੰਜਾਬ ਸਦੀਆਂ ਤੋਂ ਖੇਡਾਂ ਤੇ ਖਿਡਾਰੀਆਂ ਦੀ ਧਰਤੀ ਰਿਹਾ ਹੈ। ਪਹਿਲਵਾਨ, ਡੰਡ-ਬੈਠਕਾਂ ਕੱਢਣ ਵਾਲੇ, ਕਬੱਡੀ ਦੇ ਖਿਡਾਰੀ, ਭਾਰ-ਚੁਕਾਵੇ ਅਤੇ ਅਨੇਕਾਂ ਹੋਰ ਦੇਸੀ ਖੇਡਾਂ ਦੇ ਖਿਡਾਰੀ ਲਗਭਗ ਹਰ ਪਿੰਡ ਵਿਚ ਹੁੰਦੇ ਸਨ। ਲੋਕ ਉਨ੍ਹਾਂ ਦੀ ਵਡਿਆਈ ਕਰਦੇ ਤੇ ਉਨ੍ਹਾਂ ਨੂੰ ਪਿੰਡ ਦਾ ਮਾਣ ਸਮਝਦੇ। ਪਹਿਲਵਾਨਾਂ ਨੂੰ ਤਾਂ ਸਾਧੂਆਂ-ਸੰਤਾਂ ਵਾਂਗ ਭਲੇ ਪੁਰਸ਼ ਸਮਝਿਆ ਜਾਂਦਾ ਸੀ। ਪਿੰਡ ਵਾਲੇ ਉਨ੍ਹਾਂ ਨੂੰ ਘਿਓ, ਜੋ ਉਦੋਂ ਉਨ੍ਹਾਂ ਦੀ ਮੁੱਖ ਖੁਰਾਕ ਹੁੰਦਾ ਸੀ, ਪੀਪੇ ਭਰ-ਭਰ ਭੇਟ ਕਰਦੇ। ਮੈਨੂੰ ਆਪਣੇ ਬਚਪਨ ਦਾ ਚੇਤਾ ਹੈ ਕਿ ਕਿੱਕਰ ਸਿੰਘ, ਕੱਲੂ ਤੇ ਗਾਮੇ ਵਰਗੇ ਪਹਿਲਵਾਨਾਂ ਵਾਸਤੇ ਲੋਕ ਕਿਵੇਂ ਸ਼ਰਧਾ ਰਖਦੇ ਸਨ ਅਤੇ ਉਨ੍ਹਾਂ ਦੀ ਪ੍ਰਸਿੱਧੀ ਕਿਵੇਂ ਦੂਰ-ਦੂਰ ਤਕ ਫੈਲੀ ਹੋਈ ਸੀ।

ਆਧੁਨਿਕ ਸਾਹਿਤ ਦਾ ਜੁੱਗ ਸ਼ੁਰੂ ਹੋਇਆਂ ਮਸਾਂ ਡੇਢ ਕੁ ਸਦੀ ਹੋਈ ਹੈ, ਪਰ ਜਦੋਂ ਸਾਹਿਤ ਹੋਰ ਸਭ ਵਿਧਾਵਾਂ ਵਿਚ ਤੇਜ਼ੀ ਨਾਲ ਪ੍ਰਫੁੱਲਤ ਹੋਣ ਲੱਗਿਆ, ਖੇਡਾਂ-ਖਿਡਾਰੀਆਂ ਬਾਰੇ ਲਿਖਣ ਲਈ ਕੋਈ ਲੇਖਕ ਪ੍ਰੇਰਿਤ ਨਾ ਹੋਇਆ। ਨਾਮੀ ਪਹਿਲਵਾਨਾਂ ਬਾਰੇ ਕਵੀਸ਼ਰਾਂ ਦੇ ਲਿਖੇ ਹੋਏ ਕੁਝ ਛੋਟੇ-ਮੋਟੇ ਕਿੱਸੇ ਜ਼ਰੂਰ ਮਿਲਦੇ ਸਨ। ਫਿਰ ਵਲਾਇਤ-ਵਾਸੀ ਬਲਬੀਰ ਸਿੰਘ ਕੰਵਲ ਨੇ 1964 ਵਿਚ 'ਭਾਰਤ ਦੇ ਪਹਿਲਵਾਨ' ਪੁਸਤਕ ਛਪਵਾ ਕੇ ਪੰਜਾਬੀ ਖੇਡ-ਸਾਹਿਤ ਦੀ ਪਗਡੰਡੀ ਪਾਈ। ਇਸ ਪਗਡੰਡੀ ਨੂੰ ਸ਼ਾਹਰਾਹ ਬਣਾਉਣ ਦਾ ਸਿਹਰਾ ਸਰਵਣ ਸਿੰਘ ਦੇ ਸਿਰ ਬਝਦਾ ਹੈ। ਇਹ 1966 ਤੋਂ ਖੇਡਾਂ-ਖਿਡਾਰੀਆਂ ਬਾਰੇ ਲਗਾਤਾਰ ਲਿਖਦਾ ਆ ਰਿਹਾ ਹੈ ਅਤੇ ਇਹਦੀਆਂ ਖੇਡ-ਪੁਸਤਕਾਂ ਦੀ ਗਿਣਤੀ ਵੀਹ ਤੋਂ ਟੱਪ ਚੁਕੀ ਹੈ। ਇਹ ਪੰਜਾਬੀ ਦਾ ਪ੍ਰਮੁੱਖ ਖੇਡ-ਲੇਖਕ ਤਾਂ ਹੈ ਹੀ, ਜੇ ਇਹਨੂੰ ਪੰਜਾਬੀ ਵਿਚ ਖੇਡ-ਸਾਹਿਤ ਦਾ ਮੋਢੀ ਕਹਿ ਲਿਆ ਜਾਵੇ ਤਾਂ ਵੀ ਕੋਈ ਅਤਿਕਥਨੀ ਨਹੀਂ।

ਇਹ ਆਪ ਯੂਨੀਵਰਸਿਟੀ ਪੱਧਰ ਦਾ ਖਿਡਾਰੀ ਰਿਹਾ ਹੋਣ ਕਰਕੇ ਤਨ ਦੀ ਅਰੋਗਤਾ ਦੀ ਮਹੱਤਤਾ ਤੋਂ ਅਤੇ ਇਸ ਅਰੋਗਤਾ ਵਿਚ ਖੇਡਾਂ ਦੀ ਮਹੱਤਤਾ ਤੋਂ ਭਲੀਭਾਂਤ ਜਾਣੂ ਹੈ। ਇਹ ਅਰੋਗ ਤਨ ਵਿਚ ਅਰੋਗ ਮਨ ਹੋਣ ਦੇ ਤੱਥ ਬਾਰੇ ਵੀ ਸੁਚੇਤ ਹੈ। ਇਸੇ ਸਦਕਾ ਇਹ ਲੰਮੇ ਸਮੇਂ ਤੋਂ ਲੰਮੀ ਸੈਰ ਤੇ ਵਰਜਿਸ਼ ਦਾ ਨਿੱਤਨੇਮ ਨਿਭਾਉਂਦਾ ਆ ਰਿਹਾ ਹੈ। ਇਹਦਾ ਕੰਮਕਾਜੀ ਜੀਵਨ ਇਕੱਤੀ ਸਾਲ ਲੈਕਚਰਰ ਵਜੋਂ ਤੇ ਚਾਰ ਸਾਲ ਪ੍ਰਿੰਸੀਪਲ ਵਜੋਂ ਕਾਲਜਾਂ ਵਿਚ ਬੀਤਿਆ। ਇਉਂ ਇਹ ਕਾਲਜ ਪੱਧਰ ਦੀਆਂ ਖੇਡਾਂ ਨਾਲ ਵੀ ਜੁੜਿਆ ਰਿਹਾ। ਕਾਫੀ ਪਹਿਲਾਂ ਇਹਨੇ ਆਖਿਆ ਸੀ, "ਮੇਰੀ ਤਕੜਾ ਖਿਡਾਰੀ ਬਣਨ ਦੀ ਰੀਝ ਸੀ, ਜੋ ਪੂਰੀ ਨਾ ਹੋ ਸਕੀ। ਉਸ ਰੀਝ ਨੂੰ ਪੂਰੀ ਕਰਨ ਲਈ ਮੈਂ ਖੇਡ-ਲੇਖਕ ਬਣਿਆ। ਇਹ ਤਾਂ ਸਮਾਂ ਹੀ ਦੱਸੇਗਾ, ਮੇਰੀ ਸੀਮਾ ਕਿਥੇ ਤਕ ਹੈ!" ਅੱਜ ਇਹਦੀ ਸੀਮਾ ਦੀ ਅਸੀਮਤਾ ਸਾਡੇ ਸਾਹਮਣੇ ਹੈ।

ਇਹ ਪਹਿਲਾ ਪੰਜਾਬੀ ਲੇਖਕ ਹੈ, ਜੀਹਨੇ ਖੇਡਾਂ ਤੇ ਖਿਡਾਰੀਆਂ ਬਾਰੇ ਨਿੱਠ ਕੇ ਲਿਖਣਾ ਸ਼ੁਰੂ ਕੀਤਾ ਅਤੇ ਇਸ ਨੂੰ ਸੌਖਾ ਸ਼ੁਗਲ ਸਮਝਣ ਦੀ ਥਾਂ ਇਕ ਸਮਾਜਿਕ ਜ਼ਿੰਮੇਦਾਰੀ ਤੇ ਸਮੇਂ ਦੀ ਲੋੜ ਵਜੋਂ ਪੂਰੀ ਗੰਭੀਰਤਾ ਨਾਲ ਲਿਆ। ਇਹ ਤੱਥ ਵਰਣਨਯੋਗ ਹੈ ਕਿ ਖੇਡ-ਲੇਖਕ ਬਣਨ ਤੋਂ ਪਹਿਲਾਂ ਇਹਨੇ ਕਹਾਣੀਆਂ ਲਿਖਣੀਆਂ ਸ਼ੁਰੂ ਕੀਤੀਆਂ ਹੋਈਆਂ ਸਨ ਅਤੇ ਇਹਦਾ ਸ਼ੁਮਾਰ ਸੰਭਾਵਨਾ-ਭਰਪੂਰ ਕਹਾਣੀਕਾਰਾਂ ਵਿਚ ਹੋਣ ਲੱਗ ਪਿਆ ਸੀ। 1965 ਵਿਚ ਪਹਿਲੀ ਕਹਾਣੀ 'ਨਚਾਰ' ਸਿੱਧੀ 'ਆਰਸੀ' ਵਿਚ ਛਪੀ ਤਾਂ ਪ੍ਰਤੀਕਰਮ ਸੀ, "ਕਿਸੇ ਨਵੇਂ ਮੁੰਡੇ ਨੇ ਗੱਲ ਸਿਰੇ ਲਾ ਦਿੱਤੀ!" ਇਹਦੀਆਂ ਕਹਾਣੀਆਂ ਏਨੀਆਂ ਚਰਚਿਤ ਹੋਈਆਂ ਸਨ ਕਿ ਜੇ ਉਸੇ ਰਾਹ ਤੁਰਦਾ ਰਹਿੰਦਾ, ਯਕੀਨਨ ਅੱਜ ਇਹਦਾ ਨਾਂ ਪਹਿਲੀ ਕਤਾਰ ਦੇ ਕਹਾਣੀਕਾਰਾਂ ਵਿਚ ਲਿਆ ਜਾਂਦਾ। ਇਸੇ ਲਈ ਮੈਂ ਇਹਨੂੰ ਆਖਦਾ ਹਾਂ, ਇਹਦਾ ਕਹਾਣੀ-ਲੇਖਕ ਤੋਂ ਖੇਡ-ਲੇਖਕ ਬਣਨਾ ਖੇਡ-ਸਾਹਿਤ ਦੀ ਜਿੰਨੀ ਪ੍ਰਾਪਤੀ ਹੈ, ਕਹਾਣੀ-ਸਾਹਿਤ ਲਈ ਓਨੀ ਹੀ ਘਾਟੇਵੰਦੀ ਗੱਲ ਹੈ।

ਇਹਦਾ ਅਸਲ ਕਮਾਲ ਪਰ ਭਾਸ਼ਾਈ ਸੂਝ-ਸਿਆਣਪ ਨਾਲ ਛੇਤੀ ਹੀ ਉਸ ਕਰਤਾਰੀ ਸਮਰੱਥਾ ਤੱਕ ਪਹੁੰਚ ਜਾਣਾ ਸੀ, ਜਿਥੇ ਲੇਖਕ ਵਾਸਤੇ ਭਾਸ਼ਾ ਕਿਸੇ ਇਕ ਵਿਧਾ ਦਾ ਵਸੀਲਾ ਨਹੀਂ ਰਹਿੰਦੀ, ਸਗੋਂ ਵਿਚਾਰ-ਪ੍ਰਗਟਾਵੇ ਦਾ ਸਾਧਨ ਬਣ ਜਾਂਦੀ ਹੈ, ਸਾਕਾਰ ਹੋਣ ਲਈ ਉਹ ਵਿਚਾਰ ਆਪਣੇ ਨਾਲ ਭਾਵੇਂ ਆਪਣੀ ਕੋਈ ਵੀ ਵਿਧਾ ਲੈ ਕੇ ਆਉਣ। ਇਉਂ ਇਹ ਕਹਾਣੀਕਾਰ ਤੋਂ ਵਾਰਤਕਕਾਰ ਬਣ ਗਿਆ, ਜਿਸ ਦੀ ਕਲਮ ਦੇ ਕਲਾਵੇ ਵਿਚ ਮੁੱਖ ਪੱਖ ਖੇਡ-ਸੰਸਾਰ ਦੇ ਨਾਲ-ਨਾਲ ਹੋਰ ਵੀ ਕਈ ਕੁਝ ਆ ਜਾਂਦਾ ਹੈ। ਇਹ ਕਹਿਣਾ ਵਾਜਬ ਹੈ ਕਿ ਇਹਦੇ ਦੋਹਾਂ ਹੱਥਾਂ ਵਿਚ ਕਲਮਾਂ ਹਨ। ਇਕ ਕਲਮ ਤਾਂ ਖੇਡ-ਸਾਹਿਤ ਨੂੰ ਸਮਰਪਿਤ ਹੈ ਹੀ, ਦੂਜੀ



ਗੁਰਬਚਨ ਸਿੰਘ ਭੁੱਲਰ

ਕਲਮ ਖਿਡਾਰੀਆਂ ਦੇ ਸ਼ਬਦ-ਚਿੱਤਰਾਂ ਤੋਂ ਤੁਰ ਕੇ ਹੋਰ ਕਦਰਯੋਗ ਵਿਅਕਤੀਆਂ ਨੂੰ ਚਿੱਤਰਦਿਆਂ ਨਾਲੋ-ਨਾਲ ਕਦੀ ਆਤਮਕਥਾ ਤੇ ਕਦੀ ਸਫਰਨਾਮਾ, ਕਦੀ ਯਾਦਾਂ ਤੇ ਕਦੀ ਹਾਸ-ਵਿਅੰਗ, ਕਦੀ ਪੇਂਡੂ ਜੀਵਨ ਬਾਰੇ ਲੇਖ ਤੇ ਕਦੀ ਹੋਰ, ਜੋ ਵੀ ਮਨ ਆਵੇ ਸਿਰਜਦੀ ਰਹਿੰਦੀ ਹੈ।

ਮਨੁੱਖੀ ਜੀਵਨ ਵਿਚ ਸਬੱਬ ਕਈ ਵਾਰ ਵੱਡੀ ਭੂਮਿਕਾ ਨਿਭਾਉਂਦਾ ਹੈ। ਸਰਵਣ ਸਿੰਘ ਦਾ ਖੇਡ-ਲੇਖਕ ਬਣਨਾ ਵੀ ਇਕ ਸਬੱਬੀ ਵਰਤਾਰਾ ਕਿਹਾ ਜਾ ਸਕਦਾ ਹੈ। 1966 ਵਿਚ ਇਹ ਖਾਲਸਾ ਕਾਲਜ ਦਿੱਲੀ ਵਿਚ ਪੜ੍ਹਾਉਂਦਾ ਸੀ ਤੇ ਗਰਮੀ ਦੀਆਂ ਛੁੱਟੀਆਂ ਵਿਚ ਪਿੰਡ ਗਿਆ ਹੋਇਆ ਸੀ। ਇਹਨੂੰ ਅਖਬਾਰ ਤੋਂ ਪਤਾ ਲੱਗਿਆ ਕਿ ਕਿੰਗਸਟਨ ਵਿਚ ਹੋਣ ਵਾਲੀਆਂ ਕਾਮਨਵੈਲਥ ਖੇਡਾਂ ਲਈ ਕੌਮੀ ਪੱਧਰ ਦੇ ਅਥਲੀਟਾਂ ਦਾ ਕੋਚਿੰਗ ਕੈਂਪ ਪਟਿਆਲੇ ਲੱਗਿਆ ਹੋਇਆ ਹੈ। ਉਨ੍ਹਾਂ ਵਿਚੋਂ ਕੁਝ ਅਥਲੀਟ ਇਹਦੇ ਚੰਗੇ ਜਾਣੂ ਸਨ। ਉਨ੍ਹਾਂ ਨੂੰ ਮਿਲਣ ਦੀ ਨੀਅਤ ਨਾਲ ਇਹ ਪਟਿਆਲੇ ਜਾ ਪਹੁੰਚਿਆ। ਕੁਝ ਰਾਤਾਂ ਹੋਟਲ ਵਿਚ ਬਿਤਾਉਣ ਮਗਰੋਂ ਇਹਦਾ ਟਿਕਾਣਾ ਮਹਿੰਦਰਾ ਕਾਲਜ ਦੇ ਹੋਸਟਲ ਵਿਚ ਹੋ ਗਿਆ। ਰਾਤ ਇਹ ਉਥੇ ਕੱਟਦਾ ਤੇ ਸਾਰਾ ਦਿਨ ਅਥਲੀਟਾਂ ਦੀ ਸੰਗਤ ਵਿਚ ਬੀਤਦਾ। ਹੋਰ ਨਾ ਕੋਈ ਕੰਮ ਸੀ ਤੇ ਨਾ ਕੋਈ ਜ਼ਿੰਮੇਦਾਰੀ, ਇਕੋ-ਇਕ ਰੁਝੇਵਾਂ ਅਥਲੀਟਾਂ ਨੂੰ ਅਭਿਆਸ ਕਰਦੇ ਦੇਖਦੇ ਰਹਿਣਾ ਜਾਂ ਉਨ੍ਹਾਂ ਨਾਲ ਗੱਲਾਂਬਾਤਾਂ ਕਰਦੇ ਰਹਿਣਾ ਸੀ।

ਅਥਲੀਟ ਆਪਣੀ ਵਰਜਿਸ਼, ਖੇਡ-ਸਿਖਲਾਈ ਤੇ ਆਰਾਮ ਕਰਦਿਆਂ ਸਮਾਂ ਲੰਘਾਉਂਦੇ। ਇਹ ਉਨ੍ਹਾਂ ਨੂੰ ਦੇਖਦਾ ਰਹਿੰਦਾ; ਵਰਜ਼ਿਸ਼ ਤੇ ਖੇਡ ਨਾਲ ਕਮਾਏ ਹੋਏ ਉਨ੍ਹਾਂ ਦੇ ਸਰੀਰ, ਇਕ-ਦੂਜੇ ਨਾਲ ਹੁੰਦਾ ਹਾਸਾ-ਮਖੌਲ, ਉਨ੍ਹਾਂ ਦੀਆਂ ਆਦਤਾਂ, ਉਨ੍ਹਾਂ ਦਾ ਖਾਣ-ਪੀਣ, ਉਨ੍ਹਾਂ ਦੀ ਅਭਿਆਸੀ ਮਿਹਨਤ ਤੇ ਲਗਨ। ਗੱਲ ਕੀ, ਦੋ ਕੁ ਦਿਨਾਂ ਵਿਚ ਹੀ ਇਹਦੇ ਮਨ ਵਿਚ ਹਰ ਅਥਲੀਟ ਦੀ ਵੱਖਰੀ ਸ਼ਖਸੀਅਤ ਉਭਰਨ ਲੱਗੀ। ਉਨ੍ਹੀਂ ਦਿਨੀਂ ਲੇਖਕਾਂ ਦੇ ਸ਼ਬਦ-ਚਿੱਤਰ ਲਿਖ ਕੇ ਚਰਚਿਤ ਹੋਣ ਵਾਲੇ ਬਲਵੰਤ ਗਾਰਗੀ ਦਾ ਸ਼ਬਦ-ਚਿੱਤਰਾਂ ਦਾ ਨਵਾਂ ਸੰਗ੍ਰਹਿ 'ਨਿੰਮ ਦੇ ਪੱਤੇ' ਸੱਜਰਾ ਪੜ੍ਹਿਆ ਹੋਣ ਕਰਕੇ ਇਹਦਾ ਵਿਚਾਰ ਬਣਿਆ, ਕਿਉਂ ਨਾ ਏਨੇ ਨੇੜਿਉਂ ਤੱਕੇ ਇਨ੍ਹਾਂ ਕੌਮੀ ਤੇ ਕੌਮਾਂਤਰੀ ਪੱਧਰ ਦੇ ਖਿਡਾਰੀਆਂ ਦੇ ਸ਼ਬਦ-ਚਿੱਤਰ ਲਿਖੇ ਜਾਣ! ਇਹ ਸੀ ਬੀਜ, ਜੋ ਛੇਤੀ ਹੀ ਖੇਡ-ਲੇਖਕ ਦੇ ਰੂਪ ਵਿਚ ਭਰਿਆ-ਪੂਰਾ ਬਿਰਛ ਬਣ ਗਿਆ।

ਇਹ ਸਾਰਾ ਦਿਨ ਕੈਂਪ ਵਿਚ ਸ਼ਾਮਲ ਖਿਡਾਰੀਆਂ ਦਾ ਦੇਖਿਆ-ਨਿਹਾਰਿਆ ਸਭ ਕੁਝ ਰਾਤ ਨੂੰ ਆਪਣੇ ਟਿਕਾਣੇ ਆ ਕੇ ਕਾਗਜ਼ ਉੱਤੇ ਉਤਾਰ ਲੈਂਦਾ। ਨਤੀਜਾ ਇਹ ਹੋਇਆ ਕਿ ਤਿੰਨ ਹਫਤਿਆਂ ਮਗਰੋਂ ਘਰ ਪਰਤਦਿਆਂ ਦੋ ਕੁ ਦਰਜਨ ਖਿਡਾਰੀਆਂ ਬਾਰੇ ਦੋ-ਢਾਈ ਸੌ ਪੰਨਿਆਂ ਦੀ ਕੱਚੀ ਸਮੱਗਰੀ ਇਹਦੇ ਝੋਲੇ ਵਿਚ ਸੀ। ਦਿੱਲੀ ਪਰਤ ਕੇ ਇਹਨੇ ਪਹਿਲਾ ਸ਼ਬਦ-ਚਿੱਤਰ 'ਮੁੜ੍ਹਕੇ ਦਾ ਮੋਤੀ' ਡਿਕੈਥਲੋਨ ਦੇ ਏਸ਼ੀਅਨ ਚੈਂਪੀਅਨ ਤੇ ਟੋਕੀਓ ਓਲੰਪਿਕ ਖੇਡਾਂ ਵਿਚ ਪੰਜਵੇਂ ਨੰਬਰ ਦੇ ਹਰਡਲਜ਼-ਦੌੜਾਕ ਗੁਰਬਚਨ ਸਿੰਘ ਬਾਰੇ ਲਿਖਿਆ, ਜੋ ਮਾਸਕ 'ਆਰਸੀ' ਨੂੰ ਭੇਜ ਦਿੱਤਾ। ਛਪਿਆ ਤਾਂ ਪਾਠਕਾਂ ਨੇ ਖੂਬ ਸਲਾਹਿਆ। 'ਆਰਸੀ' ਵੱਲੋਂ ਮੰਗ ਆਉਂਦੀ ਰਹਿੰਦੀ, ਇਹ ਲਿਖਦਾ ਰਹਿੰਦਾ ਤੇ ਪਾਠਕ ਸਲਾਹੁੰਦੇ ਰਹਿੰਦੇ। ਉਦੋਂ ਲਗਾਤਾਰ ਦਸ-ਬਾਰਾਂ ਸੁਬਦ-ਚਿੱਤਰ 'ਆਰਸੀ' ਵਿਚ ਛਪੇ। ਫਿਰ ਹੋਰ ਅਖਬਾਰਾਂ-ਰਸਾਲਿਆਂ ਦੀ ਮੰਗ ਵੀ ਆਉਣ ਲੱਗੀ।

ਹੁਣ ਤੱਕ ਜਿਨ੍ਹਾਂ ਖਿਡਾਰੀਆਂ ਨੂੰ ਇਹਨੇ ਆਪਣੇ ਸ਼ਬਦਾਂ ਵਿਚ ਚਿੱਤਰਿਆ ਹੈ, ਉਨ੍ਹਾਂ ਦੀ ਗਿਣਤੀ ਦੋ ਸੌ ਨੂੰ ਪੁੱਜ ਗਈ ਹੈ। ਨਾਲ ਹੀ ਪਾਠਕ ਦੇਸੀ-ਵਿਦੇਸ਼ੀ ਖੇਡਾਂ ਦੀਆਂ ਬਾਰੀਕੀਆਂ ਜਾਣਨ ਦੀ ਉਤਸੁਕਤਾ ਦਿਖਾਉਣ ਲੱਗੇ ਤੇ ਇਹਨੇ ਸੌ ਦੇ ਲਗਭਗ ਖੇਡਾਂ ਦੀ ਜਾਣਕਾਰੀ ਅਖਬਾਰਾਂ-ਰਸਾਲਿਆਂ ਰਾਹੀਂ ਉਨ੍ਹਾਂ ਤੱਕ ਪੁੱਜਦੀ ਕਰ ਦਿੱਤੀ। 1978 ਵਿਚ ਇਹਦੀ ਪਹਿਲੀ ਪੁਸਤਕ 'ਪੰਜਾਬ ਦੇ ਉੱਘੇ ਖਿਡਾਰੀ' ਨਵਯੁਗ ਪਬਲਿਸ਼ਰਜ਼ ਨੇ ਪ੍ਰਕਾਸ਼ਿਤ ਕੀਤੀ, ਜਿਸ ਪਿੱਛੋਂ ਹੋਰ ਪੁਸਤਕਾਂ ਦੀ ਚੱਲ ਸੋ ਚੱਲ ਹੋ ਗਈ। ਇਹਦੀਆਂ ਖੇਡ-ਲਿਖਤਾਂ ਅਨੇਕ ਦੇਸਾਂ ਦੇ ਪੰਜਾਬੀ ਅਖਬਾਰਾਂ ਵਿਚ ਛਪ ਕੇ ਬਹੁਤ ਵੱਡੇ ਪਾਠਕ-ਘੇਰੇ ਤੱਕ ਪੁਜਦੀਆਂ ਹਨ।

ਪ੍ਰਸਿੱਧ ਕਵੀ ਜਨਾਬ ਮਜਰੂਹ ਸੁਲਤਾਨਪੁਰੀ ਦਾ ਇਕ ਸ਼ਿਅਰ ਹੈ: "ਮੈਂ ਅਕੇਲਾ ਹੀ ਚਲਾ ਥਾ ਜਾਨਿਬ-ਏ-ਮੰਜ਼ਿਲ ਮਗਰ, ਲੋਗ ਸਾਥ ਆਤੇ ਗਏ ਔਰ ਕਾਰਵਾਂ ਬਨਤਾ ਗਿਆ!" ਖੇਡ-ਲੇਖਨ ਦੇ ਮਾਰਗ ਉੱਤੇ ਤੁਰਿਆ ਤਾਂ ਸਰਵਣ ਸਿੰਘ ਇਕੱਲਾ ਹੀ ਸੀ, ਪਰ ਕੁਝ ਹੀ ਸਾਲਾਂ ਮਗਰੋਂ ਸੱਜੇ-ਖੱਬੇ ਦੇਖਿਆ ਤਾਂ ਇਹਦੇ ਨਾਲ ਪੂਰਾ ਕਾਰਵਾਂ ਜੁੜ ਚੁਕਾ ਸੀ। ਕਈ ਹੋਰ ਲੇਖਕ ਵੀ ਅਖਬਾਰਾਂ-ਰਸਾਲਿਆਂ ਨੂੰ ਖੇਡ-ਲਿਖਤਾਂ ਭੇਜਣ ਲੱਗੇ। ਪੱਤਰ ਪ੍ਰੇਰਕ ਟੂਰਨਾਮੈਂਟਾਂ ਤੇ ਖੇਡ-ਮੇਲਿਆਂ ਦੀਆਂ ਖਬਰਾਂ ਵੱਲ ਧਿਆਨ ਦੇਣ ਲੱਗੇ। ਹੌਲੀ-ਹੌਲੀ ਸਭ ਰੋਜ਼ਾਨਾ ਅਖਬਾਰਾਂ ਨੇ ਇਕ ਪੰਨਾ ਖੇਡਾਂ-ਖਿਡਾਰੀਆਂ ਦੇ ਨਾਂ ਕਰਨਾ ਸ਼ੁਰੂ ਕਰ ਦਿੱਤਾ ਅਤੇ ਮਹੱਤਵਪੂਰਨ ਖੇਡ-ਉਤਸਵਾਂ ਦਾ ਸੱਜਰਾ ਹਾਲ ਆਪਣੇ ਪਾਠਕਾਂ ਤੱਕ ਪੁਜਦਾ ਕਰਨ ਵਾਸਤੇ ਵਿਸ਼ੇਸ਼ ਪ੍ਰਤੀਨਿਧ ਭੇਜਣੇ ਸ਼ੁਰੂ ਕਰ ਦਿੱਤੇ।

ਪੰਜਾਬ ਵਿਚ ਖੇਡ-ਮੇਲੇ ਤਾਂ ਕਈ ਲਗਦੇ ਹਨ, ਪਰ ਕਿਲਾ ਰਾਇਪੁਰ ਦੀਆਂ ਖੇਡਾਂ ਦੀ ਆਪਣੀ ਹੀ ਸ਼ਾਨ ਹੈ। ਉਥੇ ਅਣਗਿਣਤ ਵੰਨ-ਸੁਵੰਨੀਆਂ ਖੇਡਾਂ ਹੁੰਦੀਆਂ ਹੋਣ ਸਦਕਾ ਉਹਦਾ ਨਾਂ 'ਪੇਂਡੂ ਓਲੰਪਿਕ' ਪੈ ਗਿਆ ਹੈ। ਉਥੇ ਖੇਡ-ਲੇਖਕਾਂ ਤੇ ਪੱਤਰਕਾਰਾਂ ਦਾ ਵੀ ਮੇਲਾ ਜੁੜ ਜਾਂਦਾ ਹੈ। ਇਸ ਪਨੀਰੀ ਵਿਚੋਂ ਬਹੁਤ ਬੂਟੇ ਵਿਗਸੇ ਹਨ ਤੇ ਬਹੁਤ ਫੁੱਲ ਖਿੜੇ ਹਨ। ਹੁਣ ਪੰਜਾਬੀ ਵਿਚ ਚਾਲੀ ਤੋਂ ਵੱਧ ਖੇਡ-ਲੇਖਕ ਅਜਿਹੇ ਹਨ, ਜਿਨ੍ਹਾਂ ਦੀ ਘੱਟੋ-ਘੱਟ ਇਕ ਪੁਸਤਕ ਤਾਂ ਛਪੀ ਹੀ ਹੈ ਤੇ ਕਈਆਂ ਦੀਆਂ ਇਕ ਤੋਂ ਵੱਧ ਪੁਸਤਕਾਂ ਵੀ ਛਪੀਆਂ ਹਨ। ਸਵਾ ਸੌ ਤੋਂ ਵੱਧ ਖੇਡ-ਪੁਸਤਕਾਂ ਵਿਚ ਇਕੱਲੇ ਸਰਵਣ ਸਿੰਘ ਦਾ ਯੋਗਦਾਨ ਦੋ ਦਰਜਨ ਖੇਡ-ਪੁਸਤਕਾਂ ਨਾਲ ਪੰਜਵਾਂ ਹਿੱਸਾ ਬਣ ਜਾਂਦਾ ਹੈ!

ਏਨੀ ਗਿਣਤੀ ਵਿਚ ਇਹ ਰਚਨਾ ਇਹਨੇ ਆਪਣੇ ਲਿਖਣ-ਮੇਜ਼ ਉੱਤੇ ਬੈਠ ਕੇ ਹੀ ਨਹੀਂ ਕਰ ਦਿੱਤੀ। ਅਜਿਹਾ ਕਰਨਾ ਸੰਭਵ ਵੀ ਨਹੀਂ ਸੀ। ਇਹ ਕੋਈ ਕਾਲਪਨਿਕ ਸਾਹਿਤ ਨਹੀਂ ਸੀ, ਠੋਸ ਤੱਥਾਂ ਅਤੇ ਵੇਰਵਿਆਂ ਦੀ ਅੱਖੀਂ ਦੇਖੀ ਜਾਣਕਾਰੀ ਲੋੜਦਾ ਸੀ। ਪੇਂਡੂ ਟੂਰਨਾਮੈਂਟਾਂ ਤੋਂ ਲੈ ਕੇ ਕੌਮੀ ਖੇਡਾਂ, ਏਸ਼ੀਅਨ ਖੇਡਾਂ, ਕਾਮਨਵੈਲਥ ਖੇਡਾਂ ਤੇ ਵਿਸ਼ਵ ਕੱਪਾਂ ਵਿਚੋਂ ਦੀ ਹੁੰਦਿਆਂ ਓਲੰਪਿਕ ਖੇਡਾਂ ਤੇ ਅੰਤਰਰਾਸ਼ਟਰੀ ਕਬੱਡੀ ਮੇਲੇ, ਜੋ ਇਹਨੇ ਵੇਖੇ ਹੋਏ ਹਨ, ਉਨ੍ਹਾਂ ਦੀ ਗਿਣਤੀ ਸੈਂਕੜਿਆਂ ਵਿਚ ਹੈ। ਇਹਦੀਆਂ ਤਿੰਨ ਪੁਸਤਕਾਂ ਤਾਂ ਅੱਖੀਂ ਡਿੱਠੇ ਖੇਡ-ਮੇਲਿਆਂ ਬਾਰੇ ਹੀ ਛਪ ਚੁੱਕੀਆਂ ਹਨ। ਇਹਨੇ ਸੌ ਤੋਂ ਵੱਧ ਖੇਡ-ਮੇਲਿਆਂ ਵਿਚ ਕਬੱਡੀ ਦੇ ਮੈਚਾਂ ਦੀ ਰਸ-ਭਰੀ ਭਾਸ਼ਾ ਵਿਚ ਕੁਮੈਂਟਰੀ ਕਰ ਕੇ ਦਰਸ਼ਕਾਂ ਦੀ ਵਾਹ-ਵਾਹ ਖੱਟੀ ਹੈ। ਦਿੱਲੀ ਦੇ ਸਪਤਾਹਿਕ 'ਸਚਿੱਤਰ ਕੌਮੀ ਏਕਤਾ' ਵਿਚ "ਖੇਡ ਮੈਦਾਨ 'ਚੋਂ" ਨਾਂ ਦਾ ਕਾਲਮ ਪੰਦਰਾਂ ਸਾਲ ਚਲਾਉਣਾ ਇਹਦੀ ਕਲਮੀ ਸਮਰੱਥਾ ਦਾ ਪ੍ਰਮਾਣ ਹੈ।

ਪੁਸਤਕ 'ਪੰਜਾਬੀਆਂ ਦਾ ਖੇਡ ਸਭਿਆਚਾਰ' ਵਿਚ ਇਹਨੇ ਪਿੰਡ ਤੋਂ ਲੈ ਕੇ ਓਲੰਪਿਕ ਤੱਕ ਦੀਆਂ ਖੇਡਾਂ ਨਾਲ ਪੰਜਾਬੀਆਂ ਦੇ ਅਟੁੱਟ ਨਾਤੇ ਦੀ ਵਾਰਤਾ ਜਿਸ ਸੁਚੱਜ ਨਾਲ ਪੇਸ਼ ਕੀਤੀ ਹੈ, ਉਹ ਦਿਲਚਸਪ ਵੀ ਹੈ ਤੇ ਜਾਣਕਾਰੀ ਨਾਲ ਭਰਪੂਰ ਵੀ!

ਖੇਡ-ਮੇਲਿਆਂ ਦੀ ਵਿਸ਼ਾਲਤਾ ਇਹਦੀ ਸੋਚ ਅਨੁਸਾਰ ਦੇਖੋ, "ਸ੍ਰਿਸ਼ਟੀ ਇਕ ਮਹਾਂ-ਖੇਡ-ਮੇਲਾ ਹੈ ਤੇ ਬ੍ਰਹਿਮੰਡ ਉਸ ਦਾ ਵਿਸ਼ਾਲ ਖੇਡ-ਮੈਦਾਨ। ਧਰਤੀ, ਸੂਰਜ, ਚੰਦ, ਤਾਰੇ ਤੇ ਉਪਗ੍ਰਹਿ ਉਹਦੇ ਖਿਡਾਰੀ ਹਨ। ਦਿਨ-ਰਾਤ ਤੇ ਰੁੱਤਾਂ ਦੇ ਗੇੜ ਮੈਚਾਂ ਦਾ ਸਮਾਂ ਸਮਝੇ ਜਾ ਸਕਦੇ ਹਨ। ਜੀਵਨ ਇਕ ਖੇਡ ਹੀ ਤਾਂ ਹੈ! ਜੀਵ ਆਉਂਦੇ ਹਨ ਤੇ ਤੁਰਦੇ ਜਾਂਦੇ ਹਨ। ਕੋਈ ਜਿੱਤ ਰਿਹਾ ਹੈ, ਕੋਈ ਹਾਰ ਰਿਹਾ ਹੈ। ਜਿਹੜੇ ਜਿੱਤ ਜਾਂਦੇ ਹਨ, ਉਹ ਬੱਲੇ-ਬੱਲੇ ਕਰਾ ਜਾਂਦੇ ਹਨ ਤੇ ਜਿਹੜੇ ਹਾਰ ਜਾਂਦੇ ਹਨ, ਉਹ ਭੁੱਲ-ਭੁਲਾ ਜਾਂਦੇ ਹਨ। ਕੁਦਰਤ ਦੇ ਕਾਦਰ ਨੇ ਅਲੌਕਿਕ ਮੇਲਾ ਰਚਾ ਰੱਖਿਆ ਹੈ ਤੇ ਬਾਜ਼ੀ ਪਾ ਰੱਖੀ ਹੈ: ਬਾਜੀਗਰ ਬਾਜੀ ਪਾਈ, ਸਭ ਖਲਕ ਤਮਾਸ਼ੇ ਆਈ!"

ਇਹਦਾ ਲਿਖਣ-ਕਾਰਜ ਅੱਖੀਂ ਡਿੱਠੇ ਨੂੰ ਕਾਗਜ਼ ਉੱਤੇ ਸੰਭਾਲ ਲੈਣ ਤੱਕ ਸੀਮਤ ਨਹੀਂ, ਸਗੋਂ ਇਹਨੇ ਖੇਡਾਂ ਦੇ ਸੰਬੰਧ ਵਿਚ ਪੂਰੇ ਸਿਦਕ-ਸਿਰੜ ਨਾਲ ਨਵੀਂ ਖੋਜ ਵੀ ਕੀਤੀ ਹੈ। ਮਿਸਾਲ ਵਜੋਂ ਜਦੋਂ ਇਹ ਪੰਜਾਬੀ ਸਰੋਤਿਆਂ-ਦਰਸ਼ਕਾਂ ਨੂੰ ਦੱਸਦਾ ਹੈ ਕਿ ਪੰਜਾਬ ਦੀਆਂ ਨਿਰੋਲ ਆਪਣੀਆਂ ਦੇਸੀ ਖੇਡਾਂ ਦੀ ਗਿਣਤੀ ਸੌ ਤੋਂ ਵੱਧ ਹੈ, ਉਹ ਹੈਰਾਨ ਹੋਏ ਅਣਮੰਨੇ ਜਿਹੇ ਮਨ ਨਾਲ ਇਕ ਦੂਜੇ ਵੱਲ ਦੇਖਣ ਲਗਦੇ ਹਨ। ਪਰ ਜਦੋਂ ਇਹ ਦੱਸਦਾ ਹੈ ਕਿ ਸਤਾਸੀ ਪੰਜਾਬੀ ਖੇਡਾਂ ਦੀ ਜਾਣਕਾਰੀ ਤਾਂ ਇਹਨੇ ਆਪਣੀ ਪੁਸਤਕ 'ਪੰਜਾਬ ਦੀਆਂ ਦੇਸੀ ਖੇਡਾਂ' ਵਿਚ ਸ਼ਾਮਲ ਕੀਤੀ ਹੋਈ ਹੈ, ਉਹੋ ਸਰੋਤੇ ਇਹਦੀ ਕਲਮ ਨੂੰ ਧੰਨ ਆਖਦੇ ਹਨ।

ਇਸੇ ਤਰ੍ਹਾਂ ਦੀ ਖੋਜ ਨਾਲ ਇਹਨੇ ਪੰਜਾਬੀ ਹਾਕੀ-ਖਿਡਾਰੀਆਂ ਦੇ ਕੁਝ ਦਿਲਚਸਪ ਅੰਕੜੇ ਲੱਭੇ ਹਨ। ਜਦੋਂ ਓਲੰਪਿਕ ਖੇਡਾਂ ਵਿਚ ਭਾਰਤੀ ਹਾਕੀ ਦੀ ਝੰਡੀ ਸੀ, ਹਾਕੀ ਨੂੰ ਆਪਣੀ ਖਿੱਦੋ-ਖੂੰਡੀ ਦਾ ਨੇਮਬੱਧ ਰੂਪ ਸਮਝਣ ਵਾਲੇ ਪੰਜਾਬੀ ਖਿਡਾਰੀ ਭਾਰਤੀ ਟੀਮ ਵਿਚ ਮੋਹਰੀ ਭੂਮਿਕਾ ਨਿਭਾਉਂਦੇ ਸਨ। 1928 ਤੋਂ 2012 ਤੱਕ ਦੇ ਓਲੰਪਿਕ ਹਾਕੀ ਮੁਕਾਬਲਿਆਂ ਵਿਚ 137 ਸਿੱਖ ਖਿਡਾਰੀ ਖੇਡੇ ਤੇ ਉਨ੍ਹਾਂ ਨੇ 254 ਗੋਲ ਕੀਤੇ। ਇਹ ਉਨ੍ਹਾਂ ਨੌਂ ਦੇਸਾਂ ਦੀ ਜਾਣਕਾਰੀ ਵੀ ਦਿੰਦਾ ਹੈ, ਜਿਨ੍ਹਾਂ ਦੀਆਂ ਓਲੰਪਿਕ ਹਾਕੀ ਟੀਮਾਂ ਵਿਚ ਸਿੱਖ ਖਿਡਾਰੀ ਸ਼ਾਮਲ ਰਹੇ। 1972 ਦੀਆਂ ਮਿਊਨਿਖ ਓਲੰਪਿਕ ਖੇਡਾਂ ਵਿਚ ਜਦੋਂ ਯੂਗੰਡਾ ਤੇ ਜਰਮਨੀ ਵਿਚਕਾਰ ਹਾਕੀ ਦਾ ਮੁਕਾਬਲਾ ਹੋਇਆ, ਯੂਗੰਡਾ ਦੀ ਟੀਮ ਵਿਚ ਕਪਤਾਨ ਸਮੇਤ ਦਸ ਸਿੱਖ ਖਿਡਾਰੀ ਦੇਖ ਕੇ ਦਰਸ਼ਕ ਸਮਝਦੇ ਰਹੇ ਕਿ ਮੁਕਾਬਲਾ ਭਾਰਤ ਤੇ ਜਰਮਨੀ ਵਿਚਕਾਰ ਹੈ। ਜਦੋਂ ਕੀਨੀਆ ਤੇ ਯੂਗੰਡਾ ਵਿਚਕਾਰ ਮੈਚ ਹੋਇਆ ਤਾਂ ਦੋਵਾਂ ਟੀਮਾਂ ਵਿਚ ਸਿੱਖ ਖਿਡਾਰੀਆਂ ਦੀ ਗਿਣਤੀ ਦੇਖ ਕੇ ਇਉਂ ਲੱਗਿਆ ਜਿਵੇਂ ਮੈਚ ਦੋ ਦੇਸਾਂ ਵਿਚਕਾਰ ਨਹੀਂ, ਦੋ ਖਾਲਸਾ ਕਾਲਜਾਂ ਵਿਚਕਾਰ ਹੋ ਰਿਹਾ ਹੋਵੇ! ਪੰਜਾਬੀ ਖਿਡਾਰੀਆਂ ਨੇ ਕੁਸ਼ਤੀ ਤੇ ਕਬੱਡੀ ਵਰਗੀਆਂ ਦੇਸੀ ਖੇਡਾਂ ਦੇ ਨਾਲ ਪੱਛਮ ਤੋਂ ਆਈਆਂ ਹੋਰ ਖੇਡਾਂ ਵਿਚ ਵੀ ਖੂਬ ਨਾਮਣਾ ਖੱਟਿਆ ਅਤੇ ਉਨ੍ਹਾਂ ਨੂੰ ਪੰਜਾਬ ਦੀ ਧਰਤੀ ਨਾਲ ਲਿਆ ਜੋੜਿਆ। ਇਹਦੀਆਂ ਖੇਡ-ਲਿਖਤਾਂ ਵਿਚ ਅਜਿਹੀਆਂ ਅਨੇਕ ਦਿਲਚਸਪ ਗੱਲਾਂ ਪੜ੍ਹਨ ਨੂੰ ਮਿਲਦੀਆਂ ਹਨ।

ਜਦੋਂ ਇਹਨੇ ਖੇਡਾਂ-ਖਿਡਾਰੀਆਂ ਬਾਰੇ ਲਿਖਣਾ ਸ਼ੁਰੂ ਕੀਤਾ ਸੀ ਤਾਂ ਇਕ ਸਾਹਿਤਕ ਗੋਸ਼ਟੀ ਵਿਚ ਕਿਸੇ ਆਲੋਚਕ ਦਾ ਕਹਿਣਾ ਸੀ ਕਿ ਖੇਡਾਂ ਨਾਲ ਸੰਬੰਧਿਤ ਲਿਖਤਾਂ ਨੂੰ ਸਾਹਿਤ ਨਹੀਂ ਮੰਨਿਆ ਜਾ ਸਕਦਾ। ਅੱਜ ਉਹ ਆਲੋਚਕ ਸ਼ਾਇਦ ਆਪਣੇ ਬੋਲਾਂ ਕਰਕੇ ਮੂੰਹ ਛੁਪਾਉਂਦਾ ਹੋਵੇ। ਹੁਣ ਪੰਜਾਬੀ ਸਾਹਿਤ ਵਿਚ ਖੇਡ-ਲਿਖਤਾਂ ਨੂੰ ਸਿਰਫ ਇਕ ਵਿਧਾ ਹੀ ਨਹੀਂ ਮੰਨਿਆ ਜਾਂਦਾ, ਸਗੋਂ ਹੋਰ ਵਿਧਾਵਾਂ ਵਾਂਗ ਇਸ ਨਾਲ ਸੰਬੰਧਿਤ ਖੋਜ-ਕਾਰਜ ਕਰਦਿਆਂ ਕਈ ਖੋਜਾਰਥੀ ਐਮ. ਫਿਲ. ਤੇ ਪੀਐਚ. ਡੀ. ਕਰ ਚੁਕੇ ਹਨ ਤੇ ਕਈ ਕਰ ਰਹੇ ਹਨ।

ਖਿਡਾਰੀਆਂ ਦੇ ਸ਼ਬਦ-ਚਿੱਤਰ ਲਿਖਦਾ-ਲਿਖਦਾ ਇਹ ਹੋਰ ਜਾਣੇ-ਪਛਾਣੇ, ਮੰਨੇ-ਪ੍ਰਮੰਨੇ ਤੇ ਪ੍ਰਸਿੱਧ ਵਿਅਕਤੀਆਂ ਦੇ ਸ਼ਬਦ-ਚਿੱਤਰ ਲਿਖਣ ਲੱਗ ਪਿਆ। ਅਜਿਹੇ ਬੰਦਿਆਂ ਦੀ ਵੀ ਕੋਈ ਗਿਣਤੀ ਨਾ ਰਹੀ। ਇਹਦੀ ਰਚਨਾ ਦੀ ਗੱਲ ਚੱਲਿਆਂ ਮੇਰੇ ਜ਼ਿਹਨ ਵਿਚ ਉਹ ਕਿਸਾਨ ਉਭਰ ਆਉਂਦਾ ਹੈ, ਜੋ ਮੁੜ੍ਹਕਾ-ਵਹਾਊ ਮਿਹਨਤ ਨਾਲ ਵਾਹੀ, ਬੀਜੀ, ਗੋਡੀ, ਸਿੰਜੀ ਤੇ ਸਮੇਟੀ ਸੁਨਹਿਰੀ ਕਣਕ ਦੇ ਵੱਡੇ, ਉੱਚੇ, ਭਾਰੇ-ਗੌਰੇ ਬੋਹਲ ਕੋਲ ਖੜ੍ਹਾ ਮੁਸਕਰਾ ਕੇ ਕਹਿ ਰਿਹਾ ਹੋਵੇ, "ਲਉ ਬਈ, ਆਪਣੀ ਮਿਹਨਤ ਸੁਹਣੀ ਪੱਲੇ ਪੈ ਗਈ!" ਇਹ ਲੰਮੇ, ਡੂੰਘੇ ਤੇ ਘੋਖਵੇਂ ਅਨੁਭਵ ਵਿਚੋਂ ਕੋਈ ਪੱਖ ਚੁਣਦਾ, ਸਿਮਰਦਾ, ਵਿਉਂਤਦਾ, ਤਰਤੀਬਦਾ ਹੈ ਤੇ ਉਹਨੂੰ ਖੂਬਸੂਰਤ ਵਾਰਤਕ ਵਿਚ ਸਾਕਾਰ ਕਰ ਕੇ ਸੰਤੁਸ਼ਟ ਹੋਇਆ ਮਿੱਤਰ-ਪਿਆਰਿਆਂ ਤੇ ਪਾਠਕਾਂ ਨੂੰ ਆਖਦਾ ਹੈ, "ਲਉ ਬਈ, ਆਪਣੀ ਇਹ ਕਿਤਾਬ ਵੀ ਵਾਹਵਾ ਬਣ ਗਈ! ਪੜ੍ਹ ਕੇ ਦੱਸੋ, ਕਿਵੇਂ ਰਹੀ!" ਕਿਸਾਨ ਦੀ ਕਣਕ ਵਾਂਗ ਇਹਦੀ ਨਵੀਂ ਪੁਸਤਕ ਵੀ ਹੁਣ ਹਰ ਸਾਲ ਆਉਂਦੀ ਹੈ।

ਇਹ ਤੋਰੇ-ਫੇਰੇ ਵਾਲਾ ਲੇਖਕ ਹੈ। ਇਹ ਤੋਰਾ-ਫੇਰਾ ਵਿਧਾਵਾਂ ਤੱਕ ਹੀ ਸੀਮਤ ਨਹੀਂ, ਸਗੋਂ ਇਹਦੀ ਜੀਵਨ-ਜਾਚ ਤੇ ਜੀਵਨ-ਸ਼ੈਲੀ ਹੈ। ਇਹਦਾ ਮੁੱਢ ਇਹਨੇ ਪ੍ਰਾਇਮਰੀ ਤੋਂ ਯੂਨੀਵਰਸਿਟੀ ਤੱਕ ਅੱਧੀ ਦਰਜਨ ਸਕੂਲ-ਕਾਲਜ ਬਦਲ ਕੇ ਬੰਨ੍ਹ ਦਿੱਤਾ ਸੀ। ਇਸ ਉਮਰੇ ਵੀ ਇਹ ਇਕ ਛਿਮਾਹੀ ਭਾਰਤ ਤੇ ਦੂਜੀ ਛਿਮਾਹੀ ਕੈਨੇਡਾ ਵਿਚਰਨ ਦੇ ਮੁੱਖ ਤੋਰੇ-ਫੇਰੇ ਦੇ ਅੰਦਰ ਹੋਰ ਤੋਰੇ-ਫੇਰੇ ਬਣਾਈ ਰੱਖਦਾ ਹੈ। ਦੇਸ ਆਉਂਦਾ ਹੈ ਤਾਂ ਸ਼ਹਿਰਾਂ-ਪਿੰਡਾਂ ਵਿਚ ਹੁੰਦੇ ਸਾਹਿਤਕ, ਸਭਿਆਚਾਰਕ ਤੇ ਖੇਡ ਮੇਲਿਆਂ ਵਿਚ ਹਾਜ਼ਰ-ਨਾਜ਼ਰ ਰਹਿੰਦਾ ਹੈ, ਪਰਦੇਸ ਹੋਵੇ ਤਾਂ ਦੱਸੇਗਾ, ਅਮਰੀਕਾ, ਇੰਗਲੈਂਡ ਜਾਂ ਅਮਕੇ ਦੇਸ ਖੇਡ-ਮੇਲੇ ਵਾਲਿਆਂ ਨੇ ਸੱਦਿਆ ਸੀ, ਉਥੇ ਹਫਤਾ ਲਾ ਕੇ ਆਇਆ ਹਾਂ। ਇਹ ਲਗਾਤਾਰ ਤੋਰਾ-ਫੇਰਾ ਇਹਦੇ ਅਨੁਭਵ ਦਾ ਆਧਾਰ ਹੈ ਤੇ ਇਹ ਅਨੁਭਵ ਵਗਣ ਲਈ ਬੇਚੈਨ ਰਹਿੰਦੀ ਇਹਦੀ ਕਲਮ ਵਾਸਤੇ ਅਮੁੱਕ ਆਧਾਰ-ਸਮਗਰੀ ਬਣਦਾ ਹੈ।

ਇਹਦੀ ਪੱਕੀ-ਰਸੀ ਕਲਮ ਭਾਸ਼ਾਈ ਆਨੰਦ ਤਾਂ ਦਿੰਦੀ ਹੀ ਹੈ, ਇਹਦੀਆਂ ਮਨੁੱਖੀ ਸਾਂਝਾਂ ਦੀ ਥਾਹ ਵੀ ਪੁਆਉਂਦੀ ਹੈ। ਪਾਠਕ ਹੈਰਾਨ ਹੁੰਦਾ ਹੈ ਕਿ ਇਹ ਕਿਹੜੇ-ਕਿਹੜੇ ਖੇਤਰ ਦੇ ਕਿਸ-ਕਿਸ ਮਹਾਂਰਥੀ ਨਾਲ ਜਾ ਸਾਂਝ ਪਾਉਂਦਾ ਹੈ, ਸਾਂਝ ਵੀ ਸਤਹੀ ਜਾਂ ਕੰਮ-ਚਲਾਊ ਨਹੀਂ, ਸਗੋਂ ਏਨੀ ਗੂੜ੍ਹੀ ਕਿ ਸੰਬੰਧਿਤ ਵਿਅਕਤੀ ਦੀ ਤਸਵੀਰ ਪੇਸ਼ ਨਹੀਂ ਕਰਦਾ ਜਿਸ ਵਿਚੋਂ ਉਹਦਾ ਸਿਰਫ ਬਾਹਰਲਾ ਰੂਪ ਦਿਖਾਈ ਦੇਵੇ, ਸਗੋਂ ਚਿਤਰ ਪੇਸ਼ ਕਰਦਾ ਹੈ ਜਿਸ ਦੇ ਹਾਵਭਾਵ ਵਿਚੋਂ ਉਹਦਾ ਅੰਤਰ-ਮਨ ਵੀ ਸਾਫ ਦਿਸਦਾ ਹੋਵੇ। ਇਉਂ ਇਹਦੇ ਪਾਤਰ ਦੀ ਸੰਪੂਰਨ ਹੋਂਦ ਸਾਡੇ ਸਾਹਮਣੇ ਰੂਪਮਾਨ ਹੋ ਜਾਂਦੀ ਹੈ। ਇਸ ਤੋਂ ਵੀ ਅੱਗੇ, ਇਹਦੇ ਪਾਤਰ ਦੇ ਦਰਸ਼ਨਾਂ ਵਿਚੋਂ ਨਾਲੋ-ਨਾਲ ਪੰਜਾਬ, ਪੰਜਾਬੀ ਰਹਿਤਲ, ਪੰਜਾਬੀ ਸੁਭਾਅ ਦੇ ਵੀ ਦਰਸ਼ਨ ਹੁੰਦੇ ਜਾਂਦੇ ਹਨ। ਇਸ ਕਰਕੇ ਇਹ ਰਚਨਾਵਾਂ ਇਕ ਤਰ੍ਹਾਂ ਨਾਲ ਪਿਛਲੇ ਦਹਾਕਿਆਂ ਦੇ, ਪਰ ਹੁਣ ਲੋਪ ਹੋ ਰਹੇ ਪੰਜਾਬ ਦੀਆਂ ਇਤਿਹਾਸਕ ਦਸਤਾਵੇਜ਼ਾਂ ਵੀ ਬਣ ਜਾਂਦੀਆਂ ਹਨ।

ਫਾਰਸੀ ਦੀ ਕਹਾਵਤ ਅਨੁਸਾਰ ਹਮਜਿਨਸ ਪਰਿੰਦੇ ਹੀ ਇਕੱਠੇ ਉਡਦੇ ਹਨ, ਜਿਸ ਕਰਕੇ ਕਬੂਤਰ ਕਬੂਤਰਾਂ ਨਾਲ ਉਡਦੇ ਹਨ ਤੇ ਬਾਜ ਬਾਜਾਂ ਨਾਲ। ਲੇਖਕ ਆਮ ਕਰਕੇ ਲੇਖਕਾਂ ਦੇ ਸ਼ਬਦ-ਚਿੱਤਰ ਲਿਖਦੇ ਹਨ। ਸਰਵਣ ਸਿੰਘ ਨੇ ਖੇਡ-ਲੇਖਕ ਹੋਣ ਸਦਕਾ ਅਨੇਕ ਖਿਡਾਰੀਆਂ ਦੇ ਤੇ ਲੇਖਕ ਹੋਣ ਕਰਕੇ ਕਈ ਲੇਖਕਾਂ ਦੇ ਸ਼ਬਦ-ਚਿੱਤਰ ਲਿਖੇ ਹਨ। ਫਿਰ ਉਹ ਲੇਖਕਾਂ ਤੋਂ ਅੱਗੇ ਲੰਘ ਕੇ ਅਜਿਹੇ ਭਲੇ ਮਨੁੱਖਾਂ ਦੇ ਸ਼ਬਦ-ਚਿੱਤਰ ਲਿਖਣ ਲੱਗ ਪਿਆ, ਜੋ ਖੇਡਾਂ ਤੇ ਸਾਹਿਤ ਤੋਂ ਇਲਾਵਾ ਵੱਖ-ਵੱਖ ਜੀਵਨ-ਖੇਤਰਾਂ ਨਾਲ ਜੁੜੇ ਹੋਏ ਹਨ। ਇਹਦੀ ਅਜਿਹੀ ਇਕ ਪੁਸਤਕ ਪੰਜਾਬ ਦੇ ਕੋਹੇਨੂਰ

(ਬਾਕੀ ਅਗਲੇ ਸਫੇ 'ਤੇ)

# ਗੁਰਬਚਨ ਸਿੰਘ ਭੁੱਲਰ ਦੀ ਕਲਮ ਤੋਂ

*(ਪਿਛਲੇ ਸਫੇ ਦੀ ਬਾਕੀ)*

ਪੜ੍ਹੀ ਤਾਂ ਨੌਂ ਅਜਿਹੀਆਂ ਸ਼ਖਸੀਅਤਾਂ ਦੇ ਦਰਸ਼ਨ ਹੋਏ, ਜਿਹੋ ਜਿਹੀਆਂ ਸਦਕਾ ਕਿਸੇ ਵੀ ਭਾਈਚਾਰੇ ਦਾ ਫਖਰ ਮਹਿਸੂਸ ਕਰਨਾ ਕੁਦਰਤੀ ਹੁੰਦਾ ਹੈ। ਅਜਿਹੇ ਮਨੁੱਖ ਆਪਣੇ ਲੋਕਾਂ ਦਾ ਮਾਣ ਤਾਂ ਹੁੰਦੇ ਹੀ ਹਨ, ਉਨ੍ਹਾਂ ਦੀ ਪਛਾਣ ਵੀ ਹੁੰਦੇ ਹਨ।

ਜ਼ਿੰਦਗੀ ਕਿਸੇ ਨੂੰ ਜਿਸ ਖੇਤਰ ਵਿਚ ਵੀ ਲੈ ਪਹੁੰਚੀ, ਉਹਨੇ ਉਸੇ ਖੇਤਰ ਵਿਚ ਆਪਣੀ ਕਰਨੀ ਤੇ ਕੀਰਤੀ ਦਾ ਝੰਡਾ ਗੱਡ ਦਿੱਤਾ। ਇਸੇ ਆਧਾਰ ਉੱਤੇ ਮੇਰਾ ਇਹ ਕਹਿਣਾ ਵਾਜਬ ਹੈ ਕਿ ਇਸ ਪੁਸਤਕ ਨਾਲ ਸਰਵਣ ਸਿੰਘ ਨੇ ਪੰਜਾਬ ਦੇ ਨੌਂ ਸਰਵਣ ਪੁੱਤਰਾਂ ਬਾਰੇ ਸਾਨੂੰ ਪਹਿਲਾਂ ਤੋਂ ਹਾਸਲ ਨੇੜਲੀ ਪਛਾਣ ਵਿਚ ਹੋਰ ਨਿੱਗਰ ਵਾਧਾ ਕਰ ਦਿੱਤਾ ਹੈ! ਇਹ ਅਜਿਹੇ ਕਰਾਮਾਤੀ ਚਿਰਾਗ ਹਨ ਕਿ ਜਿਸ ਕਿਸੇ ਦਾ ਸਾਹਾਂ ਦਾ ਤੇਲ ਮੁੱਕ ਵੀ ਗਿਆ, ਉਹਦੀ ਤੇਜੱਸਵੀ ਕਰਨੀ-ਕੀਰਤੀ ਦੀ ਬੱਤੀ ਪਹਿਲਾਂ ਵਾਂਗ ਹੀ ਪ੍ਰਕਾਸ਼ਮਾਨ ਰਹੀ। ਜੀਵਨ ਦੇ ਅੰਤ ਦੇ ਬਾਵਜੂਦ ਜਸ ਦੀ ਅਮਰਤਾ ਨਸੀਬ ਵਾਲਿਆਂ ਦੇ ਹਿੱਸੇ ਹੀ ਆਉਂਦੀ ਹੈ! ਲੇਖਕ ਜਦੋਂ ਉਨ੍ਹਾਂ ਨੂੰ ਪੰਜਾਬ ਦੇ ਕੋਹੇਨੂਰ ਆਖਦਾ ਹੈ, ਉਹ ਇਸੇ ਤੇਜੱਸਵੀ ਕਰਨੀ-ਕੀਰਤੀ ਅਤੇ ਅਮਰਤਾ ਵੱਲ ਹੀ ਸੰਕੇਤ ਕਰ ਰਿਹਾ ਹੁੰਦਾ ਹੈ।

ਮੈਨੂੰ ਨਹੀਂ ਪਤਾ, ਸਰਵਣ ਸਿੰਘ ਨੂੰ ਇਸ ਪੁਸਤਕ ਲਈ ਇਨ੍ਹਾਂ ਹਸਤੀਆਂ ਦੀ ਚੋਣ ਕਰਨ ਸਮੇਂ ਇਕ ਸਾਂਝੇ ਗੁਣ ਦਾ ਖਿਆਲ ਆਇਆ ਸੀ ਕਿ ਨਹੀਂ, ਪਰ ਕੁਦਰਤ ਦੀ ਕਰਾਮਾਤ ਦੇਖੋ, ਸਾਰੇ ਦੇ ਸਾਰੇ ਸਾਊ-ਸਨਿਮਰ! ਜਿੰਨੇ ਮੱਤ ਦੇ ਉੱਚੇ, ਓਨੇ ਮਨ ਦੇ ਨੀਵੇਂ! ਸਾਡੇ ਵਿਸ਼ਵੀ ਪੰਜਾਬੀ ਪੁਰਖੇ, ਬਾਬਾ ਨਾਨਕ ਦੇ ਭਾਰੇ-ਗੌਰੇ ਸੱਚੇ ਸਿੱਖ ਜਿਸ ਨੇ ਸਾਡੇ ਵਾਸਤੇ "ਧਰਿ ਤਾਰਾਜੂ ਤੋਲੀਐ ਨਿਵੈ ਸੁ ਗਉਰਾ ਹੋਇ" ਦੇ ਵਚਨ ਨਾਲ ਚਲਨ-ਚਰਿੱਤਰ ਦੀ ਖਰੀ ਕਸਵੱਟੀ ਮਿਥ ਦਿੱਤੀ ਸੀ। ਕੋਈ ਇਕ ਵੀ ਅਜਿਹਾ ਨਹੀਂ, ਜਿਸ ਕੋਲ ਬੈਠ ਗੱਲਾਂ ਕਰਦਿਆਂ ਉਹਦੀ ਹਉਂ ਦੀ ਹੁਮਕ ਤੁਹਾਨੂੰ ਉਹਤੋਂ ਥੋੜ੍ਹਾ ਜਿਹਾ ਦੂਰ ਸਰਕਣ ਵਾਸਤੇ ਆਖੇ, ਸਗੋਂ ਹਰੇਕ ਦੀ ਤੁਹਾਡੇ ਆਪਣੇ ਵਡੇਰੇ ਵਾਲੀ ਮੇਰ ਦੀ ਮਹਿਕ ਉਹਦੇ ਹੋਰ ਗੋਡੇ-ਮੁੱਢ ਲੱਗ ਕੇ ਬੈਠਣ ਵਾਸਤੇ ਸੈਨਤਾਂ ਕਰਦੀ ਹੈ।

ਇਕ ਗੱਲ ਹੋਰ। ਦੂਜੇ ਦੀ ਨਿਰਮਲਤਾ ਦੇਖਣ ਵਾਸਤੇ ਆਪਣਾ ਮਨ ਵੀ ਨਿਰਮਲ ਚਾਹੀਦਾ ਹੈ। ਅੱਖਾਂ ਵਿਚ ਗਹਿਰ-ਗੰਧਲ ਹੋਵੇ ਤਾਂ ਦਿੱਸਣ ਵਾਲੀ ਉਜਲੀ ਚੀਜ਼ ਵੀ ਗੰਧਲੀ ਲਗਦੀ ਹੈ। ਸਾਹਿਤ ਦਾ ਪਿੜ ਵੀ ਹੁਣ ਖਾਸਾ ਗੰਧਲ ਗਿਆ ਹੈ। ਈਰਖਾ, ਸਾੜਾ, ਕਿੜ, ਖਿਝ ਹੁਣ ਸਾਹਿਤਕ ਖੇਤਰ ਦੇ ਵੀ ਸਧਾਰਨ ਵਰਤਾਰੇ ਹਨ। ਆਪਣੀ ਲਕੀਰ ਵੱਡੀ ਸਿੱਧ ਕਰਨ ਵਾਸਤੇ ਦੂਜੇ ਦੀ ਲਕੀਰ ਨੂੰ ਕੱਟਿਆ ਜਾਂਦਾ ਹੈ। ਇਸੇ ਕਰਕੇ ਸਾਹਿਤ ਵਰਗੇ ਕਲਿਆਣਕਾਰੀ ਖੇਤਰ ਦੀ ਹਾਲਤ "ਪੈਰ ਹਲਾਇਨਿ ਫੇਰਨਿ ਸਿਰ, ਉਡਿ ਉਡਿ ਰਾਵਾ ਝਾਟੈ ਪਾਇ" ਵਾਲੀ ਬਣੀ ਹੋਈ ਹੈ ਅਤੇ ਬਹੁਤੇ ਕਲਮਕਾਰ ਮਾਨਤਾ ਤੇ ਇਨਾਮਾਂ-ਸਨਮਾਨਾਂ ਦੀਆਂ "ਰੋਟੀਆ ਕਾਰਣਿ ਪੂਰਹਿ ਤਾਲ!" ਇਸ "ਦਾਵਾ ਅਗਨਿ ਬਹੁਤੁ ਤ੍ਰਿਣ ਜਾਲੇ ਕੋਈ ਹਰਿਆ ਬੂਟੁ ਰਹਿਓ ਰੀ" ਵਾਲੀ ਆਪਾ-ਧਾਪੀ ਵਿਚ "ਵਿਰਲੇ ਕੇਈ ਕੇਇ" ਲੇਖਕ ਹੀ ਮੂਲ ਮਾਨਵੀ ਚਰਿਤਰ ਕਾਇਮ ਰੱਖ ਸਕੇ ਹਨ। ਸਰਵਣ ਸਿੰਘ ਉਨ੍ਹਾਂ ਵਿਚੋਂ ਹੈ। ਦਹਾਕਿਆਂ ਲੰਮੇ ਵਾਹ ਵਿਚ ਨਾ ਮੈਂ ਕਦੀ ਇਹਦਾ ਸਿਦਕ-ਸੰਤੁਲਨ ਡੋਲਿਆ ਦੇਖਿਆ ਹੈ ਤੇ ਨਾ ਕਦੀ ਇਹਦਾ ਸਹਿਜ-ਸੰਤੋਖ ਉਖੜਿਆ ਮਹਿਸੂਸ ਕੀਤਾ ਹੈ। ਕਿਸੇ ਦੀ ਨਿੰਦਿਆ-ਚੁਗਲੀ ਇਹਨੂੰ ਕਰਨੀ ਹੀ ਨਹੀਂ ਆਉਂਦੀ!

ਇਸ ਪੁਸਤਕ ਵਿਚ ਸ਼ਾਮਲ ਹਰ ਵਿਅਕਤੀ ਦੀ ਸੰਪੂਰਨ ਸ਼ਖਸੀਅਤ ਵੀ ਇਸੇ ਲਈ ਚਿਤਰ ਸਕਿਆ ਹੈ ਕਿ ਇਹ ਜੇ ਕਿਸੇ ਨਾਲ ਵੀ ਜੋੜਦਾ ਹੈ, ਤਰਦਾ ਤਰਦਾ ਸਤਹੀ ਨਾਤਾ ਨਹੀਂ ਜੋੜਦਾ। ਇਹ ਦੋਸਤੀ ਗੰਢਦਾ ਹੈ ਤਾਂ ਅਗਲੇ ਦੇ ਦਿਲ ਵਿਚ ਆਲ੍ਹਣਾ ਪਾਉਂਦਾ ਹੈ। ਦੋਸਤ ਦਾ ਘਰ ਇਹਦਾ ਆਪਣਾ ਘਰ ਤੇ ਪਰਿਵਾਰ ਆਪਣਾ ਪਰਿਵਾਰ ਹੋ ਜਾਂਦਾ ਹੈ। ਇਹਦਾ ਫੋਨ ਆਉਂਦਾ ਹੈ ਤਾਂ ਮੇਰੇ ਲਿਖਣ-ਪੜ੍ਹਨ ਦੇ ਨਾਲ-ਨਾਲ ਇਕੱਲੇ-ਇਕੱਲੇ ਜੀਅ ਦੀ ਸੁੱਖਸਾਂਦ ਪੁਛਦਾ ਹੈ। ਮੇਰਾ ਯਕੀਨ ਹੈ, ਜੇ ਮੈਂ ਦਿੱਲੀ ਵਿਚ ਮੱਝ ਰੱਖੀ ਹੋਈ ਹੋਵੇ, ਇਹ ਅੱਜ ਵੀ ਕੈਨੇਡਾ ਤੋਂ ਪੁੱਛੇ, "ਆਪਣੀ ਮੱਝ ਭਲਾ ਕਿੰਨ੍ਹਵੇਂ ਸੂਏ ਹੋ ਗਈ? ਦੁੱਧ ਕਿੰਨਾ ਕੁ ਦੇਈ ਜਾਂਦੀ ਐ?" ਤੇ ਫੇਰ ਇਹ ਸਲਾਹ ਦੇਣੀ ਵੀ ਨਾ ਭੁੱਲੇ, "ਓ ਭਾਈ, ਖਲ-ਵੜੇਵਿਆਂ ਦਾ ਜ਼ਮਾਨਾ ਤਾਂ ਹੁਣ ਗਿਆ। ਇਹਨੂੰ ਮੰਡੀਓਂ ਲਿਆ ਕੇ ਫੀਡ ਪਾਇਆ ਕਰੋ। ਉਹਦੇ ਨਾਲ ਧਾਰਾਂ ਵਧ ਜਾਣਗੀਆਂ।"

ਜਦੋਂ ਸਾਡੀਆਂ ਪੀੜ੍ਹੀਆਂ ਇਮਤਿਹਾਨ ਦੇਣ ਲਈ ਕਹਾਣੀ ਬਾਰੇ ਪੜ੍ਹਦੀਆਂ ਸਨ, ਉਨ੍ਹਾਂ ਨੂੰ ਆਦਿ, ਮੱਧ ਤੇ ਅੰਤ ਬਾਰੇ ਦਸਦਿਆਂ ਇਹ ਦ੍ਰਿੜ੍ਹ ਕਰਵਾਇਆ ਜਾਂਦਾ ਸੀ, ਕਾਮਯਾਬ ਕਹਾਣੀ ਦੀ ਇਕ ਲਾਜ਼ਮੀ ਸ਼ਰਤ ਇਹ ਹੁੰਦੀ ਹੈ ਕਿ ਉਹਦਾ ਆਦਿ ਪਾਠਕ ਵਾਸਤੇ ਖਿੱਚ-ਭਰਪੂਰ ਹੋਵੇ। ਸਰਵਣ ਸਿੰਘ, ਕਹਾਣੀ ਵਾਲਾ ਇਹ ਗੁਰ ਚੇਤੇ ਰਖਦਿਆਂ, ਆਪਣੇ ਪਾਤਰ ਦੀ ਸ਼ਖਸੀਅਤ ਦੀ ਗੱਲ ਅਜਿਹੇ ਸਾਰ-ਤੱਤ ਨਾਲ ਸ਼ੁਰੂ ਕਰਦਾ ਹੈ ਕਿ ਫਿਰ ਇਹਨੂੰ ਪਾਠਕ ਦਾ ਸਾਥ ਬਣਾਈ ਰੱਖਣ ਦੀ ਚਿੰਤਾ ਨਹੀਂ ਰਹਿ ਜਾਂਦੀ। ਕਲਮ ਢਲਵਾਨੀ ਪਾਣੀ ਵਾਂਗ ਵਹਿੰਦੀ ਜਾਂਦੀ ਹੈ ਤੇ ਪਾਠਕ ਰਚਨਾ ਦੀਆਂ ਖੁਸ਼ੀਆਂ-ਗਮੀਆਂ, ਉਦਾਸੀਆਂ-ਮੁਸਕਰਾਹਟਾਂ ਦਾ ਭਾਈਵਾਲ ਬਣ ਕੇ ਕੀਲਿਆ ਹੋਇਆ ਇਹਦੇ ਨਾਲ-ਨਾਲ, ਪਿੱਛੇ-ਪਿੱਛੇ ਵਗਿਆ ਤੁਰਿਆ ਆਉਂਦਾ ਹੈ।

ਡਾ. ਸਰਦਾਰਾ ਸਿੰਘ ਜੌਹਲ ਮੰਨਿਆ-ਪ੍ਰਮੰਨਿਆ ਅਰਥ-ਸ਼ਾਸਤਰੀ ਹੋਣ ਦੇ ਨਾਲ-ਨਾਲ ਸਾਹਿਤ ਤੇ ਸਭਿਆਚਾਰ ਦਾ ਰਸੀਆ ਵੀ ਹੈ ਤੇ ਸਰਪ੍ਰਸਤ ਵੀ। ਸਮਰੱਥਾ ਏਨੀ ਕਿ ਸਾਡੀ ਕਿਸੇ ਪੰਜਾਬ ਸਰਕਾਰ ਨੇ ਉਹਨੂੰ ਪੂਰੀ ਤਰ੍ਹਾਂ ਵਰਤਣ ਦੀ ਸਮਰੱਥਾ ਨਹੀਂ ਦਿਖਾਈ। ਕਾਬਲੀਅਤ ਵੱਡੀ, ਸਰਕਾਰਾਂ ਦੇ ਭਾਂਡੇ ਛੋਟੇ!

ਕਰਨੈਲ ਸਿੰਘ ਪਾਰਸ ਕਵੀਸ਼ਰਾਂ ਦਾ ਕਰਨੈਲ ਤਾਂ ਸੀ ਹੀ, ਅੰਧਵਿਸ਼ਵਾਸ, ਜਹਾਲਤ ਤੇ ਸਮਾਜਕ ਪਿਛਲਖੁਰਤਾ ਦਾ ਕੱਟੜ ਵਿਰੋਧੀ ਜੋ ਸਾਰੀ ਉਮਰ ਭਵਿੱਖਮੁਖੀ, ਲੋਕ-ਹਿਤੈਸ਼ੀ,




ਅੱਗੇਵਧੂ ਸੋਚ ਦਾ ਪਾਰਸ ਬਣ ਕੇ ਕਬੀਰ ਜੀ ਦੇ ਵਚਨ "ਪਾਰਸੁ ਪਰਸਿ ਲੋਹਾ ਕੰਚਨੁ ਸੋਈ" ਉੱਤੇ ਪੂਰਾ ਉੱਤਰਦਿਆਂ ਸਰੋਤਿਆਂ ਦੀ ਹਨੇਰੀ ਸੋਚ ਵਿਚ ਦੀਵੇ ਬਾਲ ਕੇ ਕੰਚਨ ਬਣਨ ਦੇ ਰਾਹ ਪਾਉਂਦਾ ਰਿਹਾ।

ਜਸਵੰਤ ਸਿੰਘ ਕੰਵਲ ਜੋ ਸਰਵਣ ਸਿੰਘ ਦੀ ਤੇ ਮੇਰੀ ਪੀੜ੍ਹੀ ਦੇ ਸਾਹਿਤਕ ਸੁਰਤ ਸੰਭਾਲਣ ਤੋਂ ਵੀ ਪਹਿਲਾਂ ਤੋਂ ਸ਼ਬਦ-ਸਮਰਾਟ ਬਣਿਆ ਹੋਇਆ ਸੀ। ਅਸੀਂ ਸਾਹਿਤ ਦਾ ੳ-ਅ ਸਿੱਖ ਰਹੇ ਸੀ ਤਾਂ ਉਹਦਾ ਕੰਵਲ-ਫੁੱਲ ਸਾਹਿਤ-ਸਰੋਵਰ ਵਿਚ ਪੂਰਾ ਖਿੜਿਆ ਹੋਇਆ ਸੀ ਤੇ ਉਹਦੀ ਪੂਰਨਮਾਸੀ ਦੀ ਚਾਨਣੀ ਨਾਲ ਪੰਜਾਬੀ ਸਾਹਿਤ ਦਾ ਵਿਹੜਾ ਚਾਂਦੀ-ਰੰਗਾ ਹੋਇਆ ਪਿਆ ਸੀ।

ਜਗਦੇਵ ਸਿੰਘ ਜੱਸੋਵਾਲ ਪੰਜਾਬੀ ਸਾਹਿਤ-ਸਭਿਆਚਾਰ ਦਾ ਬੇਮਿਸਾਲ ਕਦਰਦਾਨ ਤੇ ਰਖਵਾਲਾ ਸੀ, ਸੱਚੇ ਅਰਥਾਂ ਵਿਚ ਜਥੇਦਾਰ। ਸਰਵਣ ਸਿੰਘ ਦਾ ਉਹਦੇ ਲਈ ਵਰਤਿਆ ਕਥਨ "ਸਭਿਆਚਾਰਕ ਮੇਲਿਆਂ ਦਾ ਮੋਤੀਸ਼ੌਂਕ" ਉਸ ਬਾਰੇ ਬਹੁਤ ਕੁਝ ਦਸਦਾ ਹੈ। ਮਸਤ-ਮਲੰਗ ਫੱਕਰ ਸੁਭਾਅ! ਦਿਲ ਵੀ ਖੁੱਲ੍ਹਾ, ਜੇਬ ਵੀ ਖੁੱਲ੍ਹੀ! ਲੁਧਿਆਣੇ ਮੈਂ ਇਕ ਸਾਹਿਤਕ ਸਮਾਗਮ ਵਿਚ ਸ਼ਾਮਲ ਹੋਣਾ ਸੀ। ਜੱਸੋਵਾਲ ਨੂੰ ਮੇਰੇ ਆਉਣ ਦਾ ਪਤਾ ਲਗਿਆ ਤਾਂ ਆਬਦੇ ਚੇਲੇ-ਬਾਲਕੇ ਨਿੰਦਰ ਘੁਗਿਆਣਵੀ ਨੂੰ ਕਹਿੰਦਾ, "ਭੁੱਲਰ, ਪਤਾ ਨਹੀਂ ਕਿਵੇਂ, ਹੁਣ ਤੱਕ ਆਪਣੀ ਮਾਰ ਤੋਂ ਪਾਸੇ ਹੀ ਰਹਿ ਗਿਆ। ਬੰਦੇ ਇਕੱਠੇ ਕਰ ਲਈਂ, ਆਪਾਂ 'ਮੋਹਨ ਸਿੰਘ ਪੁਰਸਕਾਰ' ਨਾਲ ਉਹਦਾ ਆਦਰ-ਮਾਣ ਜ਼ਰੂਰ ਕਰਨਾ ਹੈ।" ਮੋਹਨ ਸਿੰਘ ਦੀ ਸ਼ੀਸ਼ੇ-ਜੜੀ ਤਸਵੀਰ, ਲੋਈ, ਮਾਣ-ਪੱਤਰ ਤੇ ਇਕਵੰਜਾ ਸੌ ਰੁਪਏ। ਮੈਂ ਅਜੇ ਗਲ ਵਿਚੋਂ ਲਾਹ ਕੇ ਲੋਈ ਤਹਿ ਹੀ ਕਰ ਰਿਹਾ ਸੀ ਕਿ ਬੋਲਿਆ, "ਤੁਸੀਂ ਆਏ ਕਿਵੇਂ ਹੋ?" ਮੇਰੇ ਟੈਕਸੀ ਦੱਸਿਆਂ ਹੱਥ ਫੇਰ ਜਾਗਟ ਦੀ ਅੰਦਰਲੀ ਜੇਬ ਵਿਚ ਪਾ ਲਿਆ, "ਟੈਕਸੀ ਦੇ ਤਾਂ ਦਿੱਲੀਓਂ ਖਾਸੇ ਪੈਸੇ ਲੱਗ ਜਾਂਦੇ ਨੇ!" ਮੈਂ ਬੜੀ ਮੁਸ਼ਕਿਲ ਨਾਲ ਉਹਦਾ ਹੱਥ ਜੇਬ ਵਿਚੋਂ ਕੱਢਿਆ। ਅਜਿਹਾ ਦਿਲਦਾਰ ਬੰਦਾ ਸੀ ਆਪਣਾ ਜੱਸੋਵਾਲ!

ਜਰਨੈਲ ਸਿੰਘ, ਜਿਸ ਦੀ ਫੁੱਟਬਾਲ ਦੀ ਦਹਾਕਾ ਲੰਮੀ ਜਰਨੈਲੀ ਦਾ ਕੋਈ ਜਵਾਬ ਨਹੀਂ। ਹੁਣ ਕਾਂਸੀ ਦਾ ਮੈਡਲ ਮਿਲੇ ਤੋਂ ਧੰਨ-ਧੰਨ ਕਰਨ ਵਾਲੇ ਦੇਸ ਦੀ ਝੋਲੀ ਗੋਲਡ-ਮੈਡਲ ਪਾਉਂਦਾ ਰਿਹਾ। ਆਪਣੇ ਪਿੰਡ ਦੀ ਮਿੱਟੀ ਦਾ ਪੁੱਤਰ ਜੀਹਦੇ ਪੈਰ ਦੇ ਹੁਲਾਰੇ ਨਾਲ ਅੰਬਰ ਵੱਲ ਉੱਡੀ ਬਾਲ ਨੂੰ ਜੱਗ ਹੈਰਾਨ ਹੋ-ਹੋ ਵੇਖਦਾ, ਪਰ ਜੀਹਨੇ ਆਪਣੀ ਹਉਂ ਬਾਲ ਦੇ ਪਿੱਛੇ ਪਿੱਛੇ ਅੰਬਰੀਂ ਚਾੜ੍ਹਨ ਦੀ ਥਾਂ ਨਿਮਰਤਾ ਦਾ ਪੱਲਾ ਘੁੱਟ ਕੇ ਫੜੀ ਰਖਦਿਆਂ ਪੈਰਾਂ ਨੂੰ ਮਜ਼ਬੂਤੀ ਨਾਲ ਧਰਤੀ ਉੱਤੇ ਜਮਾਈ ਰੱਖਿਆ। ਉਲੰਪਿਕ ਜਾਂ ਏਸ਼ੀਆਈ ਮੈਚ ਖੇਡ ਕੇ ਪਿੰਡ ਮੁੜਦਾ ਤਾਂ ਪਿੰਡ ਦੀ ਟੀਮ ਵਿਚ ਜਲ ਵਿਚ ਮੱਛੀ ਵਾਂਗ ਇਉਂ ਰਲ ਜਾਂਦਾ ਜਿਵੇਂ ਕਦੀ ਪਿੰਡੋਂ ਬਾਹਰ ਨਾ ਨਿਕਲਿਆ ਸਾਧਾਰਨ ਖਿਡਾਰੀ ਹੋਵੇ!

ਜੇ ਰੋਮ ਰੋਮ ਪੰਜਾਬੀ ਦੀ ਮਿਸਾਲ ਦੇਣੀ ਹੋਵੇ, ਦਾਰਾ ਸਿੰਘ ਦਾ ਨਾਂ ਲੈ ਦਿਉ। ਇਕ-ਤਿਹਾਈ ਸਦੀ ਤੋਂ ਕੁਝ ਵੱਧ ਸਮੇਂ ਵਿਚ ਪੰਜ ਸੈਂਕੜੇ ਕੁਸ਼ਤੀਆਂ ਲੜ ਕੇ ਉਹ ਮੁਰਾਤਬਾ ਹਾਸਲ ਕੀਤਾ ਕਿ ਆਪਣੀ ਤਾਕਤ ਦੀ ਗੱਲ ਕਰਨ ਵਾਲੇ ਨੂੰ ਲੋਕ ਆਖਦੇ, ਤੂੰ ਕਿਧਰਲਾ ਆ ਗਿਆ ਦਾਰਾ ਪਹਿਲਵਾਨ! ਉਹਦੇ ਨਾਂ ਦਾ ਲਾਹਾ ਲੈਣ ਵਾਸਤੇ ਫਿਲਮਾਂ ਵਾਲਿਆਂ ਨੇ ਪਲੋਸ ਲਿਆ ਤਾਂ ਅੱਧੀ ਸਦੀ ਤੋਂ ਕੁਝ ਵੱਧ ਸਮੇਂ ਵਿਚ ਡੇਢ ਸੌ ਫਿਲਮਾਂ ਕਰ ਲੈਣ ਮਗਰੋਂ ਵੀ ਸੁੰਦਰਤਾ ਦੇ ਛਲਕਦੇ ਸਾਗਰ ਵਿਚਕਾਰ ਉਹੋ ਜਤੀ-ਸਤੀ "ਦਾਰਾ ਜੀ" ਰਿਹਾ। ਰੂਪਨਗਰੀ ਵਿਚ ਸ਼ਰਾਫਤ ਦੀਆਂ ਜੋ ਇਕਾ-ਦੁੱਕਾ ਮਿਸਾਲਾਂ ਸਹੁੰ ਖਾਣ ਲਈ ਕਾਇਮ ਰਹੀਆਂ, ਉਨ੍ਹਾਂ ਦਾ ਮੋਹਰੀ। ਉਹਦੀ ਪੰਜਾਬੀਅਤ ਦਾ ਤਾਂ ਕਹਿਣਾ ਹੀ ਕੀ! ਫਿਲਮਾਂ ਵਾਲਿਆਂ ਨੇ ਬੇਨਤੀਆਂ ਦੇ ਬਾਵਜੂਦ ਪੰਜਾਬੀ ਵਿਚ ਹਿੰਦੀ-ਉਰਦੂ ਬੋਲਦਾ ਦੇਖ ਉਹਨੂੰ ਸ਼ੁੱਧ ਹਿੰਦੀ-ਉਰਦੂ ਸਿਖਾਉਣ ਵਾਸਤੇ ਉਸਤਾਦ ਰੱਖ ਦਿੱਤਾ। ਸਿਖਲਾਈ ਪੂਰੀ ਹੋਈ ਤਾਂ ਦਾਰਾ ਸਿੰਘ ਤਾਂ ਹਿੰਦੀ-ਉਰਦੂ ਪਹਿਲਾਂ ਵਾਂਗ ਹੀ ਪੰਜਾਬੀ ਵਿਚ ਬੋਲ ਰਿਹਾ ਸੀ, ਪਰ ਗ਼ੈਰ-ਪੰਜਾਬੀ ਉਸਤਾਦ ਹਿੰਦੀ-ਉਰਦੂ ਭੁੱਲ ਕੇ ਵਧੀਆ ਪੰਜਾਬੀ ਬੋਲਣ ਲੱਗ ਪਿਆ ਸੀ!

ਫੌਜਾ ਸਿੰਘ ਇਕ ਸਦੀ ਪਹਿਲਾਂ ਦੀ ਪੰਜਾਬੀ ਪੀੜ੍ਹੀ ਦੇ ਦਰਸ਼ਨ ਕਰਵਾਉਣ ਵਾਲਾ ਭੋਲਾ-ਭਾਲਾ, ਜਜ਼ਬਾਤੀ, ਵਲ-ਛਲ ਤੋਂ ਮੁਕਤ, ਫੱਕਰ-ਫਕੀਰ ਬਜ਼ੁਰਗ ਹੈ, ਜੋ ਬਜ਼ੁਰਗ ਬਣਨੋਂ ਇਨਕਾਰੀ ਹੈ। ਪੂਰੀ ਸਦੀ ਤੇ ਇਕ ਦਹਾਕੇ ਨੂੰ ਪਿੱਛੇ ਛੱਡ ਕੇ ਜੋ ਮੈਰਾਥਨੀ ਦੌੜਾਕ ਹੋਵੇ ਤੇ ਰੋਜ਼ ਸੱਤ-ਅੱਠ ਮੀਲ ਤੁਰਦਾ ਹੋਵੇ, ਉਹਨੂੰ ਬਜ਼ੁਰਗ ਕਹਿਣ ਦਾ ਜੇਰਾ ਕੌਣ ਕਰੇ! ਉਸ ਦੀ ਕਰਾਮਾਤੀ ਕਰਨੀ ਉਹਤੋਂ ਅੱਧੀ ਉਮਰ ਦੇ ਦਲਿੱਦਰੀਆਂ ਨੂੰ ਕੁਝ ਕਰਨ ਲਈ ਪ੍ਰੇਰਦੀ ਹੈ।

ਹਾਕੀ ਦਾ ਕਰਾਮਾਤੀ ਬਲਬੀਰ ਸਿੰਘ ਲੋਕਾਂ ਦੇ ਦਿਲਾਂ ਦਾ ਭਾਰਤ ਰਤਨ ਸੀ। ਕੁਝ ਸਮਾਂ ਪਹਿਲਾਂ ਜਦੋਂ ਇਕ ਕ੍ਰਿਕਟੀਏ ਖਿਡਾਰੀ ਨੂੰ ਸਰਕਾਰ ਨੇ 'ਭਾਰਤ ਰਤਨ' ਦਿੱਤਾ, ਉਹਤੋਂ ਪਹਿਲਾਂ ਇਸ ਸਨਮਾਨ ਦੇ ਹੱਕੀ ਵਜੋਂ ਆਮ ਲੋਕਾਂ ਦੀ ਜ਼ਬਾਨ ਉੱਤੇ ਜੇ ਕਿਸੇ ਦਾ ਨਾਂ ਸੀ, ਉਹ ਸੀ ਬਲਬੀਰ ਸਿੰਘ। ਹੁਣ ਟੀਮਾਂ ਇਕ ਗੋਲ ਮਾਰ ਲੈਣ ਨੂੰ ਪ੍ਰਾਪਤੀ ਸਮਝਦੀਆਂ ਹਨ। 1952 ਦੀਆਂ ਉਲੰਪਿਕ ਖੇਡਾਂ ਦੇ ਸੈਮੀਫਾਈਨਲ ਤੇ ਫਾਈਨਲ ਦੇ 9 ਵਿਚੋਂ 8 ਅਤੇ ਫਾਈਨਲ ਦੇ 6 ਵਿਚੋਂ 5 ਗੋਲ ਜਿਸ ਇਕੱਲੇ ਦੀ ਹਾਕੀ ਨਾਲ ਹੋਏ, ਉਹ ਸੀ ਮਾਣਮੱਤਾ ਪੰਜਾਬੀ ਬਲਬੀਰ ਸਿੰਘ।

ਮਿਲਖਾ ਸਿੰਘ ਜ਼ੀਰੋ ਤੋਂ ਹੀਰੋ ਤੱਕ ਦੀ ਯਾਤਰਾ ਦੀ ਗੌਰਵ-ਗਾਥਾ ਹੈ। ਉਹਦੇ ਨਾਂ ਨਾਲ ਜੁੜੇ ਅਨੇਕ ਕਿੱਸੇ ਤੇ ਟੋਟਕੇ ਉਹਦੀ ਸਾਦਗੀ ਦੇ ਵੀ ਗਵਾਹ ਹਨ ਅਤੇ ਉਹਦੀ ਘਾਲਣਾ ਤੇ ਪ੍ਰਾਪਤੀ ਦੇ ਵੀ। ਅਖੇ, ਕਿਸੇ ਨੇ ਲਾਲ ਬੱਤੀ ਦਿਖਾ ਕੇ ਕਿਹਾ, ਮਿਲਖਿਆ, ਜੇ ਔਹ ਬੱਤੀ ਨੂੰ ਹੱਥ ਲਾ ਕੇ ਛੇਤੀ ਮੁੜ ਆਵੇਂ, ਸੇਰ ਦੁੱਧ ਇਨਾਮ। ਬੱਤੀ ਟਰੱਕ ਦੀ ਸੀ। ਜਿਥੇ ਕਿਤੇ ਡਰਾਈਵਰ ਰੁਕਿਆ, ਬੱਤੀ ਨੂੰ ਹੱਥ ਲਾ ਕੇ ਮਿਲਖਾ ਕਈ ਘੰਟਿਆਂ ਮਗਰੋਂ ਮੁੜਿਆ ਤੇ ਭੋਲੇ-ਭਾਅ ਬੋਲਿਆ, ਲਿਆ ਮੇਰੀ ਸ਼ਰਤ! ਫਿਲਮ 'ਭਾਗ ਮਿਲਖਾ ਭਾਗ' ਦੇ ਨਾਂ ਵਾਂਗ ਉਹਦਾ ਜੀਵਨ ਲਗਾਤਾਰ ਅੱਗੇ ਹੀ ਅੱਗੇ ਵਧਦੇ ਜਾਣ ਦੀ ਕਹਾਣੀ ਹੈ ਤੇ ਦਰਸ਼ਕਾਂ ਵਿਚ ਉਹਦੀ ਹਰਮਨਪਿਆਰਤਾ ਮਿਲਖੇ ਦੀ ਸਫਲਤਾ ਦੀ ਸ਼ਾਹਦੀ ਭਰਦੀ ਹੈ।

ਪੰਜਾਬ ਦੇ ਇਨ੍ਹਾਂ ਨੌਂ ਕੋਹੇਨੂਰ ਹੀਰਿਆਂ ਵਿਚੋਂ ਕੋਈ ਵੀ ਅਜਿਹਾ ਨਹੀਂ, ਜੋ ਪਾਠਕਾਂ ਵਾਸਤੇ ਓਪਰਾ ਹੋਵੇ। ਤਾਂ ਵੀ ਇਹ ਪੁਸਤਕ ਇਨ੍ਹਾਂ ਆਪਣਿਆਂ ਨਾਲ ਉਨ੍ਹਾਂ ਦੀ ਅਪਣੱਤ ਨੂੰ ਯਕੀਨਨ ਹੋਰ ਗੂੜ੍ਹੀ ਕਰਦੀ ਹੈ।

## ਪੁਸਤਕ ਚਰਚਾ

# ਪੂਰਬ ਤੇ ਪੱਛਮ ਦੀਆਂ ਮਿਨੀ ਕਹਾਣੀਆਂ ਦਾ ਸੰਗ੍ਰਹਿ 'ਨਵਾਂ ਆਦਮੀ'

ਲਖਬੀਰ ਸਿੰਘ ਮਾਂਗਟ
ਫੋਨ: 917-932-6439

ਸੁਖਦੇਵ ਸਿੰਘ ਸ਼ਾਂਤ ਪੰਜਾਬੀ ਸਾਹਿਤ ਜਗਤ ਵਿਚ ਜਾਣਿਆ-ਪਛਾਣਿਆ ਬਹੁ-ਵਿਧਾਈ ਲੇਖਕ ਹੈ। ਆਮ ਪੜ੍ਹੇ ਜਾ ਰਹੇ ਸਾਹਿਤ ਦੇ ਨਾਲ ਨਾਲ ਉਸ ਨੇ ਧਾਰਮਿਕ ਸਾਹਿਤ ਵਿਚ ਵੀ ਜ਼ਿਕਰਯੋਗ ਲਿਖਤਾਂ ਦਿੱਤੀਆਂ ਹਨ। ਇਸ ਕਿਤਾਬ 'ਨਵਾਂ ਆਦਮੀ' ਦੇ ਛਪਣ ਨਾਲ ਉਸ ਦੀਆਂ ਪ੍ਰਕਾਸ਼ਿਤ ਕਿਤਾਬਾਂ ਦੀ ਗਿਣਤੀ ਦਹਾਈ ਦੇ ਅੰਕ ਵਿਚ ਪਹੁੰਚ ਗਈ ਹੈ। ਇਸ ਵਿਚ ਬਾਲ ਸਾਹਿਤ ਅਤੇ ਧਾਰਮਿਕ ਸਾਹਿਤ ਦੀਆਂ ਕਿਤਾਬਾਂ ਵੀ ਸ਼ਾਮਲ ਹਨ। ਕਰੀਬ ਤਿੰਨ ਦਹਾਕੇ ਪਹਿਲਾਂ 1992 ਵਿਚ ਉਸ ਨੇ 'ਸਿੰਮਲ ਰੁੱਖ' ਨਾਂ ਦੇ ਮਿਨੀ ਕਹਾਣੀ ਸੰਗ੍ਰਹਿ ਨਾਲ ਪੰਜਾਬੀ ਸਾਹਿਤ ਜਗਤ ਵਿਚ ਪਹਿਲੀ ਹਾਜ਼ਰੀ ਲਵਾਈ। ਇਸ ਕਿਤਾਬ ਦੀ ਭਰਪੂਰ ਸਰਾਹਨਾ ਹੋਈ। ਸੁਖਦੇਵ ਸਿੰਘ ਸ਼ਾਂਤ ਨੇ ਕੁਝ ਟ੍ਰੈਕਟ ਵੀ ਲਿਖੇ। ਸਾਲ 1998 ਵਿਚ ਲਿਖਿਆ ਟ੍ਰੈਕਟ '1699 ਦੀ ਵਿਸਾਖੀ' ਗੁਜਰਾਤੀ ਭਾਸ਼ਾ ਵਿਚ ਵੀ 1999 ਵਿਚ ਪ੍ਰਕਾਸ਼ਿਤ ਹੋਇਆ। ਇਸ ਤਰ੍ਹਾਂ ਉਸ ਦੀਆਂ ਹੁਣ ਤੱਕ ਦੀਆਂ ਰਚਨਾਵਾਂ ਦਾ ਵਿਸ਼ਲੇਸ਼ਣ ਕਰਨ 'ਤੇ ਪਤਾ ਲਗਦਾ ਹੈ ਕਿ ਲੇਖਕ ਬਾਲ-ਮਨ ਅਤੇ ਪ੍ਰੌੜ-ਮਨ ਦੀ ਬਾਤ ਸਫਲਤਾ ਨਾਲ ਪਾ ਰਿਹਾ ਹੈ।

ਆਓ ਹੁਣ ਗੱਲ ਕਰਦੇ ਹਾਂ ਲੇਖਕ ਦੀ ਨਵੀਂ ਕਿਤਾਬ 'ਨਵਾਂ ਆਦਮੀ' ਦੀ। ਸੁਖਦੇਵ ਸਿੰਘ ਸ਼ਾਂਤ ਹੁਣ ਦੋ ਥਾਂਈਂ ਵਸਦਾ ਹੈ, ਭਾਰਤ ਤੇ ਅਮਰੀਕਾ। ਜਿੱਥੇ ਵੱਸੋਗੇ, ਉਥੇ ਵਿਚਰੋਗੇ ਵੀ। ਇਸੇ ਕਰਕੇ ਇਸ ਕਿਤਾਬ ਦੀਆਂ ਕਹਾਣੀਆਂ ਪੂਰਬ ਤੇ ਪੱਛਮ ਦੀ ਬਾਤ ਪਾਉਂਦੀਆਂ ਹਨ। ਸ਼ਾਇਦ ਗੁਰਮਤਿ ਨਾਲ ਧੁਰ ਅੰਦਰੋਂ ਜੁੜਿਆ ਹੋਣ ਕਰਕੇ ਹੀ ਹੈ ਕਿ ਉਸ ਦੀਆਂ ਪਹਿਲੀਆਂ ਦੋ ਕਹਾਣੀਆਂ ਪ੍ਰਵਚਨ ਅਤੇ ਅੰਨ੍ਹੀ ਵਕਾਲਤ, ਪੰਜਾਬ ਵਿਚ ਬੁਰੀ ਤਰ੍ਹਾਂ ਫੈਲ ਚੁਕੇ ਬਾਬਾ ਕਲਚਰ ਦੇ ਪ੍ਰਦੂਸ਼ਣ 'ਤੇ ਕਰਾਰੀ ਚੋਟ ਮਾਰਦੀਆਂ ਨੇ। ਕਹਾਣੀਆਂ-ਜ਼ਿੰਦਗੀ ਦੀ ਵਾਪਸੀ, ਸ਼ਗਨ, ਰਿਸ਼ਤੇ ਕਾਗਜ਼ ਦੇ ਅਤੇ ਆਪੋ ਆਪਣੀ ਪਹੁੰਚ, ਮਨੁੱਖ ਦੀ ਮਾਇਆ ਨਾਲ ਜੁੜੀ ਪ੍ਰਵਿਰਤੀ ਨੂੰ ਬੜੇ ਹੀ ਸੁਭਾਵਿਕ ਜਿਹੇ ਤਰੀਕੇ ਨਾਲ ਉਜਾਗਰ ਕਰਦੀਆਂ ਨੇ। ਨਵੀਆਂ ਤਕਨੀਕਾਂ ਦੇ ਲਾਭ-ਹਾਣ ਦਾ ਸਾਡੀ ਜ਼ਿੰਦਗੀ 'ਤੇ ਪੈ ਰਹੇ ਅਸਰ ਦੀਆਂ ਗਵਾਹ ਬਣ ਗਈਆਂ ਨੇ ਕਹਾਣੀਆਂ-ਰਿਸ਼ਤੇਦਾਰੀ ਅਤੇ ਚਮਤਕਾਰ। ਭਾਰਤ ਵਿਚ ਆਈ ਸਟੇਟਸ ਤਬਦੀਲੀ ਬਾਰੇ ਕਹਾਣੀ 'ਡਰਾਈ ਫਰੂਟ' ਆਪਣੀ ਮਿਸਾਲ ਆਪ ਹੀ ਹੈ।

ਕਹਾਣੀ 'ਤਰਸ' ਮੈਂ ਚਾਰ ਵਾਰ ਪੜ੍ਹੀ ਹੈ। ਹਰ ਵਾਰ ਤੁਹਾਡੇ ਦਿਲ 'ਤੇ ਠੋਕਰ ਮਾਰਦੀ ਹੈ। ਇਹ ਲਾਈਨਾਂ ਵੇਖੋ: "ਵਿਚਾਰਾ ਏਨੀ ਠੰਢ 'ਚ ਤੇ ਇੰਨੀ ਧੁੰਦ 'ਚ ਆਪਾਂ ਦੋਹਾਂ ਨੂੰ ਕਿੱਥੇ ਖਿੱਚਦਾ? ਧੱਕਾ ਈ ਹੋਣਾ ਸੀ ਨਾ ਵਿਚਾਰੇ ਨਾਲ।" ਅਗਲੀਆਂ ਦੋ ਲਾਈਨਾਂ ਕਲਾਤਮਿਕਤਾ ਦਾ ਸਿਰਾ ਹੀ ਨੇ, "ਨਾਲੇ ਆਪਾਂ ਵੀ ਰਿਕਸ਼ੇ ਵਿਚ ਔਖੇ ਹੀ ਹੁੰਦੇ। ਧੁੰਦ ਤਾਂ ਮੀਂਹ ਵਾਂਗ ਪੈ ਰਹੀ ਏ।" ਇਹ ਸਿਰਫ ਸੁਖਦੇਵ ਸਿੰਘ ਸ਼ਾਂਤ ਵਰਗਾ ਪ੍ਰੌੜ ਕਹਾਣੀਕਾਰ ਹੀ ਲਿਖ ਸਕਦਾ ਹੈ। ਆਪਣਾਪਨ ਸ਼ਬਦਾਂ ਵਿਚੋਂ ਕਿਵੇਂ ਲੱਭ ਲਈਦਾ ਹੈ, ਲੇਖਕ ਇਸ ਬਾਰੇ ਕਹਾਣੀ




'ਤਰਜੀਹ' ਵਿਚ ਚੁਪਕੇ ਜਿਹੇ ਦੱਸ ਦਿੰਦਾ ਹੈ। ਗੱਲ ਕੀ, ਸਾਰੀਆਂ ਕਹਾਣੀਆਂ ਪਾਠਕ ਨੂੰ ਕੋਈ ਨਾ ਕੋਈ ਸੁਨੇਹਾ ਦਿੰਦੀਆਂ ਨੇ। ਸੱਚਾਈ ਬਿਆਨ ਕਰਨ ਲੱਗਿਆਂ ਕੁਝ ਕਹਾਣੀਆਂ ਵਿਚ ਸ. ਸ਼ਾਂਤ ਆਪਣੇ ਵਿਭਾਗ ਦੇ ਵੀ ਚੂੰਢੀਆਂ ਵੱਢਦਾ ਹੈ।

ਇਸ ਸਮੁੱਚੀ ਕਿਤਾਬ ਦਾ ਪਾਠ ਕੀਤਿਆਂ ਸਹਿਜੇ ਹੀ ਪਤਾ ਲੱਗ ਜਾਂਦਾ ਹੈ ਕਿ ਸ. ਸ਼ਾਂਤ ਨੇ ਵਿਅਕਤੀ ਦੇ ਅੰਦਰਲੇ ਤੇ ਬਾਹਰਲੇ ਮਨ, ਰਿਸ਼ਤਿਆਂ-ਨਾਤਿਆਂ ਤੇ ਦੁਨੀਆਂਦਾਰੀ ਵਿਚ ਫੈਲੇ ਹਰ ਪੱਖ ਨੂੰ ਇਨ੍ਹਾਂ 63 ਮਿਨੀ ਕਹਾਣੀਆਂ ਵਿਚ ਕਰੋਸ਼ੀਏ ਨਾਲ ਬੁਣਿਆ ਹੈ। ਕਹਾਣੀਆਂ ਦੇ ਸਿਰਲੇਖ ਵੀ ਬੜੇ ਢੁਕਵੇਂ ਹਨ। ਪਹਿਲਾਂ ਜ਼ਿਕਰ ਕੀਤੇ ਸਿਰਲੇਖਾਂ ਦੇ ਨਾਲ ਨਾਲ ਨਜ਼ਰੀਆ, ਪੁੱਛ, ਬਾਹਰਲਾ ਤੋਹਫਾ, ਗੂੰਗੇ ਲੋਕ, ਪੈਮਾਨਾ, ਟੌਹਰ, ਡਰਾਈ ਫਰੂਟ, ਰਾਮ ਬਾਣ, ਬੇਅਦਬੀ, ਕੱਲਾਕਾਰਾ ਮਨੁੱਖ, ਸਬਰ ਵਾਲੇ ਲੋਕ, ਆਦਿ।

ਉਂਜ ਤਾਂ ਸਮੁੱਚੀ ਕਿਤਾਬ ਵਿਚੋਂ ਹੀ ਲੇਖਕ ਦੀ ਕਿਸੇ ਨਾ ਕਿਸੇ ਰੂਪ ਵਿਚ ਝਲਕ ਮਿਲਦੀ ਹੁੰਦੀ ਹੈ, ਪਰ ਨਵਾਂ ਆਦਮੀ ਕਹਾਣੀ ਤਾਂ ਹੂਬਹੂ ਲੇਖਕ ਦੀ ਸ਼ਖਸੀਅਤ ਨਾਲ ਮੇਲ ਖਾਂਦੀ ਹੈ। ਇਹ ਮੈਂ ਇਸ ਲਈ ਕਹਿ ਰਿਹਾ ਹਾਂ, ਕਿਉਂਕਿ ਅਸੀਂ ਇਕੋ ਹੀ ਮਹਿਕਮੇ ਸਹਿਕਾਰਤਾ ਵਿਚ ਸਾਂ। ਮੈਂ ਸਹਿਕਾਰਤਾ ਦੇ ਮੈਗਜ਼ੀਨ 'ਪੰਜਾਬ ਕੋਆਪ੍ਰੇਸ਼ਨ' ਦਾ ਸੰਪਾਦਕ ਸਾਂ ਤਾਂ ਇਕ ਬੜੀ ਹੀ ਪਿਆਰੀ ਕਹਾਣੀ ਛਪਣ ਲਈ ਆਈ। ਲੇਖਕ ਦਾ ਨਾਂ ਸੁਖਦੇਵ ਸਿੰਘ ਸ਼ਾਂਤ, ਘਰ ਦਾ ਫੋਨ ਨੰਬਰ ਤੇ ਪਤਾ ਲਿਖਿਆ ਸੀ। ਉਦੋਂ ਮੋਬਾਇਲ ਨਹੀਂ ਸਨ ਹੁੰਦੇ। ਮੈਂ ਦਫਤਰੀ ਫੋਨ ਤੋਂ ਪਟਿਆਲੇ ਨੂੰ ਫੋਨ ਲਾਇਆ ਤਾਂ ਪਤਾ ਲੱਗਾ ਕਿ ਡਿਊਟੀ 'ਤੇ ਹਨ, ਛੇ ਕੁ ਵਜੇ ਆਉਣਗੇ। ਮੈਂ ਛੇ ਵਜੇ ਫਿਰ ਫੋਨ ਲਾਇਆ ਤਾਂ ਸ. ਸ਼ਾਂਤ ਨਾਲ ਗੱਲ ਹੋਈ। ਕਹਾਣੀ ਬਾਰੇ, ਉਨ੍ਹਾਂ ਦੀ ਲੇਖਣੀ ਬਾਰੇ ਗੱਲਾਂ ਹੋਈਆਂ। ਮੈਨੂੰ ਇਉਂ ਲੱਗਾ, ਜਿਵੇਂ ਕਿਸੇ ਚਿਰ ਦੇ ਵਾਕਿਫ ਨਾਲ ਗੱਲ ਕਰ ਰਿਹਾ ਹੋਵਾਂ। ਜਦ ਮੈਂ ਮਹਿਕਮੇ ਬਾਰੇ ਪੁਛਿਆ ਤਾਂ ਮੈਨੂੰ ਹੈਰਾਨੀ ਭਰੀ ਖੁਸ਼ੀ ਹੋਈ ਕਿ ਉਹ ਸਹਿਕਾਰਤਾ ਵਿਭਾਗ ਦੇ ਅਧਿਕਾਰੀ ਹਨ। ਹੈਰਾਨੀ ਇਸ ਗੱਲ ਦੀ ਕਿ ਸਾਡੇ ਮਹਿਕਮੇ ਦੇ ਜਿਹੜੇ ਵੀ ਰਚਨਾਵਾਂ ਛਪਣ ਲਈ ਭੇਜਦੇ ਸਨ, ਉਨ੍ਹਾਂ ਦਾ ਅਹੁਦਾ ਅਤੇ ਦਫਤਰ ਦਾ ਪਤਾ ਮੋਟੇ ਅੱਖਰਾਂ ਵਿਚ ਲਿਖਿਆ ਹੁੰਦਾ ਸੀ।

ਅੱਸੀ ਪੰਨਿਆਂ ਦੀ ਇਸ ਕਿਤਾਬ ਨੂੰ ਫੱਬਵੇਂ ਟਾਈਟਲ ਨਾਲ ਪ੍ਰਕਾਸ਼ਿਤ ਕੀਤਾ ਹੈ, ਸੰਗਮ ਪਬਲੀਕੇਸ਼ਨ ਸਮਾਣਾ ਨੇ। ਇਸ ਦੀ ਪੜਚੋਲਵੀਂ ਭੂਮਿਕਾ ਲਿਖੀ ਹੈ, ਡਾ. ਹਰਪ੍ਰੀਤ ਸਿੰਘ ਰਾਣਾ ਨੇ। ਇਨ੍ਹਾਂ ਕਹਾਣੀਆਂ ਵਿਚ ਇੰਨੀ ਪਰਪੱਕਤਾ ਇਸ ਕਰਕੇ ਵੀ ਹੈ ਕਿ ਇਨ੍ਹਾਂ ਦੇ ਛਪਣ ਤੋਂ ਪਹਿਲਾਂ ਵੀ ਇਨ੍ਹਾਂ ਦੇ ਸੁਲੋਚਨਾਤਮਕ ਪਾਠਕ ਲੇਖਕ ਦੀ ਪਤਨੀ ਸ੍ਰੀਮਤੀ ਸੁਰਿੰਦਰ ਕੌਰ ਅਤੇ ਬੇਟਾ ਗੁਰਦੀਪਕ ਸਿੰਘ ਹਨ। ਸਮੁੱਚੇ ਰੂਪ ਵਿਚ ਸੁਖਦੇਵ ਸਿੰਘ ਸ਼ਾਂਤ ਦੀਆਂ ਇਹ ਮਿਨੀ ਕਹਾਣੀਆਂ ਤੁਹਾਨੂੰ ਆਪਣੇ ਆਲੇ-ਦੁਆਲੇ ਵਾਪਰ ਰਹੇ ਬਹੁਤ ਕੁਝ ਬਾਰੇ, ਕੁਝ ਕੁਝ ਬਾਰੇ ਬੜੀ ਬਾਰੀਕੀ ਨਾਲ ਉਸ ਵਿਚਲੀ ਸੱਚਾਈ ਦੇ ਰੂਬਰੂ ਕਰਾਉਂਦੀਆਂ ਹਨ। ਸੁਖਦੇਵ ਸਿੰਘ ਸ਼ਾਂਤ ਧਰਤੀ ਨਾਲ ਜੁੜਿਆ ਲੇਖਕ ਹੈ, ਇਸੇ ਕਰਕੇ ਉਸ ਦੀਆਂ ਕਹਾਣੀਆਂ ਲੋਕਾਈ ਦੀ ਬਾਤ ਪਾਉਂਦੀਆਂ ਹਨ। ਸ. ਸ਼ਾਂਤ ਨਾਲ ਸੰਪਰਕ ਫੋਨ: 317-406-0002 ਰਾਹੀਂ ਕੀਤਾ ਜਾ ਸਕਦਾ ਹੈ।

ਕਹਾਣੀ

# ਗਰਮ ਪਾਣੀ

***ਕੈਨੇਡਾ ਵੱਸਦੀ ਲੇਖਿਕਾ ਸੁਰਿੰਦਰ ਗੀਤ ਕਵਿੱਤਰੀ ਵੀ ਹੈ ਅਤੇ ਕਹਾਣੀਕਾਰਾ ਵੀ। ਉਸ ਦੀਆਂ ਕਵਿਤਾਵਾਂ ਵਿਚ ਲੋਕ-ਦਰਦ, ਲੋਕ-ਸੁਨੇਹੇ, ਕੁਦਰਤ ਨਾਲ ਗੱਲਾਂ, ਰਿਸ਼ਤਿਆਂ ਦੀ ਗੱਲ ਅਤੇ ਹਾਲ-ਏ-ਦਿਲ ਬਾਖੂਬੀ ਬਿਆਨ ਕੀਤਾ ਹੁੰਦਾ ਹੈ। ਜਿਸ ਤਰ੍ਹਾਂ ਹਰ ਪਰਦੇਸੀ ਜਿਊੜੇ ਦੇ ਮਨ ਅੰਦਰ ਆਪਣਾ ਪਿਛਲਾ ਪਿੰਡ-ਨਗਰ ਖੇੜਾ ਵੱਸਦਾ ਰਹਿੰਦਾ ਹੈ, ਉਸੇ ਤਰ੍ਹਾਂ ਸੁਰਿੰਦਰ ਗੀਤ ਦੀਆਂ ਲਿਖਤਾਂ ਵਿਚ ਵੀ ਦੇਸ-ਪਰਦੇਸ ਦਾ ਪਿਆਰ ਤੇ ਦਰਦ ਝਲਕਾਂ ਮਾਰਦਾ ਦਿਸਦਾ ਹੈ। ਹਥਲੀ ਕਹਾਣੀ 'ਗਰਮ ਪਾਣੀ' ਲਿਖੀ ਭਾਵੇਂ ਵਿਦੇਸ਼ ਨੂੰ ਧਰਾਤਲ ਬਣਾ ਕੇ ਗਈ ਹੈ, ਪਰ ਇਸ ਵਿਚਲੀ ਯਾਦਾਂ ਦੀ ਗੁੱਡੀ 'ਆਪਣੇ ਦੇਸ' ਦੇ ਆਸਮਾਨ ਵਿਚ ਉਡੀ ਦਿਸਦੀ ਹੈ। ਮੋਹ ਦੀਆਂ ਤੰਦਾਂ ਦਾ ਵਿਖਿਆਨ ਕਰਦੀ ਇਹ ਭਾਵੁਕ ਕਰ ਦੇਣ ਵਾਲੀ ਕਹਾਣੀ ਹੈ।***



**ਸੁਰਿੰਦਰ ਗੀਤ**
**ਕੈਲਗਰੀ, ਕੈਨੇਡਾ**

ਮੈਂ ਜਦੋਂ ਵੀ ਜਿਮ ਜਾਂਦੀ, ਮੇਰੀਆਂ ਅੱਖਾਂ ਉਸ ਨੂੰ ਲਭਦੀਆਂ ਰਹਿੰਦੀਆਂ। ਕਈ ਵਾਰ ਤਾਂ ਉਹ ਮੇਰੇ ਤੋਂ ਪਹਿਲਾਂ ਹੀ ਕਸਰਤ ਕਰਕੇ ਚਲੀ ਜਾਂਦੀ ਅਤੇ ਕਈ ਵਾਰ ਉਹ ਦੌੜਨ ਵਾਲੀ ਮਸ਼ੀਨ 'ਤੇ ਮੱਧਮ ਜਿਹੀ ਚਾਲ ਤੁਰ ਰਹੀ ਹੁੰਦੀ। ਕਈ ਵਾਰ ਉਹ ਮੇਰੇ ਤੋਂ ਪਹਿਲਾਂ ਹੀ ਆਪਣਾ ਕੰਮ ਮੁਕਾ ਕੇ ਜਾ ਚੁਕੀ ਹੁੰਦੀ ਅਤੇ ਕਈ ਵਾਰੀ ਉਹ ਮੇਰੇ ਤੋਂ ਪਿੱਛੋਂ ਆਉਂਦੀ; ਪਰ ਮੈਂ ਜਦੋਂ ਵੀ ਜਾਂਦੀ, ਉਸ ਨੂੰ ਜ਼ਰੂਰ ਦੇਖਣਾ ਚਾਹੁੰਦੀ। ਉਸ ਦੇ ਬਹੁਤ ਹੀ ਮਹਿੰਗੇ ਬਰੈਂਡ ਦੇ ਕਸਰਤ ਵਾਲੇ ਕੱਪੜੇ ਅਤੇ ਬਹੁਤ ਹੀ ਵਧੀਆ ਬੂਟ ਪਾਏ ਹੁੰਦੇ। ਉਸ ਆਮ ਜਿਹੀ ਔਰਤ ਦਾ ਝੁਰੜੀਆਂ ਨਾਲ ਭਰਿਆ ਚਿਹਰਾ ਦੇਖ ਕੇ ਮਹਿਸੂਸ ਹੁੰਦਾ ਸੀ ਕਿ ਉਸ ਨੇ ਜ਼ਿੰਦਗੀ ਦੀਆਂ ਬਹੁਤ ਤਲਖ ਹਕੀਕਤਾਂ ਨੂੰ ਹੰਢਾਇਆ ਹੋਵੇਗਾ। ਪੜ੍ਹੀ-ਲਿਖੀ ਨਹੀਂ ਸੀ ਲੱਗਦੀ, ਪਰ ਲੀੜੇ-ਲੱਤਿਆਂ ਤੋਂ ਕਿਸੇ ਚੰਗੇ ਅਮੀਰ ਘਰ ਦੀ ਬਜ਼ੁਰਗ ਹੋਣ ਦਾ ਸੰਕੇਤ ਜ਼ਰੂਰ ਕਰਦੀ ਸੀ। ਉਹ ਘੱਟ ਹੀ ਕਿਸੇ ਨਾਲ ਬੋਲਦੀ। ਉਸ ਦੀ ਬੋਲ-ਚਾਲ ਤੋਂ ਪਤਾ ਲੱਗਦਾ ਸੀ ਕਿ ਉਸ ਨੂੰ ਅੰਗਰੇਜ਼ੀ ਬੋਲਣੀ ਵੀ ਨਹੀਂ ਆਉਂਦੀ। ਮਾੜਾ-ਮੋਟਾ ਸਮਝ ਲੈਂਦੀ ਸੀ, ਉਹ ਵੀ ਨਾਂ-ਮਾਤਰ ਜਿਹਾ। ਉਸ ਦੀ ਤੋਰ ਤੋਂ ਪਤਾ ਲੱਗਦਾ ਸੀ ਕਿ ਗੋਡਿਆਂ ਦੀ ਤਕਲੀਫ ਸੀ। ਸ਼ਾਇਦ ਇਸੇ ਕਰਕੇ ਉਹ ਇਥੇ ਜਿਮ ਆਉਂਦੀ ਸੀ। ਉਸ ਨੂੰ ਹੋਰ ਕੋਈ ਤਕਲੀਫ ਨਹੀਂ ਸੀ ਦਿਸਦੀ। ਉਸ ਦੇ ਮਹਿੰਗੇ ਭਾਅ ਦੇ ਜਿਮ 'ਚ ਪਾਉਣ ਵਾਲੇ ਕੱਪੜੇ ਮੈਨੂੰ ਉਸ ਵੱਲ ਨੂੰ ਖਿੱਚ ਰਹੇ ਸਨ, ਪਰ ਮੇਰਾ ਉਸ ਨਾਲ ਗੱਲਾਂ ਕਰਨ ਨੂੰ ਜੀਅ ਵੀ ਕਰਦਾ ਰਹਿੰਦਾ। ਮੈਂ ਜਦੋਂ ਵੀ ਉਸ ਨੂੰ ਦੇਖਦੀ, ਸਿਰ ਹਿਲਾ ਕੇ ਸਤਿ ਸ੍ਰੀ ਆਕਾਲ ਆਖ ਦਿੰਦੀ ਅਤੇ ਉਹ ਵੀ ਅੱਗੋਂ ਸਿਰ ਹਿਲਾ ਕੇ ਮੇਰੀ ਸਤਿ ਸ੍ਰੀ ਆਕਾਲ ਦਾ ਜਵਾਬ ਦੇ ਦਿੰਦੀ। ਉਹ ਮੈਨੂੰ ਜਾਣੀ-ਪਛਾਣੀ ਜਿਹੀ ਲੱਗਦੀ। ਇਹੀ ਨਹੀਂ, ਉਹ ਮੈਨੂੰ ਆਪਣੇ ਦਿਲ ਦੇ ਬਹੁਤ ਨਜ਼ਦੀਕ ਜਾਪਦੀ। ਕੁਝ ਆਪਣੀ ਆਪਣੀ ਜਿਹੀ!

ਇਕ ਦਿਨ ਜਦੋਂ ਉਹ ਕਸਰਤ ਖਤਮ ਕਰਕੇ ਗਰਮ ਪਾਣੀ ਵਾਲੇ ਟੱਬ 'ਚ ਬੈਠਣ ਜਾ ਰਹੀ ਸੀ ਤਾਂ ਮੈਂ ਚੇਂਜ ਰੂਮ 'ਚ ਕੱਪੜੇ ਬਦਲਣ ਲਈ ਜਾ ਰਹੀ ਸਾਂ। ਸੋਚਿਆ ਕਿ ਅੱਜ ਮੈਂ ਬਿਨਾ ਐਕਸਰਸਾਈਜ਼ ਕੀਤੇ ਸਿੱਧਾ ਹਾਟ ਟੱਬ 'ਚ ਜਾਨੀ ਆਂ। ਇਹੀ ਇਕੋ ਇਕ ਤਰੀਕਾ ਹੈ, ਇਸ ਨਾਲ ਗੱਲਬਾਤ ਕਰਨ ਦਾ।

ਮੈਂ ਹਾਟ ਟੱਬ 'ਚ ਬਿਲਕੁਲ ਉਸ ਦੇ ਨਾਲ ਹੋ ਬੈਠ ਗਈ। ਰਸਮੀ ਸਤਿ ਸ੍ਰੀ ਅਕਾਲ ਪਿਛੋਂ ਮੈਂ ਗੱਲ ਤੋਰੀ, 'ਤੁਸੀਂ ਰੋਜ਼ ਹੀ ਆਉਂਦੇ ਹੋ?'

'ਹਾਂ, ਰੋਜ਼ ਹੀ ਆਉਂਦੀ ਹਾਂ। ਮੇਰਾ ਮੁੰਡਾ ਗੁੱਸੇ ਹੋਣ ਲੱਗਦਾ ਹੈ, ਜੇ ਮੈਂ ਨਾ ਆਵਾਂ।' ਉਸ ਨੇ ਮੁਸਕਰਾ ਕੇ ਕਿਹਾ।

ਇਕ ਗੱਲ ਤਾਂ ਮੈਂ ਸਮਝ ਗਈ ਕਿ ਇਸ ਦਾ ਬੇਟਾ ਇਸ ਦਾ ਕਾਫੀ ਖਿਆਲ ਰੱਖਦਾ ਹੈ।

ਮੈਂ ਗੱਲ ਅੱਗੇ ਤੋਰਨ ਲਈ ਕਿਹਾ, 'ਕਦੋਂ ਕੁ ਆਏ ਹੋ ਕੈਨੇਡਾ?'

'ਮੇਰੇ ਪੁੱਤ ਨੂੰ ਆਏ ਤਾਂ ਦਸ ਕੁ ਸਾਲ ਹੋਏ ਆ ਅਜੇ। ਉਹ ਨੰਬਰ ਬਣਾ ਕੇ ਆਇਆ ਸੀ। ਸੁੱਖ ਨਾਲ 'ਇੰਜੀਨਰ' ਆ। ਇਥੋਂ ਵਾਲਿਆਂ ਦੀ ਓਥੇ ਵੀ ਕੰਪਨੀ ਸੀ। ਸਿੱਧਾ ਹੀ ਉਨ੍ਹਾਂ ਨੇ ਲੈ ਲਿਆ। ਸੁੱਖ ਨਾਲ ਪਿਛਲੇ ਸਾਲ ਵਿਆਹ ਕਰਵਾ ਆਇਆ। ਵਹੁਟੀ ਵੀ ਬਾਹਲਾ ਹੀ ਪੜ੍ਹੀ-ਲਿਖੀ ਹੈ। ਮੈਨੂੰ ਉਥੇ ਆਪਣੀ ਧੀ ਕਰਕੇ ਰਹਿਣਾ ਪਿਆ। ਹੁਣ ਵਿਆਹੀ ਗਈ ਹੈ ਚੰਗੇ ਘਰ। ਕੋਈ ਕਸਰ ਨ੍ਹੀਂ ਛੱਡੀ ਮੁੰਡੇ ਨੇ ਭੈਣ ਨੂੰ ਦਾਜ ਦੇਣ ਵਿਚ। ਇਹੋ ਜਿਹਾ ਪੁੱਤ ਰੱਬ ਸਭ ਨੂੰ ਦੇਵੇ!' ਉਸ ਨੇ ਬੜੇ ਹੀ ਮਾਣ ਨਾਲ ਕਿਹਾ।

ਮੈਂ ਉਸ ਦੀ ਨਾਈਕੀ ਬਰੈਂਡ ਦੀ ਪਾਣੀ ਵਿਚ ਪਹਿਨਣ ਵਾਲੀ ਅਧੀਆਂ ਬਾਹਵਾਂ ਵਾਲੀ ਸ਼ਰਟ ਅਤੇ ਗੋਡਿਆਂ ਤੱਕ ਪੈਂਟ 'ਤੇ ਨਿਗਾਹ ਮਾਰੀ। ਮੈਥੋਂ ਰਹਿ ਹੀ ਨਾ ਹੋਇਆ ਤੇ ਆਖ ਹੀ ਦਿੱਤਾ, 'ਆਹ ਤੁਹਾਡਾ ਸੂਟ ਬਹੁਤ ਸੋਹਣਾ ਹੈ!'

'ਆਹੋ! ਨੂੰਹ-ਪੁੱਤ ਨੇ ਲਿਆ'ਤਾ। ਮੈਨੂੰ ਤਾਂ ਸੰਗ ਆਉਂਦੀ ਸੀ, ਪਰ ਉਨ੍ਹਾਂ ਨੇ ਪਵਾ'ਤਾ। ਅਖੇ ਬਥੇਰੀ ਗਰੀਬੀ ਕੱਟੀ ਆ ਦੇਸ਼। ਹੁਣ ਮਾਂ ਤੂੰ ਮੌਜ ਕਰ।' ਉਸ ਨੇ ਮੁਸਕਰਾਉਂਦਿਆਂ ਕਿਹਾ।

ਮੈਂ ਪਾਸਾ ਜਿਹਾ ਲੈ ਕੇ ਉਸ ਦੇ ਕੋਲ ਨੂੰ ਹੋਰ ਖਿਸਕ ਗਈ। ਅਨਪੜ੍ਹ ਜਿਹੀ ਔਰਤ ਅਤੇ ਨੂੰਹ-ਪੁੱਤ ਏਨੇ ਚੰਗੇ! ਚੰਗਾ ਕਮਾਉਂਦੇ ਹੋਣਗੇ, ਤਾਂ ਹੀ ਤਾਂ ਏਨੇ ਮਹਿੰਗੇ ਲੀੜੇ ਪਾਈ ਬੈਠੀ ਹੈ। ਇਸ ਨੂੰ ਆਈ ਨੂੰ ਪਤਾ ਨਹੀਂ ਕਿੰਨਾ ਚਿਰ ਹੋਇਆ? ਅਜੇ ਤੱਕ ਉਸ ਨੇ ਮੈਨੂੰ ਇਹ ਨਹੀਂ ਸੀ ਦੱਸਿਆ। ਜਦੋਂ ਪੁੱਛਿਆ ਤਾਂ ਆਪਣੇ ਪੁੱਤ ਦੀਆਂ ਸਿਫਤਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ।

'ਚੱਲ ਫਿਰ ਪੁੱਛਦੀ ਹਾਂ।' ਮੈਂ ਆਪਣੇ ਆਪ ਨੂੰ ਕਿਹਾ।

'ਭੈਣ ਜੀ! ਤੁਹਾਨੂੰ ਕਿੰਨਾ ਕੁ ਚਿਰ ਹੋਇਆ ਆਇਆਂ ਨੂੰ?' ਮੈਂ ਅਪਣੱਤ ਨਾਲ ਜਾਂ ਦੇਸੀ ਰਿਵਾਜ ਅਨੁਸਾਰ ਨਾਲ ਭੈਣ ਜੀ ਕਿਹਾ।

'ਮੈਨੂੰ ਆਈ ਨੂੰ ਤਾਂ ਛੇ ਕੁ ਮਹੀਨੇ ਹੋਏ ਆ। ਜਿਹੜਾ ਨਵਾਂ ਚੱਲਿਆ ਸੁਪਰ ਬੀਜਾ, ਉਹਦੇ 'ਤੇ, ਪੁੱਤ ਨੇ ਸੱਦਿਆ ਹੈ। ਦਿਨੇ ਘਰੇ ਬੈਠੀ ਰਹਿੰਦੀ ਸਾਂ, ਨਾਲੇ ਆਹ ਸੱਜਾ ਗੋਡਾ ਦੁਖਦਾ ਸੀ, ਮੁੰਡੇ ਨੇ ਇਥੇ ਆਉਣ ਦੇ ਪੈਸੇ ਭਰ'ਤੇ। ਭੈਣੇ ਮੈਨੂੰ ਤਾਂ ਬਾਹਲਾ ਹੀ ਚੰਗਾ ਲਗਦਾ ਆਹ ਤੱਤਾ ਪਾਣੀ। ਸਰੀਰ ਖੁੱਲ੍ਹ ਜਾਂਦੈ। ਪਿਛਲੇ ਦੁੱਖ ਦਰਦ ਭੁੱਲ ਜਾਂਦੇ ਆ, ਏਸ ਦੇਸ਼ ਚ ਆ ਕੇ। ਉਥੇ ਤਾਂ ਨਹੌਣ ਨੂੰ ਤੱਤਾ ਪਾਣੀ ਨਹੀਂ ਸੀ ਜੁੜਦਾ। ਬਾਲਣ ਦੀ ਕਿੱਲਤ ਰਹਿੰਦੀ ਸੀ। ਸਾਡੇ ਤਾਂ ਪਾਥੀਆਂ ਰੱਖਣ ਨੂੰ ਥਾਂ ਨ੍ਹੀਂ ਸੀ। ਬਾਹਲਾ ਹੀ ਔਖਾ ਸੀ ਭੈਣੇ ਮੀਂਹ ਕਣੀ ਦੀ ਰੁੱਤ ਚ। ਸਾਰਾ ਬਾਲਣ ਭਿੱਜ ਜਾਂਦਾ ਸੀ। ਬੁਰੇ ਹਾਲ ਤੇ ਬੌਂਕੇ ਦਿਹਾੜੇ!' ਉਸ ਦੇ ਅੰਦਰਲੀ ਪੀੜ ਝਲਕ ਪਈ।

ਉਸ ਨੇ ਕੰਧ 'ਤੇ ਟੰਗੀ ਘੜੀ ਵੱਲ ਵੇਖਿਆ। ਉਸ ਦੇ ਜਾਣ ਦਾ ਸਮਾਂ ਹੋ ਚੁਕਾ ਸੀ। ਉਸ ਦੀ ਨੂੰਹ ਨੇ ਉਸ ਨੂੰ ਲੈਣ ਆਉਣਾ ਸੀ। ਉਸ ਦੇ ਕਹਿਣ ਤੋਂ ਬਿਨਾ ਹੀ ਮੈਂ ਸਮਝ ਗਈ ਕਿ ਹੁਣ ਉਹ ਜਾਣਾ ਚਾਹੁੰਦੀ ਹੈ। ਅਸੀਂ ਦੋਨੋਂ ਹੀ ਪਾਣੀ ਤੋਂ ਬਾਹਰ ਆ ਗਈਆਂ। ਕੱਪੜੇ ਬਦਲੇ ਅਤੇ ਇਕੱਠੀਆਂ ਹੀ ਪਾਰਕਿੰਗ ਲਾਟ ਵੱਲ ਹੋ ਤੁਰੀਆਂ।

ਉਸ ਦੀ ਨੂੰਹ ਉਸ ਨੂੰ ਲੈਣ ਆਈ ਹੋਈ ਸੀ ਅਤੇ ਮੈਂ ਆਪਣੀ ਕਾਰ ਵੱਲ ਨੂੰ ਹੋ ਤੁਰੀ।

ਦੋ-ਤਿੰਨਾਂ ਦਿਨਾਂ ਬਾਅਦ ਉਹ ਮੈਨੂੰ ਫਿਰ ਹਾਟ ਟੱਬ ਵਿਚ ਮਿਲ ਗਈ। ਮੈਂ ਕਸਰਤ ਕਰਕੇ ਹਾਟ ਟੱਬ 'ਚ ਗਈ ਸਾਂ ਅਤੇ ਉਹ ਸਿੱਧੀ ਬਿਨਾ ਕਸਰਤ ਕੀਤੇ, ਓਥੇ ਚਲੀ ਗਈ ਸੀ। ਮੈਂ ਫਿਰ ਉਸ ਕੋਲ ਜਾ ਬੈਠੀ। ਰਵਾਇਤੀ ਹਾਲ ਚਾਲ ਪੁੱਛਣ ਪਿਛੋਂ ਮੈਂ ਸੋਚਿਆ ਕਿ ਹੁਣ ਇਸ ਦਾ ਪਿੰਡ ਟਿਕਾਣਾ ਪੁੱਛ ਹੀ ਲਵਾਂ। ਮੌਕਾ ਸੋਹਣਾ ਹੈ!

'ਭੈਣ ਜੀ ਤੁਹਾਡਾ ਪੰਜਾਬ ਚ ਪਿੰਡ ਕਿਹੜਾ ਹੈ?' ਮੈਂ ਕਿਹਾ।

'ਅਸੀਂ ਖਾਸ ਲੁਧਿਆਣੇ ਰਹਿੰਦੇ ਸਾਂ, ਸਰਾਭਾ ਨਗਰ। ਊਂ ਸਾਡਾ ਪਿੰਡ ਜਗਰਾਵਾਂ ਦੇ ਕੋਲ ਹੈ। ਪਿੰਡ ਦੀ ਗਰੀਬੀ ਤੋਂ ਤੰਗ ਆ ਕੇ ਸ਼ਹਿਰ ਰਹਿਣ ਲੱਗ ਪਏ ਸਾਂ।'

'ਮੇਰਾ ਨਾਮ ਸੁਰਿੰਦਰ ਹੈ।' ਮੈਂ ਆਪੇ ਹੀ ਆਪਣਾ ਨਾਮ ਦੱਸ ਦਿੱਤਾ।

ਉਹ ਕੁਝ ਚਿਰ ਰੁਕ ਕੇ ਬੋਲੀ, 'ਮੈਨੂੰ ਲੱਗਦਾ ਮੈਂ ਤੁਹਾਡੀ ਫੋਟੋ ਅਖਬਾਰ ਚ ਦੇਖੀ ਹੈ। ਤੁਸੀਂ ਕੁਝ ਲਿਖਿਆ ਸੀ ਅਖਬਾਰ ਵਿਚ?'

'ਹਾਂ, ਜ਼ਰੂਰ ਦੇਖੀ ਹੋਣੀ ਹੈ।'

ਹੁਣ ਮੈਂ, ਉਸ ਦਾ ਨਾਮ ਜਾਣਨਾ ਚਾਹੁੰਦੀ ਸਾਂ। ਸੋਚਿਆ ਸੀ ਉਹ ਆਪਣੇ ਆਪ ਹੀ ਦੱਸੇਗੀ, ਪਰ ਨਹੀਂ। ਚਲੋ ਮੈਂ ਹੀ ਪੁੱਛ ਲੈਂਦੀ ਹਾਂ।

'ਭੈਣ ਜੀ ਤੁਹਾਡਾ ਨਾਮ ਕੀ ਹੈ?'

ਉਹ ਕੁਝ ਮੁਸਕਰਾਈ ਤੇ ਕਹਿਣ ਲੱਗੀ, 'ਮੇਰੇ ਪਾਸਪੋਰਟ 'ਤੇ ਮੇਰਾ ਨਾਮ ਸਤਵੰਤ ਕੁਰ ਹੈ, ਪਰ ਸਹੁਰੀ ਤੇ ਪੇਕੀਂ ਮੈਨੂੰ ਸਾਰੇ ਸਿੱਟੋ ਹੀ ਆਖਦੇ ਹਨ। ਹੁਣ ਮੇਰਾ ਪੁੱਤ ਬਹੁਤ ਗੁੱਸੇ ਹੁੰਦਾ ਹੈ, ਜਦੋਂ ਕੋਈ ਮੈਨੂੰ ਸਿੱਟੋ ਆਖਦਾ ਹੈ।'

ਦਸ ਕੁ ਮਿੰਟ ਮੇਰੇ ਅਤੇ ਉਸ ਦਰਮਿਆਨ ਚੁੱਪ ਛਾਈ ਰਹੀ। ਸ਼ਾਇਦ ਨਾਲ ਬੈਠੇ ਗੋਰੇ-ਗੋਰੀਆਂ ਕਰਕੇ ਅਸੀਂ ਚੁੱਪ ਰਹਿਣਾ ਹੀ ਠੀਕ ਸਮਝਿਆ। ਉਸ ਨੂੰ ਉੱਚੀ ਬੋਲਣ ਦੀ ਆਦਤ ਸੀ।

'ਅੱਜ ਮੈਂ ਛੇਤੀ ਜਾਣਾ ਹੈ। ਕਿਤੇ ਬਾਹਰ ਜਾਣਾ ਹੈ ਸਾਰਿਆਂ ਨੇ। ਮੇਰੀ ਨੂੰਹ ਆ ਗਈ ਹੋਣੀ ਹੈ ਬਾਹਰ, ਮੈਨੂੰ ਲੈਣ ਵਾਸਤੇ। ਚੱਲ ਏਨੇ ਨਾਲ ਸਰੀਰ ਰਾਮ ਚ ਰਹੂ।' ਆਖਦੀ ਹੋਈ ਉਹ ਪਾਣੀ 'ਚੋਂ ਬਾਹਰ ਆ ਗਈ।

ਮੇਰੇ ਅੰਦਰ ਸੋਚਾਂ ਨੇ ਘੇਰਾ ਪਾ ਲਿਆ। ਮੈਂ ਬਚਪਨ 'ਚ ਚਲੀ ਗਈ। ਮੈਨੂੰ ਮੇਰੇ ਨਾਲ ਪਿੰਡ ਦੇ ਸਕੂਲ ਚ ਪੜ੍ਹਦੀ ਸਿੱਟੋ ਯਾਦ ਆ ਗਈ।



ਬਹੁਤ ਚੰਗੀ ਸੀ ਸਿੱਟੋ, ਮੇਰੀ ਜਮਾਤਣ ਤੇ ਪਿਆਰੀ ਸਹੇਲੀ। ਚੰਗਾ ਜ਼ਮਾਨਾ ਸੀ ਉਦੋਂ। ਅਸੀਂ ਕੁੜੀਆਂ-ਮੁੰਡੇ ਤੁਰ ਕੇ ਹੀ ਸਕੂਲ ਜਾਇਆ ਕਰਦੇ ਸਾਂ। ਇਕ ਦੂਸਰੇ ਨੂੰ ਘਰੋਂ ਸੱਦਦੇ ਸਾਂ। ਮੈਂ ਆਪਣੀ ਸਹੇਲੀ ਜੱਸ ਨਾਲ ਸਕੂਲ ਜਾਇਆ ਕਰਦੀ ਸਾਂ। ਜੱਸ ਦਾ ਘਰ ਕੁਝ ਦੂਰ ਸੀ। ਉਹ ਮੈਨੂੰ ਆਵਾਜ਼ ਮਾਰਦੀ। ਅਸੀਂ ਦੋਨੋਂ ਸਿੱਟੋ ਦੇ ਘਰ ਦੇ ਦਰਵਾਜ਼ੇ ਮੂਹਰੇ ਖੜ੍ਹ ਕੇ ਸਿੱਟੋ ਨੂੰ ਆਵਾਜ਼ ਮਾਰਦੀਆਂ। ਫਿਰ ਤਿੰਨੇ ਜਾਣੀਆਂ ਗੱਲਾਂ ਕਰਦੀਆਂ ਕਰਦੀਆਂ ਸਕੂਲ ਪੁੱਜ ਜਾਂਦੀਆਂ।

ਸਿੱਟੋ ਅਕਸਰ ਹੀ ਸਾਡੇ ਘਰ ਆਪਣੀ ਮਾਂ ਨਾਲ ਆਇਆ ਕਰਦੀ ਸੀ। ਮੇਰੀਆਂ ਅੱਖਾਂ ਮੂਹਰੇ ਸਾਰਾ ਸੀਨ ਆ ਗਿਆ ਕਿ ਕਿਵੇਂ ਮੇਰੀ ਦਾਦੀ ਅਤੇ ਮਾਂ ਸਿੱਟੋ ਦੀ ਮਾਂ ਨੂੰ ਝਿੜਕਦੀਆਂ ਸਨ ਕਿ ਉਸ ਨੇ ਖੇਸ ਚੰਗੇ ਨਹੀਂ ਬੁਣੇ। ਪੇਟਾ ਬਹੁਤ ਮੋਟਾ ਪਾਇਆ ਹੈ ਅਤੇ ਹੋਰ ਕਈ ਗੱਲਾਂ। ਮੈਨੂੰ ਕਦੇ ਵੀ ਚੰਗਾ ਨਹੀਂ ਸੀ ਲੱਗਦਾ ਕਿ ਮੇਰੀ ਦਾਦੀ ਅਤੇ ਮਾਂ ਸਿੱਟੋ ਦੀ ਮਾਂ ਨੂੰ ਇਸ ਤਰ੍ਹਾਂ ਬੋਲਣ, ਪਰ ਮੈਂ ਉਨ੍ਹਾਂ ਨੂੰ ਕੁਝ ਨਾ ਕਹਿ ਸਕਦੀ। ਸਿੱਟੋ ਨੇ ਕਦੇ ਵੀ ਇਸ ਗੱਲ ਦਾ ਗੁੱਸਾ ਨਹੀਂ ਸੀ ਕੀਤਾ। ਉਹ ਚੁੱਪ-ਚਾਪ ਸੁਣਦੀ ਰਹਿੰਦੀ।

ਸਿੱਟੋ ਜੁਲਾਹਿਆਂ ਦੀ ਕੁੜੀ ਸੀ। ਉਸ ਸਮੇਂ ਮੈਨੂੰ ਜਾਤਾਂ-ਪਾਤਾਂ ਦਾ ਬਹੁਤਾ ਗਿਆਨ ਨਹੀਂ ਸੀ। ਸਿਰਫ ਏਨਾ ਪਤਾ ਸੀ ਕਿ ਉਨ੍ਹਾਂ ਦਾ ਘਰ ਜੁਲਾਹਿਆਂ ਦਾ ਘਰ ਵੱਜਦਾ ਸੀ।

ਦਾਦੀ ਦੀਆਂ ਝਿੜਕਾਂ ਦੇ ਬਾਵਜੂਦ ਮੈਂ ਸਿੱਟੋ ਦੇ ਘਰ ਖੇਡਣ ਚਲੀ ਜਾਂਦੀ। ਉਨ੍ਹਾਂ ਦੇ ਘਰ ਪਏ ਧਾਗਿਆਂ ਅਤੇ ਧਾਰੀਆਂ ਪਾ ਪਾ ਬੁਣੇ ਖੇਸਾਂ ਨੂੰ ਨਿਹਾਰਦੀ ਰਹਿੰਦੀ। ਸਿੱਟੋ ਦੀ ਮਾਂ ਜਦੋਂ ਧਾਗੇ ਰੰਗਦੀ ਜਾਂ ਤਾਣਾ ਤਣ ਰਹੀ ਹੁੰਦੀ ਤਾਂ ਮੈਨੂੰ ਬਹੁਤ ਚੰਗੀ ਲੱਗਦੀ। ਇਕ ਦਿਨ ਮੇਰੀ ਦਾਦੀ ਨੇ ਮੈਨੂੰ ਸਿੱਟੋ ਦੇ ਘਰ ਉਸ ਦੀ ਮਾਂ ਅਤੇ ਸਿੱਟੋ ਦੇ ਨਾਲ ਧਾਗਿਆਂ ਨੂੰ ਸੰਭਾਲਦੀ ਹੋਈ ਨੂੰ ਦੇਖ ਲਿਆ। ਦਾਦੀ ਦਾ ਗੁੱਸਾ ਸੱਤਵੇਂ ਅਸਮਾਨ ਚੜ੍ਹ ਗਿਆ। ਦਾਦੀ ਮੈਨੂੰ ਧੂਹ ਕੇ ਘਰ ਲੈ ਆਈ। ਮੈਂ ਰੋਂਦੀ ਰੋਂਦੀ ਦਾਦੀ ਨਾਲ ਘਰ ਆ ਗਈ।

ਇਕ ਦਿਨ ਸਕੂਲ ਜਾਣ ਸਮੇਂ ਮੈਂ ਤੇ ਜੱਸ ਨੇ ਸਿੱਟੋ ਨੂੰ ਸਕੂਲ ਜਾਣ ਲਈ ਆਵਾਜ਼ ਮਾਰੀ। ਸਿੱਟੋ ਡਰੀ ਹੋਈ ਸੀ। ਉਸ ਨੇ ਮੈਨੂੰ ਪੁੱਛ ਹੀ ਲਿਆ ਸੀ ਕਿ ਕਿਤੇ ਮੇਰੀ ਦਾਦੀ ਨੇ ਮੈਨੂੰ ਮਾਰਿਆ ਤਾਂ ਨਹੀਂ। ਸ਼ਾਇਦ ਸਿੱਟੋ ਵੀ ਨਹੀਂ ਜਾਣਦੀ ਸੀ ਕਿ ਮੇਰੀ ਦਾਦੀ ਕਿਉਂ ਅੱਗ ਭਬੂਕਾ ਹੋਈ ਸੀ।

ਸਿੱਟੋ ਸਕੂਲ ਨਹਾ ਕੇ ਨਹੀਂ ਸੀ ਜਾਂਦੀ। ਉਸ ਨੂੰ ਠੰਡਾ ਪਾਣੀ ਚੰਗਾ ਨਾ ਲੱਗਦਾ। ਗਰਮ ਪਾਣੀ ਘੱਟ ਹੀ ਮਿਲਦਾ। ਘੱਟ ਹੀ ਨਹੀਂ, ਗਰਮ ਪਾਣੀ ਉਸ ਨੂੰ ਮਿਲਦਾ ਹੀ ਨਹੀਂ ਸੀ। ਉਸ ਦੀ ਮਾਂ ਪਾਣੀ ਗਰਮ ਕਰਨ ਨਾ ਦਿੰਦੀ। ਜੇ ਗਰਮ ਕਰਦੀ ਤਾਂ ਛੋਟੇ ਜਿਹੇ ਪਤੀਲੇ ਚ ਪਾਣੀ ਪਾ ਕੇ ਚੁੱਲ੍ਹੇ 'ਤੇ ਕਰਦੀ। ਏਨੇ ਕੁ ਪਾਣੀ ਨਾਲ ਕੀ ਬਣਦਾ ਸੀ। ਸਕੂਲ ਚ ਮਾਸਟਰ ਆਖਦੇ ਕਿ ਸਵੇਰੇ ਨਹਾ ਕੇ ਆਇਆ ਕਰੋ। ਨਹਾਉਣਾ ਤਾਂ ਇਕ ਪਾਸੇ, ਸਿੱਟੋ ਤਾਂ ਮੂੰਹ ਵੀ ਨਹੀਂ ਸੀ ਧੋਂਦੀ। ਉਸ ਦੀਆਂ ਅੱਖਾਂ ਚ ਗਿਡ ਆਈ ਰਹਿੰਦੀ। ਮਾਸਟਰ ਜੀ ਨੇ ਕਈ ਵਾਰ ਸਿੱਟੋ ਨੂੰ ਸਾਰਿਆਂ ਦੇ ਸਾਹਮਣੇ ਕਿਹਾ ਸੀ ਕਿ ਉਹ ਨਹਾ ਕੇ ਆਇਆ ਕਰੇ। ਇਕ ਵਾਰ ਤਾਂ ਬੱਧਨੀ ਵਾਲੇ ਮਾਸਟਰ ਨੇ ਸਿੱਟੋ ਦੇ ਚਪੇੜ ਵੀ ਮਾਰੀ ਸੀ, ਨਾ ਨਹਾਉਣ ਕਰਕੇ। ਲੀੜੇ ਵੀ ਤਾਂ ਉਸ ਦੇ ਮੈਲੇ-ਕੁਚੈਲੇ ਹੁੰਦੇ ਸਨ।

ਇਕ ਵਾਰੀ ਸਿੱਟੋ ਦੀ ਚੱਪਲ ਦੀ ਬੱਧਰੀ ਟੁੱਟ ਗਈ ਅਤੇ ਫਿਰ ਕਈ ਮਹੀਨੇ ਉਹ ਨੰਗੇ ਪੈਰ ਹੀ ਰਹੀ, ਪਰ ਸਿੱਟੋ ਮੈਨੂੰ ਬਹੁਤ ਚੰਗੀ ਲੱਗਦੀ। ਉਹ ਸਵਾਲ ਬਹੁਤ ਹੀ ਛੇਤੀ ਕੱਢ ਲੈਂਦੀ ਸੀ। ਫੱਟੀ ਵੀ ਉਹ ਸਾਰਿਆਂ ਤੋਂ ਸੋਹਣੀ ਲਿਖਿਆ ਕਰਦੀ ਸੀ। ਕਿਤਾਬ ਵੀ ਖਬਰਾਂ ਵਾਂਗ ਪੜ੍ਹਦੀ ਕਰਿਆ ਕਰਦੀ ਸੀ।

ਇਕ ਦਿਨ ਮੈਂ ਤੇ ਜੱਸ ਨੇ ਰੋਜ਼ ਵਾਂਗ ਉਸ ਦੇ ਘਰ ਅੱਗੇ ਜਾ ਕੇ ਆਵਾਜ਼ ਮਾਰੀ। ਉਸ ਦੀ ਮਾਂ ਉੱਚੀ ਸਾਰੀ ਬੋਲੀ, 'ਏਨੇ ਨ੍ਹੀਂ ਜਾਣਾ ਸਕੂਲ।'

ਉਸ ਦਿਨ ਤੋਂ ਬਾਅਦ ਸਿੱਟੋ ਕਦੇ ਵੀ ਸਕੂਲ ਨਹੀਂ ਗਈ। ਉਨ੍ਹਾਂ ਦੇ ਘਰਾਂ ਦੇ ਜਵਾਕਾਂ ਤੋਂ ਪਤਾ ਲੱਗਿਆ ਕਿ ਉਹ ਰੋਜ਼ ਸਿਲਾ ਚੁੱਗਣ ਜਾਂਦੀ ਹੈ।

ਫਿਰ ਸਿੱਟੋ ਮੈਨੂੰ ਕਦੇ ਨਾ ਮਿਲੀ। ਮੈਂ ਸ਼ਹਿਰ ਪੜ੍ਹਨ ਲੱਗ ਗਈ। ਜੱਸ ਚਾਰ ਜਮਾਤਾਂ ਪੂਰੀਆਂ ਕਰਕੇ ਘਰ ਬੈਠ ਗਈ। ਪਿੰਡ ਦਾ ਸਕੂਲ ਚਾਰ ਜਮਾਤਾਂ ਤੱਕ ਹੀ ਸੀ। ਉਸ ਦੇ ਘਰਦਿਆਂ ਨੇ ਨਾਲ ਦੇ ਪਿੰਡ ਭੇਜਣਾ ਠੀਕ ਨਾ ਸਮਝਿਆ।

ਜਦੋਂ ਮੈਂ ਪਹਿਲੀ ਵਾਰ ਕੈਨੇਡਾ ਤੋਂ ਵਾਪਿਸ ਪਿੰਡ ਗਈ ਤਾਂ ਦੇਖਿਆ ਕਿ ਸਿੱਟੋ ਕੇ ਘਰਾਂ 'ਚ ਰੋਣ-ਧੋਣ ਚੱਲ ਰਿਹਾ ਸੀ। ਕਿਤੋਂ ਮਕਾਣ ਆਈ ਸੀ। ਜੁਲਾਹਿਆਂ ਦੇ ਘਰ ਰਾਹ 'ਤੇ ਸਨ। ਮੈਨੂੰ ਸਿੱਟੋ ਕੇ ਘਰ ਦੀ ਪਛਾਣ ਨਾ ਆਈ, ਕਿਉਂਕਿ ਬਹੁਤ ਕੁਝ ਬਦਲਿਆ ਪਿਆ ਸੀ। ਕੱਚੇ ਰਾਹ ਦੀ ਥਾਂ ਹੁਣ ਪੱਕੀ ਸੜਕ ਸੀ। ਸਕੂਲ, ਜੋ ਬਹੁਤ ਦੂਰ ਲੱਗਦਾ ਸੀ, ਬਿਲਕੁਲ ਘਰਾਂ ਚ ਆ ਗਿਆ ਸੀ। ਪਤਾ ਲੱਗਾ ਕਿ ਇਨ੍ਹਾਂ ਦਾ ਜਵਾਈ ਮਰ ਗਿਆ ਹੈ।

ਅੰਮਾ ਸੰਤੀ ਨੇ ਕਿਹਾ, 'ਸਿੱਟੋ ਨਾਲ ਤਾਂ ਬਾਹਲੀ ਮਾੜੀ ਹੋਈ ਹੈ। ਮਾਪਿਆਂ ਦੇ ਘਰ ਸਾਰੀ ਉਮਰ ਸਿਲਾ ਚੁਗਦੀ ਰਹੀ। ਵਿਧਵਾ ਮਾਂ ਨੇ ਪਿੰਡ ਦੇ ਲੋਕਾਂ ਤੋਂ ਮੰਗ-ਤੰਗ ਕੇ ਵਿਆਹ ਕੀਤਾ। ਪ੍ਰਾਹੁਣਾ ਸਿੱਟੋ ਤੋਂ ਵਾਹਵਾ ਵੱਡੀ ਉਮਰ ਦਾ ਸੀ। ਬੀਮਾਰ ਹੀ ਰਹਿੰਦਾ ਸੀ। ਸਿੱਟੋ ਦੇ ਜਾਣ ਨਾਲ ਸਹੁਰਿਆਂ ਦੇ ਘਰ ਰੋਟੀ ਪੱਕਦੀ ਹੋ ਗਈ। ਸਹੁਰੀਂ ਜਾ ਕੇ ਵੀ ਉਸ ਨੇ ਬਥੇਰਾ ਸਿਲਾ ਚੁਗਿਆ। ਕਹਿੰਦੇ, 'ਕੇਰਾਂ ਸਿੱਟੋ ਦੇ ਪੈਰ ਚ ਇਹੋ ਜਿਹਾ ਕਰਚਾ ਚੁਭਿਆ ਕਿ ਕਈ ਮਹੀਨੇ ਲਹੂ ਵਗਦਾ ਰਿਹਾ। ਅੱਡੇ ਚ ਬੱਸ ਤੋਂ ਉਤਰੀ ਤਾਂ ਮੈਂ ਪੁਛਿਆ ਬਈ ਲੰਗ ਕਾਹਤੋਂ ਮਾਰਦੀ ਐਂ, ਤਾਂ ਉਹਨੇ ਦੱਸਿਆ।'

ਤਾਈ ਅਮਰੋ ਕੋਲੋਂ ਹੀ ਬੋਲ ਪਈ, 'ਸਿੱਟੋ ਦਾ ਮੁੰਡਾ ਬਾਹਲਾ ਹੀ ਸੋਹਣਾ ਹੈ। ਲਗਦੈ ਫਿਰ ਤੋਂ ਉਮੀਦ ਤੋਂ ਹੈ। ਸਿੱਟੋ ਦੀ ਬੇਬੇ ਦੱਸਦੀ ਸੀ ਕਿ ਪੰਜਵਾਂ ਮਹੀਨਾ ਚਲਦਾ ਆ। ਸਿੱਟੋ ਦੇ ਪ੍ਰਾਹੁਣੇ ਨੂੰ ਏਸ ਜਵਾਕ ਦਾ ਮੂੰਹ ਦੇਖਣਾ ਵੀ ਨਸੀਬ ਨਾ ਹੋਇਆ। ਰੱਬ ਮੂਹਰੇ ਕੀਹਦਾ ਜ਼ੋਰ ਹੈ ਭਾਈ।'

ਕਈ ਸਾਲਾਂ ਬਾਅਦ ਮੈਂ ਜਦੋਂ ਫਿਰ ਪਿੰਡ ਗਈ ਤਾਂ ਸੁਣਿਆ, 'ਸਿੱਟੋ ਦਾ ਮੁੰਡਾ ਬਹੁਤ ਪੜ੍ਹ ਗਿਆ ਹੈ। ਸਿੱਟੋ ਨੇ ਸ਼ਹਿਰ ਚ ਲੋਕਾਂ ਦੇ ਭਾਂਡੇ ਮਾਂਜ ਮਾਂਜ ਕੇ, ਫਰਸ਼ਾਂ ਸਾਫ ਕਰ ਕਰਕੇ, ਮਿਹਨਤ ਮਜ਼ਦੂਰੀ ਕਰਕੇ ਦੋਹਾਂ ਨਿਆਣਿਆਂ ਨੂੰ ਪੜ੍ਹਾਇਆ ਹੈ। ਹੱਡੀਆਂ ਦੀ ਮੁੱਠ ਬਣੀ ਪਈ ਆ ਸਿੱਟੋ। ਰਹਿਣੀ-ਬਹਿਣੀ ਤਾਂ ਵਿਚਾਰੀ ਦੀ ਓਹੋ ਜਿਹੀ ਹੀ ਹੈ। ਲਿਬੜੀ ਤਿਬੜੀ ਜਿਹੀ!'

ਤੇ ਹੁਣ ਇਸ ਔਰਤ ਤੋਂ ਉਸ ਦਾ ਸਿੱਟੋ ਨਾਮ ਸੁਣ ਕੇ ਉਹ ਮੈਨੂੰ ਹੋਰ ਵੀ ਚੰਗੀ ਲੱਗਣ ਲੱਗ ਪਈ। ਮੈਂ ਕਈ ਵਾਰ ਸੋਚਦੀ ਕਿ ਉਸ ਵਿਚ ਕਿਹੜੀ ਅਜਿਹੀ ਗੱਲ ਹੈ, ਜੋ ਮੈਨੂੰ ਉਸ ਵੱਲ ਖਿੱਚਦੀ ਰਹਿੰਦੀ ਹੈ। ਦਿਨ ਰਾਤ ਉਸ ਦਾ ਖਿਆਲ ਮੈਨੂੰ ਤੰਗ ਕਰਦਾ ਸੀ। ਮੈਂ ਆਪਣੇ ਬੱਚਿਆਂ ਨਾਲ ਗੱਲ ਸਾਂਝੀ ਕੀਤੀ। ਮੇਰੀ ਵੱਡੀ ਧੀ ਆਖਣ ਲੱਗੀ, 'ਮਾਂ! ਅਸੀਂ ਤੁਹਾਨੂੰ ਵੀ ਉਸ ਤਰ੍ਹਾਂ ਦਾ ਸੂਟ ਲੈ ਦਿੰਦੇ ਹਾਂ। ਫਿਰ ਤੁਹਾਨੂੰ ਉਸ ਦਾ ਖਿਆਲ ਆਉਣਾ ਬੰਦ ਜੋ ਜਾਵੇਗਾ।' ਗੱਲ ਹਾਸੇ ਵਿਚ ਟਲ ਗਈ।

ਮੇਰੀ ਅਤੇ ਸਿੱਟੋ ਦੀ ਨੇੜਤਾ ਵੱਧ ਗਈ। ਮੈਂ ਉਸ ਨੂੰ ਭੈਣ ਜੀ ਆਖਦੀ ਅਤੇ ਉਹ ਵੀ ਮੈਨੂੰ ਭੈਣ ਜੀ ਆਖਦੀ। ਜਿਸ ਦਿਨ ਉਹ ਮੈਨੂੰ ਜਿਮ ਚ ਨਾ ਮਿਲਦੀ ਤਾਂ ਮੈਨੂੰ ਆਪਣਾ ਜਿਮ ਜਾਣਾ ਵਿਅਰਥ ਜਿਹਾ ਲੱਗਦਾ। ਬਹੁਤ ਵਾਰ ਮੈਂ ਆਪ ਹੀ ਆਪਣੇ 'ਤੇ ਹੱਸ ਪੈਂਦੀ। ਕਿਉਂ ਉਹ ਮੈਨੂੰ ਏਨੀ ਚੰਗੀ ਲੱਗਦੀ ਹੈ? ਇਸ ਸ਼ਹਿਰ ਵਿਚ ਕਿੰਨੀਆਂ ਪੜ੍ਹੀਆਂ-ਲਿਖੀਆਂ ਔਰਤਾਂ ਮੇਰੀਆਂ ਸਹੇਲੀਆਂ ਹਨ। ਇਸ ਵਿਚ ਅਜਿਹੀ ਕਿਹੜੀ ਗੱਲ ਹੈ, ਜੋ ਮੈਨੂੰ ਇਹਦੇ ਵੱਲ ਖਿੱਚਦੀ ਹੈ? ਵਿਚਾਰੀ ਨੂੰ ਗੱਲਬਾਤ ਵੀ ਨਹੀਂ ਕਰਨੀ ਆਉਂਦੀ। ਮੇਰੇ ਨਾਲ ਗੱਲ ਕਰਨ ਤੋਂ ਵੀ ਕੰਨੀ ਕਤਰਾਉਂਦੀ ਰਹਿੰਦੀ ਹੈ। ਖੈਰ, ਵਾਹਿਗੁਰੂ ਜਾਣੇ!

ਇਕ ਦਿਨ ਉਸ ਦੀ ਨੂੰਹ ਕੁਝ ਲੇਟ ਹੋ ਗਈ। ਉਹ ਬਾਹਰ ਥੜ੍ਹੇ 'ਤੇ ਬੈਠੀ ਉਡੀਕ ਰਹੀ ਸੀ। ਮੈਂ ਅਜੇ ਅੰਦਰ ਜਾਣਾ ਸੀ। ਉਸ ਨੂੰ ਬੈਠੀ ਦੇਖ ਕੇ ਮੈਂ ਉਸ ਕੋਲ ਰੁਕ ਗਈ।

'ਕੀ ਗੱਲ, ਅੱਜ ਰਾਈਡ ਨਹੀਂ ਆਈ?'

'ਹਾਂ! ਮੈਂ ਫੋਨ ਕੀਤਾ ਸੀ। ਬਹੂ ਰਾਹ ਚ ਹੀ ਹੈ। ਕਹਿੰਦੀ ਰਾਊਕਿਆਂ ਤੋਂ ਨਾਨੀ ਦਾ ਫੋਨ ਆ ਗਿਆ ਸੀ, ਇਸ ਕਰਕੇ ਥੋੜ੍ਹਾ ਲੇਟ ਹੋ ਗਈ।'

'ਰਾਊਕੇ!' ਸੁਣ ਕੇ ਮੈਂ ਡੌਰ ਭੌਰ ਹੋ ਗਈ।

'ਤੁਹਾਡੀ ਨੂੰਹ ਦੇ ਨਾਨਕੇ ਰਾਊਕੀਂ ਹਨ?' ਮੈਂ ਪੁੱਛਿਆ।

'ਨਹੀਂ! ਰਾਊਂਕੀ ਮੇਰੇ ਪੇਕੇ ਹਨ। ਮੇਰੀ ਮਾਂ ਦਾ ਫੋਨ ਆਇਆ ਸੀ, ਰਾਊਕਿਆਂ ਤੋਂ। ਉਹ ਇਕ ਦਮ ਹੀ ਸਾਰੀ ਗੱਲ ਕਹਿ ਗਈ।

ਮੈਂ ਸਿੱਟੋ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਆਖਿਆ, '...ਤੇ ਤੂੰ ਸਿੱਟੋ ਹੈਂ! ਤੁਹਾਡਾ ਘਰ ਰਾਹ 'ਤੇ ਸੀ। ਆਪਾਂ ਸਕੂਲ ਜਾਇਆ ਕਰਦੀਆਂ ਸਾਂ ਇਕੱਠੀਆਂ!'

ਮੂੰਹੋਂ ਤਾਂ ਨਿਕਲਣ ਲੱਗਿਆ ਸੀ ਕਿ ਕੀ ਤੂੰ ਜੁਲਾਹਿਆਂ ਕੀ ਸਿੱਟੋ ਹੈ? ਪਰ ਮੈਂ ਇਹ ਕਹਿਣੋਂ ਰੁਕ ਗਈ।

ਸਿੱਟੋ ਹੈਰਾਨੀ ਭਰੀਆਂ ਅੱਖਾਂ ਨਾਲ ਮੇਰੇ ਵੱਲ ਦੇਖ ਰਹੀ ਸੀ।

'ਹਾਂ...ਮੈਂ ਓ ਹੀ ਸ਼ਿੰਦਰ, ਜੋ ਪਹਿਲੀ ਤੋਂ ਲੈ ਕੇ ਚੌਥੀ ਜਮਾਤ ਤੱਕ ਤੇਰੇ ਨਾਲ ਸਕੂਲ ਜਾਂਦੀ ਸੀ। ਸੂਬੇਦਾਰਾਂ ਦੀ ਪੋਤੀ।' ਮੈਂ ਕਿਹਾ।

ਹੁਣ ਸਿੱਟੋ ਮੇਰੇ ਗਲ ਲੱਗ ਗਈ। ਉਸ ਦੀਆਂ ਅੱਖਾਂ ਭਰ ਆਈਆਂ।

ਉਸ ਦੀ ਨੂੰਹ ਆ ਗਈ। ਅੱਜ ਉਹ ਪਹਿਲਾਂ ਵਾਂਗ ਇਕੱਲੀ ਉਸ ਦੀ ਕਾਰ ਕੋਲ ਨਹੀਂ ਗਈ। ਮੇਰਾ ਹੱਥ ਫੜ ਕੇ ਕਾਰ ਚ ਬੈਠੀ ਨੂੰਹ ਕੋਲ ਲੈ ਗਈ।

'ਪੁੱਤ, ਇਹ ਤੇਰੀ ਮਾਸੀ ਹੈ ਮੇਰੇ ਪਿੰਡੋਂ। ਅਸੀਂ ਇਕੱਠੀਆਂ ਪੜ੍ਹਦੀਆਂ ਸਾਂ। ਮੈਨੂੰ ਘਰਦਿਆਂ ਨੇ ਚੌਥੀ 'ਚੋਂ ਹਟਾ ਲਿਆ ਸੀ ਸਿਲਾ ਚੁਗਣ ਵਾਸਤੇ।'

ਉਸ ਦੀ ਨੂੰਹ ਕਾਰ 'ਚੋਂ ਬਾਹਰ ਨਿਕਲੀ। ਮੇਰੇ ਪੈਰੀਂ ਹੱਥ ਲਾਏ। ਮੇਰਾ ਫੋਨ ਨੰਬਰ ਲਿਆ ਤੇ ਮੇਰੇ ਘਰ ਆਉਣ ਦਾ ਵਾਅਦਾ ਕਰਕੇ ਹੱਸਦੀ ਹੱਸਦੀ ਨੇ ਕਾਰ ਤੋਰ ਲਈ।

ਅੱਜ ਸਤਵੰਤ ਇਸ ਸ਼ਹਿਰ ਵਿਚ ਮੇਰੀ ਸਭ ਤੋਂ ਕਰੀਬੀ ਦੋਸਤ ਹੈ। ਮੈਨੂੰ ਖੁਸ਼ੀ ਹੈ ਕਿ ਹੁਣ ਉਸ ਨੂੰ ਗਰਮ ਪਾਣੀ ਦੀ ਕੋਈ ਘਾਟ ਨਹੀਂ।

## ਪੜ੍ਹੇ, ਸੁਣੇ ਅਤੇ ਦੇਖੇ ਵਿਚਾਰੇ ਪ੍ਰਸੰਗਾਂ ਦੀ ਰੌਸ਼ਨੀ ਵਿਚ

# ਤਾ ਕਿ ਸਨਦ ਰਹੇ:ਅੰਮ੍ਰਿਤਾ ਪ੍ਰੀਤਮ-2

***ਬਹੁ-ਵੰਨਗੀ ਲਿਖਾਰੀ ਅੰਮ੍ਰਿਤਾ ਪ੍ਰੀਤਮ ਦਾ ਸਾਹਿਤ ਜਗਤ ਵਿਚ ਮੁਕਾਮ ਬਹੁਤ ਉਚ ਦੁਮਾਲੜਾ ਹੈ। ਉਨ੍ਹਾਂ ਦੀ ਸ਼ਖਸੀਅਤ ਅਤੇ ਸਾਹਿਤ ਦੀ ਚਰਚਾ ਪੰਜਾਬੀ ਦਾ ਘੇਰਾ ਤੋੜ ਕੇ ਸੰਸਾਰ ਭਰ ਦੀਆਂ ਬਹੁਤ ਸਾਰੀਆਂ ਜ਼ੁਬਾਨਾਂ ਦਾ ਹਿੱਸਾ ਬਣ ਚੁੱਕੀ ਹੈ। ਇਸ ਮੁਕਾਮ ਤੱਕ ਅੱਪੜਨ ਲਈ ਲਿਖਾਰੀ ਨੂੰ ਵੱਖ-ਵੱਖ ਰਾਹਾਂ ਵਿਚੋਂ ਪੈਂਡੇ ਮਾਰਨੇ ਪੈਂਦੇ ਹਨ। ਇਸੇ ਕਰ ਕੇ ਜੇਕਰ ਅਜਿਹੀਆਂ ਸ਼ਖਸੀਅਤਾਂ ਦੇ ਪ੍ਰਸ਼ੰਸਕਾਂ ਦੀ ਕੋਈ ਕਮੀ ਨਹੀਂ ਹੁੰਦੀ, ਤਾਂ ਮੁਖਾਲਿਫਾਂ ਵੀ ਕੋਈ ਘੱਟ ਨਹੀਂ ਹੁੰਦੀਆਂ। ਕੈਨੇਡਾ ਵੱਸਦੇ ਉਘੇ ਆਲੋਚਕ ਅਤੇ ਲਿਖਾਰੀ ਡਾ. ਸਾਧੂ ਸਿੰਘ ਨੇ ਇਸ ਲੇਖ ਵਿਚ ਅਜਿਹੇ ਮਸਲਿਆਂ ਬਾਰੇ ਕੁਝ ਗੱਲਾਂ-ਬਾਤਾਂ ਸਾਂਝੀਆਂ ਕੀਤੀਆਂ ਹਨ। ਇਸ ਲੇਖ ਦੀ ਦੂਜੀ ਅਤੇ ਆਖਰੀ ਕਿਸ਼ਤ ਹਾਜ਼ਰ ਹੈ।***

*(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)*

ਅੰਮ੍ਰਿਤਾ ਪ੍ਰੀਤਮ ਵੱਲੋਂ ਰਵਾਇਤੀ ਵਿਆਹ ਪ੍ਰਬੰਧ ਵਿਰੁੱਧ ਵਿਦਰੋਹ ਆਪਣੇ ਆਪ ਨੂੰ ਪਿਆਰ-ਵਿਹੂਣੇ ਮਰਦ ਦੀ ਸੇਵਾ ਵਿਚ ਭੋਗੀ ਜਾਣ ਵਾਲੀ ਵਸਤੂ ਵਜੋਂ ਪਰੋਸੇ ਜਾਣ ਤੋਂ ਇਨਕਾਰ ਹੈ।

ਜਿਹੜੇ ਲੋਕਾਂ ਨੂੰ ਇਸ ਜ਼ਹਿਮਤ-ਜ਼ਲਾਲਤ ਵਾਲੀ ਜ਼ਿੰਦਗੀ ਨੂੰ ਖੈਰਬਾਦ ਕਹਿ ਕੇ ਨਵੀਂ ਸ਼ੁਰੂਆਤ ਦੀ ਜੁਰੱਅਤ ਕਰਨ ਦਾ ਕਰਮ ਸਦਾਚਾਰ ਵਿਰੋਧੀ ਜਾਪਦਾ ਹੈ, ਉਨ੍ਹਾਂ ਨੂੰ ਆਪਣੀ ਪੀੜ੍ਹੀ ਹੇਠਾਂ ਸੋਟਾ ਫੇਰਨ ਦੀ ਜ਼ਰੂਰਤ ਹੈ।

ਦਰਅਸਲ ਪੰਜਾਬੀ ਭਾਈਚਾਰਾ ਪ੍ਰੇਮ-ਪਿਆਰ ਦੇ ਸੰਬੰਧ ਵਿਚ ਮਹਾਂ-ਦੰਭੀ ਲੋਕਾਂ ਦਾ ਭਾਈਚਾਰਾ ਹੈ। ਅਸੀਂ ਹੀਰ, ਸਾਹਿਬਾਂ, ਸੋਹਣੀ ਦੀ ਗਾਥਾ ਦਾ ਗਾਇਨ ਕਰਦੇ ਨਹੀਂ ਥੱਕਦੇ, ਪਰ ਸਾਡਾ ਇਹ ਕੀਰਤੀ-ਗਾਇਨ ਕੇਵਲ ਜ਼ੁਬਾਨੀ ਜਮ੍ਹਾਂ-ਖ਼ਰਚ ਹੀ ਹੈ।

ਸਾਡੀਆਂ ਪ੍ਰੇਮ ਕਹਾਣੀਆਂ ਦੀਆਂ ਇਹ ਵਿਆਹੁਤਾ ਜਾਂ ਵਿਆਹ ਦੀ ਦੰਦੀ 'ਤੇ ਖੜ੍ਹੀਆਂ ਇਨ੍ਹਾਂ ਨਾਰਾਂ ਦੀ ਸਾਡੇ ਅਮਲੀ ਸਮਾਜੀ ਜੀਵਨ ਵਿਚ ਕੀ ਹੈਸੀਅਤ ਹੈ? ਮਹਿਜ਼ ਉਧਾਲੀਆਂ ਹੋਈਆਂ ਔਰਤਾਂ!

**ਸਾਧੂ ਸਿੰਘ**

ਸਾਡੇ ਇੱਕ ਬਜ਼ੁਰਗ ਸ. ਕਰਮ ਸਿੰਘ ਹਿਸਟੋਰੀਅਨ ਨੇ ਪੰਜਾਬੀ ਕਿੱਸਿਆਂ ਨੂੰ ਵਿਗੜੇ ਹੋਏ ਮੁੰਡੇ-ਕੁੜੀਆਂ ਦੀਆਂ ਪ੍ਰੇਮ ਕਹਾਣੀਆਂ ਕਹਿ ਕੇ ਰੱਦ ਕੀਤਾ ਸੀ। ਸ. ਕਰਮ ਸਿੰਘ ਹਿਸਟੋਰੀਅਨ ਨਾਲ ਅਸਹਿਮਤ ਹੋਇਆ ਜਾ ਸਕਦਾ ਹੈ ਪਰ ਉਨ੍ਹਾਂ ਨੂੰ ਦੰਭੀ ਕਤੱਈ ਨਹੀਂ ਕਿਹਾ ਜਾ ਸਕਦਾ।

ਪਰ ਕਰਮ ਸਿੰਘ ਦੇ ਵਰਤਮਾਨ ਵਾਰਿਸ ਆਪਣੀਆਂ ਪ੍ਰੇਮ ਨਾਇਕਾਵਾਂ ਅਤੇ ਗੀਤਾਂ 'ਤੇ ਝੂੰਮਣ ਜੋਗੇ ਹੀ ਹਨ ਅਤੇ ਜੇ ਆਪਣੇ ਘਰ-ਪਰਿਵਾਰ ਵਿਚ ਕਿਸੇ ਧੀ-ਭੈਣ ਦੇ ਪ੍ਰੇਮ ਦੀ ਭਿਣਕ ਵੀ ਪੈ ਜਾਵੇ ਤਾਂ ਉਸ ਨੂੰ ਹੋੜਨ-ਹਟਕਣ ਲਈ ਹਰ ਕਿਸਮ ਦੇ ਹੋਛੇ ਹਰਬਿਆਂ ਤੇ ਉਤਰ ਆਉਂਦੇ ਹਨ।

ਅੰਮ੍ਰਿਤਾ ਪ੍ਰੀਤਮ ਪਹਿਲੀਆਂ ਦੇ ਟਾਕਰੇ ਤੇ ਆਪਣੀ ਹੀ ਵਚਿੱਤਰ, ਅਨੂਪਮ ਅਤੇ ਸੰਪੂਰਨ ਪ੍ਰੇਮ ਕਹਾਣੀ ਦੀ ਨੂਤਨ ਨਾਇਕਾ ਹੈ। ਉਹਨੇ ਕਿਸੇ ਸਾਹਿਬਾਂ ਵਾਂਗ ਆਪਣੇ ਮਿਰਜ਼ੇ ਦੇ ਤੀਰ ਨਹੀਂ ਤੋੜੇ। ਹੀਰ ਵਾਂਗ ਆਪਣੇ ਰਾਂਝੇ ਦੀ ਸਮਾਜਕ ਪ੍ਰਵਾਨਗੀ ਅੱਗੇ ਸਿਰ ਝੁਕਾ ਕੇ ਉਹਨੂੰ ਆਪਣੇ ਪਿੰਡੋਂ ਜੰਜ ਲਿਆਉਣ ਲਈ ਨਹੀਂ ਟੋਰਿਆ। ਅੰਮ੍ਰਿਤਾ ਪ੍ਰੀਤਮ ਨੇ ਮੌਤ ਨਹੀਂ, ਸ਼ਾਨਾਂਮੱਤੀ ਸਵੈਮਾਨੀ ਜ਼ਿੰਦਗੀ ਦਾ ਰਾਹ ਚੁਣਿਆ ਤੇ ਉਹ ਆਪਣੇ ਸਮਕਾਲੀਆਂ ਅਤੇ ਪਰਵਰਤੀ ਨਰ-ਨਾਰੀਆਂ ਲਈ ਚਾਨਣ ਮੁਨਾਰਾ ਬਣੀ ਖੜ੍ਹੀ ਹੈ।

ਇਹ ਸਭ ਕੁਝ ਸਹਿਜ ਜਾਂ ਸੁਭਾਵਕ ਤੌਰ 'ਤੇ ਨਹੀਂ ਸਗੋਂ ਬੜੇ ਦੁਰਗਮ ਰਾਹਾਂ ਵਿਚੀਂ ਗੁਜ਼ਰਨ ਤੋਂ ਬਾਅਦ ਹੀ ਵਾਪਰਿਆ ਸੀ।

ਅੰਮ੍ਰਿਤਾ ਨਾਲ ਆਪਣੀ ਦੋਸਤੀ ਬਾਰੇ ਇਮਰੋਜ਼ ਬੜੀ ਨਿਮਰਤਾ ਨਾਲ ਕਿਹਾ ਕਰਦੇ ਸਨ: ਇੱਕ ਤਜਰਬਾ ਕੀਤਾ ਸੀ ਅਤੇ ਬੱਸ ਕਾਮਯਾਬ ਹੋ ਗਿਆ। ਹਰ ਰਿਸ਼ਤਾ ਆਪਣੇ ਸ਼ੁਰੂਆਤੀ ਦੌਰ ਵਿਚ ਤਜਰਬਾ ਹੀ ਹੁੰਦਾ ਹੈ। ਇਸ ਤਜਰਬੇ ਨੂੰ ਪਾਇ-ਤਕਮੀਲ ਤੱਕ ਪਹੁੰਚਾਉਣ ਲਈ ਅੰਮ੍ਰਿਤਾ ਇਮਰੋਜ਼ ਨੂੰ ਸਮਾਜੀ-ਆਰਥਿਕ ਔਕੜਾਂ ਤੋਂ ਬਿਨਾਂ ਜਿਨ੍ਹਾਂ ਜ਼ਿਹਨੀ-ਜਜ਼ਬਾਤੀ ਕਸ਼ਮਕਸ਼ਾਂ ਵਿਚੀਂ ਗੁਜ਼ਰਨਾ ਪਿਆ ਹੈ, ਉਨ੍ਹਾਂ ਦਾ ਵੇਰਵਾ ਅੰਮ੍ਰਿਤਾ ਦੀਆਂ ਸਵੈ-ਜੀਵਨੀ ਪਰਕ ਲਿਖ਼ਤਾਂ ਵਿਚ ਦਰਜ ਹੈ।

ਇਸ ਰਿਸ਼ਤੇ ਦੀ ਰਚਨਾ ਤੱਕ ਅੰਮ੍ਰਿਤਾ, ਜਿਨ੍ਹਾਂ ਦੋਸਤੀਆਂ ਦੇ ਅਨੁਭਵ ਵਿਚੀਂ ਗੁਜ਼ਰੇ ਸਨ, ਉਹ ਆਪੋ-ਆਪਣੀ ਥਾਂ ਮਹੱਤਵਪੂਰਨ ਹਨ ਪਰ ਅੰਮ੍ਰਿਤਾ ਦੀ ਜ਼ਿੰਦਗੀ ਵਿਚ ਹੋਏ-ਵਾਪਰਿਆਂ ਦੇ ਨਾਲੋ-ਨਾਲ ਅਣਹੋਏ ਰਿਸ਼ਤਿਆਂ ਦਾ ਵੀ ਬਹੁਤ ਬੜਬੋਲਾ ਦਖ਼ਲ ਰਿਹਾ ਹੈ। ਇੱਥੇ ਅਸੀਂ ਉਨ੍ਹਾਂ ਵਿਚੋਂ ਕੇਵਲ ਇੱਕ, ਅੰਮ੍ਰਿਤਾ ਨਾਲ ਆਪਣੇ ਵੇਲਿਆਂ ਦੇ ਸ਼ਿਰੋਮਣੀ ਕਵੀ ਮੋਹਨ ਸਿੰਘ ਦੁਆਰਾ ਕਲਪਿਤ ਪ੍ਰੇਮ ਕਹਾਣੀ ਬਾਰੇ ਹੀ ਗੱਲ ਕਰਨੀ ਚਾਹਾਂਗੇ।

ਇਸ ਬਾਰੇ ਉਰਮਿਲਾ ਜੀ ਆਪਣੇ ਲੇਖ ਵਿਚ ਲਿਖਦੇ ਹਨ, 'ਮੋਹਨ ਸਿੰਘ ਮਾਹਿਰ ਨੇ ਪ੍ਰੀਤ ਨਗਰ ਦੀ ਨਿੱਕੀ ਜਿਹੀ ਮੁਲਾਕਾਤ ਨੂੰ ਆਪਣੀ ਅਤੇ ਅੰਮ੍ਰਿਤਾ ਦੀ ਪ੍ਰੀਤ ਕਹਾਣੀ ਵਿਚ ਬਦਲਣਾ ਚਾਹਿਆ, ਆਪਣੇ ਘਰ ਅੰਮ੍ਰਿਤਾ ਦੀ ਤਸਵੀਰ ਟੰਗ ਟੰਗ ਆਪਣੇ ਇਸ਼ਕ ਦੀਆਂ ਕਹਾਣੀਆਂ ਪਾਈਆਂ।'

ਇਹ ਤਸਵੀਰ ਮੋਹਨ ਸਿੰਘ ਦੇ ਘਰ ਸਜੀ, ਮੈਂ ਵੀ ਦੇਖੀ ਹੈ। ਇਸ ਤਸਵੀਰ ਦੀ ਪ੍ਰਾਪਤੀ ਦੇ ਚਸ਼ਮਦੀਦ ਗਵਾਹ ਉਰਮਿਲਾ ਦੇ ਵੱਡੇ ਵੀਰ ਮਰਹੂਮ ਸ. ਨਵਤੇਜ ਸਿੰਘ ਤੇ ਨਾਵਲਕਾਰ ਸੁਰਿੰਦਰ ਸਿੰਘ ਨਰੂਲਾ ਸਨ।

ਨਵਤੇਜ ਸਿੰਘ ਦੱਸਦੇ ਹੁੰਦੇ ਸਨ ਕਿ ਮੋਹਨ ਸਿੰਘ ਨੇ ਇਹ ਤਸਵੀਰ ਲਾਹੌਰ ਦੇ ਇੱਕ ਸਟੂਡੀਓ ਵਾਲੇ ਤੋਂ ਲੈ ਕੇ ਆਪਣੇ ਘਰ ਲਾਈ ਸੀ ਅਤੇ ਹਰ ਆਉਣ-ਜਾਣ ਵਾਲੇ ਨੂੰ ਇਹ ਦੱਸਦੇ ਹੁੰਦੇ ਸਨ ਕਿ ਇਹ ਖੁਦ ਅੰਮ੍ਰਿਤਾ ਨੇ ਉਨ੍ਹਾਂ ਨੂੰ ਭੇਂਟ ਕੀਤੀ ਸੀ।

ਨਵਤੇਜ ਅਨੁਸਾਰ ਮੋਹਨ ਸਿੰਘ ਨੇ ਇਸ ਸਿਆਹ-ਸਫੈਦ ਤਸਵੀਰ ਵਿਚ, ਕੁਝ ਸਮਾਂ ਬਾਅਦ ਰੰਗ ਭਰਵਾਏ ਸਨ। ਮਗਰੋਂ ਇਸ ਰੰਗਦਾਰ ਤਸਵੀਰ ਬਾਰੇ ਨਵਤੇਜ ਅਤੇ ਨਰੂਲਾ ਜੀ ਨੂੰ ਵੀ ਇਹ ਕਹਿਣ ਲੱਗ ਪਏ ਸਨ ਕਿ ਇਹ ਤਸਵੀਰ ਅੰਮ੍ਰਿਤਾ ਜੀ ਵੱਲੋਂ ਭੇਟਾ ਕੀਤੀ ਗਈ ਹੈ।

ਇਹ ਤਾਂ ਹੋਈ ਅੰਮ੍ਰਿਤਾ ਜੀ ਦੀ ਮਹਿਜ਼ ਤਸਵੀਰ ਦੀ ਗੱਲ ਪਰ ਨਰੂਲਾ ਤਾਂ ਅੰਮ੍ਰਿਤਾ ਦੀ ਗਰੁੱਪ ਫੋਟੋ ਵਿਚ ਦਿੱਸਣ ਲਈ ਇਸ ਤੋਂ ਵੀ ਵੱਡਾ ਕ੍ਰਿਸ਼ਮਾ ਕਰ ਗਏ ਸਨ। ਮੇਰੇ ਦੋਸਤ ਸੁਰਜੀਤ ਪਾਤਰ ਅਤੇ ਅਮਰਜੀਤ ਗਵਾਹ ਹਨ ਕਿ ਇੱਕ ਵਾਰ ਨਰੂਲਾ ਜੀ ਇੱਕ ਤਸਵੀਰ ਲਿਆਏ ਸਨ ਜਿਸ ਵਿਚ ਅੰਮ੍ਰਿਤਾ ਮਾਈਕ ਸਾਹਮਣੇ ਖਲੋ ਕੇ ਕਵਿਤਾ ਪੜ੍ਹ ਰਹੇ ਹਨ। ਬੈਠੈ ਹੋਏ ਹੋਰ ਸੱਜਣਾਂ ਵਿਚ ਸੁਰਿੰਦਰ ਸਿੰਘ ਨਰੂਲਾ ਦੇ 'ਸਿਰ ਵਾਲਾ' ਇੱਕ ਹੋਰ ਪ੍ਰਾਣੀ ਵੀ ਸੁਭਾਇਮਾਨ ਹੈ, ਜੋ ਨਰੂਲਾ ਜੀ ਅਨੁਸਾਰ ਉਹ ਖੁਦ ਹਨ ਅਤੇ ਉਨ੍ਹਾਂ ਨੇ ਵੀ ਅੰਮ੍ਰਿਤਾ ਨਾਲ ਇਸ ਮੁਸ਼ਾਇਰੇ ਵਿਚ ਕਵਿਤਾ ਪੜ੍ਹੀ ਸੀ ਪਰ ਨਰੂਲਾ ਜੀ ਦੇ ਸਿਰ ਵਾਲੀ ਤਸਵੀਰ ਵਿਚ ਜ਼ਾਹਿਰਾ ਤੌਰ 'ਤੇ ਇੱਕ ਗੱਲ ਬੜੀ ਅਟਪਟੀ ਹੈ, ਉਨ੍ਹਾਂ ਦਾ ਸਿਰ ਤਸਵੀਰ ਵਿਚ ਧੜ ਦੀ ਅਨੁਪਾਤ ਵਿਚ ਬੇਢੱਬੀ ਹੱਦ ਤੀਕ ਵੱਡਾ ਹੈ। ਰਤਾ ਕੁ ਧਿਆਨ ਨਾਲ ਦੇਖਣ ਤੋਂ ਪਤਾ ਲੱਗਾ ਕਿ ਇਹ ਸੀਸ ਤਸਵੀਰ ਵਿਚਲੇ ਕਿਸੇ ਹੋਰ ਦੇ ਧੜ ਨਾਲੋਂ ਕੱਟੇ ਹੋਏ ਸਿਰ ਦੀ ਥਾਂ ਜੋੜਿਆ ਗਿਆ ਹੈ। ਇਹ ਜੋੜ ਬੜੇ ਧਿਆਨ ਨਾਲ ਲਾਇਆ ਗਿਆ ਹੋਣ ਦੇ ਬਾਵਜੂਦ ਉਂਗਲੀ ਫੇਰਨ 'ਤੇ ਰੜਕਦਾ ਹੈ।


ਜਦੋਂ ਦੂਜੇ ਦਿਨ ਅਸੀਂ ਨਰੂਲਾ ਜੀ ਦੇ ਧਿਆਨ ਵਿਚ ਇਹ ਗੱਲ ਲਿਆਂਦੀ ਤਾਂ ਉਹ ਤਸਵੀਰ ਤਾਂ ਵਾਪਸ ਲੈ ਗਏ ਪਰ ਅਗਲੇ ਦਿਨ ਉਸੇ ਤਸਵੀਰ ਦਾ ਨੈਗੇਟਿਵ ਬਣਵਾ ਕੇ ਉਹਦਾ ਇੱਕ ਹੋਰ ਉਤਾਰਾ ਸਾਨੂੰ ਭੇਟ ਕਰ ਗਏ ਜਿਸ ਵਿਚਲਾ ਸਿਰ ਦਾ ਜੋੜ ਤਾਂ ਉਂਗਲੀ ਦੀ ਛੋਹ ਨੂੰ ਰੜਕਣੋਂ ਹਟ ਗਿਆ ਸੀ ਪਰ ਉਸ ਦਾ ਧੜ ਦੇ ਟਾਕਰੇ ਤੇ ਆਕਾਰ ਹਾਲੇ ਵੀ ਬੇਮੇਚਾ ਲਗਦਾ ਹੈ।

ਸੋ ਦੋਸਤੋ, ਜ਼ਾਹਿਰ ਹੈ ਕਿ ਅੰਮ੍ਰਿਤਾ ਜੀ ਦੇ ਕ੍ਰਿਸ਼ਮੇ ਨੇ ਸਾਡੇ ਬਜ਼ੁਰਗਾਂ ਕੋਲੋਂ ਬੜੇ ਬੜੇ ਕ੍ਰਿਸ਼ਮੇ ਕਰਵਾਏ ਹਨ।

ਅੰਮ੍ਰਿਤਾ-ਮੋਹਨ ਸਿੰਘ ਹੋਰਾਂ ਦੀ ਕਪੋਲ ਕਲਪਿਤ ਕਹਾਣੀ ਏਨੀ ਵਿਸ਼ਾਲ ਪੱਧਰ 'ਤੇ ਪ੍ਰਚਾਰੀ ਗਈ ਸੀ ਕਿ ਮੈਂ ਵੀ ਇਸ ਨੂੰ ਸੱਚ ਮੰਨਣ ਵਾਲਿਆਂ ਵਿਚੋਂ ਹੀ ਹੁੰਦਾ ਸਾਂ।

ਇੱਕ ਮੁਲਾਕਾਤ ਦੌਰਾਨ ਜਦੋਂ ਹਾਸੇ ਹਾਸੇ ਦੌਰਾਨ ਹੀ ਇਸ ਗੱਲ ਦਾ ਜ਼ਿਕਰ ਹੋਇਆ ਤਾਂ ਅੰਮ੍ਰਿਤਾ ਪ੍ਰੀਤਮ ਇੱਕ ਦਮ ਗੰਭੀਰ ਹੋ ਕੇ ਕਹਿਣ ਲੱਗੇ, 'ਸਾਧੂ ਸਿੰਘ ਜੀ, ਮੋਹਨ ਸਿੰਘ ਸਿਰਫ ਮੇਰੇ ਡਰਾਇੰਗ ਰੂਮ ਦਾ ਗੈਸਟ ਸੀ। ਜਿੱਥੇ ਬੈਠ ਕੇ ਅੱਜ ਤੁਸੀਂ ਅਤੇ ਦੇਵ ਗੱਲਾਂ ਕਰਦੇ ਰਹੇ ਹੋ, ਉਸ ਥਾਂ ਤੱਕ ਮੋਹਨ ਸਿੰਘ ਦੀ ਰਸਾਈ ਨਹੀਂ ਸੀ।'

ਪਰ ਮੇਰੀ ਹਾਲੇ ਵੀ ਤਸੱਲੀ ਨਹੀਂ ਸੀ ਹੋ ਰਹੀ। ਮੈਂ ਉਨ੍ਹਾਂ ਨੂੰ ਨਿੱਜੀ ਅਨੁਭਵ ਦੇ ਆਧਾਰ 'ਤੇ ਇਹ ਗੱਲ ਕਹੀ ਕਿ ਮੁਹੱਬਤ ਇੱਕ ਪਾਸੜ ਵੀ ਤਾਂ ਹੋ ਸਕਦੀ ਹੈ ਅਤੇ ਅਜਿਹੀ ਮੁਹੱਬਤ ਵੀ ਕਿਸੇ ਧੁਰ ਅੰਦਰਲੀਆਂ ਡੂੰਘਾਣਾਂ ਤੱਕ ਪ੍ਰਭਾਵਿਤ ਕਰ ਸਕਦੀ ਹੈ। ਸਾਡੇ ਵੇਲਿਆਂ ਵਿਚ ਪਰਸਪਰ ਸੰਪਰਕ ਦੇ ਮੌਕੇ ਤਾਂ ਨਾ ਹੋਣ ਦੇ ਬਰੋਬਰ ਹੀ ਹੁੰਦੇ ਸਨ। ਬਹੁਤ ਕੁਝ ਅਮਲ ਦੀ ਥਾਂ ਚਿੱਤ ਵਿਚ ਹੀ ਵਾਪਰਦਾ ਹੁੰਦਾ ਸੀ। ਇਹ ਸੁਣ ਕੇ ਅੰਮ੍ਰਿਤਾ ਜੀ ਨੇ ਕਿਹਾ ਸੀ, 'ਤੁਸੀਂ ਜਿਸ ਅਜ਼ੀਮ ਅਹਿਸਾਸ ਦੀ ਗੱਲ ਕਰਦੇ ਹੋ, ਜੇ ਮੋਹਨ ਸਿੰਘ ਦੇ ਮਨ ਵਿਚ ਮੇਰੇ ਲਈ ਉਹ ਹੁੰਦਾ ਤਾਂ ਇੱਕ ਔਰਤ ਦੇ ਤੌਰ 'ਤੇ ਮੈਨੂੰ ਉਸ 'ਤੇ ਫਖ਼ਰ ਹੁੰਦਾ ਪਰ ਇਸ ਸੂਰਤ ਵਿਚ ਮੋਹਨ ਸਿੰਘ ਮੇਰੇ ਬਾਰੇ ਉਸ ਕਿਸਮ ਦੀਆਂ ਹਲਕੀਆਂ ਗੱਲਾਂ ਨਹੀਂ ਸੀ ਕਰ ਸਕਦੇ, ਜਿਹੋ ਜਿਹੀਆਂ ਉਹ ਕਰਦੇ ਰਹਿੰਦੇ ਸੀ।'



ਪ੍ਰੋਫੈਸਰ ਮੋਹਨ ਸਿੰਘ

ਏਸ ਤੋਂ ਬਾਅਦ ਘੱਟੋ-ਘੱਟ ਮੇਰੇ ਲਈ ਤਾਂ ਹੋਰ ਕਿਸੇ ਪੁੱਛ-ਗਿੱਛ ਦੀ ਹਿਮਾਕਤ ਕਰਨ ਦੀ ਕੋਈ ਗੁੰਜਾਇਸ਼ ਨਹੀਂ ਸੀ ਰਹਿ ਗਈ।

ਜਦੋਂ ਅੰਮ੍ਰਿਤਾ ਨੇ 'ਰਸੀਦੀ ਟਿਕਟ' ਵਿਚ ਇਸ ਗੱਲ ਦਾ ਸਾਰਾ ਹੀਜ-ਪਿਆਜ਼ ਖੋਲ੍ਹ ਦਿੱਤਾ ਤਾਂ ਮੋਹਨ ਸਿੰਘ ਨੇ ਅੰਮ੍ਰਿਤਾ ਨੂੰ ਕਿਹਾ ਸੀ, 'ਇੱਕ ਭਰਮ ਜਿਹਾ ਬਣਿਆ ਹੋਇਆ ਸੀ, ਕਾਹਨੂੰ ਤੋੜਨਾ ਸੀ, ਬਣਿਆ ਰਹਿਣ ਦਿੰਦੇ।'



ਡਾ. ਹਰਿਭਜਨ ਸਿੰਘ

ਇਸ ਤੋਂ ਕੁਝ ਚਿਰ ਬਾਅਦ ਮੋਹਨ ਸਿੰਘ ਨੇ ਨਜ਼ਮ ਲਿਖੀ ਜਿਸ ਦੇ ਸ਼ੁਰੂਆਤੀ ਬੋਲ ਕੁਝ ਇਸ ਤਰ੍ਹਾਂ ਸਨ:

ਅੱਧੀ ਬੀਤ ਗਈ ਏ ਵਾਅਦਿਆਂ ਤੇ ਲਾਰਿਆਂ ਦੇ ਨਾਲ।

ਬਾਕੀ ਕੱਟ ਲਾਂ'ਗੇ ਯਾਦਾਂ ਦੇ ਸਹਾਰਿਆਂ ਦੇ ਨਾਲ।

ਮੈਂ ਸੋਚਦਾ ਹਾਂ, ਜੇ ਪਹਿਲੀ ਅੱਧੀ ਵਿਚ ਵੀ ਵਾਅਦੇ ਅਤੇ ਲਾਰੇ ਹੀ ਸਨ ਤਾਂ ਪ੍ਰੋਫੈਸਰ ਸਾਹਿਬ ਨੇ ਆਪਣੀ ਪਿਛਾੜ ਨੂੰ ਕਾਹਦੀਆਂ ਯਾਦਾਂ ਦੇ ਠੁੰਮ੍ਹਣੇ ਦਿੱਤੇ ਹੋਣਗੇ?

ਇਸ ਨਜ਼ਮ ਵਿਚ ਉਨ੍ਹਾਂ ਇਸ ਗੱਲ ਦਾ ਵੀ ਪਛਤਾਵਾ ਕੀਤਾ ਸੀ ਕਿ ਜੇ 'ਕੱਚੀ ਕੁੱਲੀ ਸੰਗ ਪ੍ਰੀਤ' ਪਾਉਂਦੇ ਤਾਂ ਸ਼ਾਇਦ ਉਨ੍ਹਾਂ ਨੂੰ ਮੁਹੱਬਤ ਦੇ ਕੁਝ ਠੋਸ ਅਨੁਭਵ ਵੀ ਹੰਢਾਉਣ ਨੂੰ ਮਿਲ ਸਕਦੇ ਪਰ ਉਹ ਤਾਂ 'ਮੱਥਾ ਭੰਨ ਬੈਠੇ' ਸਨ, 'ਦਿੱਲੀ ਦੇ ਮੁਨਾਰਿਆਂ ਦੇ ਨਾਲ।' ਬਾਅਦ ਵਿਚ ਪਤਾ ਨਹੀਂ ਕਿਹੜੀ ਦੁਖਦੀ ਰਗ ਨੂੰ ਸ਼ਾਂਤ ਕਰਨ ਲਈ, ਆਪਣੀ ਪਤਨੀ ਦੇ ਸੁਝਾਓ 'ਤੇ ਉਨ੍ਹਾਂ 'ਮੁਨਾਰਿਆਂ' ਨੂੰ 'ਚੁਬਾਰਿਆਂ' ਕਰ ਦਿੱਤਾ।

ਕੁਝ ਇਸ ਪ੍ਰਥਾਇ ਹੀ ਮਰਹੂਮ ਡਾ. ਵਿਸ਼ਵਨਾਥ ਤਿਵਾੜੀ ਨੇ ਆਪਣੇ ਕੋਲ ਕੁਝ 'ਪ੍ਰਮਾਣਾਂ' ਦੀ ਗੱਲ ਕੀਤੀ ਸੀ ਜਿਨ੍ਹਾਂ ਬਾਰੇ ਅੰਮ੍ਰਿਤਾ ਨੇ 'ਨਾਗਮਣੀ' ਵਿਚ 'ਕਬਰਾਂ ਦੀ ਗਵਾਹੀ' ਦੇ ਸਿਰਲੇਖ ਹੇਠ ਮੰਗ ਕੀਤੀ ਸੀ ਕਿ ਤਿਵਾੜੀ ਜੀ ਉਨ੍ਹਾਂ ਦੇ ਜਿਊਂਦੇ-ਜੀਅ ਛਾਪਣ ਦੀ ਜੁਰਅੱਤ ਕਰਨ। ਮੋਇਆਂ ਦੇ ਮਗਰੋਂ ਉਨ੍ਹਾਂ ਦੇ ਸੱਚ ਜਾਂ ਝੂਠ ਹੋਣ ਦੀ ਗਵਾਹੀ ਕਬਰਾਂ ਤਾਂ ਦੇ ਨਹੀਂ ਸਕਣਗੀਆਂ। ਤਿਵਾੜੀ ਜੀ ਕੋਲ ਇਸ ਚੁਣੌਤੀ ਦਾ ਕੋਈ ਜਵਾਬ ਨਹੀਂ ਸੀ।

ਅੰਮ੍ਰਿਤਾ ਦੇ ਜਿਊਂਦੇ-ਜੀਅ ਉਨ੍ਹਾਂ ਦੇ ਵਿਅਕਤੀਤਵ ਬਾਰੇ, ਉਨ੍ਹਾਂ ਦੀ ਰਹਿਤਲ ਕਾਰਨ ਹੀ ਨਹੀਂ ਸਗੋਂ ਉਨ੍ਹਾਂ ਦੀ ਰਚਨਾ ਦੇ ਆਧਾਰ 'ਤੇ ਵੀ ਫਤਵੇਬਾਜ਼ੀ ਹੁੰਦੀ ਰਹੀ ਹੈ।

ਮਿਸਾਲ ਦੇ ਤੌਰ 'ਤੇ ਗੁਰੂ ਨਾਨਕ ਦੇਵ ਜੀ ਦੇ ਪੰਜ ਸੌਵੇਂ ਜਨਮ ਪੁਰਬ ਦੇ ਅਵਸਰ 'ਤੇ ਉਨ੍ਹਾਂ ਦੀ ਨਜ਼ਮ 'ਨੌਂ ਸੁਪਨੇ' ਨੂੰ ਪੇਸ਼ ਕੀਤਾ ਜਾ ਸਕਦਾ ਹੈ। ਇਸ ਨਜ਼ਮ ਵਿਚ ਅੰਮ੍ਰਿਤਾ ਆਪਣੀ ਕੁੱਖ ਵਿਚ ਬਾਲ ਦੇ ਨਿੰਮਣ ਦੀ ਘੜੀ ਤੋਂ ਲੈ ਕੇ ਉਸ ਦੇ ਜੰਮਣ ਤੀਕ, ਮਾਤਾ ਤ੍ਰਿਪਤਾ ਦੀ ਮਨੋਦਸ਼ਾ ਨੂੰ ਨਿਰੋਲ ਮਾਤਰੀ ਦ੍ਰਿਸ਼ਟੀ ਤੋਂ ਚਿਤ੍ਰਣ ਦੀ ਕੋਸ਼ਿਸ਼ ਕੀਤੀ ਸੀ। ਇਸ ਨਜ਼ਮ ਵਿਰੁੱਧ ਕੁਝ ਧਾਰਮਿਕ ਹਲਕਿਆਂ ਵੱਲੋਂ ਤਾਂ ਵਾਅ-ਵੇਲਾ ਮੱਚਿਆ ਹੀ ਸੀ ਪਰ ਦੁੱਖ ਦੀ ਗੱਲ ਇਹ ਹੈ ਕਿ ਸਾਡੇ ਮਾਣਯੋਗ ਸਾਹਿਤ ਸਮਾਲੋਚਕ ਪ੍ਰੋਫੈਸਰ ਕਿਰਪਾਲ ਸਿੰਘ ਕਸੇਲ ਅੰਮ੍ਰਿਤਾ ਨੂੰ 'ਕਾਮ ਦੀ ਕੀੜੀ' ਆਖਣ ਦੀ ਹੱਦ ਤੱਕ ਚਲੇ ਗਏ ਸਨ। ਇਹੋ ਜਿਹੀ ਆਲੋਚਨਾ ਦੇ ਪਿੱਛੇ ਕਿਹੋ ਜਿਹੀ ਮਾਨਸਿਕਤਾ ਹੋ ਸਕਦੀ ਹੈ, ਇਸ ਬਾਰੇ ਕਿਸੇ ਟਿੱਪਣੀ ਦੀ ਜ਼ਰੂਰਤ ਨਹੀਂ।

ਕਿਸੇ ਸਾਹਿਤ ਰਚਨਾ ਦੇ ਗੁਣ-ਦੋਸ਼ਾਂ ਬਾਰੇ ਆਲੋਚਕਾਂ ਦੀਆਂ ਵੱਖੋ-ਵੱਖਰੀਆਂ ਦ੍ਰਿਸ਼ਟੀਆਂ ਅਤੇ ਦ੍ਰਿਸ਼ਟੀਕੋਣਾਂ ਦੇ ਆਧਾਰ ਤੇ ਅੱਡੋ-ਅੱਡਰੀਆਂ ਰਾਵਾਂ ਹੋ ਸਕਦੀਆਂ ਹਨ ਪਰ ਸਾਹਿਤ ਦੀ ਸਿਆਸਤ ਦੇ ਮੋਹਰੇ ਬਣ ਕੇ ਗ਼ੈਰ-ਜ਼ਿੰਮੇਵਾਰ ਗੱਲਾਂ ਕਰਨੀਆਂ ਕਤੱਈ ਸੋਭਾ ਨਹੀਂ ਦਿੰਦੀਆਂ। ਸੱਤਰਵਿਆਂ ਵਿਚ ਆਲੋਚਕਾਂ ਦੇ 'ਦਿੱਲੀ ਸਕੂਲ' ਦੇ ਮੋਹਰੀ ਡਾ. ਹਰਿਭਜਨ ਸਿੰਘ ਅਤੇ ਉਨ੍ਹਾਂ ਦੇ ਪੈਰੋਕਾਰਾਂ ਵੱਲੋਂ ਅਜਿਹੀਆਂ ਗੱਲਾਂ ਕੀਤੀਆਂ ਜਾਂਦੀਆਂ ਰਹੀਆਂ ਹਨ। 1974 ਵਿਚ ਲੁਧਿਆਣੇ ਵਿਚ ਗੋਸ਼ਟੀ ਅਤੇ ਉਸ ਤੋਂ ਬਾਅਦ ਸ਼ਾਮ ਵੇਲੇ ਦੀ ਬੈਠਕ ਵਿਚ ਅੰਮ੍ਰਿਤਾ ਵਿਰੁੱਧ ਹੋਏ ਅਨਾਚਾਰ ਅਤੇ ਉਸ ਸਭ ਕੁਝ ਦੀ ਹਰਨਾਮ ਦੇ ਨਾਮ ਹੇਠ ਛਪੀ ਰਿਪੋਰਟ ਵਿਚ, ਜੋ ਗੱਲਾਂ ਇਨ੍ਹਾਂ ਸੱਜਣਾਂ ਨੇ ਆਪ ਕਹੀਆਂ, ਮੇਰੇ ਨਾਮ ਨਾਲ ਜੋੜ ਕੇ ਛਾਪ ਦਿੱਤੀਆਂ ਗਈਆਂ। ਇਸ ਕੁਕਰਮ ਵਿਰੁੱਧ ਆਪਣਾ ਰੋਸ ਜ਼ਾਹਿਰ ਕਰਨ ਲਈ ਮੈਂ ਇੱਕ ਤਰਦੀਦੀ ਖ਼ਤ 'ਇਕੱਤੀ ਫਰਵਰੀ' ਵਾਲਿਆਂ ਨੂੰ ਲਿਖਿਆ ਸੀ। ਇਸ ਖ਼ਤ ਦਾ ਉਤਾਰਾ ਮੈਂ ਅੰਮ੍ਰਿਤਾ ਨੂੰ ਲਿਖੀ ਚਿੱਠੀ ਦੇ ਨਾਲ ਵੀ ਨੱਥੀ ਕਰ ਦਿੱਤਾ ਸੀ। ਦੋਨੋਂ ਖ਼ਤ ਇਸ ਪ੍ਰਕਾਰ ਸਨ:

ਸਤਿਕਾਰਯੋਗ ਅੰਮ੍ਰਿਤਾ ਜੀ,

'ਇਕੱਤੀ ਫਰਵਰੀ' ਦੇ ਮਾਰਚ, 74 ਅੰਕ ਵਿਚ 'ਲੁਧਿਆਣੇ ਦੀ ਗੋਸ਼ਟੀ ਅਤੇ ਅਗੋਸ਼ਟੀ' ਦੇ ਸਿਰਲੇਖ ਹੇਠ ਲਿਖੀ ਹਰਨਾਮ ਦੀ ਰਿਪੋਰਤਾਜ ਅਨੇਕਾਂ ਗਲਤ-ਬਿਆਨੀਆਂ ਨਾਲ ਭਰੀ ਪਈ ਹੈ। ਜੇ ਗੱਲ ਕੇਵਲ ਮੇਰੇ ਪਰਚੇ ਨੂੰ ਹੀ ਨਿੰਦਣ ਪੜਚੋਲਣ ਤੱਕ ਸੀਮਿਤ ਹੁੰਦੀ ਅਤੇ ਮੇਰੀ ਜ਼ਾਤ ਨੂੰ ਇਸ ਵਿਚ ਮੱਲੋਜ਼ੋਰੀ ਨਾ ਧੂਹਿਆ ਗਿਆ ਹੁੰਦਾ ਤਾਂ ਮੈਨੂੰ ਇਸ ਨਾਲ ਕੋਈ ਸਰੋਕਾਰ ਨਹੀਂ ਸੀ ਹੋਣਾ। ਮੈਨੂੰ ਹੋਰ ਬੰਦਿਆਂ ਨੂੰ ਮੁਖ਼ਾਤਬ ਕਰਵਾ ਕੇ ਹਰਨਾਮ ਨੇ ਮੇਰੇ ਮੂੰਹ ਵਿਚ ਇਹ ਸ਼ਬਦ ਪਾਏ ਹਨ: 'ਹਜ਼ੂਰ ਤੁਸੀਂ ਤਾਂ ਅੰਮ੍ਰਿਤਾ-ਪ੍ਰੀਤਮ ਦੇ ਯੁਗ ਵਿਚ ਪੈਦਾ ਹੋਏ ਹੋ, ਅਸੀਂ ਤੁਹਾਨੂੰ ਜਾਣਦੇ ਹਾਂ, ਸ਼ਰਮਿੰਦਾ ਹੋਵੋ।'

ਜੇ ਇਹ ਕੂੜ ਹਰਨਾਮ ਦੇ ਕੇਵਲ ਮੂੰਹ ਦੀ ਹੀ ਹਵਾੜ ਰਹਿੰਦਾ ਤਾਂ ਹੋਰ ਗੱਲ ਸੀ ਪਰ ਕਿਉਂਕਿ ਇਸ ਨੂੰ ਛਾਪ ਕੇ ਵੰਡਿਆ ਗਿਆ ਹੈ, ਇਸ ਲਈ ਅਸਲੀਅਤ ਦਾ ਬਿਆਨ ਕਰਨਾ ਜ਼ਰੂਰੀ ਹੋ ਗਿਆ ਹੈ।

ਉਸ ਦਿਨ ਪਾਤਰ ਦੇ ਕਮਰੇ ਵਿਚ ਜੁੜੀ ਮਹਿਫਿਲ ਵਿਚ ਇਸ ਮਨੋਰਥ ਨਾਲ ਸ਼ਾਮਿਲ ਹੋਇਆ ਸਾਂ ਕਿ ਕੁਝ ਸੱਜਣਾਂ ਨੇ ਆਪਣੀਆਂ ਆਲੋਚਨਾਤਮਕ ਟਿੱਪਣੀਆਂ ਅਤੇ ਡਾ. ਹਰਿਭਜਨ ਸਿੰਘ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿਚ ਜਿਹੜੇ ਬਹਿਸ ਗੋਚਰੇ ਨੁਕਤੇ ਉਠਾਏ ਸਨ, ਉਨ੍ਹਾਂ ਦਾ ਗ਼ੈਰ-ਰਸਮੀ ਬੈਠਕ ਵਿਚ ਨਿਤਾਰਾ-ਨਿਪਟਾਰਾ ਕੀਤਾ ਜਾ ਸਕੇ ਪਰ ਉਥੇ ਵਾਤਾਵਰਨ ਹੀ ਕੁਝ ਹੋਰ ਸੀ। ਗੱਲ ਤੁਹਾਡੇ, ਇੱਕ ਹੋਰ ਸਮਕਾਲੀ ਲੇਖਕਾ ਅਤੇ ਇੱਕ ਆਲੋਚਕ ਵਿਰੁੱਧ ਊਜਾਂ ਅਤੇ ਭੰਡੀ ਪ੍ਰਚਾਰ ਤੋਂ ਅਗਾਂਹ ਤੁਰਦੀ ਹੀ ਨਹੀਂ ਸੀ। ਡਾ. ਹਰਿਭਜਨ ਸਿੰਘ ਬੜੀ ਚਤੁਰਾਈ ਨਾਲ ਇਸ ਚੁੰਝ-ਚਰਚਾ ਦੇ ਸੰਚਾਲਕ ਹੋਣ ਦਾ ਰੋਲ ਨਿਭਾ ਰਿਹਾ ਸੀ। ਕੁਝ ਲੋਕ-ਚਲੋ 'ਵਾਜ ਤੇ ਲੱਗੇ ਬਟੇਰਿਆਂ ਦੀ ਕੀ ਗੱਲ ਕਰਨੀ ਹੈ। ਮੈਨੂੰ ਡਾਕਟਰ ਸਾਹਿਬ ਦਾ ਰੋਲ ਚੰਗਾ ਨਹੀਂ ਸੀ ਲੱਗਿਆ। ਮੈਂ ਉਨ੍ਹਾਂ ਨੂੰ ਮੁਖ਼ਾਤਬ ਹੋ ਕੇ ਆਖਿਆ ਸੀ: ਹਜ਼ੂਰ, ਤੁਸੀਂ ਤਾਂ ਅੰਮ੍ਰਿਤਾ ਪ੍ਰੀਤਮ ਦੇ ਯੁਗ ਵਿਚ ਜਿਊਣ ਨੂੰ ਹੀ ਆਪਣਾ ਸੁਭਾਗ ਕਹਿ ਚੁੱਕੇ ਹੋ ਅਤੇ ਨਾਗਮਣੀ ਦੇ ਕਿਸੇ ਅੰਕ ਵਿਚ ਕਠਮੰਡੂ ਦੀ ਯਾਤਰਾ ਦਾ ਜ਼ਿਕਰ ਕਰਦਿਆਂ ਪਤਾ ਨਹੀਂ ਕਿਹੜੇ ਕਿਹੜੇ ਸ਼ਬਦਾਂ ਵਿਚ ਆਪਣਾ ਖ਼ਿਰਾਜ਼-ਏ-ਅਕੀਦਤ ਪੇਸ਼ ਕਰ ਚੁੱਕੇ ਹੋ, ਤੇ ਹੁਣ ਇਸ ਅਚਾਨਕ ਕਲਾਬਾਜ਼ੀ ਦਾ ਕੀ ਅਰਥ ਸਮਝੀਏ?

ਪਲ ਦੀ ਪਲ ਲਈ ਡਾਕਟਰ ਸਾਹਿਬ ਦੀ ਜ਼ਬਾਨ ਥਥਲਾ ਗਈ ਸੀ। ਮਗਰੋਂ ਉਨ੍ਹਾਂ ਕੁਝ ਇਹੋ ਜਿਹਾ ਪ੍ਰਭਾਵ ਦੇਣ ਦੀ ਕੋਸ਼ਿਸ਼ ਕੀਤੀ, ਜਿਵੇਂ ਉਨ੍ਹਾਂ ਨੇ ਨਾਗਮਣੀ ਵਾਲਾ ਲੇਖ ਆਪ ਨਾ ਲਿਖਿਆ ਹੋਵੇ ਜਾਂ ਉਸ ਵਿਚ ਛਪਣ ਤੋਂ ਪਹਿਲਾਂ ਤੁਸੀਂ ਆਪ ਹੀ ਕਾਫੀ ਸਾਰੀ ਤਬਦੀਲੀ ਕਰ-ਕਰਵਾ ਲਈ ਹੋਵੇ। ਮੇਰੀ ਇਸ ਜਵਾਬ ਨਾਲ ਤਸੱਲੀ ਨਹੀਂ ਸੀ ਹੋਈ। 'ਤੁਸੀਂ ਕਿਸੇ ਗੱਲ ਦੀ ਤਰਦੀਦ ਕਿਉਂ ਨਾ ਕੀਤੀ?' ਮੇਰਾ ਦੂਜਾ ਸਵਾਲ ਸੀ, ਜਿਸ ਦਾ ਡਾਕਟਰ ਸਾਹਿਬ ਕੋਲ ਕੋਈ ਜਵਾਬ ਨਹੀਂ ਸੀ।

ਮੇਰੇ ਵੱਲੋਂ ਕਹੇ ਸ਼ਬਦਾਂ ਅਤੇ ਹਰਨਾਮ ਦੁਆਰਾ ਮੇਰੇ ਮੂੰਹ ਵਿਚ ਪਾਏ ਸ਼ਬਦਾਂ ਦੀ ਟੋਨ ਅਤੇ ਅਰਥਾਂ ਵਿਚਕਾਰ ਕਿੰਨਾ ਫਰਕ ਹੈ, ਇਸ ਦਾ ਅਨੁਮਾਨ ਸਹਿਜੇ ਹੀ ਲਾਇਆ ਜਾ ਸਕਦਾ ਹੈ। ਕਿਸੇ ਲੇਖਕ ਬਾਰੇ ਪਹਿਲੀ ਬਣੀ ਰਾਏ ਬਦਲਣੀ ਪੈ ਜਾਏ- ਇਸ ਗੱਲ ਦੀ ਸਮਝ ਆ ਸਕਦੀ ਹੈ ਪਰ ਰਾਇ-ਬਦਲੀ ਦਾ ਆਧਾਰ ਇਮਾਨਦਾਰੀ ਦੀ ਥਾਂ ਕੋਈ ਹੋਰ ਹੋਵੇ, ਤਾਂ ਉਸ ਨਾਲ ਸਹਿਮਤ ਨਹੀਂ ਹੋਇਆ ਜਾ ਸਕਦਾ। ਅਵਸਰਵਾਦ ਬੇਸ਼ੱਕ ਨੀਤੀਵਾਨਾਂ ਦਾ ਹੋਵੇ ਭਾਵੇਂ ਸਾਹਿਤਕਾਰਾਂ ਦਾ, ਇਸ ਦਾ ਖੰਡਨ ਜ਼ਰੂਰ ਹੋਣਾ ਚਾਹੀਦਾ ਹੈ। ਮੈਨੂੰ ਇਸ ਗੱਲ ਦੀ ਜ਼ਿਹਨੀ ਤਸਕੀਨ ਹੈ ਕਿ ਮੈਂ ਇਹ ਖੰਡਨ ਸਭਨਾਂ ਦੇ ਸਾਹਮਣੇ ਕੀਤਾ ਸੀ। ਕੁਝ ਹੋਰ ਗੱਲਾਂ ਵੀ ਸੁਣਾਉਣੀਆਂ ਪਈਆਂ ਸਨ ਪਰ ਉਨ੍ਹਾਂ ਦਾ ਜ਼ਿਕਰ ਇੱਥੇ ਜ਼ਰੂਰੀ ਨਹੀਂ।

ਸਮੁੱਚੇ ਮਾਹੌਲ ਤੋਂ ਏਨੀ ਕੋਫਤ ਮਹਿਸੂਸ ਹੋ ਰਹੀ ਸੀ ਕਿ ਮੈਂ ਬਾਹਰ ਆ ਗਿਆ। ਦੇਵ ਮੇਰੇ ਨਾਲੋਂ ਵੀ ਵੱਧ ਸਤਿਆ ਬੈਠਾ ਸੀ। ਉਹ ਵੀ ਮਗਰੇ ਆ ਗਿਆ। ਦੇਵ ਨੇ ਤਾਂ ਮੈਨੂੰ ਪੈਰੀਂ ਜੁੱਤੀ ਵੀ ਨਹੀਂ ਸੀ ਪਾਉਣ ਦਿੱਤੀ। ਅਸੀਂ ਦੋਨੋਂ ਨੰਗੇ ਪੈਰੀਂ ਹੀ ਬਿਨਾਂ ਦੱਸੇ ਉਠ ਕੇ ਆ ਗਏ ਸਾਂ। ਜੁੱਤੀਆਂ ਸਵੇਰੇ ਆਣ ਕੇ ਲਈਆਂ ਸਨ।

'ਇਕੱਤੀ ਫਰਵਰੀ' ਵਾਲਿਆਂ ਨੇ ਮੇਰੇ ਸ਼ਬਦਾਂ ਨੂੰ ਤੋੜ-ਮਰੋੜ ਕੇ ਉਨ੍ਹਾਂ ਵਿਚ ਆਪਣੇ ਅਨਰਥ ਭਰੇ ਹਨ- ਇਸ ਗੱਲ ਦਾ ਮੈਨੂੰ ਗਹਿਰਾ ਦੁੱਖ ਹੈ। ਇਸ ਬਾਰੇ ਉਨ੍ਹਾਂ ਲੋਕਾਂ ਨੂੰ ਵੀ ਹੁਣੇ ਇੱਕ ਖ਼ਤ ਲਿਖਾਂਗਾ। ਉਸ ਦੀ ਨਕਲ ਇਸ ਖ਼ਤ ਨੂੰ ਬੰਦ ਕਰਨ ਤੋਂ ਪਹਿਲਾਂ ਨੱਥੀ ਕਰ ਦਿਆਂਗਾ।

ਸਤਿਕਾਰ ਸਹਿਤ

ਆਪਦਾ ਵਿਸ਼ਵਾਸ ਪਾਤਰ,

*(ਬਾਕੀ ਸਫਾ 27 ਉਤੇ)*

# ਇਤਿਹਾਸ ਦੇ ਪੰਨਿਆਂ 'ਚ ਨਵਾਂ ਜਿਲਾ 'ਮਲੇਰਕੋਟਲਾ'

ਈਦ-ਉਲ-ਫਿਤਰ ਦੇ ਸ਼ੁਭ ਮੌਕੇ 14 ਮਈ 2021 ਨੂੰ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਮਲੇਰਕੋਟਲਾ ਨੂੰ 23ਵਾਂ ਜਿਲਾ ਬਣਾਉਣ ਦਾ ਐਲਾਨ ਕੀਤਾ ਸੀ। ਦਰਅਸਲ 2017 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਮਲੇਰਕੋਟਲਾ ਦੀ ਵਿਧਾਇਕਾ ਬੀਬੀ ਰਜੀਆ ਸੁਲਤਾਨਾ (ਕੈਬਨਿਟ ਮੰਤਰੀ) ਤੇ ਕੈਪਟਨ ਅਮਰਿੰਦਰ ਸਿੰਘ ਨੇ ਕਾਂਗਰਸ ਪਾਰਟੀ ਦੀ ਸਰਕਾਰ ਬਣਨ 'ਤੇ ਹਲਕੇ ਦੇ ਲੋਕਾਂ ਨਾਲ ਇਸ ਤਹਿਸੀਲ ਨੂੰ ਜਿਲਾ ਬਣਾਉਣ ਦਾ ਵਾਅਦਾ ਕੀਤਾ ਸੀ।



ਅੱਬਾਸ ਧਾਲੀਵਾਲ, ਮਲੇਰਕੋਟਲਾ
ਫੋਨ: 91-98552-59650

ਹੁਣ ਕੈਪਟਨ ਸਰਕਾਰ ਵਲੋਂ ਮਲੇਰਕੋਟਲਾ ਨੂੰ ਪੰਜਾਬ ਦੇ 23ਵੇਂ ਜਿਲੇ ਵਜੋਂ ਮਾਨਤਾ ਦਿੱਤੀ ਜਾ ਚੁਕੀ ਹੈ। ਇਸ ਦੇ ਨਾਲ ਹੀ ਉਨ੍ਹਾਂ ਵਲੋਂ ਮਲੇਰਕੋਟਲਾ ਵਿਖੇ ਨਵਾਬ ਸ਼ੇਰ ਮੁਹੰਮਦ ਖਾਨ ਮੈਡੀਕਲ ਕਾਲਜ, ਗਰਲਜ਼ ਕਾਲਜ ਤੇ ਇਕ ਵੁਮੈਨ ਪੁਲਿਸ ਸਟੇਸ਼ਨ ਅਤੇ ਨਵੇਂ ਬਸ ਸਟੈਂਡ ਦੇ ਨਿਰਮਾਣ ਕਾਰਜਾਂ ਦਾ ਵੀ ਨੀਂਹ ਪੱਥਰ ਰੱਖਿਆ ਗਿਆ ਹੈ। ਜ਼ਿਕਰਯੋਗ ਹੈ ਕਿ ਇਨ੍ਹਾਂ ਕਾਰਜਾਂ ਤੋਂ ਪਹਿਲਾਂ ਇਥੇ ਪੰਜਾਬ ਉਰਦੂ ਅਕਾਦਮੀ ਅਤੇ ਬੀ.ਐਡ ਕਾਲਜ ਲਿਆਉਣ 'ਚ ਬੀਬੀ ਰਜੀਆ ਸੁਲਤਾਨਾ ਦੀ ਅਹਿਮ ਭੂਮਿਕਾ ਰਹੀ ਹੈ।

2 ਜੂਨ ਨੂੰ ਪੰਜਾਬ ਕੈਬਨਿਟ ਨੇ ਮਲੇਰਕੋਟਲਾ ਨੂੰ ਬਾਕਾਇਦਾ ਜਿਲਾ ਬਣਾਉਣ ਦੀ ਰਸਮੀ ਪ੍ਰਵਾਨਗੀ ਦੇ ਦਿੱਤੀ ਸੀ। ਸਬ ਤਹਿਸੀਲ ਅਮਰਗੜ੍ਹ, ਜੋ ਮਲੇਰਕੋਟਲਾ ਸਬ ਡਿਵੀਜ਼ਨ ਦਾ ਹਿੱਸਾ ਸੀ, ਨੂੰ ਵੀ ਤਹਿਸੀਲ ਬਣਾਉਣ ਦੀ ਮਨਜ਼ੂਰੀ ਦਿੱਤੀ ਗਈ। ਮਲੇਰਕੋਟਲਾ ਜਿਲੇ ਵਿਚ ਹੁਣ ਮਲੇਰਕੋਟਲਾ, ਅਹਿਮਦਗੜ੍ਹ ਅਤੇ ਅਮਰਗੜ੍ਹ-ਤਿੰਨ ਸਬ ਡਿਵੀਜ਼ਨਾਂ ਹੋਣਗੀਆਂ। ਇਸ ਤੋਂ ਇਲਾਵਾ ਜਿਲੇ ਵਿਚ 192 ਪਿੰਡ, 62 ਪਟਵਾਰ ਸਰਕਲ ਅਤੇ 6 ਕਾਨੂੰਨਗੋ ਸਰਕਲ ਵੀ ਸ਼ਾਮਲ ਹੋਣਗੇ। ਨਾਲ ਹੀ ਮੰਤਰੀ ਮੰਡਲ ਨੇ ਨਵੇਂ ਜਿਲੇ ਲਈ ਮੁੱਖ ਮੰਤਰੀ ਨੂੰ 12 ਵਿਭਾਗਾਂ-ਪੁਲਿਸ, ਪੇਂਡੂ ਵਿਕਾਸ ਤੇ ਪੰਚਾਇਤ; ਸਮਾਜਿਕ ਨਿਆਂ ਤੇ ਘੱਟ ਗਿਣਤੀ; ਖੇਤੀਬਾੜੀ ਅਤੇ ਕਿਸਾਨ ਵਿਕਾਸ; ਸਮਾਜਿਕ ਸੁਰੱਖਿਆ ਅਤੇ ਮਹਿਲਾ ਤੇ ਬਾਲ ਵਿਕਾਸ; ਸਿਹਤ, ਸਿੱਖਿਆ (ਪ੍ਰਾਇਮਰੀ ਅਤੇ ਸੈਕੰਡਰੀ), ਰੋਜ਼ਗਾਰ ਉਤਪਤੀ, ਉਦਯੋਗ ਅਤੇ ਵਣਜ; ਖੁਰਾਕ ਸਿਵਲ ਸਪਲਾਈ ਤੇ ਉਪਭੋਗਤਾ ਮਾਮਲੇ ਤੋਂ ਇਲਾਵਾ ਵਿੱਤ ਦੇ ਦਫਤਰਾਂ ਲਈ ਨਵੀਆਂ ਅਸਾਮੀਆਂ ਸਿਰਜੇ ਜਾਣ ਨੂੰ ਮਨਜ਼ੂਰੀ ਦੇਣ ਲਈ ਅਧਿਕਾਰ ਸੌਂਪ ਦਿੱਤੇ। ਇਸ ਸੰਦਰਭ ਵਿਚ ਪਿਛਲੇ ਦਿਨੀਂ ਮਲੇਰਕੋਟਲਾ ਜਿਲੇ ਦੇ ਪਹਿਲੇ ਡੀ. ਸੀ. ਵਜੋਂ ਬੀਬੀ ਅੰਮ੍ਰਿਤ ਗਿੱਲ (ਆਈ. ਏ. ਐੱਸ.) ਅਤੇ ਪਹਿਲੇ ਐੱਸ. ਐੱਸ. ਪੀ. ਵਜੋਂ ਕੰਵਰਦੀਪ ਕੌਰ (ਆਈ. ਪੀ. ਐੱਸ.) ਨੇ ਆਪਣੇ-ਆਪਣੇ ਅਹੁਦੇ ਸੰਭਾਲ ਲਏ ਹਨ। ਆਓ, ਮਲੇਰਕੋਟਲਾ ਦੇ ਇਤਿਹਾਸਕ ਪਿਛੋਕੜ ਦੇ ਸੰਦਰਭ ਵਿਚ ਕੁਝ ਖਾਸ ਤੇ ਦਿਲਚਸਪ ਗੱਲਾਂ ਜਾਣਨ ਦੀ ਕੋਸ਼ਿਸ਼ ਕਰੀਏ:

ਜਦ ਕਦੇ ਵੀ ਅਸੀਂ ਪੰਜਾਬ ਦੇ ਇਤਿਹਾਸਕ ਪੰਨਿਆਂ ਨੂੰ ਪਲਟਦੇ ਹਾਂ ਤਾਂ ਇਨ੍ਹਾਂ 'ਚੋਂ ਮਲੇਰਕੋਟਲਾ ਆਪਣੀ ਇਕ ਵੱਖਰੀ ਤੇ ਵਿਲੱਖਣ ਭਾਈਚਾਰਕ ਸਾਂਝ ਦਾ ਪ੍ਰਤੀਕ ਬਣ ਕੇ ਸਾਹਮਣੇ ਆ ਖਲੋਂਦਾ ਹੈ। ਮਲੇਰਕੋਟਲਾ ਦੇ ਇਤਿਹਾਸ 'ਤੇ ਝਾਤ ਮਾਰਨ ਤੋਂ ਪਹਿਲਾਂ ਆਓ ਸਮਝਦੇ ਹਾਂ ਕਿ 'ਰਿਆਸਤ ਮਲੇਰਕੋਟਲਾ' ਨਾਂ ਕਿਵੇਂ ਪਿਆ? ਪ੍ਰਸਿੱਧ ਵਿਦਵਾਨ ਡਾ. ਰਤਨ ਸਿੰਘ ਜੱਗੀ ਇਸ ਸਬੰਧੀ ਲਿਖਦੇ ਹਨ ਕਿ 'ਮਲੇਰਕੋਟਲਾ' ਨਾਂ ਦੋ ਸ਼ਬਦਾਂ ਦੇ ਜੋੜ ਨਾਲ ਬਣਿਆ ਹੈ। 'ਮਹਲੇਰ' ਨਾਂ ਦਾ ਪਿੰਡ, ਰਾਜਪੂਤ ਚੌਧਰੀ ਮਹਲੇਰ ਸਿੰਘ ਦਾ ਵਸਾਇਆ ਹੋਇਆ ਸੀ। ਇਸ ਦੇ ਬਰਬਾਦ ਹੋ ਜਾਣ ਪਿਛੋਂ ਪੁਰਾਣੇ ਥੇਹ 'ਤੇ ਇਸ ਨੂੰ ਨਵੇਂ ਸਿਰਿਓਂ ਵਸਾਇਆ ਗਿਆ ਅਤੇ ਉਸ ਦਾ ਨਾਂ 'ਮਲੇਰ' ਪ੍ਰਚਲਿਤ ਹੋਇਆ। ਇਸ ਪਿੰਡ ਦੇ ਨਾਲ ਹੀ ਸੰਨ 1657 ਈ. ਵਿਚ ਨਵਾਬ ਬਾਯਜ਼ੀਦ ਖਾਨ ਨੇ 'ਕੋਟਲਾ' ਨਾਂ ਦੀ ਆਬਾਦੀ ਬਣਾਈ। ਇਹ ਦੋਵੇਂ ਨਾਂ ਮਿਲ ਕੇ 'ਮਲੇਰਕੋਟਲਾ' ਬਣਿਆ।



ਕੈਪਟਨ ਅਮਰਿੰਦਰ ਸਿੰਘ



ਰਜੀਆ ਸੁਲਤਾਨਾ

ਇਸ ਤੋਂ ਪਹਿਲਾਂ ਰਿਆਸਤ ਦੇ ਬਾਨੀ ਸ਼ੇਖ ਸਦਰ-ਉਦ-ਦੀਨ ਸਦਰ-ਏ-ਜਹਾਂ ਦਾ ਜਨਮ 1434 ਈ. 'ਚ ਅਫਗਾਨਿਸਤਾਨ ਦੇ ਦੱਰਾਬੰਦ ਵਿਖੇ ਹੋਇਆ। ਇਸ ਸਬੰਧੀ ਸ਼ੇਖ ਸਦਰ-ਉਦ-ਦੀਨ ਦੇ ਖਾਨਦਾਨ ਦੀ 15ਵੀਂ ਪੁਸ਼ਤ 'ਚੋਂ ਮੌਜੂਦ ਸਾਹਿਬਜ਼ਾਦਾ ਅਜਮਲ ਖਾਨ ਸ਼ੇਰਵਾਨੀ ਦੱਸਦੇ ਹਨ ਕਿ ਸਦਰ-ਉਦ-ਦੀਨ ਸ਼ੇਰਵਾਨੀ ਅਫਗਾਨ ਸਨ, ਜੋ ਅਫਗਾਨਿਸਤਾਨ ਦੇ ਦੱਰਾਬੰਦ ਵਿਖੇ ਪੈਦਾ ਹੋਏ ਤੇ ਜਵਾਨ ਹੋ ਕੇ ਫੌਜ 'ਚ ਭਰਤੀ ਹੋ ਗਏ। ਬਾਅਦ ਵਿਚ ਉਨ੍ਹਾਂ ਆਪਣੇ ਇਕ ਸੂਫੀ ਪੀਰ ਦੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਦਿਆਂ ਫੌਜ ਦੀ ਨੌਕਰੀ ਛੱਡ ਦਿੱਤੀ ਤੇ ਪੰਜਾਬ ਦੀ ਧਰਤੀ ਉੱਪਰ 'ਭੁਮਸੀ' ਨਾਂ ਦੀ ਜਗ੍ਹਾ 'ਤੇ ਆ ਕੇ ਡੇਰਾ ਲਾ ਲਿਆ।

ਜ਼ਿਕਰਯੋਗ ਹੈ ਕਿ ਸ਼ੇਖ ਸਦਰ-ਉਦ-ਦੀਨ ਵਹਾਓਦੀਨ ਜ਼ਕਰੀਆ ਦੇ ਪੋਤੇ ਰੁਕਨ-ਏ-ਆਲਮ ਨੂੰ ਆਪਣਾ ਪੀਰ-ਓ-ਮੁਰਸ਼ਦ ਮੰਨਦੇ ਸਨ, ਜੋ ਸੋਹਰਾਵਰਦੀ ਸੰਪਰਦਾਇ ਨਾਲ ਸਬੰਧ ਰੱਖਦੇ ਸਨ। ਜਦੋਂ ਸ਼ੇਖ ਸਦਰ-ਉਦ-ਦੀਨ ਨੂੰ ਰੁਕਨ-ਏ-ਆਲਮ ਨੇ ਹੁਕਮ ਦਿੱਤਾ ਕਿ ਤੁਸੀਂ ਦੀਨ ਫੈਲਾਉਣ ਲਈ ਭਾਵ ਰੱਬ ਦੇ ਰਸਤੇ ਤੋਂ ਭਟਕੇ ਲੋਕਾਂ ਨੂੰ ਸਿੱਧੇ ਰਸਤੇ ਪਾਉਣ ਲਈ ਪੰਜਾਬ ਜਾਓ ਤਾਂ ਸ਼ੇਖ ਸਦਰ-ਉਦ-ਦੀਨ ਨੇ ਆਪਣੇ ਪੀਰ ਦੇ ਆਖੇ ਲੱਗਦਿਆਂ ਪੰਜਾਬ ਦੀ ਭੁਮਸੀ ਨਾਂ ਦੀ ਥਾਂ 'ਤੇ ਆ ਕੇ ਡੇਰਾ ਲਾ ਲਿਆ।

ਇਸ ਸਬੰਧੀ ਸ਼ੇਖ ਸਦਰ-ਉਦ-ਦੀਨ ਦੇ ਇੱਕ ਵਾਕਿਆ ਦਾ ਜ਼ਿਕਰ ਕਰਦਿਆਂ ਡਾ. ਰਤਨ ਸਿੰਘ ਜੱਗੀ ਲਿਖਦੇ ਹਨ, ਇਕ ਵਾਰ ਸੁਲਤਾਨ ਬਹਿਲੋਲ ਲੋਧੀ, ਆਪਣੇ ਵਜ਼ੀਰ ਹਾਮਿਦ ਖਾਨ ਨਾਲ ਭੂਮਸੀ ਨਾਂ ਦੇ ਸਥਾਨ ਕੋਲੋਂ ਲੰਘਦੇ ਸਮੇਂ, ਸ਼ੇਖ ਸਦਰ-ਉਦ-ਦੀਨ ਦੇ ਕੋਲ ਕੁਝ ਸਮੇਂ ਲਈ ਠਹਿਰਿਆ ਅਤੇ ਉਸ ਪਾਸੋਂ ਦੁਆ ਮੰਗਵਾਈ ਕਿ ਉਸ ਨੂੰ ਦਿੱਲੀ ਉੱਤੇ ਜਿੱਤ ਪ੍ਰਾਪਤ ਹੋਵੇ। ਜਿੱਤ ਦਾ ਵਰਦਾਨ ਲੈ ਕੇ ਜਦੋਂ ਬਹਿਲੋਲ ਲੋਧੀ ਨੇ ਦਿੱਲੀ ਨੂੰ ਕਾਬੂ ਕਰ ਲਿਆ ਤਾਂ ਉਸ ਨੇ ਸੰਨ 1454 ਈ. ਵਿਚ ਆਪਣੀ ਪੁੱਤਰੀ ਤਾਜ ਮੁਰੱਸਾ ਬੇਗਮ ਦਾ ਵਿਆਹ ਸ਼ੇਖ ਸਦਰ-ਉਦ-ਦੀਨ ਨਾਲ ਕਰ ਦਿੱਤਾ। ਦਾਜ ਵਜੋਂ ਉਸ ਨੇ 68 ਪਿੰਡਾਂ ਦੀ ਜਾਗੀਰ ਸ਼ੇਖ ਦੇ ਨਾਂ ਲਵਾ ਦਿੱਤੀ। ਸੰਨ 1515 ਈ. ਵਿਚ ਸ਼ੇਖ ਸਦਰ-ਉਦ-ਦੀਨ ਦਾ ਦੇਹਾਂਤ ਹੋ ਗਿਆ।

ਉਧਰ ਸ਼ੇਖ ਸਦਰ-ਉਦ-ਦੀਨ ਦੇ ਵਿਆਹ ਸਬੰਧੀ ਸਾਹਿਬਜ਼ਾਦਾ ਅਜਮਲ ਖਾਨ ਸ਼ੇਰਵਾਨੀ ਦੱਸਦੇ ਹਨ ਕਿ ਜਦੋਂ ਬਹਿਲੋਲ ਲੋਧੀ ਆਪਣੇ ਮਿਸ਼ਨ ਵਿਚ ਕਾਮਯਾਬ ਹੋਇਆ ਤਾਂ ਲੋਧੀ ਦੀ ਮਾਂ ਨੇ ਆਖਿਆ ਕਿ ਕਿਉਂ ਨਾ ਤੂੰ ਆਪਣੀ ਸਪੁੱਤਰੀ ਤਾਜ ਮੁਰੱਸਾ ਦਾ ਨਿਕਾਹ ਸ਼ੇਖ ਸਦਰ-ਉਦ-ਦੀਨ ਨਾਲ ਕਰਾ ਦੇਵੇਂ! ਨਾਲੇ ਉਹ ਆਪਣੇ ਪਠਾਨ ਖਾਨਦਾਨ 'ਚੋਂ ਹੈ! ਬਹਿਲੋਲ ਨੇ ਮਾਂ ਨੂੰ ਕਿਹਾ ਕਿ ਉਹ (ਸਦਰ-ਉਦ-ਦੀਨ) ਤਾਂ ਇਕ ਦਰਵੇਸ਼ ਫਕੀਰ ਹੈ, ਉਸ ਦੇ ਕੋਲ ਕੋਈ ਜਾਗੀਰ ਨਹੀਂ। ਇਸ 'ਤੇ ਬਹਿਲੋਲ ਦੀ ਮਾਂ ਨੇ ਕਿਹਾ ਕਿ ਤੇਰੇ (ਬਹਿਲੋਲ) ਪਾਸ ਤਾਂ ਰੱਬ ਦਾ ਦਿੱਤਾ ਸਭ ਕੁਝ ਹੈ, ਤੂੰ ਆਪਣੇ ਵੱਲੋਂ ਉਸ ਦੇ ਨਾਂ ਜਾਗੀਰ ਲਵਾ ਦੇਹ।

ਲਿਹਾਜ਼ਾ ਇਸ ਤੋਂ ਬਾਅਦ ਬਹਿਲੋਲ ਨੇ ਆਪਣੀ ਮਾਂ ਦੇ ਬੋਲ ਪੁਗਾਏ ਤੇ ਆਪਣੀ ਸਪੁੱਤਰੀ ਤਾਜ ਮੁਰੱਸਾ ਦਾ ਨਿਕਾਹ ਸ਼ੇਖ ਸਦਰ-ਉਦ-ਦੀਨ ਨਾਲ ਕਰ ਦਿੱਤਾ ਤੇ ਨਾਲ ਹੀ ਉਨ੍ਹਾਂ ਦੇ ਨਾਂ 68 ਪਿੰਡ ਕਰਦਿਆਂ ਤਿੰਨ ਲੱਖ ਰੁਪਏ ਨਕਦ ਦਿੱਤੇ। ਤਾਜ ਮੁਰੱਸਾ ਦੀ ਕੁੱਖੋਂ ਦੋ ਬੱਚਿਆਂ-ਸ਼ੇਖ ਹਸਨ (ਲੜਕਾ) ਅਤੇ ਮਾਈ ਹਾਫਿਜ਼ਾ ਉਰਫ ਬੀਬੀ ਮਾਂਗੋ (ਲੜਕੀ) ਨੇ ਜਨਮ ਲਿਆ। ਜ਼ਿਕਰਯੋਗ ਹੈ ਕਿ ਸ਼ੇਖ ਸਦਰ-ਉਦ-ਦੀਨ (ਹੈਦਰ ਸ਼ੇਖ) ਦੀ ਦਰਗਾਹ ਦੇ ਨੇੜੇ ਜੋ ਮੁੱਖ ਸੇਵਾਦਾਰ ਵਸਦੇ ਹਨ, ਅਰਥਾਤ ਜਿਨ੍ਹਾਂ ਪਾਸ ਦਰਗਾਹ ਦੇ ਇੰਤਜ਼ਾਮ ਦੀ ਜ਼ਿੰਮੇਵਾਰੀ ਹੈ, ਉਹ ਸਾਰੇ ਸ਼ੇਖ ਹਸਨ ਦੀ ਔਲਾਦ 'ਚੋਂ ਹਨ।

ਸ਼ੇਖ ਸਦਰ-ਉਦ-ਦੀਨ ਦਾ ਦੂਜਾ ਵਿਆਹ ਕਪੂਰਥਲੇ ਦੇ ਰਾਜਪੂਤ ਘਰਾਣੇ ਦੀ ਇਕ ਲੜਕੀ ਨਾਲ ਹੋਇਆ। ਉਸ ਦੀ ਕੁੱਖੋਂ ਦੋ ਲੜਕਿਆਂ-ਸ਼ੇਖ ਮੂਸਾ ਅਤੇ ਸ਼ੇਖ ਈਸਾ ਨੇ ਜਨਮ ਲਿਆ। ਸ਼ੇਖ ਮੂਸਾ ਬੇ-ਔਲਾਦ ਰਹੇ, ਜਦੋਂ ਕਿ ਸ਼ੇਖ ਈਸਾ ਦੀ ਔਲਾਦ 'ਚੋਂ ਪੈਦਾ ਹੋਏ ਬੱਚਿਆਂ ਨੇ ਅੱਗੇ ਚੱਲ ਕੇ ਨਵਾਬ ਬਣ ਰਿਆਸਤ ਮਲੇਰਕੋਟਲਾ ਦੀ ਵਾਗਡੋਰ ਸੰਭਾਲੀ। (ਤਾਜ ਮੁਰੱਸਾ ਬੇਗਮ ਸ਼ੇਖ ਹਸਨ, ਸ਼ੇਖ ਈਸਾ ਅਤੇ ਸ਼ੇਖ ਮੂਸਾ ਦੀਆਂ ਕਬਰਾਂ ਹੈਦਰ ਸ਼ੇਖ ਹੁਰਾਂ ਦੀ ਦਰਗਾਹ ਦੇ ਪਾਸ ਹੀ ਹਨ, ਜਦੋਂ ਕਿ ਸ਼ੇਖ ਸਦਰ-ਉਦ-ਦੀਨ ਦੀ ਬੇਟੀ ਬੀਬੀ ਮਾਂਗੋ ਦੀ ਕਬਰ ਮਲੇਰਕੋਟਲਾ ਦੀ ਵੱਡੀ ਈਦ ਗਾਹ ਦੇ ਨੇੜੇ ਸਥਿਤ ਹੈ। ਇਸ ਦੇ ਇਲਾਵਾ ਰਿਆਸਤ ਦੇ ਵੱਖ ਵੱਖ ਨਵਾਬਾਂ ਜਿਵੇਂ ਕਿ ਸ਼ੇਰ ਮੁਹੰਮਦ ਖਾਨ ਆਦਿ ਦੀਆਂ ਕਬਰਾਂ ਸਥਾਨਕ ਸਰਹੰਦੀ ਗੇਟ ਦੇ ਸ਼ਾਹੀ ਮਕਬਰਿਆਂ ਵਿਚ ਮੌਜੂਦ ਹਨ।)



ਸ਼ਾਹੀ ਮਕਬਰੇ

1656 ਈ. ਵਿਚ ਨਵਾਬ ਬਾਯਜ਼ੀਦ ਖਾਂ ਨੇ ਇਕ ਨਵੀਂ ਆਬਾਦੀ ਨੂੰ ਵਸਾਇਆ, ਜਿਸ ਨੂੰ 'ਕੋਟਲਾ' ਦਾ ਨਾਂ ਦਿੱਤਾ ਗਿਆ। ਇਸ ਤਰ੍ਹਾਂ ਮਲੇਰ ਅਤੇ ਕੋਟਲਾ ਨੂੰ ਮਿਲਾ ਕੇ ਰਿਆਸਤ ਮਲੇਰਕੋਟਲਾ ਵਜੂਦ 'ਚ ਆਈ। ਸ਼ਹਿਰ ਦੁਆਲੇ ਬਣੀ ਡੇਢ ਗਜ ਚੌੜੀ ਫਾਸੀਲ ਵੀ 1657 ਈ. ਵਿਚ ਬਾਯਜ਼ੀਦ ਖਾਂ ਨੇ ਹੀ ਬਣਵਾਈ ਸੀ। ਇਸ ਦੇ ਸੱਤ ਦਰਵਾਜ਼ੇ (ਗੇਟ) ਸਨ, ਜਿਨ੍ਹਾਂ ਨੂੰ ਰਾਤ ਸਮੇਂ ਬੰਦ ਕਰ ਦਿੱਤਾ ਜਾਂਦਾ ਸੀ।



ਨਵਾਬ ਸ਼ੇਰ ਮੁਹੰਮਦ ਖਾਨ ਦਾ ਇਕ ਚਿੱਤਰ

ਇਸ ਤੋਂ ਬਾਅਦ ਬਾਯਜ਼ੀਦ ਖਾਂ ਦੇ ਪੁੱਤਰ ਅਤੇ ਅੱਗੋਂ ਉਨ੍ਹਾਂ ਦੇ ਪੁੱਤਰ ਸਿਲਸਿਲੇਵਾਰ ਗੱਦੀ 'ਤੇ ਬੈਠਦੇ ਰਹੇ। ਇਥੇ ਜ਼ਿਕਰਯੋਗ ਹੈ ਕਿ ਰਿਆਸਤ ਦੇ ਨਵਾਬ ਆਲਮਗੀਰ ਸ਼ਹਿਨਸ਼ਾਹ ਨਾਲ ਬਿਹਾਰ ਦੀ ਲੜਾਈ ਵਿਚ ਵੀ ਸ਼ਾਮਿਲ ਹੋਏ ਤੇ ਨਤੀਜੇ ਵਜੋਂ ਇਨ੍ਹਾਂ ਨੂੰ ਇਨਾਮ ਦੇ ਤੌਰ 'ਤੇ 70 ਪਿੰਡ ਮਿਲੇ ਸਨ। ਨਵਾਬ ਸ਼ੇਰ ਮੁਹੰਮਦ ਖਾਨ, ਜੋ 1672 ਈ. ਵਿਚ ਮਲੇਰਕੋਟਲਾ ਰਿਆਸਤ ਦੇ ਨਵਾਬ ਬਣੇ, ਉਨ੍ਹਾਂ ਨੇ ਆਲੇ-ਦੁਆਲੇ ਦੇ ਇਲਾਕੇ ਜਿੱਤ ਕੇ ਰਿਆਸਤ ਦੇ ਹੱਦ-ਖੇਤਰ ਨੂੰ ਵਿਸ਼ਾਲਤਾ ਪ੍ਰਦਾਨ ਕੀਤੀ। ਜ਼ਿਕਰਯੋਗ ਹੈ ਕਿ ਸ਼ੇਰਪੁਰ ਦਾ ਇਲਾਕਾ ਵੀ ਇਨ੍ਹਾਂ ਨੇ ਹੀ ਆਬਾਦ ਕੀਤਾ ਸੀ। ਜਦੋਂ ਨਵਾਬ ਸ਼ੇਰ ਮੁਹੰਮਦ ਖਾਂ ਦਾ ਇੰਤਕਾਲ ਹੋਇਆ, ਉਸ ਸਮੇਂ ਇਨ੍ਹਾਂ ਦੇ ਈਸੜੂ, ਜਰਗ (ਲੁਧਿਆਣਾ), ਰੋਪੜ, ਖਿਜ਼ਰ ਆਬਾਦ (ਅੰਬਾਲਾ) ਖੁਮਾਣੋਂ, ਪਾਇਲ, ਢਮੋਟ, ਸ਼ੇਰਪੁਰ, ਬਾਲੀਆਂ, ਨੌਗਾਉਂ (ਪਟਿਆਲਾ), ਅਮਲੋਹ, ਕਪੂਰਗੜ੍ਹ (ਨਾਭਾ) ਅਤੇ ਮਲੇਰਕੋਟਲਾ ਆਦਿ ਸਾਰੇ ਹੀ ਇਲਾਕੇ ਇਨ੍ਹਾਂ ਦੇ ਕਬਜ਼ੇ ਅਧੀਨ ਸਨ। ਵੇਖਿਆ ਜਾਵੇ ਤਾਂ ਨਵਾਬ ਸ਼ੇਰ ਮੁਹੰਮਦ ਖਾਨ ਦੀ ਹਕੂਮਤ ਦੇ ਦੌਰ ਨੂੰ ਰਿਆਸਤ ਦੇ ਸੁਨਹਿਰੀ ਯੁੱਗ ਦੇ ਰੂਪ ਵਿਚ ਵੇਖਿਆ ਜਾਂਦਾ ਹੈ।



ਸ਼ੀਸ਼ ਮਹਿਲ

ਸ਼ੇਰ ਮੁਹੰਮਦ ਖਾਨ ਦੇ ਨਵਾਬ ਹੁੰਦਿਆਂ ਹੀ ਸਰਹਿੰਦ ਦਾ ਸਾਕਾ ਵਾਪਰਿਆ, ਜਿਸ ਕਰਕੇ ਅੱਜ ਵੀ ਸਿੱਖ ਕੌਮ ਉਨ੍ਹਾਂ ਨੂੰ 'ਹਾਅ ਦਾ ਨਾਅਰਾ' ਮਾਰਨ ਵਾਲੇ ਨਵਾਬ ਵਜੋਂ ਯਾਦ ਕਰਦੀ ਹੈ। ਦਰਅਸਲ ਸੂਬਾ ਸਰਹਿੰਦ ਦੀ ਕਚਹਿਰੀ ਵਿਚ ਜਦੋਂ ਗੁਰੂ ਗੋਬਿੰਦ ਸਿੰਘ ਜੀ ਦੇ ਦੋ ਮਾਸੂਮ ਸਾਹਿਬਜ਼ਾਦਿਆਂ ਨੂੰ ਦੀਵਾਰਾਂ ਵਿਚ ਚਿਣਵਾ ਦਿੱਤੇ ਜਾਣ ਦੀ ਸਜ਼ਾ ਸੁਣਾਈ ਗਈ ਤਾਂ ਮਲੇਰਕੋਟਲਾ ਦੇ ਨਵਾਬ ਸ਼ੇਰ ਮੁਹੰਮਦ ਖਾਨ ਨੇ ਇਸ ਦਾ ਵਿਰੋਧ ਕਰਦਿਆਂ ਬੱਚਿਆਂ ਦੇ ਹੱਕ ਵਿਚ 'ਹਾਅ ਦਾ ਨਾਅਰਾ' ਮਾਰਿਆ, ਭਾਵੇਂ ਉਸ ਸਮੇਂ ਮੁਗਲ ਹਕੂਮਤ ਵਿਰੁੱਧ ਬੋਲਣਾ ਮੰਨੋ ਅੱਜ ਕੱਲ੍ਹ ਦੀ ਕਿਸੇ ਵਿਸ਼ਵ ਸ਼ਕਤੀ ਵਿਰੁੱਧ ਬੋਲਣ ਦੇ ਤੁਲ ਸੀ; ਪਰ ਨਵਾਬ ਸ਼ੇਰ ਮੁਹੰਮਦ ਖਾਨ ਨੇ ਆਪਣੇ ਨੁਕਸਾਨ ਦੀ ਪ੍ਰਵਾਹ ਕੀਤੇ ਬਿਨਾ ਮਾਸੂਮ ਬੱਚਿਆਂ ਦੀ ਸਜ਼ਾ ਵਿਰੁੱਧ ਆਵਾਜ਼ ਉਠਾਈ ਤੇ ਸੂਬਾ ਸਰਹਿੰਦ ਨੂੰ ਤਾੜਨਾ ਕੀਤੀ ਕਿ ਇਨ੍ਹਾਂ ਮਾਸੂਮ ਬੱਚਿਆਂ ਨੂੰ ਸਜ਼ਾ ਦੇਣਾ ਗੈਰ-ਇਸਲਾਮੀ ਤੇ ਗੈਰ-ਇਨਸਾਨੀ ਹੈ। ਇਹੋ ਵਜ੍ਹਾ ਹੈ ਕਿ ਪੂਰੀ ਦੁਨੀਆਂ ਵਿਚ ਵਸਦੀ ਸਿੱਖ ਕੌਮ ਅੱਜ ਵੀ ਮਲੇਰਕੋਟਲਾ ਨੂੰ ਅਮਨ ਤੇ ਸ਼ਾਂਤੀ ਦਾ ਗੁਲਦਸਤਾ ਮੰਨਦਿਆਂ ਇਸ ਦਾ ਸਤਿਕਾਰ ਕਰਦੀ ਹੈ।

ਅੰਗਰੇਜ਼ਾਂ ਦਾ ਦੌਰ ਆਇਆ ਤਾਂ ਮਲੇਰਕੋਟਲਾ ਰਿਆਸਤ ਦੇ ਨਵਾਬਾਂ ਦੇ ਸਬੰਧ ਉਨ੍ਹਾਂ ਨਾਲ ਵੀ ਸੁਖਾਵੇਂ ਰਹੇ। ਸ਼ਾਇਦ ਇਹੋ ਵਜ੍ਹਾ ਹੈ ਕਿ ਉਨ੍ਹਾਂ ਸਮਿਆਂ ਵਿਚ ਮਲੇਰਕੋਟਲਾ ਨੂੰ ਰਿਆਸਤਾਂ ਵਿਚੋਂ 10ਵਾਂ ਦਰਜਾ ਹਾਸਲ ਸੀ, ਜਿਸ ਦੇ ਚਲਦਿਆਂ ਰਿਆਸਤ ਦੇ ਨਵਾਬਾਂ ਨੂੰ ਵਾਇਸਰਾਏ ਨਾਲ ਸਿੱਧੇ ਤੌਰ 'ਤੇ ਮਿਲਣ ਦਾ ਹੱਕ ਹਾਸਲ ਸੀ।



ਸਰਕਾਰੀ ਕਾਲਜ

ਜੇ ਮਲੇਰਕੋਟਲਾ ਰਿਆਸਤ ਦੇ ਕੁਲ ਖੇਤਰਫਲ ਦੀ ਗੱਲ ਕਰੀਏ ਤਾਂ ਕੁਲ ਰਕਬਾ 167 ਵਰਗ ਮੀਲ, ਕੁਲ ਆਬਾਦੀ 71174 ਤੇ ਮਾਲੀਆ ਲਗਾਨ ਕਰੀਬ ਸਵਾ ਬਾਰਾਂ ਲੱਖ ਸੀ ਅਤੇ ਇਸ ਦੇ ਨਾਲ ਨਾਲ ਫੌਜ ਇੰਪੀਰੀਅਲ, ਰਸਾਲੇ ਦੇ 54 ਜਵਾਨ, ਪਲਟਨ ਵਿਚ 600 ਜਵਾਨ, ਦੋ ਤੋਪਾਂ ਤੇ 11 ਤੋਪਾਂ ਦੀ ਸਲਾਮੀ ਮਿਲਿਆ ਕਰਦੀ ਸੀ।

ਮੇਰੇ ਅੱਬਾ (ਹਾਜੀ ਮੁਹੰਮਦ ਮੁਸ਼ਤਾਕ) ਦੱਸਦੇ ਹਨ ਕਿ 1901 ਈ. ਵਿਚ ਜਦੋਂ ਲੁਧਿਆਣਾ-ਮਲੇਰਕੋਟਲਾ ਰੇਲਵੇ ਲਾਈਨ

(ਬਾਕੀ ਅਗਲੇ ਸਫੇ 'ਤੇ)

# ਇਤਿਹਾਸ ਦੇ ਪੰਨਿਆਂ 'ਚ ਨਵਾਂ ਜਿਲਾ 'ਮਲੇਰਕੋਟਲਾ'

*(ਪਿਛਲੇ ਸਫੇ ਦੀ ਬਾਕੀ)*

ਵਿਛਾਈ ਗਈ ਸੀ ਤਾਂ ਉਸ ਦੌਰਾਨ ਉਨ੍ਹਾਂ ਦੇ ਦਾਦਾ (ਉਮਰਾ) ਨੇ ਲਾਈਨ ਹੇਠਾਂ ਦੀ ਲੰਘਣ ਵਾਲੇ ਪੁਲਾਂ ਤੇ ਪੁਲੀਆਂ ਬਣਾਉਣ ਲਈ ਊਠਾਂ 'ਤੇ ਇੱਟਾਂ ਢੋਹੀਆਂ ਸਨ।



ਮੁਬਾਰਿਕ ਮੰਜ਼ਿਲ

ਜੇ ਗੱਲ ਰਿਆਸਤ ਦੀਆਂ ਤਾਰੀਖੀ ਇਮਾਰਤਾਂ ਦੀ ਕਰੀਏ ਤਾਂ ਮਲੇਰਕੋਟਲਾ ਨੂੰ ਖ਼ੂਬਸੂਰਤ ਦਿਖ ਦੇਣ ਲਈ ਮੋਤੀ ਬਾਜ਼ਾਰ (1903 ਈ. ਵਿਚ) ਜੈਪੁਰ ਦੀ ਤਰਜ਼ 'ਤੇ ਬਣਵਾਇਆ ਗਿਆ। ਇਸ ਦੇ ਇਲਾਵਾ ਲਾਲ ਬਾਜ਼ਾਰ, ਸਦਰ ਬਾਜ਼ਾਰ, ਲੋਹਾ ਬਾਜ਼ਾਰ, ਬਾਂਸ ਬਾਜ਼ਾਰ, ਸੱਟਾ ਬਾਜ਼ਾਰ ਅੱਜ ਵੀ ਮੌਜੂਦ ਹਨ, ਪਰ ਰਿਆਸਤ ਖਤਮ ਹੋਣ ਦੇ ਚਲਦਿਆਂ ਹੁਣ ਮੋਤੀ ਬਾਜ਼ਾਰ ਨੂੰ ਕਾਫੀ ਹੱਦ ਤੱਕ ਢਾਹ ਕੇ ਲੋਕ ਨੇ ਆਪਣੀ ਸੁਵਿਧਾ ਅਨੁਸਾਰ ਦੁਕਾਨਾਂ ਬਣਾ ਲਈਆਂ ਹਨ।

ਸ਼ਹਿਰ ਦੇ ਸੱਤ ਦਰਵਾਜ਼ੇ ਸਨ, ਜਿਨ੍ਹਾਂ ਵਿਚ ਸ਼ੇਰਵਾਨੀ ਗੇਟ, ਸੁਨਾਮੀ ਗੇਟ, ਦਿੱਲੀ ਗੇਟ, ਸਰਹਿੰਦੀ ਗੇਟ, ਮੰਡੀ ਗੇਟ, ਮਲੇਰੀ ਗੇਟ ਤੇ ਢਾਬੀ ਗੇਟ ਸ਼ਾਮਲ ਹਨ। ਇਸ ਤੋਂ ਬਿਨਾ ਕਿਲ੍ਹਾ ਰਹਿਮਤਗੜ੍ਹ, ਜਾਮਾ ਮਸਜਿਦ, ਈਦ ਗਾਹ, ਦੀਵਾਨ ਖਾਨਾ, ਸ਼ੀਸ਼ ਮਹਿਲ, ਮੁਬਾਰਕ ਮੰਜ਼ਿਲ, ਦਰਗਾਹ ਬਾਬਾ ਸ਼ੇਖ ਸਦਰ-ਉਦ-ਦੀਨ ਆਦਿ ਅੱਜ ਵੀ ਸ਼ਹਿਰ ਦੀਆਂ ਮਸ਼ਹੂਰ ਤਾਰੀਖੀ ਇਮਾਰਤਾਂ 'ਚ ਸ਼ੁਮਾਰ ਹੁੰਦੀਆਂ ਹਨ।

ਡੇਰਾ ਆਤਮਾ ਰਾਮ, ਕੂਕਾ ਸਮਾਰਕ, ਗੁਰਦੁਆਰਾ ਹਾਅ ਦਾ ਨਾਅਰਾ, ਗੁਰਦੁਆਰਾ ਸ਼ਹੀਦਾਂ, ਕਾਲੀ ਮਾਤਾ ਮੰਦਿਰ ਆਦਿ ਧਾਰਮਿਕ ਇਮਾਰਤਾਂ ਸ਼ਹਿਰ ਦੀ ਭਾਈਚਾਰਕ ਸਾਂਝ ਦੀਆਂ ਮੂੰਹ ਬੋਲਦੀਆਂ ਤਸਵੀਰਾਂ ਹਨ।

ਵਿੱਦਿਅਕ ਅਦਾਰਿਆਂ ਦੀ ਗੱਲ ਕਰੀਏ ਤਾਂ ਇਨ੍ਹਾਂ ਵਿਚੋਂ ਇਸਲਾਮੀਆ ਸੀਨੀਅਰ ਸੈਕੰਡਰੀ ਸਕੂਲ, ਐਸ. ਡੀ. ਪੀ. ਪੀ. ਸਕੂਲ, ਜੈਨ ਹਾਈ ਸਕੂਲ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦਿੱਲੀ ਗੇਟ, ਅਹਿਲ-ਏ-ਹਦੀਸ ਸਕੂਲ ਮੋਤੀ ਬਾਜ਼ਾਰ, ਸਰਕਾਰੀ ਕਾਲਜ, ਕੇ. ਆਰ. ਡੀ. ਜੈਨ ਕਾਲਜ, ਅਲ-ਫਲਾਹ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਸਾਹਿਬਜ਼ਾਦਾ ਫਤਹਿ ਸਿੰਘ ਸੀਨੀਅਰ ਸੈਕੰਡਰੀ ਸਕੂਲ, ਟਾਊਨ ਸਕੂਲ, ਨਵਾਬ ਸ਼ੇਰ ਮੁਹੰਮਦ ਖਾਂ ਇੰਸਟੀਚਿਊਟ ਆਫ ਪੰਜਾਬੀ ਯੂਨੀਵਰਸਿਟੀ ਆਦਿ ਤਾਲੀਮ ਦੇ ਖੇਤਰ ਵਿਚ ਅਹਿਮ ਯੋਗਦਾਨ ਪਾ ਰਹੇ ਹਨ।

ਮਲੇਰਕੋਟਲਾ ਸਬਜ਼ੀ ਪੈਦਾਵਰ ਦੇ ਖੇਤਰ ਵਿਚ ਵੀ ਆਪਣੀ ਮਿਸਾਲ ਆਪ ਹੈ। ਰੋਜ਼ਾਨਾ ਇਥੋਂ ਸਬਜ਼ੀਆਂ ਪੰਜਾਬ ਦੇ ਵੱਖ ਵੱਖ ਸ਼ਹਿਰਾਂ ਅਤੇ ਵੱਡੀ ਗਿਣਤੀ ਵਿਚ ਦੂਜੇ ਸੂਬਿਆਂ 'ਚ ਭੇਜੀਆਂ ਜਾਂਦੀਆਂ ਹਨ। ਸ਼ਹਿਰ ਛੋਟੀ ਸਨਅਤ ਦਾ ਇੱਕ ਵੱਡਾ ਹੱਬ ਹੈ। ਸਾਈਕਲਾਂ ਤੇ ਸਿਲਾਈ ਮਸ਼ੀਨਾਂ ਦੇ ਪੁਰਜੇ ਬਣਨ ਦੇ ਨਾਲ ਨਾਲ ਧਾਗਾ, ਵੱਡੇ ਰੂਲੇ ਅਤੇ ਲੀਫ ਸਪਰਿੰਗ (ਕਮਾਨੀ) ਆਦਿ ਦੀਆਂ ਮਿੱਲਾਂ ਤੇ ਫੈਕਟਰੀਆਂ ਵੀ ਹਨ।

ਇਸ ਦੇ ਨਾਲ ਹੀ ਦੇਸ਼ ਦੇ ਆਰਮੀ ਅਤੇ ਪੁਲਿਸ ਵਾਲਿਆਂ ਦੀ ਯੂਨੀਫਾਰਮ ਦੇ ਮੋਢਿਆਂ 'ਤੇ ਲੱਗਣ ਵਾਲੀਆਂ ਫੀਤੀਆਂ ਬੈਜ ਅਤੇ ਨੇਮ ਪਲੇਟਾਂ ਆਦਿ ਬਣਾਉਣ ਦੇ ਕੰਮ ਲਈ ਵੀ ਮਲੇਰਕੋਟਲਾ ਪੂਰੇ ਦੇਸ਼ 'ਚ ਮਸ਼ਹੂਰ ਹੈ।

ਉਮੀਦ ਹੈ ਕਿ ਹੁਣ ਮਲੇਰਕੋਟਲਾ ਦੇ ਜਿਲਾ ਬਣਨ ਨਾਲ ਜਿੱਥੇ ਇਸ ਦਿਖ ਤੇ ਨੁਹਾਰ 'ਚ ਹੋਰ ਵਧੇਰੇ ਸੁਧਾਰ ਵੇਖਣ ਨੂੰ ਮਿਲੇਗਾ, ਉਥੇ ਸ਼ਹਿਰ ਦੇ ਵਿਕਾਸ ਕਾਰਜਾਂ ਲਈ ਵੀ ਨਵੇਂ ਦਰਵਾਜ਼ੇ ਖੁੱਲ੍ਹਣ ਦੀਆਂ ਵੱਡੀਆਂ ਉਮੀਦਾਂ ਕੀਤੀਆਂ ਜਾ ਰਹੀਆਂ ਹਨ।



ਈਦ ਗਾਹ



ਜਾਮਾ ਮਸਜਿਦ




# ਤਾ ਕਿ ਸਨਦ ਰਹੇ-ਅੰਮ੍ਰਿਤਾ ਪ੍ਰੀਤਮ

*(ਸਫਾ 25 ਦੀ ਬਾਕੀ)*

(ਸਾਧੂ ਸਿੰਘ)
ਲੁਧਿਆਣਾ
ਅਪਰੈਲ 15, 1974

ਪਿਆਰੇ ਨੂਰ, ਹਰਨਾਮ,
ਸਲਾਮ,

ਮੈਨੂੰ ਇਹ ਮੰਨਣ ਵਿਚ ਕੋਈ ਆਪੱਤੀ ਨਹੀਂ ਹੈ ਕਿ ਸਿਰਜਣਾ ਅਤੇ ਸਮਾਲੋਚਨਾ ਬਾਰੇ ਤੁਹਾਡੇ ਮਿਆਰ ਮੇਰੇ ਨਾਲੋਂ ਵੱਖਰੇ ਹੈਨ ਹੀ, ਉੱਤਮ ਵੀ ਹੋ ਸਕਦੇ ਹਨ। ਕਦੀ ਵੀ ਮਿਲ ਬੈਠਣ ਦਾ ਮੌਕਾ ਮਿਲਿਆ ਅਤੇ ਗੰਭੀਰ ਗੱਲਬਾਤ ਦਾ ਮਾਹੌਲ ਬਣ ਸਕਿਆ ਤਾਂ ਦਿਲ ਦੀਆਂ ਗੱਲਾਂ ਜ਼ਰੂਰ ਸੁਣਾਂ-ਆਖਾਂਗਾ। ਨਿਰੀ ਫਤਵੇਬਾਜ਼ੀ ਸਾਹਮਣੇ ਹੀ ਸਿਰ ਝੁਕਾ ਸਕਣਾ ਮੇਰੇ ਵੱਸ ਦੀ ਗੱਲ ਨਹੀਂ।

ਪਰ ਤੁਸੀਂ ਦਿੱਲੀ ਯੂਨੀਵਰਸਿਟੀ ਵਾਲੇ ਦੋਸਤੋ, ਦਾਅਵੇ ਤਾਂ 'ਸ਼ੁੱਧ ਸਾਹਿਤ' ਅਤੇ 'ਦੋਸਤੀ ਤੋਂ ਦੋਸਤੀ ਦੀ ਤਲਾਸ਼' ਦੇ ਕਰਦੇ ਹੋ ਪਰ ਹੋ ਤੁਸੀਂ ਅਸਲ ਵਿਚ ਸਾਹਿਤਕ ਨੀਤੀਵਾਨ ਹੀ। ਆਪਣੀ ਦਿੱਲੀ ਦੇ ਸਾਹਿਤਕ ਜਗਤ ਵਿਚ ਤਾਕਤਾਂ ਦੇ ਮੌਜੂਦਾ ਤੋਲ ਬਾਬਤ ਸਮਝ ਅਨੁਸਾਰ, ਤੁਸੀਂ ਆਪਣੀ ਆਲੋਚਨਾਤਮਕ ਰਣ-ਨੀਤੀ ਦਾ ਮੁੱਖ ਧਾਰਾ 'ਅੰਨ੍ਹੇ-ਅੰਮ੍ਰਿਤਾ ਵਿਰੋਧ' ਨੂੰ ਬਣਾਇਆ ਹੋਇਆ ਹੈ। ਤੁਹਾਡੀ ਸਮਝ ਤੁਹਾਨੂੰ ਮੁਬਾਰਕ।

ਪਰ ਮਿੱਤਰੋ! ਜਿਹੜੇ ਲੋਕ ਤੁਹਾਡੇ ਇਸ ਨਾਟਕ ਵਿਚ ਸ਼ਰੀਕ ਹੋ ਕੇ ਤੁਹਾਡੀ ਡੁਗਡੁਗੀ 'ਤੇ ਨੱਚਣਾ ਨਹੀਂ ਚਾਹੁੰਦੇ, ਉਨ੍ਹਾਂ ਦੀ ਮੱਲੋਜ਼ੋਰੀ ਕਿਉਂ ਧੂਹ-ਖਿੱਚ ਕਰ ਰਹੇ ਹੋ? ਤੁਹਾਡੀ ਯਾਦ-ਸ਼ਕਤੀ ਏਨੀ ਮੱਧਮ ਬਿਲਕੁਲ ਨਹੀਂ ਹੋਣੀ ਕਿ ਲੁਧਿਆਣਾ ਦੀ 'ਕਮਰਾ ਗੋਸ਼ਟੀ' ਵਿਚ ਅੰਮ੍ਰਿਤਾ ਵਿਰੁੱਧ ਭੰਡੀ ਪ੍ਰਚਾਰ ਦੇ ਸੂਤਰਧਾਰ ਬਣੀ ਬੈਠੇ ਡਾ. ਹਰਿਭਜਨ ਸਿੰਘ ਨੂੰ ਮੈਂ ਇਹ ਆਖਿਆ ਸੀ: ਡਾਕਟਰ ਸਾਹਿਬ, ਤੁਸੀਂ ਤਾਂ ਅੰਮ੍ਰਿਤਾ ਦੇ ਯੁਗ ਵਿਚ ਜਿਊਣ ਨੂੰ ਆਪਣਾ ਸੁਭਾਗ ਆਖ ਚੁੱਕੇ ਹੋ ਅਤੇ ਕਠਮੰਡੂ ਦੀ ਯਾਤਰਾ ਦਾ ਜ਼ਿਕਰ ਕਰ ਕੇ ਅੰਮ੍ਰਿਤਾ ਨੂੰ ਪਤਾ ਨਹੀਂ ਕਿਹੜੇ ਸ਼ਬਦਾਂ ਵਿਚ ਆਪਣਾ ਖ਼ਿਰਾਜ਼-ਏ-ਅਕੀਦਤ ਪੇਸ਼ ਕਰ ਚੁੱਕੇ ਹੋ ਅਤੇ ਹੁਣ ਅਚਾਨਕ ਹੀ ਉਲਟ ਕਲਾਬਾਜ਼ੀ ਮਾਰ ਰਹੇ ਹੋ? ਇਹਦੀ ਥਾਂ ਹਰਨਾਮ ਨੇ ਲਿਖਿਆ ਹੈ (ਸਾਧੂ: ਤੁਸੀਂ ਤਾਂ ਅੰਮ੍ਰਿਤਾ ਦੇ ਜੁਗ ਵਿਚ ਪੈਦਾ ਹੋਏ ਹੋ। ਅਸੀਂ ਤੁਹਾਨੂੰ ਜਾਣਦੇ ਹਾਂ, ਸ਼ਰਮਿੰਦਾ ਹੋਵੋ) ਜਿਵੇਂ ਮੈਂ ਅੰਮ੍ਰਿਤਾ ਦੇ ਸਮਕਾਲੀ ਹੋਣ ਦੀ ਸਥਿਤੀ ਨੂੰ ਹੀ ਸ਼ਰਮਸਾਰੀ ਦੀ ਗੱਲ ਸਮਝਦਾ ਹੋਵਾਂ। ਕਿਆ ਜਵਾਬ ਹੈ ਤੁਹਾਡੀ ਪੇਸ਼ਕਾਰੀ ਦਾ। ਅਗਲੀਆਂ ਗੱਲਾਂ ਨੂੰ ਦੁਹਰਾਉਣ ਦੀ ਲੋੜ ਇਸ ਕਰ ਕੇ ਨਹੀਂ ਮਹਿਸੂਸ ਹੋ ਰਹੀ ਕਿਉਂਕਿ ਤੁਹਾਨੂੰ ਚੇਤੇ ਤਾਂ ਸਾਰੀਆਂ ਹੀ ਗੱਲਾਂ ਹੈਨ। ਆਪਣੀ ਸੋਚੀ-ਸਮਝੀ ਨੀਤੀ ਅਨੁਸਾਰ ਜਾਣ-ਬੁੱਝ ਕੇ ਹੀ ਘੋਗਲਕੰਨੇ ਬਣੇ ਬੈਠੇ ਹੋ।



ਡਾ. ਸਾਧੂ ਸਿੰਘ ਅਤੇ ਸੁਜਾਤਾ

ਸ਼ਾਇਰ ਅਤੇ ਸਮਾਲੋਚਕ ਹਰਿਭਜਨ ਸਿੰਘ ਦਾ ਮੈਂ ਮੁੱਢੋਂ ਹੀ ਕਦਰਦਾਨ ਰਿਹਾ ਹਾਂ ਪਰ ਮਿੱਤਰੋ! ਕਿਸੇ ਸਾਹਿਤਕਾਰ ਦੀ ਕਦਰਦਾਨੀ ਲਈ ਉਹਦੀਆਂ ਰਖੇਲਾਂ ਬਣਨਾ ਜ਼ਰੂਰੀ ਨਹੀਂ ਹੁੰਦਾ।

ਨੂਰ ਸਾਹਿਬ, ਜੇ ਹਰਨਾਮ ਨੇ ਤੁਹਾਨੂੰ ਉਸ ਵਾਰਤਾਲਾਪ ਦੀ ਰਿਪੋਰਟ ਲਿਖ ਭੇਜੀ ਹੁੰਦੀ ਜਿਸ ਵਿਚ ਤੁਸੀਂ ਜ਼ਾਤੀ ਤੌਰ 'ਤੇ ਸ਼ਾਮਿਲ ਨਾ ਹੁੰਦੇ ਤਾਂ ਉਸ ਵਿਚਲੇ ਝੂਠ ਬਾਬਤ ਤੁਹਾਡੀ ਕੋਈ ਜ਼ਿੰਮੇਵਾਰੀ ਨਹੀਂ ਸੀ ਹੋਣੀ ਪਰ ਤੁਸੀਂ ਸਭ ਕੁਝ ਜਾਣਦੇ ਹੋਏ ਵੀ ਹਰਨਾਮ ਵੱਲੋਂ ਗਲਤ ਤੌਰ 'ਤੇ ਮੇਰੇ ਮੱਥੇ ਮੜ੍ਹੇ ਸ਼ਬਦਾਂ ਨੂੰ ਜਿਉਂ ਦੀ ਤਿਉਂ ਛਾਪ ਗਏ ਹੋ, ਇਸ ਲਈ ਮੇਰਾ ਤੁਹਾਡੇ ਪੁਰ ਗਿਲਾ ਹੈ।

ਹਰਿਭਜਨ ਸਿੰਘ ਦੇ ਸਮਕਾਲੀ, ਕਦਰਦਾਨ ਅਤੇ ਦੋਸਤ ਬਣੋ। ਉਹਨੂੰ ਮੱਠਧਾਰੀ ਬਣਾ ਕੇ ਆਪ ਮਜੌਰ ਬਣ ਜਾਣ ਨਾਲ ਤੁਹਾਡਾ ਕਿਸੇ ਦਾ ਵੀ ਕੁਝ ਨਹੀਂ ਸੌਰਨਾ ਜਾਂ ਸਹੀ ਅਰਥਾਂ ਵਿਚ ਬੁਲੰਦ ਹੋਵੋ, ਨਹੀਂ ਤਾਂ ਇਹ ਦਾਅਵਾ ਛੱਡੋ ਕਿ 'ਮੇਰੀ ਤਲਾਸ਼ ਦੋਸਤੀ ਤੇ ਦੋਸਤੀ ਤੱਕ ਦਾ ਸਫਰ ਹੀ ਨਹੀਂ, ਮੱਥੇ ਵਿਚ ਜਗਦੀ ਜੋਤ, ਆਪਣੀ ਨੀਝ ਨਾਲ ਤੁਰਦੇ ਹੋਏ ਮਨੁੱਖ ਦੀ ਤਲਾਸ਼ ਹੈ।'

ਤੁਹਾਡਾ ਆਪਣਾ,
ਸਾਧੂ ਸਿੰਘ
ਲੁਧਿਆਣਾ
ਅਪਰੈਲ 15, 1974

'ਇਕੱਤੀ ਫਰਵਰੀ' ਵਾਲੇ ਸਾਹਿਬਾਨ ਨੇ ਨਾ ਮੇਰੀ ਚਿੱਠੀ ਛਾਪੀ ਸੀ ਅਤੇ ਨਾ ਹੀ ਉਹਦਾ ਕੋਈ ਜਵਾਬ ਦਿੱਤਾ ਸੀ। ਹਾਂ! ਅੰਮ੍ਰਿਤਾ ਨੇ ਜ਼ਰੂਰ ਮੁੜਦੀ ਡਾਕੇ ਜਵਾਬ ਦਿੱਤਾ ਸੀ:

18-4-74
ਪਿਆਰੇ ਸਾਧੂ ਸਿੰਘ ਜੀ,

ਤੁਹਾਡੀਆਂ ਦੋਹਵੇਂ ਚਿੱਠੀਆਂ ਪੜ੍ਹੀਆਂ ਹਨ, ਮੈਂ ਉਦਾਸ ਜ਼ਰੂਰ ਹਾਂ ਪਰ ਹੈਰਾਨ ਨਹੀਂ। ਜਾਣਦੀ ਹਾਂ- ਅੱਜ ਕੱਲ੍ਹ ਡਾ. ਹਰਿਭਜਨ ਸਿੰਘ ਇਸੇ ਕੰਮ 'ਤੇ ਲੱਗੇ ਹੋਏ ਹਨ, ਕਈ ਤਰ੍ਹਾਂ ਨਾਲ। ਜਿੱਥੇ ਅਤੇ ਜਦੋਂ ਵੀ ਉਨ੍ਹਾਂ ਦਾ ਵਾਹ ਲੱਗਦਾ ਹੈ- ਕਦੇ ਸਕੂਲਾਂ ਕਾਲਜਾਂ ਦੀਆਂ ਕਿਤਾਬਾਂ ਵਿਚ ਉਨ੍ਹਾਂ ਦੇ ਵਰਕੇ ਬਦਲਵਾਂਦੇ ਹਨ, ਕਦੇ ਲੋਕਾਂ ਕੋਲੋਂ ਲਿਖਵਾਂਦੇ ਛਪਵਾਂਦੇ ਹਨ। ਮੇਰੀ ਹੋਂਦ ਕਿਸੇ ਤਰ੍ਹਾਂ ਵੀ ਉਨ੍ਹਾਂ ਕੋਲੋਂ ਬਰਦਾਸ਼ਤ ਨਹੀਂ ਹੋ ਰਹੀ। ਉਦਾਸ ਮੈਂ ਆਪਣੀ ਖ਼ਾਤਰ ਨਹੀਂ, ਉਨ੍ਹਾਂ ਦੀ ਖ਼ਾਤਰ ਹਾਂ- ਕਿ ਇੱਕ ਚੰਗੇ ਸ਼ਾਇਰ ਦਾ ਇਹ ਕੀ ਹਸ਼ਰ ਹੋ ਰਿਹਾ ਹੈ!

ਸ਼ੁਭ ਚਿੰਤਕ: ਅੰਮ੍ਰਿਤਾ ਪ੍ਰੀਤਮ

ਮੰਦ-ਭਾਵਨਾਵਾਂ ਅਤੇ ਸੁਆਰਥ ਉਪਰ ਆਧਾਰਿਤ ਇਹਨਾਂ ਵਿਦਵਾਨਾਂ ਦੀ 'ਦੋਸਤੀ' ਦਾ ਇਹ ਹਸ਼ਰ ਹੋਇਆ ਸੀ ਕਿ ਆਪਣੇ ਵਿਭਾਗ ਦੇ ਮੁਖੀ ਦੇ ਅਹੁਦੇ ਤੋਂ ਇਸ ਮਹਾਂਰਥੀ ਦੇ ਸੇਵਾ-ਮੁਕਤ ਹੋਣ ਵੇਲੇ ਇਹਨਾਂ ਦੇ ਹੋਰ ਸਹਿਯੋਗੀਆਂ ਨੇ ਉਹਨੂੰ ਰਸਮੀ ਵਿਦਾਇਗੀ ਪਾਰਟੀ ਵੀ ਨਹੀਂ ਸੀ ਦਿੱਤੀ।

ਸਾਡੇ ਦਿਮਾਗ਼ਾਂ ਵਿਚ ਤਾਂ ਡਾ. ਹਰਿਭਜਨ ਸਿੰਘ ਵੀ ਵਸੇ ਰਹਿਣਗੇ ਪਰ ਅੰਮ੍ਰਿਤਾ ਦਾ ਵਸੇਬਾ ਦਿਮਾਗ਼ਾਂ ਦੇ ਨਾਲੋ ਨਾਲ ਅਸਾਂ ਪੰਜਾਬੀਆਂ ਨਹੀਂ ਸਗੋਂ ਹੋਰ ਬਹੁਤ ਸਾਰੇ ਲੋਕਾਂ ਦੇ ਦਿਲਾਂ ਵਿਚ ਵੀ ਬਰਕਰਾਰ ਰਹੇਗਾ।

ਇੱਕ ਨਿੱਕੀ ਜਿਹੀ ਘਟਨਾ ਦੇ ਬਿਰਤਾਂਤ ਨਾਲ ਆਪਣੀ ਗੱਲ ਖ਼ਤਮ ਕਰਦਾ ਹਾਂ। 1986 ਵਿਚ ਭਾਰਤੀ ਸਾਹਿਤ ਅਕਾਦਮੀ ਵੱਲੋਂ ਸਿਰਜਣਾਤਮਕ ਸਾਹਿਤ ਦੇ ਅਨੁਵਾਦ ਦੀ ਵਰਕਸ਼ਾਪ ਵਿਚ ਸ਼ਮੂਲੀਅਤ ਦੌਰਾਨ ਪੰਜਾਬੀ ਵਿਚ ਹੋਰਨਾਂ ਭਾਸ਼ਾਵਾਂ ਵਿਚ ਹੋਏ ਅਨੁਵਾਦ ਬਾਰੇ ਪੇਪਰ ਲਿਖਣ ਦਾ ਕੰਮ ਮੇਰੇ ਜ਼ਿੰਮੇ ਲੱਗਾ ਸੀ। ਹੋਰ ਸਾਥੀਆਂ ਨਾਲ ਹੋਈ ਸਰਸਰੀ ਜਿਹੀ ਗੱਲਬਾਤ ਵਿਚ ਅੰਮ੍ਰਿਤਾ ਦੀ ਲਾਇਬ੍ਰੇਰੀ ਵਿਚ ਜਾਣ ਦਾ ਜ਼ਿਕਰ ਆਇਆ ਸੀ।

'ਤੂੰ ਅੰਮ੍ਰਿਤਾ ਨੂੰ ਜਾਣਦੈਂ?'

ਆਂਧਰਾ ਪ੍ਰਦੇਸ਼ ਤੋਂ ਆਈ ਪ੍ਰੋਫੈਸਰ ਸੁਜਾਤਾ ਵਿਸਮਾਦ ਦੀ ਸੂਰਤ ਬਣੀ ਪੁੱਛ ਰਹੀ ਸੀ।

'ਆਹੋ', ਮੈਂ ਸੁਭਾਵਕ ਹੀ ਕਿਹਾ ਸੀ।

ਸੁਜਾਤਾ ਕਹਿੰਦੀ ਸੀ ਕਿ ਇਸ ਵਰਕਸ਼ਾਪ ਦਾ ਤਾਂ ਐਵੇਂ ਬਾਹਨਾ ਹੀ ਸੀ। ਅਸਲ ਵਿਚ ਦਿੱਲੀ ਆਉਣ ਵੇਲੇ ਉਹ ਦੋ ਮਨੋਰਥ ਮਿਥ ਕੇ ਆਈ ਸੀ। ਇੱਕ ਕੁਤਬਮੀਨਾਰ ਨੂੰ ਦੇਖਣਾ ਅਤੇ ਦੂਜਾ ਅੰਮ੍ਰਿਤਾ ਨੂੰ।

-ਤੂੰ ਮੈਨੂੰ ਅੰਮ੍ਰਿਤਾ ਨੂੰ ਮਿਲਾ ਸਕਦੈਂ?
-ਚਲੇ ਚੱਲਾਂਗੇ ਕਦੇ।
-ਕਦੇ ਨਹੀਂ ਹੁਣੇ।

ਸੁਜਾਤਾ ਇਸ ਕਾਰਜ ਵਿਚ ਢਿੱਲ ਕਰਨ ਦੇ ਰੌਂ ਵਿਚ ਨਹੀਂ ਸੀ।

'ਚੰਗਾ ਮੈਂ ਹੁਣੇ ਕੱਪੜੇ ਬਦਲ ਕੇ ਆਉਨਾਂ।'

ਸਵੇਰ ਦੀ ਚਾਹ ਕੁਰਤੇ-ਪਜਾਮੇ ਵਿਚ ਹੀ ਪੀਣ ਆ ਗਿਆ ਸਾਂ।

'ਕੱਪੜੇ ਬਦਲਣ ਦੀ ਕੋਈ ਲੋੜ ਨਹੀਂ, ਤੂੰ ਕੁਰਤੇ-ਪਜਾਮੇ ਵਿਚ ਹੀ ਬੜਾ ਸੋਹਣਾ ਲੱਗਦੈਂ।' ਸੁਜਾਤਾ ਦਾ ਫੈਸਲਾ ਸੀ।

'ਕੁਝ ਪੈਸੇ ਤਾਂ ਲੈ ਆਉਣ ਦਿਓ ਉਪਰੋਂ ਕਮਰੇ 'ਚੋਂ।'

'ਨਹੀਂ, ਪੈਸੇ ਮੇਰੇ ਪਰਸ 'ਚ ਬਥੇਰੇ ਨੇ।'

ਸੁਜਾਤਾ ਦੀ ਚਾਹਤ ਦਾ ਸੰਖੇਪ ਜਿਹਾ ਜ਼ਿਕਰ ਕਰ ਕੇ ਮੈਂ ਉਨ੍ਹਾਂ ਨੂੰ ਅੰਮ੍ਰਿਤਾ ਦੇ ਹਵਾਲੇ ਕਰ ਕੇ ਆਪ ਇਮਰੋਜ਼ ਜੀ ਦੇ ਸਟੂਡੀਓ ਵਿਚ ਚਲਾ ਗਿਆ ਸਾਂ। ਵਾਪਸੀ ਵੇਲੇ ਸੁਜਾਤਾ ਇੰਜ ਤਸੱਲੀ ਭਰੇ ਉਮਾਹ ਵਿਚ ਸੀ ਜਿਵੇਂ 'ਮਾਊਂਟ ਐਵਰੈਸਟ' ਨੂੰ ਸਰ ਕਰ ਕੇ ਆਈ ਹੋਵੇ।

*(ਸਮਾਪਤ)*

ਰੰਗ-ਮੰਚ

# ਜ਼ਿੰਦਗੀ ਦੀ ਉਦਾਸ ਸ਼ਾਮ ਦਾ ਨਾਟਕ 'ਬੁੱਢੀ ਮੈਨਾ ਦਾ ਗੀਤ'

ਪ੍ਰਸਿੱਧ ਰੰਗ ਕਰਮੀ ਅਤੇ ਮੇਰੇ ਮਿੱਤਰ ਜਗਜੀਤ ਸਰੀਨ ਆਪਣੇ ਪਟਿਆਲੇ ਵਾਲੇ ਘਰ ਗੁਰਬਖਸ਼ ਕਾਲੋਨੀ (ਹੁਣ ਉਹ ਚੰਡੀਗੜ੍ਹ ਚਲੇ ਗਏ ਹਨ) ਤੋਂ ਗੁਰਮੁਖ ਸਿੰਘ ਲਾਇਬ੍ਰੇਰੀ ਤੱਕ ਜਾਂਦੇ ਹੋਏ ਭਾਵੇਂ ਲਾਇਬ੍ਰੇਰੀ ਦਾ ਰਸਤਾ ਭੁੱਲ ਜਾਣ, ਪਰ ਲਾਇਬ੍ਰੇਰੀ ਦੇ ਅੰਦਰ ਜਾਂਦੇ ਹੀ ਉਨ੍ਹਾਂ ਦੀਆਂ ਅੱਖਾਂ 'ਤੇ ਪੱਟੀ ਵੀ ਬੰਨ ਦਿਉ, ਉਹ ਸਿੱਧੇ ਹਿੰਦੀ ਅਤੇ ਪੰਜਾਬੀ ਵਾਲੇ ਨਾਟਕਾਂ ਦੀਆਂ ਅਲਮਾਰੀਆਂ ਕੋਲ ਜਾ ਪਹੁੰਚਣਗੇ ਅਤੇ ਉਨ੍ਹਾਂ ਦਾ ਹੱਥ ਵੀ ਉਸ ਨਾਟਕ 'ਤੇ ਪਵੇਗਾ, ਜੋ ਰੰਗ ਮੰਚ 'ਤੇ ਪੇਸ਼ ਕਰਨ ਯੋਗ ਹੋਵੇ। ਸਰੀਨ ਸਾਹਿਬ ਦੀ ਇਸੇ ਖੂਬੀ ਕਾਰਨ ਪਹਿਲਾਂ ਪੰਜਾਬ ਨਾਟ ਸ਼ਾਲਾ ਅਤੇ ਬਾਅਦ ਵਿਚ ਰੰਗ ਦਰਪਣ, ਪਟਿਆਲਾ ਦੇ ਕਲਾਕਾਰ ਕਦੇ ਵਿਹਲੇ ਨਹੀਂ ਸਨ ਬੈਠਦੇ। ਇਕ ਤੋਂ ਬਾਅਦ ਦੂਜੇ ਨਾਟਕ



**ਰਵਿੰਦਰ ਸਿੰਘ ਸੋਢੀ**
ਫੋਨ: 604-369-2371

ਦੀ ਤਿਆਰੀ ਸ਼ੁਰੂ ਹੋ ਜਾਂਦੀ।

ਗੱਲ 1980 ਦੀ ਹੈ, ਮਹੀਨਾ ਯਾਦ ਨਹੀਂ, ਪਰ ਪੱਖੇ ਥੋੜ੍ਹੇ-ਥੋੜ੍ਹੇ ਚੱਲਣ ਲੱਗ ਪਏ ਸਨ। ਸ਼ਾਮ ਦੇ ਸਮੇਂ ਮੈਂ ਘਰ ਬੈਠਾ ਚਾਹ ਦੀਆਂ ਚੁਸਕੀਆਂ ਲੈ ਰਿਹਾ ਸਾਂ ਕਿ ਅਚਾਨਕ ਪ੍ਰਸਿੱਧ ਰੰਗਕਰਮੀ ਅਤੇ ਮਿੱਤਰ ਜਗਜੀਤ ਸਰੀਨ ਤਸ਼ਰੀਫ ਲੈ ਆਏ। ਮੈਂ ਚਾਹ ਲਈ ਪੁੱਛਿਆ, ਪਰ ਉਨ੍ਹਾਂ ਨੇ ਨਾਂਹ ਕਰ ਦਿੱਤੀ ਅਤੇ ਮੇਰੇ ਵੱਲ ਇਕ ਕਿਤਾਬ ਵਧਾ ਕੇ ਕਹਿਣ ਲੱਗੇ, "ਇਕ ਬਹੁਤ ਵਧੀਆ ਨਾਟਕ ਮਿਲਿਆ ਹੈ, ਆਪਾਂ ਦੋਵੇਂ ਰਲ ਕੇ ਇਸ ਦਾ ਪੰਜਾਬੀ ਅਨੁਵਾਦ ਕਰਾਂਗੇ। ਤੁਸੀਂ ਪੜ੍ਹ ਲਉ।" ਇਹ ਕਹਿ ਕੇ ਉਹ ਜਾਣ ਲਈ ਉਠ ਖੜ੍ਹੇ, ਪਰ ਜਾਂਦੇ-ਜਾਂਦੇ ਹੁਕਮ ਦੇ ਗਏ ਕਿ ਅੱਜ ਰਾਤ ਨੂੰ ਪੜ੍ਹ ਲੈਣਾ, ਉਹ ਸਵੇਰੇ ਆਉਣਗੇ। ਇੰਨਾ ਕਹਿੰਦਿਆਂ ਜਿਸ ਰਫਤਾਰ ਨਾਲ ਆਏ ਸਨ, ਉਸੇ ਨਾਲ ਵਾਪਿਸ ਚਲੇ ਗਏ। ਮੇਰੀ ਹਾਂ ਜਾਂ ਨਾਂਹ ਵੀ ਨਾ ਸੁਣੀ। ਇਹੋ ਜਿਹੀ ਜ਼ੋਰ-ਜ਼ਬਰਦਸਤੀ ਤਾਂ ਕੋਈ ਆਪਣਾ ਹੀ ਕਰ ਸਕਦਾ ਹੈ!

ਮੈਂ ਰਾਤ ਦਾ ਖਾਣਾ ਖਾ ਕੇ ਬੈਠਕ ਵਿਚ ਹੀ ਸੋਫੇ 'ਤੇ ਬੈਠ ਕੇ ਨਾਟਕ ਪੜ੍ਹਨ ਲੱਗਿਆ। ਅਜੇ ਪੰਦਰਾਂ-ਵੀਹ ਪੰਨੇ ਹੀ ਪੜ੍ਹੇ ਸਨ ਕਿ ਨਾਟਕ ਦੇ ਮੁੱਢ ਨੇ ਹੀ ਮੈਨੂੰ ਏਨਾ ਕੀਲ ਲਿਆ ਕਿ ਮੈਂ ਕਾਗਜ਼-ਪੈੱਨ ਚੁੱਕ ਕੇ ਅਨੁਵਾਦ ਦਾ ਕੰਮ ਸ਼ੁਰੂ ਕਰਨ ਲਈ ਮਜਬੂਰ ਹੋ ਗਿਆ। ਪੈੱਨ ਪੂਰੀ ਰਫਤਾਰ ਨਾਲ ਚੱਲ ਰਿਹਾ ਸੀ। ਅਨੁਵਾਦ ਕਰਦਿਆਂ ਮੈਨੂੰ ਕੋਈ ਦਿੱਕਤ ਨਹੀਂ ਸੀ ਆ ਰਹੀ। ਜਦੋਂ ਨੀਂਦ ਰਾਣੀ ਬਹੁਤਾ ਹੀ ਖਹਿੜੇ ਪੈ ਗਈ, ਮੈਂ ਸੋਫੇ 'ਤੇ ਹੀ ਪੈ ਗਿਆ। ਸਵੇਰੇ ਕੁਝ ਦੇਰ ਨਾਲ ਹੀ ਜਾਗਿਆ। ਮੈਂ ਕਿਤਾਬ 'ਤੇ ਨਜ਼ਰ ਮਾਰੀ ਤਾਂ ਪੈਂਤੀ ਕੁ ਪੰਨਿਆਂ ਦਾ ਅਨੁਵਾਦ ਹੋ ਚੁਕਾ ਸੀ। ਚਾਹ ਪੀ ਕੇ ਮੈਂ ਕਿਤਾਬ ਅਤੇ ਲਿਖੇ ਹੋਏ ਪੰਨੇ ਮੇਜ ਦੇ ਹੇਠਲੇ ਹਿੱਸੇ 'ਤੇ ਰੱਖ ਦਿੱਤੇ। ਯੂਨੀਵਰਸਿਟੀ ਜਾਣਾ ਨਹੀਂ ਸੀ, ਇਸ ਲਈ ਕਿਸੇ ਕਿਸਮ ਦੀ ਕਾਹਲੀ ਨਹੀਂ ਸੀ। ਗਿਆਰਾਂ ਕੁ ਵਜੇ ਸਰੀਨ ਸਾਹਿਬ ਪਹੁੰਚ ਗਏ ਅਤੇ ਆਉਂਦੇ ਹੀ ਪੁੱਛਣ ਲੱਗੇ, "ਨਾਟਕ ਪੜ੍ਹ ਲਿਆ?"

ਮੈਂ ਨਾਂਹ ਵਿਚ ਗਰਦਨ ਹਿਲਾ ਦਿੱਤੀ।

ਆਪਣੇ ਸੁਭਾਅ ਦੇ ਉਲਟ ਉਨ੍ਹਾਂ ਨੂੰ ਗੁੱਸਾ ਆ ਗਿਆ ਅਤੇ ਕਹਿਣ ਲੱਗੇ, "ਸੋਢੀ ਸਾਹਿਬ, ਜਦੋਂ ਤੋਂ ਮਸਕਟ ਦਾ ਚੱਕਰ ਲਾ ਕੇ ਆਏ ਹੋ, ਕੁਝ ਸੁਸਤ ਹੋ ਗਏ ਹੋ। ਖੈਰ, ਮੈਂ ਆਪ ਹੀ ਇਹ ਕੰਮ ਕਰ ਲਵਾਂਗਾ।"

ਮੈਂ ਮੇਜ ਦੇ ਹੇਠਾਂ ਰੱਖੇ ਪੰਨੇ ਚੁੱਕ ਕੇ ਸਰੀਨ ਸਾਹਿਬ ਨੂੰ ਫੜਾਉਂਦਿਆਂ ਕਿਹਾ, "ਨਾਟਕ ਤਾਂ ਪੂਰਾ ਪੜ੍ਹਿਆ ਨਹੀਂ ਗਿਆ, ਪਰ ਪੈਂਤੀ ਕੁ ਪੰਨੇ ਅਨੁਵਾਦ ਹੋ ਗਏ ਹਨ।"


ਸਰੀਨ ਸਾਹਿਬ ਨੇ ਪਹਿਲਾਂ ਹੈਰਾਨੀ ਨਾਲ ਮੇਰੇ ਵੱਲ ਦੇਖਿਆ, ਫਿਰ ਅਨੁਵਾਦ ਕੀਤੇ ਪੰਨਿਆਂ ਵੱਲ ਦੇਖਦਿਆਂ ਕਿਹਾ, "ਹੈਂ! ਇਹ ਤਾਂ ਕਮਾਲ ਕਰ ਦਿੱਤੀ।"

ਮੈਂ ਉਨ੍ਹਾਂ ਨੂੰ ਦੱਸਿਆ ਕਿ ਨਾਟਕ ਦੇ ਮੁੱਢ ਨੇ ਹੀ ਅਜਿਹਾ ਟੁੰਬਿਆ ਕਿ ਮੈਂ ਆਪਣੇ ਆਪ ਨੂੰ ਰੋਕ ਨਾ ਸਕਿਆ ਅਤੇ ਲਿਖਣ ਲੱਗ ਪਿਆ। ਸਾਫ ਗੱਲ ਇਹ ਹੈ ਕਿ ਮੈਨੂੰ ਅਨੁਵਾਦ ਕਰਨ ਵੇਲੇ ਅੰਦਰੂਨੀ ਲੁਤਫ ਆ ਰਿਹਾ ਸੀ।"

ਸਰੀਨ ਸਾਹਿਬ ਨੇ ਮੇਰੀ ਪਿੱਠ 'ਤੇ ਜ਼ੋਰ ਦੀ ਥਾਪੀ ਦਿੰਦਿਆਂ ਕਿਹਾ, "ਹੁਣ ਅਗਲੀ ਗੱਲ ਸੁਣੋ! ਸਾਰਾ ਅਨੁਵਾਦ ਤੁਸੀਂ ਹੀ ਕਰਨਾ ਹੈ, ਮੈਂ ਕੁਝ ਨਹੀਂ ਕਰਨਾ।" ਇਹ ਕਹਿ ਕੇ ਸਰੀਨ ਸਾਹਿਬ ਚਲੇ ਗਏ।

ਖੈਰ, ਮੈਂ ਵੀ ਸੋਚਿਆ ਕਿ ਇਹ ਅਨੁਵਾਦ ਦਾ ਕੰਮ ਜਿੰਨੀ ਜਲਦੀ ਹੋ ਜਾਵੇ, ਚੰਗਾ ਹੈ। ਮੈਂ ਘਰੋਂ ਬਾਹਰ ਜਾਣ ਦੇ ਸਾਰੇ ਪ੍ਰੋਗਰਾਮ ਰੱਦ ਕਰਕੇ ਲਿਖਣ ਬੈਠ ਗਿਆ ਅਤੇ ਰਾਤ ਨੂੰ ਸੌਣ ਤੋਂ ਪਹਿਲਾਂ ਨਾਟਕ ਦੇ ਅਨੁਵਾਦ ਦਾ ਕੰਮ ਪੂਰਾ ਕਰ ਲਿਆ।

ਇਹ ਨਾਟਕ ਸੀ ਪ੍ਰਸਿੱਧ ਮਰਾਠੀ ਨਾਟਕਕਾਰ ਸ਼੍ਰੀ ਜੈਵੰਤ ਦਲਵੀ ਦਾ ਬਹੁਤ ਹੀ ਚਰਚਿਤ ਨਾਟਕ 'ਸੰਧਿਆ ਛਾਇਆ।' ਉਸ ਨਾਟਕ ਦਾ ਹਿੰਦੀ ਅਨੁਵਾਦ ਸਾਡੇ ਕੋਲ ਸੀ। ਮਰਹੂਮ ਦਲਵੀ ਸਾਹਿਬ ਨੇ ਆਪਣੇ ਇਸ ਨਾਟਕ ਦੀ ਕਹਾਣੀ ਇਕ ਬਹੁਤ ਹੀ ਅਹਿਮ ਮੁੱਦੇ ਦੇ ਇਰਦ-ਗਿਰਦ ਉਸਾਰੀ। ਬੁੱਢੇ ਮਾਂ-ਪਿਉ ਇਕੱਲ ਵਾਲੀ ਜ਼ਿੰਦਗੀ ਜਿਉਣ ਲਈ ਮਜਬੂਰ ਹਨ। ਉਨ੍ਹਾਂ ਦਾ ਵੱਡਾ ਮੁੰਡਾ ਪੜ੍ਹਾਈ ਖਤਮ ਕਰਨ ਤੋਂ ਬਾਅਦ ਚੰਗੇ ਭਵਿੱਖ ਦੀ ਆਸ ਵਿਚ ਅਮਰੀਕਾ ਉਡਾਰੀ ਮਾਰ ਗਿਆ ਅਤੇ ਛੋਟਾ ਏਅਰ ਫੋਰਸ ਵਿਚ ਚਲਾ ਗਿਆ। ਦੋਹਾਂ ਨੂੰ ਬੱਚਿਆਂ ਤੋਂ ਸੱਖਣਾ ਘਰ ਖਾਣ ਨੂੰ ਪੈਂਦਾ ਹੈ। ਘਰ ਦੇ ਨਿਗੂਣੇ ਕੰਮ ਕਰਨ ਪਿੱਛੇ ਉਹ ਇਕ ਦੂਜੇ ਨਾਲ ਨਾਰਾਜ਼ ਹੋ ਜਾਂਦੇ ਹਨ, ਮਸਲਨ ਮਹੀਨਾ ਖਤਮ



'ਬੁੱਢੀ ਮੈਨਾ ਦਾ ਗੀਤ' ਦੇ ਦ੍ਰਿਸ਼ ਵਿਚ ਗੁਲਜ਼ਾਰ ਪਵਾਰ ਅਤੇ ਕਰਮਜੀਤ ਧਾਲੀਵਾਲ



ਰੰਗ ਦਰਪਣ ਪਟਿਆਲਾ ਦੀ ਪੇਸ਼ਕਾਰੀ ਵਿਚ ਰਵੀ ਭੂਸ਼ਣ ਅਤੇ ਕੰਵਲ ਥਿੰਦ



ਸਰੀ (ਕੈਨੇਡਾ) ਵਿਚ 'ਢਲਦੇ ਪਰਛਾਵੇਂ' (ਬੁੱਢੀ ਮੈਨਾ ਦਾ ਗੀਤ) ਦੇ ਇਕ ਦ੍ਰਿਸ਼ ਵਿਚ ਮੋਹਨ ਬੱਗਨ ਅਤੇ ਦਰਸ਼ਨ ਮਾਨ

ਹੋਣ 'ਤੇ ਕੈਲੰਡਰ ਦਾ ਵਰਕਾ ਪਾੜਨਾ, ਗਮਲੇ ਵਿਚ ਲੱਗੀ ਬੇਲ ਨੂੰ ਪਾਣੀ ਦੇਣਾ, ਕੰਧ 'ਤੇ ਲੱਗੀ ਘੜੀ ਨੂੰ ਚਾਬੀ ਦੇਣਾ। ਫੋਨ ਕਰਦੇ ਸਮੇਂ ਗਲਤ ਨੰਬਰ ਮਿਲ ਜਾਣ 'ਤੇ ਅਣਜਾਣ ਬੱਚੀ ਨਾਲ ਗੱਲਾਂ ਕਰਕੇ ਜੀ ਪਰਚਾਉਣਾ ਅਤੇ ਉਸ ਨੂੰ ਫਿਰ ਵੀ ਫੋਨ ਕਰਨ ਨੂੰ ਕਹਿਣਾ।

ਗਲਤੀ ਨਾਲ ਹੀ ਘਰ ਆਏ ਕਿਸੇ ਉਪਰੇ ਨੌਜਵਾਨ ਨਾਲ ਗੱਲਾਂ ਕਰਕੇ ਸਮਾਂ ਬਿਤਾਉਣਾ ਅਤੇ ਇਹ ਪਤਾ ਲੱਗਣ 'ਤੇ ਕਿ ਉਹ ਲੜਕਾ ਪੇਇੰਗ ਗੈਸਟ ਰਹਿਣ ਲਈ ਕਿਸੇ ਦਾ ਘਰ ਦੇਖਣ ਆਇਆ ਸੀ, ਆਪਣੇ ਘਰ ਮੁਫਤ ਵਿਚ ਹੀ ਰਹਿਣ ਨੂੰ ਕਹਿਣਾ। ਜਦੋਂ ਉਨ੍ਹਾਂ ਨੂੰ ਪਤਾ ਲੱਗਦਾ ਹੈ ਕਿ ਉਸ ਲੜਕੇ ਦੀ ਇਕ ਵਿਆਹੁਣ ਯੋਗ ਭੈਣ ਹੈ ਤਾਂ ਬਿਨਾ ਲੜਕੀ ਦੇਖੇ ਅਤੇ ਆਪਣੇ ਮੁੰਡੇ ਨੂੰ ਪੁੱਛੇ ਬਗੈਰ ਹੀ ਆਪਣੇ ਅਮਰੀਕਾ ਵਾਲੇ ਮੁੰਡੇ ਲਈ ਹਾਂ ਕਰ ਦਿੰਦੇ ਹਨ। ਬਾਅਦ ਵਿਚ ਜਦ ਉਨ੍ਹਾਂ ਨੂੰ ਪਤਾ ਲੱਗਦਾ ਹੈ ਕਿ ਵੱਡੇ ਮੁੰਡੇ ਨੇ ਅਮਰੀਕਾ ਵਿਚ ਹੀ ਵਿਆਹ ਕਰਵਾ ਲਿਆ ਹੈ ਤਾਂ ਉਸੇ ਲੜਕੀ ਨੂੰ ਛੋਟੇ ਮੁੰਡੇ ਲਈ ਪਸੰਦ ਕਰ ਲੈਂਦੇ ਹਨ। ਵੱਡੇ ਮੁੰਡੇ ਦੀ ਵਿਆਹ ਦੀ ਖਬਰ ਨਾਲ ਬੁੱਢੇ ਮਾਂ-ਪਿਉ ਅੰਦਰੋਂ ਟੁੱਟ ਜਾਂਦੇ ਹਨ, ਪਰ ਬਦਕਿਸਮਤੀ ਉਨ੍ਹਾਂ ਦਾ ਖਹਿੜਾ ਨਹੀਂ ਛੱਡਦੀ। ਉਨ੍ਹਾਂ ਦਾ ਛੋਟਾ ਬੇਟਾ ਲੜਾਈ ਦੌਰਾਨ ਸ਼ਹੀਦ ਹੋ ਜਾਂਦਾ ਹੈ। ਛੋਟੇ ਭਰਾ ਸਬੰਧੀ ਇਹ ਖਬਰ ਸੁਣ ਕੇ ਵੱਡਾ ਭਰਾ ਅਮਰੀਕਾ ਤੋਂ ਆਉਂਦਾ ਹੈ, ਪਰ ਉਹ ਆਪਣੀ ਪਤਨੀ ਅਤੇ ਬੱਚਿਆਂ ਸਮੇਤ ਹੋਟਲ ਵਿਚ ਹੀ ਠਹਿਰਦਾ ਹੈ। ਮਾਂ-ਪਿਉ ਨੂੰ ਤਾਂ ਕੁਝ ਦੇਰ ਲਈ ਮਿਲਣ ਹੀ ਆਉਂਦਾ ਹੈ। ਜਦੋਂ ਪਿਉ ਆਪਣੇ ਪੁੱਤਰ ਨੂੰ ਅਮਰੀਕਾ ਛੱਡ ਕੇ ਉਨ੍ਹਾਂ ਕੋਲ ਆ ਕੇ ਰਹਿਣ ਲਈ ਕਹਿੰਦਾ ਹੈ ਤਾਂ ਪੁੱਤਰ ਦੇਸ਼ ਵਿਚ ਫੈਲੀ ਰਿਸ਼ਵਤਖੋਰੀ ਦੀ ਗੱਲ ਕਰਦਾ ਹੈ, ਛੋਟੇ-ਛੋਟੇ ਕੰਮ ਲਈ ਕਈ-ਕਈ ਘੰਟੇ ਕਤਾਰ ਵਿਚ ਖੜ੍ਹੇ ਹੋਣ ਦਾ ਰੋਣਾ ਰੋਂਦਾ ਹੈ, ਬੈਂਕਾਂ ਵਿਚ ਪੈੱਨ ਨੂੰ ਧਾਗੇ ਨਾਲ ਬੰਨ੍ਹੇ ਹੋਣ ਦਾ ਮਿਹਣਾ ਮਾਰਦਾ ਹੈ। ਪਿਉ ਆਪਣੇ ਪੁੱਤਰ ਨੂੰ ਬੜੇ ਭਾਵਪੂਰਤ ਸ਼ਬਦ ਕਹਿੰਦਾ ਹੈ ਕਿ ਸਾਰਿਆਂ ਨੇ ਇਸ ਦੇਸ਼ ਨੂੰ ਇਕ ਸ਼ਿਕਾਇਤ ਪੇਟੀ ਬਣਾ ਰੱਖਿਆ ਹੈ, ਜੇ ਕਿਸੇ ਵਿਚ ਹਿੰਮਤ ਹੈ ਤਾਂ ਅੱਗੇ ਆ ਕੇ ਦੇਸ਼ ਨੂੰ ਬਦਲਣ ਦੀ ਕੋਸ਼ਿਸ਼ ਕਰੇ। ਮਾਂ ਦੋਹਾਂ ਨੂੰ ਬੋਲ-ਬੁਲਾਰੇ ਤੋਂ ਰੋਕਦੀ ਹੈ ਅਤੇ ਪੁੱਤਰ ਨੂੰ ਕਹਿੰਦੀ ਹੈ ਕਿ ਕੱਲ੍ਹ ਵਾਪਿਸ ਜਾਣ ਤੋਂ ਪਹਿਲਾਂ ਮਿਲਣ ਜਰੂਰ ਆਵੇ।

ਪੁੱਤਰ ਦੇ ਜਾਣ ਤੋਂ ਬਾਅਦ ਜਦੋਂ ਬਜ਼ੁਰਗ ਦੋਹਾਂ ਲਈ ਦੁੱਧ ਲੈ ਕੇ ਆਉਂਦਾ ਹੈ ਤਾਂ ਔਰਤ ਉਸ ਨੂੰ ਕਿਸੇ ਕੰਮ ਰਸੋਈ ਵਿਚ ਭੇਜਦੀ ਹੈ। ਇਸ ਦੌਰਾਨ ਉਹ ਦੋਹਾਂ ਗਲਾਸਾਂ ਵਿਚ ਨੀਂਦ ਦੀਆਂ ਗੋਲੀਆਂ ਮਿਲਾ ਦਿੰਦੀ ਹੈ। ਦੋਵੇਂ ਦੁੱਧ ਪੀ ਲੈਂਦੇ ਹਨ ਤਾਂ ਔਰਤ ਆਪਣੇ ਪਤੀ ਨੂੰ ਕਹਿੰਦੀ ਹੈ ਕਿ ਉਸ ਦੇ ਕੋਲ ਹੀ ਬੈਠ ਜਾਵੇ ਅਤੇ ਉੱਚੀ ਆਵਾਜ਼ ਵਿਚ ਗੀਤਾ ਪੜ੍ਹੇ। ਗੀਤਾ ਪੜ੍ਹਦੇ-ਪੜ੍ਹਦੇ ਮੰਚ 'ਤੇ ਹਨੇਰਾ ਹੋ ਜਾਂਦਾ ਹੈ ਅਤੇ ਜਦੋਂ ਮੰਚ 'ਤੇ ਰੌਸ਼ਨੀ ਹੁੰਦੀ ਹੈ, ਬਾਹਰਲੇ ਦਰਵਾਜ਼ੇ 'ਤੇ ਥਪਕੀਆਂ ਦੀ ਆਵਾਜ ਆਉਂਦੀ ਹੈ, ਪਰ ਉਨ੍ਹਾਂ ਦੋਹਾਂ ਦੇ ਸਰੀਰ ਵਿਚ ਕੋਈ ਹਲਚਲ ਨਹੀਂ ਹੁੰਦੀ।

ਨਾਟਕ ਭਾਵੇਂ ਖਤਮ ਹੋ ਜਾਂਦਾ ਹੈ, ਪਰ ਦਰਸ਼ਕਾਂ ਦੇ ਮਨ ਵਿਚ ਕਈ ਪ੍ਰਸ਼ਨ ਪੈਦਾ ਕਰ ਜਾਂਦਾ ਹੈ? ਕੀ ਅੱਜ ਦੇ ਪਦਾਰਥਵਾਦੀ ਯੁੱਗ ਵਿਚ ਬੁੱਢੇ ਮਾਂ-ਪਿਉ ਵੱਲੋਂ ਬੁਢਾਪੇ ਵਿਚ ਬੱਚਿਆਂ ਤੋਂ ਸਾਥ ਦੀ ਆਸ ਰੱਖਣੀ ਵਾਜਬ ਹੈ ਜਾਂ ਉਨ੍ਹਾਂ ਦਾ ਮੰਤਵ ਸਿਰਫ ਬੱਚਿਆਂ ਨੂੰ ਪੈਰਾਂ 'ਤੇ ਖੜ੍ਹੇ ਕਰਨ ਤੱਕ ਹੀ ਹੁੰਦਾ ਹੈ? ਕੀ ਬੱਚਿਆਂ ਵੱਲੋਂ ਆਪਣੇ ਬੁੱਢੇ ਮਾਤਾ-ਪਿਤਾ ਦੀ ਜ਼ਿੰਦਗੀ ਦੀਆਂ ਢਲਦੀਆਂ ਤਰਕਾਲਾਂ ਸਮੇਂ ਰੌਸ਼ਨੀ ਦੀਆਂ ਕੁਝ ਕਿਰਨਾਂ ਖਿਲਾਰਨ ਦੀ ਜ਼ਿੰਮੇਦਾਰ ਬਣਦੀ ਹੈ ਜਾਂ ਉਨ੍ਹਾਂ ਨੇ ਸਿਰਫ ਆਪਣੇ ਪਰਿਵਾਰ ਦੀਆਂ ਲੋੜਾਂ ਪੂਰੀਆਂ ਕਰਨ ਤੱਕ ਹੀ ਮਹਿਦੂਦ ਰਹਿਣਾ ਹੁੰਦਾ ਹੈ? ਕੀ ਬੱਚਿਆਂ ਦਾ ਫਰਜ਼ ਸਿਰਫ ਆਪਣੇ ਜਨਮ ਦਾਤਿਆਂ ਨੂੰ ਕੁਝ ਚਾਂਦੀ ਦੇ ਸਿੱਕਿਆਂ ਦੀ ਝਲਕ ਨਾਲ ਹੀ ਖੁਸ਼ ਕਰਨਾ ਹੈ ਜਾਂ ਉਨ੍ਹਾਂ ਕੋਲ ਕੁਝ ਘੜੀਆਂ ਬੈਠ ਕੇ ਉਨ੍ਹਾਂ ਨਾਲ ਗੱਲਾਂ ਕਰਕੇ ਉਨ੍ਹਾਂ ਦੀ ਇਕੱਲ ਨੂੰ ਦੂਰ ਕਰਨਾ ਵੀ ਹੁੰਦਾ ਹੈ? ਨਾਟਕ ਦੇਖਣ ਤੋਂ ਬਾਅਦ ਇਹੋ ਜਿਹੇ ਹੋਰ ਕਈ ਪ੍ਰਸ਼ਨ ਵੀ ਪੈਦਾ ਹੁੰਦੇ ਹਨ।

ਨਾਟਕ ਦਾ ਅਨੁਵਾਦ ਤਾਂ ਹੋ ਗਿਆ, ਪਰ ਸਾਡੇ ਦਿਮਾਗ ਵਿਚ 'ਸੰਧਿਆ ਛਾਇਆ' ਸਿਰਲੇਖ ਦੇ ਬਰਾਬਰ ਜਾਂ ਨੇੜੇ-ਤੇੜੇ ਦਾ ਵੀ ਕੋਈ ਸ਼ਬਦ ਨਹੀਂ ਸੀ ਆ ਰਿਹਾ। ਕਈ ਨਾਂ ਸੋਚੇ, ਪਰ ਜਚ ਕੋਈ ਵੀ ਨਹੀਂ ਸੀ ਰਿਹਾ। ਪਤਾ ਨਹੀਂ ਕਿਵੇਂ ਮੇਰੇ ਜ਼ਿਹਨ ਵਿਚ 'ਬੁੱਢੀ ਮੈਨਾ ਦਾ ਗੀਤ' ਸਿਰਲੇਖ ਆ ਗਿਆ। ਸਾਰਿਆਂ ਨੂੰ ਇਹ ਨਾਂ ਪਸੰਦ ਆਇਆ।

ਨਾਟਕ ਦੇ ਅਨੁਵਾਦ ਤੋਂ ਬਾਅਦ ਅਸਲੀ ਕੰਮ ਸੀ ਮੰਚ 'ਤੇ ਪੇਸ਼ ਕਰਨਾ। ਬੁੱਢੇ ਅਤੇ ਬੁੱਢੀ ਦੇ ਕਿਰਦਾਰ ਨਿਭਾਉਣ ਲਈ ਬਹੁਤ ਹੀ ਦਮਦਾਰ ਅਦਾਕਾਰ ਚਾਹੀਦੇ ਸਨ। ਸਾਡੀ ਖੁਸ਼ਕਿਸਮਤੀ ਸੀ ਕਿ ਸਾਡੇ ਕੋਲ ਅਜਿਹੇ ਕਲਾਕਾਰ ਸਨ। ਬੁੱਢੇ ਪਿਉ ਲਈ ਪੰਜਾਬੀ ਰੰਗ-ਮੰਚ ਦਾ ਇਕ ਬਹੁਤ ਹੀ ਸੁਲਝਿਆ ਹੋਇਆ ਕਲਾਕਰ ਮੋਹਨ ਬੱਗਨ (ਜਿਸ ਨੇ ਬਾਅਦ ਵਿਚ ਹਿੰਦੀ ਅਤੇ ਪੰਜਾਬੀ ਫਿਲਮਾਂ ਵਿਚ ਵੀ ਨਾਮਨਾ ਖੱਟਿਆ) ਨੇ ਇਹ ਕਿਰਦਾਰ ਨਿਭਾਉਣਾ ਸੀ ਅਤੇ ਮਾਂ ਦੀ ਭੂਮਿਕਾ ਲਈ ਸ਼੍ਰੀਮਤੀ ਕੰਵਲ ਥਿੰਦ ਨੇ। ਇਨ੍ਹਾਂ ਦੋਹਾਂ ਕਲਾਕਾਰਾਂ ਦੀ ਇਹ ਖਾਸੀਅਤ ਸੀ ਕਿ ਇਹ ਪਾਤਰ ਦੇ ਅਨੁਸਾਰ ਆਪਣੇ ਆਪ ਨੂੰ ਢਾਲ ਲੈਣ ਵਿਚ ਮਾਹਿਰ ਸਨ। ਛੋਟੇ-ਛੋਟੇ ਕੰਮ ਲਈ ਇਨ੍ਹਾਂ ਦਾ ਆਪਸੀ ਤਕਰਾਰ, ਕਦੇ ਇਕ- ਦੂਜੇ ਨਾਲ ਰੋਸਾ, ਕਦੇ ਪੁਰਾਣੀਆਂ ਗੱਲਾਂ ਯਾਦ ਕਰਕੇ ਖੁਸ਼ ਹੋਣਾ, ਗਲਤੀ ਨਾਲ ਘਰ ਆਏ ਮਹਿਮਾਨ ਨਾਲ ਦਿਲੋਂ ਅਪਣੱਤ ਦਿਖਾਉਣੀ, ਵੱਡੇ ਮੁੰਡੇ ਵੱਲੋਂ ਬਿਨਾ ਦੱਸੇ ਹੀ ਅਮਰੀਕਾ ਵਿਚ ਵਿਆਹ ਕਰਵਾ ਲੈਣ ਦੀ ਪੀੜ ਨੂੰ ਅੰਦਰੋ-ਅੰਦਰੀ ਜਰੀ ਜਾਣਾ ਆਦਿ ਨੂੰ ਇਨ੍ਹਾਂ ਦੋਹਾਂ ਕਲਾਕਾਰਾਂ ਨੇ ਬਾਖੂਬੀ ਪੇਸ਼ ਕੀਤਾ। ਇਨ੍ਹਾਂ ਪਾਤਰਾਂ ਦੇ ਚਿਹਰੇ ਦੇ ਬਦਲਦੇ ਹਾਵ-ਭਾਵ ਦਰਸ਼ਕਾਂ ਨੂੰ ਵੀ ਭਾਵੁਕ ਕਰ ਰਹੇ ਸਨ।

ਨਾਟਕ ਦਾ ਇਕ ਹੋਰ ਪਾਤਰ (ਮਹਾਦੂ) ਇਨ੍ਹਾਂ ਦਾ ਘਰੇਲੂ ਨੌਕਰ ਹੈ। ਸਾਰੇ ਨਾਟਕ ਵਿਚ ਉਹ ਭਾਵੇਂ ਇਕ ਡਾਇਲਾਗ ਹੀ ਬੋਲਦਾ ਹੈ, ਪਰ ਉਸ ਦੇ ਕੰਮ ਕਰਨ ਦੇ, ਤੁਰਨ-ਫਿਰਨ ਦੇ ਢੰਗ ਨਾਲ ਉਹ ਵੀ ਦਰਸ਼ਕਾਂ ਨੂੰ ਬਹੁਤ ਪ੍ਰਭਾਵਿਤ ਕਰਦਾ ਹੈ। ਇਹ ਕਿਰਦਾਰ ਨਿਭਾਇਆ ਪੰਜਾਬੀ ਰੰਗ-ਮੰਚ ਦੀ ਇਕ ਬਹੁਤ ਹੀ ਸਤਿਕਾਰਤ ਹਸਤੀ ਰਵੀ ਭੂਸ਼ਣ ਨੇ। ਟੈਲੀਫੋਨ 'ਤੇ ਹੀ ਗੱਲਬਾਤ ਕਰ ਰਹੀ ਸੱਤ ਕੁ ਸਾਲ ਦੀ ਬੱਚੀ ਮਿਨਾਕਸ਼ੀ ਅਤੇ ਉਸ ਦੇ ਦਾਦਾ ਦੇ ਕਿਰਦਾਰ ਵਿਚ ਸਤਵੰਤ ਵਾਲੀਆਂ ਨੇ ਵੀ ਪ੍ਰਭਾਵਿਤ ਕੀਤਾ। ਰਾਮ ਸਿੰਘ ਥਿੰਦ, ਸੋਨੀ, ਪਵਨ ਗੋਇਲ ਦੀ ਅਦਾਕਾਰੀ ਵੀ ਕਾਬਿਲ-ਏ-ਤਾਰੀਫ ਸੀ। ਨਾਟਕ ਦੀ ਮੰਚ ਜੜਤ ਵੀ ਮੋਹਨ ਬੱਗਨ ਦੀ ਸੀ।

ਨਾਟਕ ਦੇ ਨਿਰਦੇਸ਼ਕ ਦੀ ਜ਼ਿੰਮੇਵਾਰੀ ਨਿਭਾਈ ਜਗਜੀਤ ਸਰੀਨ ਨੇ। ਸਰੀਨ ਸਾਹਿਬ ਦੀ ਖੂਬੀ ਇਹ ਹੈ ਕਿ ਉਹ ਨਾਟਕ ਦੀਆਂ ਰਿਹਰਸਲਾਂ ਸ਼ੁਰੂ ਕਰਨ ਤੋਂ ਪਹਿਲਾਂ ਆਪਣਾ ਹੋਮ ਵਰਕ ਚੰਗੀ ਤਰ੍ਹਾਂ ਕਰ ਲੈਂਦੇ ਹਨ ਅਤੇ ਕਲਾਕਾਰਾਂ ਨੂੰ ਦੱਸ ਦਿੰਦੇ ਹਨ ਕਿ ਬਤੌਰ ਨਿਰਦੇਸ਼ਕ ਉਨ੍ਹਾਂ ਨੂੰ ਕਲਾਕਾਰ ਤੋਂ ਕਿਸ ਚੀਜ਼ ਦੀ ਉਮੀਦ ਹੈ। ਨਵੇਂ ਕਲਾਕਾਰਾਂ ਨੂੰ ਆਪ ਕਰਕੇ ਦਸਦੇ ਹਨ। ਨਾਟਕੀ ਟੱਕਰ ਵਾਲੇ ਦ੍ਰਿਸ਼ਾਂ ਵੱਲ ਉਹ ਵਿਸ਼ੇਸ਼ ਧਿਆਨ ਦਿੰਦੇ ਹਨ। ਇਹੋ ਕਾਰਨ ਹੈ ਕਿ ਦਰਸ਼ਕ ਸਾਹ ਰੋਕੀ ਨਾਟਕ ਦੇਖਦੇ ਰਹਿੰਦੇ ਹਨ। ਸਾਡੀ ਪਹਿਲੀ ਪੇਸ਼ਕਾਰੀ ਨੂੰ ਦਰਸ਼ਕਾਂ ਨੇ ਬਹੁਤ ਸਲਾਹਿਆ। ਨਾਟਕ ਅਤੇ ਰੰਗ-ਮੰਚ ਦੀ ਸੂਝ ਵਾਲੇ ਦਰਸ਼ਕਾਂ ਦਾ ਹੁੰਗਾਰਾ ਬਹੁਤ ਹੀ ਹਾਂ-ਪੱਖੀ ਸੀ। ਮੰਚ ਸਬੰਧੀ ਲਿਖਣ ਵਾਲੇ ਸਮੀਖਿਆਕਾਰਾਂ ਨੇ ਪ੍ਰੈਸ ਵਿਚ ਇਸ ਪੇਸ਼ਕਾਰੀ ਦੀ ਬਹੁਤ ਸ਼ਲਾਘਾ ਕੀਤੀ।

ਅਸੀਂ ਇਸ ਨਾਟਕ ਦੇ ਦੋ ਸ਼ੋਅ ਚੰਡੀਗੜ੍ਹ ਦੇ ਟੈਗੋਰ ਥੀਏਟਰ ਵਿਚ ਕਰਨ ਦਾ ਪ੍ਰੋਗਰਾਮ ਉਲੀਕਿਆ। ਉਸ ਸ਼ੋਅ ਨਾਲ ਇਕ ਬਹੁਤ ਹੀ ਯਾਦਗਾਰੀ ਘਟਨਾ ਜੁੜੀ ਹੋਈ ਹੈ।

ਸ਼ਾਮ ਤੱਕ ਰਿਹਰਸਲ ਕਰਨ ਤੋਂ ਬਾਅਦ ਸੈਟ ਲਾ ਰਹੇ ਸਾਂ ਕਿ ਪ੍ਰਸਿੱਧ ਰੰਗ ਕਰਮੀ ਯੋਗ ਰਾਜ ਸੇਢਾ (ਜੋ ਉਨ੍ਹੀਂ ਦਿਨੀਂ ਫਿਲਮ 'ਚੰਨ ਪਰਦੇਸੀ' ਬਣਾ ਰਹੇ ਸਨ), ਰਾਤ ਦੇ ਗਿਆਰਾਂ ਕੁ ਵਜੇ ਰਾਜ ਬੱਬਰ ਨੂੰ ਲੈ ਕੇ ਟੈਗੋਰ ਥੀਏਟਰ ਪਹੁੰਚ ਗਏ। ਰਾਜ ਬੱਬਰ ਆਪਣੀ ਪਹਿਲੀ ਹੀ ਫਿਲਮ 'ਇਨਸਾਫ ਕਾ ਤਰਾਜੂ' ਕਾਰਨ ਸਟਾਰ ਬਣ ਚੁਕਾ ਸੀ। ਉਹ 'ਚੰਨ ਪਰਦੇਸੀ' ਦਾ ਨਾਇਕ ਵੀ ਸੀ, ਪਰ ਇਹ ਫਿਲਮ ਅਜੇ ਰਿਲੀਜ਼ ਨਹੀਂ ਸੀ ਹੋਈ। ਮੋਹਨ ਬੱਗਨ ਅਤੇ ਜਗਜੀਤ ਸਰੀਨ ਨੂੰ ਉਹ ਪਹਿਲਾਂ ਤੋਂ ਹੀ ਜਾਣਦਾ ਸੀ। ਬਾਕੀ ਕੁਝ ਹੋਰਾਂ ਨੂੰ (ਮੈਨੂੰ ਛੱਡ ਕੇ) ਉਹ 'ਚੰਨ ਪਰਦੇਸੀ' ਦੇ ਨਿਰਮਾਣ ਵੇਲੇ ਤੋਂ ਜਾਣਦਾ ਸੀ। ਉਹ ਸਾਰਿਆਂ ਨੂੰ ਗਲਵੱਕੜੀ ਪਾ ਕੇ ਮਿਲਦਾ ਵੀ ਰਿਹਾ ਅਤੇ ਪੰਜਾਬੀ ਦੇ ਚੋਂਦੇ-ਚੋਂਦੇ ਸਲੋਕ ਵੀ ਬੋਲਦਾ ਰਿਹਾ। ਕਰੀਬ ਇਕ ਘੰਟਾ ਉਹ ਉੱਥੇ ਹੀ ਰਿਹਾ। ਮੋਹਨ ਬੱਗਨ ਨੇ ਉਸ ਨੂੰ ਕਿਹਾ ਕਿ ਕੱਲ੍ਹ ਨਾਟਕ ਦੇਖਣ ਜ਼ਰੂਰ ਆਵੇ।

ਰਾਜ ਬੱਬਰ ਦਾ ਜਵਾਬ ਸੀ, "ਤੁਸੀਂ ਚਾਹੁੰਦੇ ਹੋ ਤਾਂ ਮੈਂ ਬਾਹਰ ਟਿਕਟਾਂ ਵੇਚਣ ਲਈ ਵੀ ਬੈਠ ਜਾਵਾਂਗਾ ਅਤੇ ਹਾਲ ਵਿਚ ਬੈਠ ਕੇ ਨਾਟਕ ਵੀ ਦੇਖ ਲਵਾਂਗਾ, ਇਹ ਦੇਖ ਲਉ, ਤੁਹਾਡੇ ਨਾਟਕ ਦਾ ਮਜ਼ਾ ਖਰਾਬ ਹੋ ਜਾਵੇਗਾ; ਪਰ ਨਾਟਕ ਮੈਂ ਜ਼ਰੂਰ ਦੇਖਾਂਗਾ। ਪੰਜ- ਦਸ ਮਿੰਟ ਦੇਰ ਨਾਲ ਪਹੁੰਚ ਕੇ ਲਾਈਟ ਗੈਲਰੀ ਵਿਚ ਜਾ ਕੇ ਬੈਠਾਂਗਾ ਤਾਂ ਜੋ ਦਰਸ਼ਕਾਂ ਨੂੰ ਪਤਾ ਨਾ ਲੱਗੇ। ਨਾਟਕ ਤੋਂ ਬਾਅਦ ਤੁਹਾਡੇ ਨਾਲ ਖੁੱਲ੍ਹਾ ਸਮਾਂ ਬਿਤਾਵਾਂਗਾ।" ਸਾਰੇ ਉਸ ਦੀ ਇਹ ਗੱਲ ਮੰਨ ਗਏ।

ਅਗਲੇ ਦਿਨ ਉਸ ਨੇ ਲਾਈਟ ਗੈਲਰੀ ਵਿਚੋਂ ਹੀ ਨਾਟਕ ਦੇਖਿਆ ਅਤੇ ਬਾਅਦ ਵਿਚ ਤਿੰਨ ਕੁ ਘੰਟੇ ਸਾਡੇ ਨਾਲ ਟੈਗੋਰ ਥੀਏਟਰ ਦੇ ਗਰੀਨ ਰੂਮ ਵਿਚ ਹੀ ਬੈਠ ਕੇ ਗੱਲਾਂਬਾਤਾਂ ਕੀਤੀਆਂ। ਬੱਬਰ ਨੇ ਸਰੀਨ ਸਾਹਿਬ ਅਤੇ ਬੱਗਨ ਸਾਹਿਬ ਨੂੰ ਕਿਹਾ ਕਿ ਇਹੋ ਜਿਹਾ ਨਾਟਕ ਦੇਖ ਕੇ ਤਾਂ ਦਿਲ ਕਰਦਾ ਹੈ ਕਿ ਉਹ ਵੀ ਦੁਬਾਰਾ ਰੰਗ-ਮੰਚ ਕਰਨਾ ਸ਼ੁਰੂ ਕਰੇ।

ਇਸ ਤੋਂ ਬਾਅਦ ਪਟਿਆਲਾ ਆਰਟ ਥੀਏਟਰ, ਪਟਿਆਲਾ ਵੱਲੋਂ ਵੀ 2007 ਵਿਚ ਇਸ ਨਾਟਕ ਦੇ ਕਈ ਸ਼ੋਅ ਕੀਤੇ। ਇਨ੍ਹਾਂ ਪੇਸ਼ਕਾਰੀਆਂ ਦਾ ਨਿਰਦੇਸ਼ਨ ਵੀ ਜਗਜੀਤ ਸਰੀਨ ਨੇ ਹੀ ਕੀਤਾ। ਮੁੱਖ ਭੂਮਿਕਾ ਰਵੀ ਭੂਸ਼ਣ ਅਤੇ ਕਰਮਜੀਤ ਧਾਲੀਵਾਲ ਨੇ ਨਿਭਾਈ। ਰਵੀ ਭੂਸ਼ਣ ਵਿਚ ਪੇਸ਼ੇਵਰ ਕਲਾਕਾਰਾਂ ਵਾਲੀ ਪ੍ਰਵੀਨਤਾ ਹੈ। ਬੁੱਢੇ ਦਾ ਕਿਰਦਾਰ ਨਿਭਾਉਣ ਵੇਲੇ ਉਹ ਇਹ ਭੁੱਲ ਚੁਕਾ ਸੀ ਕਿ ਕਦੇ ਉਸ ਨੇ ਇਸ ਨਾਟਕ ਵਿਚ ਮਹਾਦੂ ਦਾ ਕਿਰਦਾਰ ਨਿਭਾਇਆ ਸੀ। ਮੰਚ 'ਤੇ ਵਿਚਰ ਰਿਹਾ ਉਹ ਇਸ ਤਰ੍ਹਾਂ ਲੱਗ ਰਿਹਾ ਸੀ, ਜਿਵੇਂ ਵਾਕਿਆ ਹੀ ਉਹ ਆਪਣੀ ਇਕੱਲ ਭਰੀ ਜ਼ਿੰਦਗੀ ਤੋਂ ਬੇਜ਼ਾਰ ਹੈ। ਦਰਸ਼ਕਾਂ ਨੂੰ ਉਸ ਪਾਤਰ ਨਾਲ ਹਮਦਰਦੀ ਹੋ ਰਹੀ ਸੀ। ਕਰਮਜੀਤ ਧਾਲੀਵਾਲ ਨੇ ਵੀ ਇਕ ਵਧੀਆ ਅਦਾਕਾਰਾ ਵਾਂਗ ਰਵੀ ਦਾ ਪੂਰਾ ਸਾਥ ਦਿੱਤਾ। ਨਾਟਕ ਦੇ ਬਾਕੀ ਕਲਾਕਾਰਾਂ (ਗੁਲਜ਼ਾਰ ਪਵਾਰ, ਪਰਮਜੀਤ ਵੜਚ, ਬੌਬੀ ਵਾਲੀਆ, ਰਵਨੀਤ ਰੀਤੂ, ਸੁਰਿੰਦਰ ਭੱਟ) ਦਾ ਯੋਗਦਾਨ ਵੀ ਠੀਕ ਰਿਹਾ।

ਸਰੀਨ ਸਾਹਿਬ ਨੇ ਇਸ ਪੇਸ਼ਕਾਰੀ ਵਿਚ ਪਹਿਲੀ ਪੇਸ਼ਕਾਰੀ ਨਾਲੋਂ ਕਈ ਬਦਲਾ ਕੀਤੇ। ਰੰਗ ਦਰਪਣ ਵਾਲੀ ਪੇਸ਼ਕਾਰੀ ਵਿਚ ਛੋਟੀ ਬੱਚੀ ਅਤੇ ਉਸ ਦਾ ਦਾਦਾ ਪੈਨਲ ਦੇ ਬਾਹਰ ਤੋਂ ਹੀ ਟੈਲੀਫੋਨ ਕਰਦੇ ਦਿਖਾਏ ਸੀ। ਉਨ੍ਹਾਂ 'ਤੇ ਸਿਰਫ ਰੌਸ਼ਨੀ ਦਾ ਘੇਰਾ ਹੀ ਕੇਂਦ੍ਰਿਤ ਹੁੰਦਾ ਸੀ, ਪਰ ਇਸ ਪੇਸ਼ਕਾਰੀ ਵਿਚ ਉਨ੍ਹਾਂ ਨੇ ਬੱਚੀ ਅਤੇ ਦਾਦੇ ਨੂੰ ਮੰਚ 'ਤੇ ਪੇਸ਼ ਕੀਤਾ। ਦਾਦੇ ਦਾ ਕਿਰਦਾਰ ਉਨ੍ਹਾਂ ਨੇ ਆਪ ਨਿਭਾਇਆ।

ਪਟਿਆਲਾ ਆਰਟ ਥੀਏਟਰ ਦਾ ਬਰੌਸ਼ਰ ਦੇਖ ਕੇ ਮੈਨੂੰ ਇਕ ਗੱਲ ਦੀ ਹੈਰਾਨੀ ਹੋਈ ਕਿ ਉਨ੍ਹਾਂ ਨੇ ਟਾਈਟਲ ਤੇ ਲੇਖਕ ਅਤੇ ਅਨੁਵਾਦਕ ਦਾ ਨਾਂ ਲਿਖਣਾ ਵੀ ਗਵਾਰਾ ਨਹੀਂ ਸਮਝਿਆ। ਆਖਰ ਜਿਸ ਨਾਟਕ ਦੀ ਚੋਣ ਕਰਕੇ ਉਹ ਮੰਚ 'ਤੇ ਪੇਸ਼ ਕਰਨ ਜਾ ਰਹੇ ਹਨ, ਕੀ ਉਸ ਦੇ ਲੇਖਕ ਸਬੰਧੀ ਦਰਸ਼ਕਾਂ ਨੂੰ ਪਤਾ ਨਹੀਂ ਹੋਣਾ ਚਾਹੀਦਾ? ਜਿਸ ਤਰ੍ਹਾਂ ਨਿਰਦੇਸ਼ਕ ਅਤੇ ਰੰਗ ਮੰਚ ਟੋਲੀ ਦੇ ਮੁਖੀ ਦੀ ਵੱਖਰੇ ਵੱਖਰੇ ਪੰਨੇ 'ਤੇ ਜਾਣ-ਪਛਾਣ ਦਿੱਤੀ ਜਾਂਦੀ ਹੈ, ਲੇਖਕ ਵੀ ਉਸੇ ਸਤਿਕਾਰ ਦਾ ਹੱਕਦਾਰ ਹੁੰਦਾ ਹੈ।

ਮੋਹਨ ਬੱਗਨ ਦੇ ਨਿਰਦੇਸ਼ਨ ਅਧੀਨ ਇਹ ਨਾਟਕ 2005-06 ਵਿਚ ਕੈਨੇਡਾ ਦੇ ਕਈ ਸ਼ਹਿਰਾਂ ਵਿਚ ਪੇਸ਼ ਕੀਤਾ ਗਿਆ। ਨਿਰਦੇਸ਼ਨ ਦੇ ਨਾਲ-ਨਾਲ ਉਨ੍ਹਾਂ ਨੇ ਬੁੱਢੇ ਆਦਮੀ ਦੀ ਭੂਮਿਕਾ ਵੀ ਨਿਭਾਈ। ਬੱਗਨ ਸਾਹਿਬ ਦੀ ਖੁਸ਼ਨਸੀਬੀ ਇਹ ਰਹੀ ਕਿ ਉਨ੍ਹਾਂ ਨੂੰ ਬੁੱਢੀ ਔਰਤ ਦਾ ਮੁਸ਼ਕਿਲ ਕਿਰਦਾਰ ਨਿਭਾਉਣ ਲਈ ਦਰਸ਼ਨ ਮਾਨ ਵਰਗੀ ਸੁਚੱਜੀ ਕਲਾਕਾਰ ਮਿਲ ਗਈ। ਮੋਹਨ ਜੀ ਅਤੇ ਦਰਸ਼ਨ ਮਾਨ ਨੇ ਆਪਣੀ ਅਦਾਕਾਰੀ ਨਾਲ ਇਸ ਨਾਟਕ ਦੀਆਂ ਪੇਸ਼ਕਾਰੀਆਂ ਨੂੰ ਕੈਨੇਡਾ ਦੇ ਪੰਜਾਬੀ ਦਰਸ਼ਕਾਂ ਲਈ ਯਾਦਗਾਰੀ ਬਣਾ ਦਿੱਤਾ। ਸੂਝਵਾਨ ਦਰਸ਼ਕਾਂ ਦਾ ਵਿਚਾਰ ਸੀ ਕਿ ਅਜੇ ਤੱਕ ਤਾਂ ਪੰਜਾਬ ਤੋਂ ਆਏ ਕਲਾਕਾਰ ਧਾਰਮਿਕ ਨਾਟਕਾਂ ਦੀਆਂ ਪੇਸ਼ਕਾਰੀਆਂ ਹੀ ਕਰਦੇ ਸਨ। ਪਹਿਲੀ ਵਾਰ ਕਿਸੇ ਨਿਰਦੇਸ਼ਕ ਨੇ ਕੈਨੇਡਾ ਦੇ ਕਲਾਕਾਰਾਂ ਨੂੰ ਲੈ ਕੇ ਭਾਵਪੂਰਤ ਅਤੇ ਜ਼ਿੰਦਗੀ ਦੇ ਨੇੜੇ ਦਾ ਨਾਟਕ ਪੇਸ਼ ਕੀਤਾ ਹੈ। ਮੁੱਖ ਪਾਤਰਾਂ ਤੋਂ ਇਲਾਵਾ ਵਿਨੇ ਸ਼ਰਮਾ, ਅਮਰਿੰਦਰ ਘੁੰਮਣ, ਦਵਿੰਦਰ ਪਾਲ, ਹੀਨਾ ਸੋਧੀ, ਬਲਜਿੰਦਰ ਗਿੱਲ, ਭਵਖੰਡਨ, ਮਨੀਰਾ ਕੌਰ ਪੁਰੇਵਾਲ ਨੇ ਵੀ ਆਪਣੇ ਆਪਣੇ ਕਿਰਦਾਰਾਂ ਨਾਲ

(ਬਾਕੀ ਸਫਾ 30 ਉਤੇ)

# ਬੈਚ ਫੁੱਲ ਲਾਰਚ: ਹੀਣ-ਭਾਵਨਾ

ਮਨੁੱਖ ਦੇ ਕਈ ਗੁਣ ਅਜਿਹੇ ਹਨ, ਜੋ ਦੁਰਲੱਭ ਤੇ ਅਮੋਲ ਹਨ। ਇਨ੍ਹਾਂ ਵਿਚੋਂ ਇਕ ਗੁਣ ਆਤਮ-ਵਿਸ਼ਵਾਸ ਹੈ, ਜਿਸ ਦੀ ਘਾਟ ਬਹੁਤਿਆਂ ਵਿਚ ਹੁੰਦੀ ਹੈ। ਆਪਣੇ ਆਪ ਵਿਚ ਅਡੋਲ ਭਰੋਸਾ ਹੋਣਾ ਮਨੁੱਖੀ ਚਰਿੱਤਰ ਦਾ ਥੰਮ ਹੈ ਜਾਂ ਇਉਂ ਕਹੋ ਕਿ ਇਹ ਇਸ ਦੀ ਰੀੜ੍ਹ ਦੀ ਹੱਡੀ ਹੈ। ਮਨੁੱਖ ਦੀ ਸਫਲਤਾ ਤੇ ਸਥਿਰਤਾ ਇਸੇ ਉਤੇ ਨਿਰਭਰ ਕਰਦੀ ਹੈ। ਕਈ ਗੁਣ ਸਿੱਖੇ ਤੇ ਸਿਖਾਏ ਜਾ ਸਕਦੇ ਹਨ ਜਾਂ ਦੂਜਿਆਂ ਨੂੰ ਦੇਖ ਕੇ ਅਪਨਾਏ ਜਾ ਸਕਦੇ ਹਨ, ਪਰ ਸਵੈ-ਵਿਸ਼ਵਾਸ ਅਜਿਹਾ ਨਹੀਂ ਹੈ। ਕਈ ਕਹਿੰਦੇ ਹਨ ਕਿ ਇਹ ਸ਼ਰਾਬ ਜਾਂ ਹੋਰ ਨਸ਼ਿਆਂ ਨਾਲ ਉਤਪੰਨ ਕੀਤਾ ਜਾ ਸਕਦਾ ਹੈ, ਪਰ ਇਹ ਗੱਲ ਜਿੰਨੀ ਕੁ ਸੱਚ ਹੈ, ਇਹ ਸਭ ਜਾਣਦੇ ਹਨ। ਸਵੈ-ਵਿਸ਼ਵਾਸ ਨੂੰ ਪੈਦਾ ਕਰਨ ਵਾਲੀ ਨਾ ਕੋਈ ਖੁਰਾਕ ਹੈ, ਨਾ ਦਵਾਈ। ਜਦੋਂ ਕੋਈ ਚੀਜ਼ ਨਾ ਪੈਦਾ ਕੀਤੀ ਜਾ ਸਕੇ ਤੇ ਨਾ ਬਣਾਈ ਜਾ ਸਕੇ, ਉਸ ਨੂੰ ਕੁਦਰਤੀ ਦੇਣ ਕਿਹਾ ਜਾਂਦਾ ਹੈ। ਸੋ ਆਤਮ-ਵਿਸ਼ਵਾਸ ਦਾ ਗੁਣ ਮਨੁੱਖ ਲਈ ਕੁਦਰਤੀ ਦੇਣ ਹੈ। ਡਾ. ਬੈਚ ਦੀ ਖੋਜ ਤੋਂ ਪਹਿਲਾਂ ਤਾਂ ਇਹੀ ਸੋਚ ਸੀ, ਪਰ ਹੁਣ ਨਹੀਂ ਹੈ। ਹੁਣ ਉਸ

**ਡਾ. ਗੋਬਿੰਦਰ ਸਿੰਘ ਸਮਰਾਓ**
ਫੋਨ: 408-634-2310

ਦੀ ਇਜ਼ਾਦ ਕੀਤੀ ਫੁੱਲ ਦਵਾਈ ਲਾਰਚ (Larch) ਮਨੁੱਖ ਵਿਚ ਇਸ ਗੁਣ ਨੂੰ ਪੈਦਾ ਕਰਦੀ ਹੈ।

ਡਾ. ਬੈਚ ਤਾਂ ਇੱਥੋਂ ਤੀਕ ਕਹਿੰਦੇ ਹਨ ਕਿ ਇਹ ਦਵਾਈ ਹੈ ਹੀ ਉਨ੍ਹਾਂ ਲਈ, ਜੋ ਅਹਿਸਾਸੇ-ਕਮਤਰੀ (Inferiority Complex) ਦੇ ਮਾਰੇ ਹੋਏ ਹੁੰਦੇ ਹਨ। ਉਹ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਹੀ ਹਾਰ ਮੰਨ ਜਾਂਦੇ ਹਨ। ਉਸ ਦੇ ਸ਼ਬਦਾਂ ਵਿਚ, "ਇਹ ਦਵਾਈ ਉਨ੍ਹਾਂ ਲਈ ਹੈ, ਜੋ ਆਪਣੇ ਆਪ ਨੂੰ ਐਨਾ ਚੰਗਾ ਤੇ ਕਾਬਲ ਨਹੀਂ ਸਮਝਦੇ, ਜਿੰਨਾ ਆਪਣੇ ਆਲੇ-ਦੁਆਲੇ ਦੇ ਦੂਜੇ ਲੋਕਾਂ ਨੂੰ; ਜੋ ਹਮੇਸ਼ਾ ਆਪਣੀ ਹਾਰ ਦੀ ਕਲਪਨਾ ਕਰਦੇ ਹਨ ਤੇ ਸੋਚਦੇ ਹਨ ਕਿ ਉਹ ਕਦੇ ਵੀ ਕਾਮਯਾਬ ਨਹੀਂ ਹੋ ਸਕਦੇ ਅਤੇ ਜਿਹੜੇ ਆਪਣੀ ਕਾਮਯਾਬੀ ਲਈ ਚੰਗਾ ਤਕੜਾ ਯਤਨ ਵੀ ਨਹੀਂ ਕਰਦੇ।"

ਡਾ. ਬੈਚ ਦੇ ਲਾਰਚ ਬਾਰੇ ਇਸ ਇਕਹਿਰੇ ਵਾਕ ਵਿਚ ਉਹ ਕੁਝ ਅੰਕਿਤ ਹੈ, ਜਿਸ ਅਨੁਸਾਰ ਇਹ ਫੁੱਲ ਦਵਾਈ ਕੰਮ ਕਰਦੀ ਹੈ। ਇਸ ਦੇ ਰੋਗੀਆਂ ਵਿਚ ਪਹਿਲੀ ਵਿਸ਼ੇਸ਼ ਗੱਲ ਇਹ ਹੁੰਦੀ ਹੈ ਕਿ ਉਹ ਬਾਹਰਮੁਖੀ ਰੁਝਾਨ ਰੱਖਣ ਦੀ ਥਾਂ ਆਪਣੇ ਬਾਰੇ ਸੋਚਣ ਦੇ ਆਦੀ ਹੁੰਦੇ ਹਨ। ਦੂਜੇ, ਉਹ ਆਪਣੇ ਵੱਲ ਧਿਆਨ ਕਰਦੇ ਵੇਲੇ ਆਪਣੀ ਸਮਰੱਥਾ ਤੇ ਸ਼ਕਤੀ ਦਾ ਮੁਲੰਕਣ ਕਰਦੇ ਹਨ। ਤੀਜੇ, ਉਹ ਆਪਣੇ ਆਪ ਨੂੰ ਕਿਸੇ ਖਲਾਅ ਵਿਚ ਰੱਖ ਕੇ ਨਹੀਂ ਆਂਕਦੇ, ਸਗੋਂ ਆਪਣਾ ਤੇ ਆਪਣੀਆਂ ਯੋਗਤਾਵਾਂ ਦਾ ਮੁਕਾਬਲਾ ਦੂਜਿਆਂ ਨਾਲ ਕਰਦੇ ਰਹਿੰਦੇ ਹਨ। ਚੌਥੇ, ਉਹ ਆਪਣੇ ਆਪ ਨੂੰ ਦੂਜਿਆਂ ਤੋਂ ਵਧੀਆ ਜਾਂ ਉਨ੍ਹਾਂ ਦੇ ਬਰਾਬਰ ਨਹੀਂ ਸਮਝਦੇ, ਸਗੋਂ ਉਨ੍ਹਾਂ ਤੋਂ ਘਟ ਕਾਬਲ ਸਮਝਦੇ ਹਨ। ਪੰਜਵੇਂ, ਅਜਿਹੇ ਟਾਕਰੇ ਵਿਚ ਮੁੱਦਾ ਉਨ੍ਹਾਂ ਦੀ ਤਾਕਤ ਜਾਂ ਯੋਗਤਾ ਦੀ ਸਹੀ ਸਥਿਤੀ ਦਾ ਨਹੀਂ ਹੁੰਦਾ, ਸਗੋਂ ਉਨ੍ਹਾਂ ਦੀ ਸੰਕੁਚਿਤ ਸੋਚ ਦਾ ਹੁੰਦਾ ਹੈ। ਤਾਕਤਵਰ ਤੇ ਯੋਗਤਾਵਾਨ ਹੁੰਦਿਆਂ ਵੀ ਉਹ ਹੀਣਤਾ ਦੇ ਪ੍ਰਭਾਵ ਹੇਠ ਹੁੰਦੇ ਹਨ ਤੇ ਹਮੇਸ਼ਾ ਆਪਣੇ ਆਪ ਨੂੰ ਦੂਜਿਆਂ ਦੇ ਮੁਕਾਬਲੇ ਛੋਟਾ ਜਾਂ ਘਟੀਆ ਹੀ ਸਮਝਦੇ ਹਨ। ਛੇਵਾਂ, ਕਿਉਂਕਿ ਉਹ ਆਪਣੇ ਆਪ ਨੂੰ ਕਾਮਯਾਬੀ ਦੇ ਕਾਬਲ ਹੀ ਨਹੀਂ ਸਮਝਦੇ, ਇਸ ਲਈ ਕਾਮਯਾਬ ਹੋਣ ਲਈ ਕੋਈ ਹੰਭਲਾ ਵੀ ਨਹੀਂ ਮਾਰਦੇ। ਉਨ੍ਹਾਂ ਦੇ ਮਨ ਵਿਚ ਆਪਣੀ ਅਸਫਲਤਾ ਦਾ ਵਿਚਾਰ ਇੰਨਾ ਘਰ ਕਰ ਚੁਕਾ ਹੁੰਦਾ ਹੈ ਕਿ ਉਹ ਇਸ ਨੂੰ ਪ੍ਰਾਪਤ ਕਰਨ ਲਈ ਕੋਈ ਉੱਦਮ ਜਾਂ ਯੋਜਨਾ ਨਹੀਂ ਬਣਾਉਂਦੇ। ਸੱਤਵੇਂ, ਉਹ ਹਾਰਨ ਤੋਂ ਪਹਿਲਾਂ ਹੀ ਹਾਰ ਮੰਨ ਲੈਂਦੇ ਹਨ। ਉਹ ਜੰਗ ਦੇ ਮੈਦਾਨ ਵਿਚ ਜਾਣ ਤੋਂ ਪਹਿਲਾਂ ਹੀ ਦੁਸ਼ਮਣ ਦੀ ਈਨ ਮੰਨ ਲੈਂਦੇ ਹਨ, ਕਿਉਂਕਿ ਉਹ ਆਪਣੇ ਆਪ ਨੂੰ ਨਿਮਾਣੇ ਤੇ ਨਿਤਾਣੇ ਮੰਨੀ ਬੈਠੇ ਹੁੰਦੇ ਹਨ।

ਅੱਠਵੇਂ, ਉਨ੍ਹਾਂ ਦੀ ਇਹ ਪੱਕੀ ਨਿਸ਼ਾਨੀ ਹੈ ਕਿ ਉਹ ਬਾਗੀ ਸੁਰਾਂ ਵਾਲੇ ਨਹੀਂ ਹੁੰਦੇ। ਨਾ ਉਹ ਆਪਣੇ ਆਪ ਨੂੰ ਦੂਜਿਆਂ ਜਿੰਨਾ ਚਤੁਰ ਚਲਾਕ ਤੇ ਅਨੁਭਵੀ ਸਮਝਦੇ ਹਨ ਤੇ ਨਾ ਹੀ ਉਨ੍ਹਾਂ ਦੀ ਥਾਂ ਲੈਣ ਬਾਰੇ ਸੋਚਦੇ ਹਨ। ਨੌਵੇਂ, ਉਹ ਸੁਚੇਤ ਤੇ ਅਗ੍ਰਮੀ ਸਮਾਜਿਕ ਭੂਮਿਕਾ ਨਿਭਾਉਣ ਦੇ ਸਮਰੱਥ ਨਹੀਂ ਹੁੰਦੇ। ਉਨ੍ਹਾਂ ਦੀ ਸੋਚ ਅਨੁਸਾਰ ਦੂਜੇ ਲੋਕ ਚੰਗੇ, ਵੱਧ ਸਿਆਣੇ ਤੇ ਜਾਣਕਾਰ ਹਨ। ਇਸ ਲਈ ਉਹ ਉਨ੍ਹਾਂ ਨੂੰ ਅੱਗੇ ਲੱਗ ਕੇ ਦੂਜਿਆਂ ਦੀ ਅਗਵਾਈ ਕਰਨ ਦਾ ਪੂਰਾ ਹੱਕ ਦਿੰਦੇ ਹਨ। ਉਹ ਲੋਕਤੰਤਰ ਦੇ ਨਿਰਭਾਗ ਖਿਲਾੜੀ (Passive actors) ਹੁੰਦੇ ਹਨ, ਜੋ ਚੋਣ ਲੜਨੀ ਤਾਂ ਇਕ ਪਾਸੇ, ਵੋਟ ਪਾਉਣ ਵੀ ਨਹੀਂ ਜਾਂਦੇ। ਦਸਵੇਂ, ਇਹ ਲੋਕ ਦਾਰਸ਼ਨਿਕ ਤੌਰ 'ਤੇ ਪਿਛਾਖੜ ਸੋਚ ਵਾਲੇ ਤੇ ਧਾਰਮਿਕ ਤੌਰ 'ਤੇ ਅੰਧ-ਭਗਤ ਹੁੰਦੇ ਹਨ। ਰਾਜਨੀਤੀ ਤੇ ਧਾਰਮਿਕ ਖੇਤਰਾਂ ਵਿਚ ਉਹ ਆਪਣੀ ਭੂਮਿਕਾ ਬਾਰੇ ਸੁਚੇਤ ਨਹੀਂ ਹੁੰਦੇ, ਸਗੋਂ ਦੂਜਿਆਂ ਦੇ ਕਾਰਨਾਮੇ ਚਿਤਾਰ ਕੇ ਹੀ ਮੱਥੇ ਟੇਕੀ ਜਾਂਦੇ ਹਨ। ਅੰਤਵੀਂ ਥਾਂ ਇਹ ਲੋਭੀ, ਲਾਲਚੀ ਤੇ ਈਰਖਾਲੂ ਨਹੀਂ ਹੁੰਦੇ। ਜੇ ਇਨ੍ਹਾਂ ਦੇ ਚਰਿੱਤਰ ਦਾ ਸੰਪੂਰਨ ਜਾਇਜ਼ਾ ਲਿਆ ਜਾਵੇ ਤਾਂ ਇਨ੍ਹਾਂ ਵਿਚ ਦੂਜਿਆਂ ਦੀ ਰੀਸ ਕਰਨੀ ਜਾਂ ਉਨ੍ਹਾਂ ਨਾਲ ਮੁਕਾਬਲਾ ਕਰਨ ਦਾ ਮਾਦਾ ਨਹੀਂ ਹੁੰਦਾ। ਇਹ ਤਾਂ ਪਹਿਲਾਂ ਹੀ ਦੂਜਿਆਂ ਨੂੰ ਆਪਣੇ ਨਾਲੋਂ ਵੱਧ ਕਾਬਲ ਸਮਝੀ ਬੈਠੇ ਹੁੰਦੇ ਹਨ। ਇਸ ਲਈ ਇਨ੍ਹਾਂ ਨੇ ਦੂਜਿਆਂ ਦੀ ਸਫਲਤਾ 'ਤੇ ਕੀ ਸੜਨਾ, ਇਹ ਤਾਂ ਸਗੋਂ ਉਨ੍ਹਾਂ ਦੀ ਕਾਮਯਾਬੀ 'ਤੇ ਖੁਸ਼ ਹੁੰਦੇ ਹਨ।

ਲਾਰਚ ਬਾਰੇ ਆਪਣੇ ਅਨੁਭਵ ਲਿਖਦਿਆਂ ਸ਼ਾਲਨੀ ਕਾਗਲ ਲਿਖਦੇ ਹਨ ਕਿ ਇਸ ਦਵਾਈ ਦਾ ਹੀਣ-ਭਾਵਨਾ ਨਾਲ ਡੂੰਘਾ ਸੰਬੰਧ ਹੈ। ਇਸ ਦੇ ਰੋਗੀਆਂ ਦੀ ਇਕ ਦੁਖਦਾਇਕ ਗੱਲ ਇਹ ਹੁੰਦੀ ਹੈ ਕਿ ਇਹ ਨਾ ਸਿਰਫ ਘਟੀਆਪਣ ਦੀ ਭਾਵਨਾ ਨਾਲ ਭਰੇ ਹੁੰਦੇ ਹਨ, ਸਗੋਂ ਉਹ ਇਸ ਵਿਚਾਰ ਤੋਂ ਵੀ ਦੂਰ ਰਹਿੰਦੇ ਹਨ ਕਿ ਉਹ ਕਦੇ ਦੂਜਿਆਂ ਦੇ ਨਾਲ ਖੜ੍ਹ ਸਕਣਗੇ। ਉਹ ਦਿਮਾਗੀ ਤੌਰ 'ਤੇ ਵਧਣਾ ਫੁੱਲਣਾ ਛੱਡ ਕੇ ਇਕ ਨੁੱਕਰੇ ਸੁੰਗੜ ਕੇ ਬੈਠ ਜਾਂਦੇ ਹਨ ਤਾਂ ਜੋ ਕੋਈ ਉਨ੍ਹਾਂ ਨੂੰ ਜਗਾ ਨਾ ਦੇਵੇ। ਉਹ ਕੋਈ ਵੰਗਾਰ ਕਬੂਲ ਨਹੀਂ ਕਰਦੇ, ਕਿਉਂਕਿ ਉਨ੍ਹਾਂ ਨੂੰ ਯਕੀਨ ਹੁੰਦਾ ਹੈ ਕਿ ਜੋ ਕੁਝ ਦੂਜੇ ਆਸਾਨੀ ਨਾਲ ਕਰ ਸਕਦੇ ਹਨ, ਉਹ ਉਸ ਨੂੰ ਸਦੀਆਂ ਦਾ ਜੋਰ ਲਾ ਕੇ ਵੀ ਨਹੀਂ ਕਰ ਸਕਦੇ। ਇਸੇ ਸੋਚ ਕਾਰਨ ਉਹ ਸੂਰਮਿਆਂ ਦੀ ਭਗਤੀ (Hero worship) ਦੇ ਰਾਹ ਪਏ ਹੁੰਦੇ ਹਨ। ਇਹ ਉਨ੍ਹਾਂ ਲਈ ਇਕ ਮਾਰੂ ਚੱਕਰ (Vicious cycle) ਬਣ ਜਾਂਦਾ ਹੈ, ਕਿਉਂਕਿ ਜਿੰਨੀ ਭਗਤੀ ਉਹ ਦੂਜਿਆਂ ਦੀ ਕਰੀ ਜਾਣਗੇ, ਉਨਾ ਹੀ ਆਪਣੇ ਆਪ ਨੂੰ ਵੱਧ ਨਿਤਾਣੇ ਤੇ ਨਿਮਾਣੇ ਸਮਝੀ ਜਾਣਗੇ। ਇਸ ਤਰ੍ਹਾਂ ਦੇ ਸੋਚ ਚੱਕਰ ਨਾਲ ਉਹ ਆਪਣੇ ਦੁਆਲੇ ਇਕ ਮਨਸੂਈ ਦੀਵਾਰ ਉਸਾਰ ਲੈਂਦੇ ਹਨ, ਜਿਸ ਨੂੰ ਉਨ੍ਹਾਂ ਲਈ ਤੋੜਨਾ ਤਾਂ ਇਕ ਪਾਸੇ ਰਿਹਾ, ਤੋੜਨ ਬਾਰੇ ਸੋਚ ਸਕਣਾ ਵੀ ਕਠਿਨ ਹੁੰਦਾ ਹੈ; ਪਰ ਲਾਰਚ ਦੀਆਂ ਕੁਝ ਖੁਰਾਕਾਂ ਹੀ ਉਨ੍ਹਾਂ ਦੀ ਇਸ ਕਲਪਿਤ ਦੀਵਾਰ ਨੂੰ ਛਿੰਨ-ਭਿੰਨ ਕਰ ਦੇਣਗੀਆਂ। ਜਿਉਂ ਹੀ ਦੂਜਿਆਂ ਨੂੰ ਦੇਖ ਕੇ ਉਨ੍ਹਾਂ ਦੀਆਂ ਆਪਣੀਆਂ ਉਮੰਗਾਂ ਅੰਗੜਾਈਆਂ ਲੈਣ ਲੱਗਣਗੀਆਂ, ਤਿਉਂ ਹੀ ਉਨ੍ਹਾਂ ਦੀ ਆਤਮਾ ਉਨ੍ਹਾਂ ਦੇ ਖੁਦ-ਸਿਰਜੇ ਬਨਾਵਟੀ ਘੇਰੇ 'ਚੋਂ ਆਜ਼ਾਦ ਹੋ ਕੇ ਤਰੱਕੀ ਦੀਆਂ ਮੰਜ਼ਿਲਾਂ ਵਲ ਵਧੇਗੀ।

ਦੋ ਹਫਤੇ ਪਹਿਲਾਂ ਨਰਸਿੰਗ ਪੇਸ਼ੇ ਨਾਲ ਸਬੰਧਤ ਮੇਰੀ ਇਕ ਮਰੀਜ਼ ਮਾਨਸਿਕ ਬੋਝ ਦਾ ਸ਼ਿਕਾਰ ਹੋ ਗਈ। ਉਸ ਨੇ ਫੋਨ ਕਰਕੇ ਫੌਰੀ ਤੌਰ 'ਤੇ ਮਿਲਣ ਦੀ ਇੱਛਾ ਜਤਾਈ ਤੇ ਆ ਕੇ ਆਪਣੀ ਮਾਨਸਿਕ ਪ੍ਰੇਸ਼ਾਨੀ ਦੱਸੀ। ਉਸ ਨੇ ਕਿਹਾ, "ਮੈਂ ਪੁਰਾਣਾ ਹਸਪਤਾਲ ਛੱਡ ਕੇ ਇਕ ਨਵੇਂ ਹਸਪਤਾਲ ਵਿਚ ਜੌਬ ਲੈ ਲਈ ਹੈ। ਇਹ ਤਬਦੀਲੀ ਮੈਂ ਕਿਸੇ ਲਾਲਚ-ਵੱਸ ਨਹੀਂ, ਸਗੋਂ ਮਾਹੌਲ ਬਦਲਣ ਲਈ ਕੀਤੀ ਸੀ; ਪਰ ਨਵੀਂ ਥਾਂ ਜਾ ਕੇ ਮੇਰਾ ਮਨ ਨਹੀਂ ਲੱਗਦਾ। ਇਸ ਹਸਪਤਾਲ ਦਾ ਨਾਂ, ਇਸ ਦੇ ਕਰਮਚਾਰੀ ਤੇ ਇਨ੍ਹਾਂ ਦੇ ਕੰਮ ਕਰਨ ਦੇ ਤਰੀਕੇ ਮੈਨੂੰ ਇੰਨੇ ਉਚੇ ਵੱਡੇ ਲੱਗ ਰਹੇ ਹਨ ਕਿ ਮੈਂ ਆਪਣੇ ਆਪ ਨੂੰ ਇੱਥੇ ਕੰਮ ਕਰਨ ਦੇ ਸਮਰੱਥ ਨਹੀਂ ਸਮਝਦੀ। ਮੈਨੂੰ ਵਿਸ਼ਵਾਸ ਹੀ ਨਹੀਂ, ਮੈਂ ਦੂਜਿਆਂ ਵਾਂਗ ਕੰਮ ਕਰ ਸਕਾਂਗੀ। ਇਸ ਲਈ ਮੈਂ ਅੰਦਰੋਂ ਕੰਮ ਤੋਂ ਟਲਦੀ ਰਹਿੰਦੀ ਹਾਂ। ਜੇ ਕੁਝ ਕਰਨਾ ਪਵੇ ਤਾਂ ਅਣਜਾਣਾਂ ਵਾਂਗ ਪੁੱਛ ਪੁੱਛ ਕੇ ਕਰਦੀ ਹਾਂ। ਇਸ ਤੋਂ ਪਹਿਲਾਂ ਕਿ ਇਹ ਮੈਨੂੰ ਕੱਢ ਦੇਣ, ਮੈਂ ਆਪ ਹੀ ਛੱਡ ਕੇ ਪਹਿਲੇ ਹਸਪਤਾਲ ਵਿਚ ਪਰਤ ਜਾਣਾ ਚਾਹੁੰਦੀ ਹਾਂ; ਪਰ ਹੁਣ ਵਾਪਸ ਜਾਣਾ ਸੰਭਵ ਨਹੀਂ ਤੇ ਇੱਥੇ ਮੈਂ ਰਹਿਣਾ ਨਹੀਂ। ਮੈਂ ਮੁਸ਼ਕਿਲ 'ਚ ਫਸ ਗਈ ਹਾਂ, ਮੈਨੂੰ ਇਸ ਵਿਚੋਂ ਕੱਢੋ।"

ਉਸ ਦੇ ਕਹਿਣ ਦੀ ਦੇਰ ਸੀ ਕਿ ਉਹ ਨਿਕਲ ਗਈ! ਪਹਿਲਾ ਇਕ ਹਫਤਾ ਹਨੀਸੱਕਲ ਤੇ ਦੂਜੇ ਹਫਤੇ ਲਾਰਚ ਖਾਣ ਤੋਂ ਬਾਅਦ ਉਹ ਇੰਨਾ ਠੀਕ ਹੋਈ ਕਿ ਅਗਲੇ ਦੋ ਹਫਤਿਆਂ ਦੀ ਦਵਾਈ ਕੰਮ ਦੇ ਦਿਨ ਸੌ ਮੀਲ ਦਾ ਸਫਰ ਤੈਅ ਕਰ ਕੇ ਸਵੇਰੇ 6 ਵਜੇ ਲੈਣ ਆਈ। ਉਸ ਨੇ ਦੱਸਿਆ ਕਿ ਉਸ ਵਿਚ ਜਾਨ ਆ ਗਈ ਹੈ। ਹੁਣ ਕੁਝ ਵੀ ਕਰਨਾ ਪਵੇ, ਉਹ ਨਵੀਂ ਥਾਂ 'ਤੇ ਹੀ ਡਟੇਗੀ।

ਲਾਰਚ ਦੇ ਮਰੀਜ਼ ਦੂਜੇ ਲੋਕਾਂ ਵਾਂਗ ਹੀ ਸੂਝਵਾਨ ਤੇ ਪੜ੍ਹੇ-ਲਿਖੇ ਹੁੰਦੇ ਹਨ, ਪਰ ਆਤਮ-ਵਿਸ਼ਵਾਸ ਦੀ ਘਾਟ ਕਾਰਨ ਸਾਰੀ ਉਮਰ ਹੀ ਬਦਸੂਰਤ ਚੂਜ਼ੇ (Ugly Ducklings) ਬਣੇ ਰਹਿੰਦੇ ਹਨ। ਚਾਰ ਖੁਰਾਕਾਂ ਲਾਰਚ ਦੇਣ ਨਾਲ ਹੀ ਉਹ ਦੂਜਿਆਂ ਨੂੰ ਪਿੱਛੇ ਛੱਡ ਜਾਂਦੇ ਹਨ ਤੇ 'ਛੁਪੇ ਰੁਸਤਮ' ਸੱਦੇ ਜਾਣ ਲਗਦੇ ਹਨ; ਪਰ ਰੂਪਾਂਤਰਣ ਦੇ ਇਸ ਸਮੇਂ ਦੌਰਾਨ ਉਹ ਤਰੱਕੀ ਦੇ ਅਣਗਿਣਤ ਮੌਕੇ ਗਵਾ ਗਏ ਹੁੰਦੇ ਹਨ, ਕਿਉਂਕਿ ਉਹ ਪੱਛੜ ਕੇ ਲਾਈਨ ਵਿਚ ਲੱਗੇ ਹੁੰਦੇ ਹਨ, ਇਸ ਲਈ ਦੂਜਿਆਂ ਤੋਂ ਪੱਛੜੇ ਹੀ ਰਹਿੰਦੇ ਹਨ ਲਗਾਤਾਰ ਲਾਰਚ ਲੈਣ ਨਾਲ ਉਹ ਇਹ ਪੱਛੜਾਪਣ ਵੀ ਦੂਰ ਕਰ ਸਕਦੇ ਹਨ, ਕਿਉਂਕਿ ਇਹ ਫੁੱਲ ਦਵਾਈ ਲੈ ਕੇ ਉਹ ਸਵੈ-ਵਿਸ਼ਵਾਸ ਦੇ ਘੋੜਸਵਾਰ ਹੋ ਜਾਂਦੇ ਹਨ, ਜਦੋਂ ਕਿ ਦੂਜੇ ਪਿਆਦਾ ਚਾਲ ਹੀ ਚਲਦੇ ਹੁੰਦੇ ਹਨ।

ਅੱਗੇ ਵਧਣ ਦੇ ਮੌਕੇ ਤਾਂ ਸਾਰਿਆਂ ਲਈ ਇਕਸਾਰ ਹੀ ਆਉਂਦੇ ਹਨ, ਪਰ ਜੇ ਲਾਇਕ ਵਿਅਕਤੀ ਆਪਣੇ ਆਪ ਨੂੰ ਨਾਲਾਇਕ ਸਮਝ ਕੇ ਇਨ੍ਹਾਂ ਦਾ ਲਾਭ ਨਾ ਉਠਾਉਣ ਤਾਂ ਉਨ੍ਹਾਂ ਨੂੰ ਘੱਟ ਲਾਇਕ ਵਿਅਕਤੀ ਹਾਸਲ ਕਰ ਲੈਂਦੇ ਹਨ। ਕਈ ਵਾਰ ਤਾਂ ਜੇ ਕਿਸੇ ਸਮਰੱਥ ਵਿਅਕਤੀ ਨੂੰ ਕੋਈ ਉੱਚ ਅਹੁਦਾ ਦੇਣ ਦੀ ਪੇਸ਼ਕਸ਼ ਕੀਤੀ ਜਾਂਦੀ ਹੈ ਤਾਂ ਉਹ ਇਹ ਕਹਿ ਕੇ ਹਲੀਮੀ ਨਾਲ ਇਨਕਾਰ ਕਰ ਦਿੰਦਾ ਹੈ ਕਿ ਉਹ ਇਸ ਦੇ ਯੋਗ ਨਹੀਂ, ਕਿਸੇ ਹੋਰ ਕਾਬਲ ਵਿਅਕਤੀ ਨੂੰ ਦੇ ਦਿੱਤਾ ਜਾਵੇ। ਅੰਦਰੋਂ ਉਹ ਇਹ ਸਮਝਦਾ ਹੈ ਕਿ ਉਹ ਇਸ ਦੇ ਫਰਜ਼ਾਂ ਨੂੰ ਨਹੀਂ ਨਿਭਾਅ ਸਕਦਾ, ਇਸ ਲਈ ਇਸ ਤੋਂ ਦੂਰ ਰਹਿ ਕੇ ਸੁਖਾਲੇ ਕਾਰਜ ਕਰਨਾ ਹੀ ਠੀਕ ਮੰਨਦਾ ਹੈ। ਕਈ ਲੋਕ ਤਾਂ ਆਪਣੇ ਅਲਪ ਵਿਸ਼ਵਾਸ ਨੂੰ ਛੁਪਾਉਣ ਖਾਤਰ ਕੋਈ ਪੱਜ ਵੀ ਘੜ੍ਹ ਲੈਂਦੇ ਹਨ। ਉਨ੍ਹਾਂ ਵਿਚੋਂ ਕਈ ਕਹਿਣਗੇ, "ਜੀ ਮੈਂ ਤਾਂ ਜਨਤਾ ਦਾ ਸੇਵਕ ਹਾਂ, ਮੈਨੂੰ ਰਾਜਨੀਤਕ ਪਦਵੀਆਂ ਨਹੀਂ ਚਾਹੀਦੀਆਂ।" ਉਹ ਬਿਨਾ ਕੁਝ ਕੀਤੇ ਤਿਆਗੀ ਬਣ ਜਾਂਦੇ ਹਨ। ਕਈ ਕਹਿੰਦੇ ਹਨ, "ਅਸੀਂ ਤਾਂ ਜੀ ਕੰਮ ਕਰਨ ਵਾਲੇ ਹਾਂ, ਅਧਿਆਪਕ ਹਾਂ, ਡਾਕਟਰ ਹਾਂ; ਸਾਡਾ ਅਫਸਰੀਆਂ ਨਾਲ ਕੀ ਸੰਬੰਧ।" ਪਰ ਹੁੰਦੇ ਇਹ ਅੰਦਰੋਂ ਡਰ ਤੇ ਕਮਜ਼ੋਰੀ ਦੀ ਭਾਵਨਾ ਵਾਲੇ ਹਨ। ਜੇ ਇਹ ਲਾਇਕ ਵਿਅਕਤੀ ਦਿਲ ਰੱਖ ਕੇ ਦੂਜਿਆਂ ਨਾਲ ਬਰਾਬਰ ਭਿੜਨ ਦਾ ਹੀਆ ਕਰਨ ਤਾਂ ਹੀ ਸਮਾਜ ਵਿਚ ਸਭ ਨਾਲ ਇਨਸਾਫ ਹੋ ਸਕਦਾ ਹੈ। ਦੂਜੇ ਸ਼ਬਦਾਂ ਵਿਚ ਲਾਰਚ ਸਮਾਜਿਕ ਨਿਆਂ ਦੀ ਪ੍ਰਾਪਤੀ ਦਾ ਇਕ ਨੁਸਖਾ ਵੀ ਹੈ!

ਲਾਰਚ ਦੇ ਰੋਗੀ ਅੰਦਰ ਸ਼ਕਤੀ ਪੈਦਾ ਨਹੀਂ ਹੁੰਦੀ ਜਾਂ ਕਹੋ ਕਿ ਪੈਦਾ ਹੋ ਕੇ ਅੰਦਰੂਨੀ ਰੁਕਾਵਟਾਂ ਕਾਰਨ ਅੰਦਰ ਹੀ ਜਜ਼ਬ ਹੋ ਜਾਂਦੀ ਹੈ। ਇਹ ਇਵੇਂ ਹੀ ਹੈ, ਜਿਵੇਂ ਕਿਸੇ ਅਸ਼ੁਧ ਧਾਤ ਦੇ ਕੈਥੋਡ (Cathode) ਵਾਲੇ ਬੈਟਰੀ ਸੈੱਲ ਵਿਚ ਬਿਜਲੀ ਪੈਦਾ ਤਾਂ ਹੁੰਦੀ ਹੈ, ਪਰ ਇਹ ਸਥਾਨਕ ਕ੍ਰਿਆ (Local Action) ਰਾਹੀਂ ਨਾਲ ਦੀ ਨਾਲ ਅੰਦਰ ਹੀ ਖਪਤ ਹੋਈ ਜਾਂਦੀ ਹੈ। ਬਾਹਰ ਨਾ ਆਉਣ ਕਾਰਨ ਇਸ ਸ਼ਕਤੀ ਦਾ ਕੋਈ ਉਪਯੋਗ ਨਹੀਂ ਹੁੰਦਾ। ਡਾ. ਸੋਹਨ ਰਾਜ ਟੇਟਰ ਤੇ ਮੋਹਨ ਲਾਲ ਜੈਨ ਅਨੁਸਾਰ ਲਾਰਚ ਉਨ੍ਹਾਂ ਦੀਆਂ ਅੰਦਰੂਨੀ ਰੁਕਾਵਟਾਂ ਦੂਰ ਕਰਕੇ ਉਨ੍ਹਾਂ ਦੀ ਜੀਵਨ ਗਤੀ ਨੂੰ ਰਵਾਂ ਕਰਦਾ ਹੈ। ਇਹ ਉਨ੍ਹਾਂ ਵਿਚ ਜਿਗਰਾ ਪੈਦਾ ਕਰਕੇ ਹੀਣ-ਭਾਵਨਾ ਨੂੰ ਸਮਾਪਤ ਕਰਦਾ ਹੈ। ਇਸ ਨਾਲ ਉਹ ਮਿਲਣ ਵਾਲੇ ਸਾਰੇ ਮੌਕਿਆਂ ਦਾ ਲਾਭ ਉਠਾਉਣ ਲੱਗ ਪੈਂਦੇ ਹਨ।

ਲਾਰਚ ਦਾ ਇਕ ਵੱਡਾ ਖਾਸਾ ਇਹ ਹੈ ਕਿ ਇਸ ਦੇ ਮਰੀਜ਼ ਆਤਮ-ਗਿਲਾਨੀ ਦੇ ਸ਼ਿਕਾਰ ਹੁੰਦੇ ਹਨ। ਉਹ ਪਿਛਲੀਆਂ ਕੁਤਾਹੀਆਂ ਯਾਦ ਕਰ ਕੇ ਆਪਣੇ ਆਪ ਨੂੰ ਕੋਸਦੇ ਰਹਿੰਦੇ ਹਨ। ਉਨ੍ਹਾਂ ਦੇ ਜੀਵਨ ਵਿਚ ਜੋ ਵੀ ਮਾੜਾ ਹੋਇਆ ਹੁੰਦਾ ਹੈ, ਉਹ ਉਸ ਦਾ ਜ਼ਿੰਮੇਵਾਰ ਆਪਣੇ ਆਪ ਨੂੰ ਦੱਸਦੇ ਹਨ। ਇਹੀ ਨਹੀਂ ਉਹ ਦੂਜਿਆਂ ਦੇ ਕੀਤੇ ਵਿਹਾਰ ਜਾਂ ਕੁਕਰਮਾਂ ਨੂੰ ਵੀ ਆਪਣੇ ਹੀ ਸਿਰ ਲਈ ਜਾਂਦੇ ਹਨ। ਜੇ ਉਨ੍ਹਾਂ ਨੇੜੇ ਕੋਈ ਬਰਤਨ ਡਿਗ ਕੇ ਟੁੱਟ ਜਾਵੇ, ਜੇ ਕੋਈ ਬੱਚਾ ਠੋਕਰ ਖਾ ਕੇ ਡਿਗ ਜਾਵੇ ਜਾਂ ਕਿਤਾਬ 'ਤੇ ਪਾਣੀ ਡਿਗ ਜਾਵੇ ਤਾਂ ਉਹ ਆਪਣੇ ਆਪ ਨੂੰ ਹੀ ਕਸੂਰਵਾਰ ਮੰਨੀ ਜਾਂਦੇ ਹਨ। ਉਹ ਸੋਚਦੇ ਹਨ ਕਿ ਜੇ ਉਹ ਭੱਜ ਕੇ ਸਮੇਂ ਸਿਰ ਉਪਾਅ ਕਰ ਲੈਂਦੇ ਤਾਂ ਇਹ ਘਟਨਾਵਾਂ ਟਲ ਸਕਦੀਆਂ ਸਨ। ਉਹ ਅਜਿਹਾ ਸੋਚ ਕੇ ਹੀ ਬੀਮਾਰ ਰਹੀ ਜਾਂਦੇ ਹਨ। ਕਈਆਂ ਨਾਲ ਬਚਪਨ ਵਿਚ ਕੁਝ ਮਾੜਾ ਹੋਇਆ ਹੁੰਦਾ ਹੈ, ਜਿਸ ਵਿਚ ਕਈ ਵਾਰ ਉਨ੍ਹਾਂ ਦਾ ਕੋਈ ਕਸੂਰ ਵੀ ਨਹੀਂ ਹੁੰਦਾ। ਉਹ ਉਸੇ ਨੂੰ ਯਾਦ ਕਰ ਕਰ ਕੇ ਝੂਰੀ ਜਾਂਦੇ ਹਨ। ਉਹ ਬਹੁਤਾ ਕਰਕੇ ਇਸ ਦੇ ਕਸੂਰਵਾਰ ਵੀ ਆਪਣੇ ਆਪ ਨੂੰ ਹੀ ਮੰਨੀ ਜਾਂਦੇ ਹਨ। ਉਹ ਮਨ ਹੀ ਮਨ ਸੋਚਦੇ ਰਹਿੰਦੇ ਹਨ ਕਿ ਜੇ ਉਨ੍ਹਾਂ ਅਜਿਹਾ ਕੀਤਾ ਹੁੰਦਾ ਜਾਂ ਉਹੋ ਜਿਹਾ ਨਾ ਕੀਤਾ ਹੁੰਦਾ ਤਾਂ ਇਹ ਦਰਦਨਾਕ ਜਾਂ ਸ਼ਰਮਨਾਕ ਘਟਨਾ ਨਾ ਵਾਪਰਦੀ।




ਪਿੱਛੇ ਜਿਹੇ ਚਲੀ "ਮੀਟੂ" (Me too!) ਵਰਗੀ ਲਹਿਰ ਤੋਂ ਪ੍ਰਭਾਵਿਤ ਬਹੁਤੇ ਵਿਅਕਤੀ ਇਸੇ ਤਰ੍ਹਾਂ ਦੀ ਮਾਨਸਿਕਤਾ ਵਾਲੇ ਹੁੰਦੇ ਹਨ। ਲਾਰਚ ਦੀਆਂ ਕੁਝ ਕੁ ਖੁਰਾਕਾਂ ਉਨ੍ਹਾਂ ਦੀਆਂ ਬੇਸਵਾਦੀਆਂ ਪੁਰਾਤਨ ਯਾਦਾਂ 'ਤੇ ਮਿੱਟੀ ਪਾ ਦਿੰਦੀਆਂ ਹਨ। ਫਿਰ ਨਾ ਉਹ ਉਨ੍ਹਾਂ ਨੂੰ ਘੜੀ ਘੜੀ ਆ ਕੇ ਸਤਾਉਂਦੀਆਂ ਹਨ ਤੇ ਨਾ ਜ਼ਿੰਮੇਵਾਰ ਦੱਸਦੀਆਂ ਹਨ। ਇਨ੍ਹਾਂ ਕਾਰਨ ਆਉਂਦੀ ਸ਼ਰਮਿੰਦਗੀ ਤੇ ਲਾਹਣਤ ਤੋਂ ਮੁਕਤ ਹੋ ਕੇ ਉਨ੍ਹਾਂ ਵਿਚ ਅੱਗੇ ਵਧਣ ਦੀ ਅਥਾਹ ਤਾਕਤ ਆ ਜਾਂਦੀ ਹੈ ਤੇ ਉਹ ਹਰ ਮੌਕਾ ਅਜ਼ਮਾਉਣ ਲੱਗ ਜਾਂਦੇ ਹਨ।

ਮੇਰੇ ਕੋਲ ਇਕ ਮਰੀਜ਼ ਡਿਪਰੈਸ਼ਨ ਦੇ ਹੱਲ ਲਈ ਆਇਆ। ਉਹ ਬਹੁਤਾ ਕਰ ਕੇ ਇਕਾਂਤ ਵਿਚ ਸੋਚਦਾ ਰਹਿੰਦਾ ਤੇ ਸ਼ਾਮ ਨੂੰ ਦਾਰੂ ਪੀ ਕੇ ਸੌਂ ਜਾਂਦਾ। ਨਾਲ ਆਈ ਉਸ ਦੀ ਪਤਨੀ ਨੇ ਦੱਸਿਆ ਕਿ ਉਹ ਹਰ ਰੋਜ਼ ਕੋਈ ਨਾ ਕੋਈ ਨਵੀਂ ਤਕਲੀਫ ਦੱਸਦਾ ਹੈ ਤੇ ਕਦੇ ਕਦੇ ਤਬੀਅਤ ਖਰਾਬ ਹੋਣ ਦਾ ਬਹਾਨਾ ਲਾ ਕੇ ਛੁੱਟੀ ਵੀ ਕਰ ਲੈਂਦਾ ਹੈ। ਝੂਰ ਝੂਰ ਕੇ ਉਸ ਦੀ ਭੁੱਖ ਘਟੀ ਜਾਂਦੀ ਹੈ ਤੇ ਉਹ ਕਮਜ਼ੋਰ ਹੋਈ ਜਾਂਦਾ ਹੈ। ਉਸ ਨੇ ਡਰ ਜਾਹਰ ਕੀਤਾ ਕਿ ਕਿਤੇ ਕੋਈ ਨਸ਼ਾ ਪੱਤਾ ਹੀ ਨਾ ਲੈਣ ਲਗ ਪਿਆ ਹੋਵੇ। ਪਤਨੀ ਨੇ ਦੱਸਿਆ, "ਤਿੰਨ ਸਾਲ ਪਹਿਲਾਂ ਇਹ ਇੰਡੀਆ ਤੋਂ ਠੀਕ ਠਾਕ ਆਏ ਸਨ। ਇੱਥੇ ਆ ਕੇ ਪਹਿਲਾਂ ਤਾਂ ਚੁੱਪ ਚੁੱਪ ਰਹੀ ਗਏ, ਕੁਝ ਦੱਸਿਆ ਨਹੀਂ। ਅਸੀਂ ਸੋਚਿਆ ਓਦਰੇ ਹੋਏ ਨੇ ਤੇ ਠੀਕ ਹੋ ਜਾਣਗੇ। ਹੁਣ ਅਮਰੀਕਾ ਦੇ ਸ਼ਹਿਰੀ ਬਣਨ ਤੋਂ ਬਾਅਦ ਤਾਂ ਬਹੁਤੇ ਹੀ ਢਿੱਲੇ ਹੋ ਗਏ ਹਨ।"

ਮਰੀਜ਼ ਨੇ ਗੱਲਾਂ ਗੱਲਾਂ ਵਿਚ ਦੱਸਿਆ ਕਿ ਉਹ ਆਪਣੇ ਭੈਣ-ਭਰਾਵਾਂ ਤੇ ਮਾਂ ਨੂੰ ਲੈ ਕੇ ਬਹੁਤ ਫਿਕਰ ਕਰਦਾ ਹੈ। ਜਦੋਂ ਉਸ ਦੀ ਚਿੰਤਾ ਦਾ ਕਾਰਨ ਉਸ ਤੋਂ ਪੁੱਛਿਆ ਗਿਆ ਤਾਂ ਉਸ ਨੇ ਦੱਸਿਆ, "ਭਾਵੇਂ ਮੈਂ ਫਿਰਦਾ ਇੱਥੇ ਆਂ, ਪਰ ਮੇਰੀ ਜਾਨ ਇੰਡੀਆ ਵਿਚ ਰਹਿੰਦੀ ਹੈ। ਮੈਂ ਆਪਣੀਆਂ ਜ਼ਿੰਮੇਵਾਰੀਆਂ ਤੋਂ ਭਗੌੜਾ ਹਾਂ। ਮੈਨੂੰ ਪੜ੍ਹਾਉਣ ਵਿਚ ਮੇਰੇ ਮਾਂ-ਪਿਓ ਨੇ ਪੂਰੀ ਵਾਹ ਲਾਈ ਸੀ, ਪਰ ਜਦੋਂ ਭੈਣ-ਭਰਾਵਾਂ ਨੂੰ ਪੜ੍ਹਾਉਣ ਦਾ ਵੇਲਾ ਆਇਆ, ਮੈਂ ਉਨ੍ਹਾਂ ਨੂੰ ਛੱਡ ਕੇ ਇੱਥੇ ਆ ਗਿਆ ਹਾਂ। ਇਲਾਜ ਤੇ ਸੇਵਾ ਦੀ ਮਾਰੀ ਮੇਰੀ ਮਾਂ ਵੀ ਮਰ ਗਈ। ਮੈਂ ਉਸ ਦਾ ਵੀ ਕੁਝ ਨਾ ਕਰ ਸਕਿਆ। ਮੇਰੇ ਕਾਰਨ ਉਥੇ ਆਪਣਾ ਰਸਦਾ-ਵਸਦਾ ਘਰ ਉਜੜ ਗਿਆ, ਮੈਂ ਇੱਥੇ ਖੁਸ਼ ਕਿਵੇਂ ਰਹਿ ਸਕਦਾ ਹਾਂ। ਨਾ ਵਾਪਸ ਜਾ ਸਕਦਾ ਹਾਂ ਤੇ ਨਾ ਖੁਸ਼ ਰਹਿ ਸਕਦਾ ਹਾਂ। ਜੇ ਸਮਝੋ ਤਾਂ ਬਸ ਇਹੀ ਮੇਰਾ ਰੋਗ ਹੈ।" ਕਿਉਂਕਿ ਉਹ ਪੁਰਖ ਬੀਤੇ ਸਮੇਂ ਦੀਆਂ ਭੁੱਲਾਂ-ਚੁੱਕਾਂ ਦਾ ਭਾਰ ਆਪਣੇ ਸਿਰ ਲਈ ਬੈਠਾ ਸੀ। ਉਸ ਨੂੰ ਲਾਰਚ ਦੀ ਇਕ ਸ਼ੀਸ਼ੀ ਖਰੀਦ ਕੇ ਚਾਰ ਚਾਰ ਬੂੰਦਾਂ ਸਵੇਰੇ ਸ਼ਾਮ ਲੈਣ ਲਈ ਕਿਹਾ ਗਿਆ। ਪੰਦਰਾਂ ਦਿਨਾਂ ਵਿਚ ਹੀ ਉਸ ਦੀ ਪਤਨੀ ਨੂੰ ਉਸ ਦੇ ਸੁਭਾਅ ਵਿਚ ਨਿਰਣਾਇਕ ਮੋੜ ਦਿਖਾਈ ਦਿੱਤਾ ਤੇ ਉਸ ਨੇ ਧੰਨਵਾਦ ਕੀਤਾ।

ਇਹ ਦਵਾਈ ਵਿਦਿਆਰਥੀਆਂ ਲਈ ਵੀ ਚਮਤਕਾਰੀ ਹੈ। ਇਸ ਸਬੰਧ ਵਿਚ ਡਾਕਟਰ ਵੀ. ਕ੍ਰਿਸ਼ਨਾਮੂਰਤੀ ਕਹਿੰਦੇ ਹਨ ਕਿ ਫੁੱਲ ਦਵਾਈ ਲਾਰਚ ਪੜ੍ਹਨ ਵਾਲੇ ਬੱਚਿਆਂ ਦਾ ਜੀਵਨ ਬਦਲ ਸਕਦੀ ਹੈ। ਉਹ ਲਿਖਦੇ ਹਨ, 'ਮੰਨ ਲਵੋ ਇਕ ਲੜਕਾ ਜੋਰ ਲਾ ਕੇ 46 ਤੋਂ 74% ਦੇ ਵਿਚਕਾਰ ਅੰਕ ਪ੍ਰਾਪਤ ਕਰ ਕੇ ਦੂਜੀ ਸ਼੍ਰੇਣੀ ਵਿਚ ਪਾਸ ਹੁੰਦਾ ਹੈ। ਤੁਸੀਂ ਉਸ ਨੂੰ ਪੁੱਛੋ ਕਿ ਉਹ ਗਵਾਂਢ ਦੇ ਲੜਕੇ ਵਾਂਗ 75% ਤੋਂ ਉੱਤੇ ਅੰਕ ਪ੍ਰਾਪਤ ਕਰਕੇ ਅੱਵਲ ਦਰਜਾ ਕਿਉਂ ਨਹੀਂ ਲੈਂਦਾ? ਉਸ ਦਾ ਉੱਤਰ ਸੁਣੋ। ਉਹ ਤੁਹਾਨੂੰ ਜਵਾਬ ਦਿੰਦਾ ਹੈ, 'ਸਰ ਤੁਸੀਂ ਨਹੀਂ ਜਾਣਦੇ ਉਹ ਕਿੰਨਾ ਹੁਸ਼ਿਆਰ ਹੈ। ਤੁਸੀਂ ਮੈਨੂੰ ਉਸ ਦੀ ਰੀਸ ਕਰਨ ਲਈ ਕਹਿੰਦੇ ਹੋ, ਜਿਸ ਦਾ ਮੁਕਾਬਲਾ ਕੋਈ ਨਹੀਂ ਕਰ ਸਕਦਾ।' ਉਹ ਉਸ ਫਸਟ ਡਿਵੀਜ਼ਨ ਵਾਲੇ ਲੜਕੇ ਨੂੰ ਵਧੇਰੇ ਸਮਰੱਥਵਾਨ ਦੱਸ ਕੇ ਉਸ ਦੀ ਉਸਤਤ ਕਰਦਾ ਹੈ, ਪਰ ਆਪਣੇ ਆਪ ਨੂੰ ਉਸ ਦੇ ਮੁਕਾਬਲੇ ਬੜਾ ਤੁੱਛ ਦੱਸਦਾ ਹੈ। ਇਹ ਆਤਮ-ਵਿਸ਼ਵਾਸ ਦੀ ਘਾਟ ਦਾ ਮਸਲਾ ਹੈ। ਉਸ ਦੀ ਦਵਾਈ ਲਾਰਚ ਹੈ। ਇਸ ਦੇ ਦੇਣ ਨਾਲ ਉਹ ਫਸਟ ਡਿਵੀਜ਼ਨ ਹੀ ਲਵੇਗਾ।"

ਪਰ ਇਹ ਚਮਤਕਾਰ ਤਾਂ ਹੀ ਹੋਵੇਗਾ, ਜੇ ਦਵਾਈ ਅੱਖਾਂ ਖੋਲ੍ਹ ਕੇ ਭਾਵ ਵਿਦਿਆਰਥੀ ਦੇ ਮਨ ਦੀ ਸਥਿਤੀ ਨੂੰ ਜਾਣ ਕੇ ਦਿੱਤੀ ਜਾਵੇ। ਡਾ. ਕ੍ਰਿਸ਼ਨਾਮੂਰਤੀ ਲਿਖਦੇ ਹਨ ਕਿ ਸਭ ਨੂੰ ਅੰਨ੍ਹੇਵਾਹ ਲਾਰਚ ਦੇ ਕੇ ਪਹਿਲੇ ਦਰਜੇ ਤੀਕ ਨਹੀਂ ਪਹੁੰਚਾਇਆ ਜਾ ਸਕਦਾ। ਹਰੇਕ ਵਿਦਿਆਰਥੀ ਦਾ ਵਿਅਕਤੀਗਤ ਵਿਸ਼ਲੇਸ਼ਣ ਕਰ ਕੇ ਉਸ ਦੀ ਮਨੋਦਸ਼ਾ ਦੇ ਮੇਚ ਦੀ ਦਵਾਈ ਲੱਭਣੀ ਜਰੂਰੀ ਹੈ। ਇਕ ਅਧਿਆਪਕ ਨੇ ਲਾਰਚ ਦੇ ਪੜ੍ਹਾਈ ਸਬੰਧੀ ਗੁਣਾਂ ਬਾਰੇ ਸੁਣ ਕੇ ਆਪਣੀ ਜਮਾਤ ਦੇ ਸਭ ਵਿਦਿਆਰਥੀਆਂ ਨੂੰ ਇਹ ਦਵਾਈ ਦੇ ਦਿੱਤੀ ਤਾਂ ਜੋ ਸਾਰੇ ਬੱਚੇ ਉੱਚ ਸ਼੍ਰੇਣੀ ਪ੍ਰਾਪਤ ਕਰ ਲੈਣ। ਜਦੋਂ ਇਕ ਦੋ ਤੋਂ ਵੱਧ 'ਤੇ ਇਸ ਨੇ ਅਸਰ ਨਾ ਕੀਤਾ ਤਾਂ ਉਸ ਨੇ ਉਲਾਂਭਾ ਦਿੱਤਾ, "ਕੀ ਇਹ ਦਵਾਈ ਕੁਝ ਬੱਚਿਆਂ ਨੂੰ ਛੱਡ ਕੇ ਦੂਜਿਆਂ 'ਤੇ ਅਸਰ ਨਹੀਂ ਕਰਦੀ? ਤੁਹਾਡਾ ਨੁਸਖਾ ਫੇਲ੍ਹ ਲਗਦਾ ਹੈ।"

ਉਸ ਨੂੰ ਕੋਈ ਅਜਿਹਾ ਬੱਚਾ ਪੇਸ਼ ਕਰਨ ਲਈ ਕਿਹਾ ਗਿਆ ਜਿਸ 'ਤੇ ਦਵਾਈ ਨੇ ਅਸਰ ਨਾ ਕੀਤਾ ਹੋਵੇ। ਸੱਦੇ ਬੱਚੇ ਤੋਂ ਪੁੱਛਿਆ ਗਿਆ, 'ਕਿਉਂ ਕਾਕਾ ਫਸਟ ਕਲਾਸ ਨਹੀਂ ਆਈ, ਕੀ ਗੱਲ ਧਿਆਨ ਲਾ ਕੇ ਨਹੀਂ ਸੀ ਪੜ੍ਹਿਆ?' ਮੁੰਡੇ ਨੇ ਉੱਤਰ ਦਿੱਤਾ, 'ਸਰ ਜਿਹੜੇ ਕੈਮਿਸਟਰੀ ਦਾ ੳ, ਅ ਵੀ ਨਹੀਂ ਜਾਣਦੇ ਉਹ ਆਏ ਹੋਏ ਹਨ, ਸਾਡੀ ਕਲਾਸ ਵਿਚ ਸਾਡਾ ਗਲਾ ਵੱਢਣ।' ਡਾਕਟਰ ਸਾਹਿਬ ਨੇ ਫੌਰਨ ਕਿਹਾ, "ਕੌਣ ਕਹਿੰਦਾ ਹੈ ਕਿ ਦਵਾਈ ਫੇਲ੍ਹ ਹੋ ਗਈ। ਇਸ ਲੜਕੇ ਨੂੰ ਲਾਰਚ ਕਿਵੇਂ ਠੀਕ ਕਰ ਸਕਦਾ ਹੈ, ਇਸ ਵਿਚ ਤਾਂ ਆਤਮ ਵਿਸ਼ਵਾਸ ਦੀ ਘਾਟ ਹੀ ਨਹੀਂ। ਇਹ ਆਪਣੀ ਨਾਕਾਮਯਾਬੀ ਨੂੰ ਦੂਜਿਆਂ ਦੇ ਸਿਰ ਮੜ੍ਹਦਾ ਹੈ, ਇਸ ਲਈ ਇਸ ਨੂੰ "ਵਿੱਲੋ" (Willow) ਦਿਓ।" ਉਹ ਲਿਖਦੇ ਹਨ ਕਿ ਉਸ ਦੀ ਦਵਾਈ ਬਦਲੀ ਗਈ ਤਾਂ ਜਾ ਕੇ ਉਹ ਅਗਲੇ ਟੈਸਟ ਵਿਚ ਅੱਵਲ ਦਰਜਾ ਪ੍ਰਾਪਤ ਕਰ ਸਕਿਆ।

(ਬਾਕੀ ਅਗਲੇ ਸਫੇ 'ਤੇ)

# ਸਾਕਾ ਨੀਲਾ ਤਾਰਾ ਤੇ ਸੇਵਾ ਮੁਕਤ ਅਧਿਕਾਰੀ ਗੁਰਦੇਵ ਸਿੰਘ

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਨੀਲਾ ਤਾਰਾ ਆਪਰੇਸ਼ਨ ਦੇ ਦਿਨਾਂ ਵਿਚੋਂ ਲੰਘਦਿਆਂ ਮੈਨੂੰ ਸੇਵਾ ਮੁਕਤ ਪ੍ਰਸ਼ਾਸਨਿਕ ਅਧਿਕਾਰੀ ਗੁਰਦੇਵ ਸਿੰਘ ਨਾਲ ਬਿਤਾਏ ਕੁਝ ਪਲ ਚੇਤੇ ਆ ਗਏ। ਉਹ ਅੱਜ ਕੱਲ੍ਹ ਸਿੱਖ ਐਜੂਕੇਸ਼ਨਲ ਸੁਸਾਇਟੀ ਦਾ ਪ੍ਰੈਜ਼ੀਡੈਂਟ ਹੈ। ਮੁੱਖ ਦਫਤਰ ਚੰਡੀਗੜ੍ਹ। ਇਹ ਸੁਸਾਇਟੀ 1937 ਵਿਚ ਲਾਹੌਰ ਵਿਖੇ ਸਥਾਪਤ ਹੋਈ ਸੀ, ਜਿਸ ਨੇ ਤੁਰੰਤ ਪੰਜਾਬ ਦੀ ਰਾਜਧਾਨੀ ਲਾਹੌਰ ਵਿਚ ਸਿੱਖ ਨੈਸ਼ਨਲ ਕਾਲਜ ਦੀ ਬੁਨਿਆਦ ਰੱਖੀ ਸੀ। ਸੁਸਾਇਟੀ ਦਾ ਮੂਲ ਮੰਤਵ ਪੰਜਾਬੀ ਭਾਈਚਾਰੇ ਵਿਚ ਅਗਾਂਹਵਧੂ ਵਿਦਿਆ ਦਾ ਚਾਨਣ ਵੰਡਣਾ ਸੀ, ਖਾਸ ਕਰਕੇ ਸਿੱਖਾਂ ਵਿਚ। ਦੇਸ਼ ਵੰਡ ਤੋਂ ਪਿੱਛੋਂ ਲਾਹੌਰ ਵਾਲਾ ਕਾਲਜ ਤਾਂ ਓਧਰ ਰਹਿ ਗਿਆ, ਪਰ ਸੁਸਾਇਟੀ ਦੇ ਪ੍ਰਬੰਧਕਾਂ ਨੇ ਅਹਿਮਦੀਆ ਕਾਲਜ ਕਾਦੀਆਂ ਨੂੰ ਅਪਨਾ ਕੇ ਇਸ ਸੰਸਥਾ ਦਾ ਨਾਂ ਸਿੱਖ ਨੈਸ਼ਨਲ ਕਾਲਜ ਰੱਖਿਆ। ਇਸ ਤੋਂ ਪਿਛੋਂ 1953 ਵਿਚ ਇਸ ਨਾਂ ਦਾ ਕਾਲਜ ਬੰਗਾ ਵਿਚ ਵੀ ਸਥਾਪਤ ਕੀਤਾ। ਬੰਗਾ ਕਸਬਾ ਜਿਲਾ ਸ਼ਹੀਦ ਭਗਤ ਸਿੰਘ ਨਗਰ ਵਿਚ ਪੈਂਦਾ ਹੈ। 1966 ਤੋਂ ਸੁਸਾਇਟੀ ਨੇ ਪੰਜਾਬ ਦੀ ਵਰਤਮਾਨ ਰਾਜਧਾਨੀ ਵਿਚ ਮੁੱਖ ਦਫਤਰ ਸਥਾਪਤ ਕਰਕੇ ਅੱਧੀ ਦਰਜਨ ਤੋਂ ਵੱਧ ਹੋਰ ਸੰਸਥਾਵਾਂ ਸਥਾਪਤ ਕੀਤੀਆਂ।

ਨੀਲਾ ਤਾਰਾ ਆਪਰੇਸ਼ਨ ਸਮੇਂ ਗੁਰਦੇਵ ਸਿੰਘ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਵਜੋਂ ਸੇਵਾ ਨਿਭਾ ਰਿਹਾ ਸੀ ਤੇ ਉਸ ਨੂੰ ਖਬਰ ਸੀ ਕਿ ਦੇਸ਼ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਹੱਤਿਆ ਲਈ ਅਕਾਲ ਤਖਤ ਹਰਿਮੰਦਰ ਸਾਹਿਬ ਉਤੇ ਧਾਵਾ ਬੋਲਣ ਜਾ ਰਹੀ ਹੈ। ਗੁਰਦੇਵ ਸਿੰਘ ਨੇ ਹਰਿਮੰਦਰ ਸਾਹਿਬ ਦੇ ਧਾਵੇ ਦੀ ਸੂਰਤ ਵਿਚ ਪੈਦਾ ਹੋਣ ਵਾਲੀ ਸਥਿਤੀ ਰਾਜਪਾਲ ਰਾਹੀਂ ਕੇਂਦਰ ਤੱਕ ਵੀ ਪਹੁੰਚਾਈ, ਜਿਸ ਨੂੰ ਕਿਸੇ ਨੇ ਗੌਲਿਆ ਨਹੀਂ।

ਉਸ ਨੇ ਤਿੰਨ ਜੂਨ 1984 ਤੋਂ ਲੰਮੀ ਛੁੱਟੀ ਲੈ ਕੇ ਆਪਣੇ ਆਪ ਨੂੰ ਆਉਣ ਵਾਲੀ ਸਥਿਤੀ ਤੋਂ ਲਾਂਭੇ ਕਰ ਲਿਆ। ਉਹ ਜਾਣਦਾ ਸੀ ਕਿ ਕੇਂਦਰ



ਗੁਰਦੇਵ ਸਿੰਘ

ਵਲੋਂ ਕੀਤੇ ਜਾ ਰਹੇ ਅਮਲ ਦੇ ਨਤੀਜੇ ਬਹੁਤ ਮਾੜੇ ਨਿਕਲਣੇ ਸਨ ਤੇ ਉਹ ਕਿਸੇ ਹਾਲਤ ਵਿਚ ਵੀ ਇਨ੍ਹਾਂ ਦਾ ਭਾਗੀ ਨਹੀਂ ਸੀ ਹੋਣਾ ਚਾਹੁੰਦਾ। ਜੋ ਕੁਝ ਹੋਇਆ, ਇਤਿਹਾਸ ਗਵਾਹ ਹੈ-ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਤੇ ਉਸ ਤੋਂ ਪਿੱਛੋਂ ਸਿੱਖ ਕਤਲੇਆਮ ਦੇ ਰੂਪ ਵਿਚ।

ਉਹ ਦਿਨ ਤੇ ਆਹ ਦਿਨ, ਗੁਰਦੇਵ ਸਿੰਘ ਸਦਾ ਹੀ ਪੰਜਾਬ ਤੇ ਪੰਜਾਬ ਨਾਲ ਸਬੰਧਤ ਮਸਲਿਆਂ ਬਾਰੇ ਆਪਣੀ ਨਿਰਪੱਖ ਰਾਇ ਉਤੇ ਪਹਿਰਾ ਦਿੰਦਾ ਆ ਰਿਹਾ ਹੈ। ਇੰਦਰ ਕੁਮਾਰ ਗੁਜਰਾਲ ਦੇ ਕੇਂਦਰ ਦਾ ਵਿਦੇਸ਼ ਮੰਤਰੀ ਬਣਦਿਆਂ ਉਸ ਨੇ ਜੁਲਾਈ 1996 ਵਿਚ ਚਿੱਠੀ ਰਾਹੀਂ ਪੰਜਾਬ ਦੇ ਮਸਲਿਆਂ ਬਾਰੇ ਆਪਣੀ ਧਾਰਨਾ ਜਤਾਈ ਸੀ। ਨਵੰਬਰ 2020 ਵਿਚ ਇਹੀਓ ਪਹੁੰਚ ਅਪਨਾ ਕੇ ਨਰਿੰਦਰ ਮੋਦੀ ਨੂੰ ਵੀ ਇਸ ਤੋਂ ਜਾਣੂੰ ਕਰਵਾਇਆ। ਪੰਜਾਬ ਤੇ ਪੰਜਾਬੀਆਂ ਦੇ ਭਲੇ ਲਈ ਉਸ ਦਾ ਮੰਨਣਾ ਹੈ ਕਿ ਪੰਜਾਬ ਦੀ ਆਪਣੀ ਹਾਈ ਕੋਰਟ ਹੋਣੀ ਚਾਹੀਦੀ ਹੈ ਤੇ ਦਰਿਆਈ ਪਾਣੀਆਂ ਉਤੇ ਇਸ ਦਾ ਪੂਰਨ ਹੱਕ ਹੈ। ਇਸ ਤੋਂ ਬਿਨਾ ਪੰਜਾਬ ਦੇ ਉਦਯੋਗਿਕ, ਵਿਦਿਅਕ ਤੇ ਖੇਤੀਬਾੜੀ ਨਾਲ ਸਬੰਧਤ ਮਸਲੇ ਕੇਂਦਰ ਵਲੋਂ ਦਖਲ ਦਿੱਤੇ ਬਿਨਾ ਰਾਜ ਸਰਕਾਰ ਉੱਤੇ ਛੱਡਣੇ ਚਾਹੀਦੇ ਹਨ। ਇਨ੍ਹਾਂ ਵੱਲ ਲੋੜੀਂਦਾ ਧਿਆਨ ਨਾ ਦੇਣ ਵਿਚ ਇੰਦਰ ਕੁਮਾਰ ਗੁਜਰਾਲ ਦੀ ਕੀ ਮਜਬੂਰੀ ਸੀ, ਉਸ ਦਾ ਤਾਂ ਕਿਸੇ ਨੂੰ ਪਤਾ ਨਹੀਂ; ਨਰਿੰਦਰ ਮੋਦੀ ਨੇ ਗੁਰਦੇਵ ਸਿੰਘ ਦੇ ਸੁਝਾਵਾਂ 'ਤੇ ਅਮਲ ਤਾਂ ਕੀ ਕਰਨਾ ਸੀ, ਖੇਤੀ ਸਬੰਧੀ ਕਾਲੇ ਕਾਨੂੰਨ ਪਾਸ ਕਰਵਾ ਕੇ ਦੇਸ਼ ਦੀ ਸਮੁੱਚੀ ਕਿਰਸਾਨੀ ਨੂੰ ਕਾਰਪੋਰੇਟਾਂ ਦੀ ਝੋਲੀ ਵਿਚ ਪਾ ਦਿੱਤਾ ਹੈ। ਨਤੀਜੇ ਵਜੋਂ ਦੇਸ਼ ਦੀਆਂ ਢਾਈ ਦਰਜਨ ਤੋਂ ਵੱਧ ਕਿਸਾਨ ਜਥੇਬੰਦੀਆਂ ਇਨ੍ਹਾਂ ਨੂੰ ਰੱਦ ਕਰਵਾਉਣ ਲਈ ਦਿੱਲੀ ਦੇ ਬਾਰਡਰ ਉਤੇ ਬੈਠੀਆਂ ਹਨ। ਸਾਕਾ ਨੀਲਾ ਤਾਰਾ ਬਾਰੇ ਉਸ ਦੀ ਧਾਰਨਾ ਕਿੰਨੀ ਸਹੀ ਸੀ, ਜੱਗ ਜਾਣਦਾ ਹੈ; ਕਿਸਾਨੀ ਮਸਲਿਆਂ ਬਾਰੇ ਵੀ ਉਸ ਦੀ ਪਹੁੰਚ ਸਹੀ ਹੁੰਦੀ ਦਿਖਾਈ ਦੇ ਰਹੀ ਹੈ। ਸ਼ਾਂਤਚਿੱਤ ਗੁਰਦੇਵ ਸਿੰਘ ਵਿਗਿਆਨਕ ਪਹੁੰਚ ਦਾ ਮਾਲਕ ਹੈ।

**ਮੇਰੇ ਪਿੰਡ ਦੇ ਪਹੁੰਚ ਮਾਰਗ:** ਮੇਰਾ ਜੱਦੀ ਪਿੰਡ ਸੂਨੀ ਵਿਧਾਨ ਸਭਾ ਹਲਕਾ ਗੜ੍ਹਸ਼ੰਕਰ ਵਿਚ ਪੈਂਦਾ ਹੈ। ਥਾਣਾ ਮਾਹਿਲਪੁਰ ਤੇ ਰੇਲਵੇ ਸਟੇਸ਼ਨ ਸੈਲਾ ਖੁਰਦ। ਇਹ ਪਿੰਡ ਮਜਾਰਾ ਡੀਂਗਰੀਆਂ, ਨੀਲਾ ਸੈਲਾ, ਪੋਸੀ, ਐਮਾ ਜੱਟਾਂ, ਚੱਕ ਸੂਨੀ ਤੇ ਰੀਹਲਾ ਪਿੰਡਾਂ ਵਿਚ ਘਿਰਿਆ ਹੋਇਆ ਹੈ। ਮੇਰੇ ਬਚਪਨ ਵਿਚ ਇਨ੍ਹਾਂ ਪਿੰਡਾਂ ਨੂੰ ਜਾਣ ਲਈ ਰੇਤਲੇ ਰਾਹਾਂ ਵਿਚੋਂ ਜਾਣਾ ਪੈਂਦਾ ਸੀ। ਪਿਛਲੀ ਸਦੀ ਦੇ ਪੰਜਾਹਵਿਆਂ ਵਿਚ ਗੜ੍ਹਸ਼ੰਕਰ ਤੋਂ ਆਦਮਪੁਰ ਦੁਆਬਾ ਨੂੰ ਜਾਣ ਵਾਲੀ ਨਹਿਰ ਬਣਨ ਨਾਲ ਇਸ ਦੀ ਪਟੜੀ ਪੈ ਕੇ ਬਾਹਰਲੀ ਦੁਨੀਆਂ ਨੂੰ ਜਾਣਾ ਸੌਖਾ ਹੋ ਗਿਆ। ਖਾਸ ਕਰਕੇ ਪੋਸੀ ਤੇ ਐਮਾ ਜੱਟਾਂ ਜਾਣਾ। ਇਸ ਪਿੱਛੋਂ ਮਜਾਰਾ ਡੀਂਗਰੀਆਂ ਨੂੰ ਜਾਣ ਵਾਲੇ ਪਹੁੰਚ ਮਾਰਗ ਦੇ ਪੱਕੇ ਹੋਣ ਨਾਲ ਸੈਲਾ ਖੁਰਦ ਤੇ ਮਾਹਿਲਪੁਰ ਜਾਣ ਦੀ ਸੁਵਿਧਾ ਹੋ ਗਈ।

ਦਸ ਕੁ ਸਾਲ ਤੋਂ ਮੇਰੇ ਭਾਣਜੇ ਅਮਰਪ੍ਰੀਤ ਲਾਲੀ ਦੇ ਰਾਜਨੀਤੀ ਵਿਚ ਕੁੱਦਣ ਸਦਕਾ ਕਈ ਤਰ੍ਹਾਂ ਦੀਆਂ ਸੁਵਿਧਾਵਾਂ ਮਿਲਣ ਲੱਗ ਗਈਆਂ ਹਨ। ਉਹ ਆਪਣੇ ਨਾਨਕਾ ਪਿੰਡ ਦੇ ਵਿਕਾਸ ਵੱਲ ਧਿਆਨ ਰੱਖਦਾ ਹੈ। ਹੁਣ ਮੇਰੇ ਪਿੰਡ ਦੀ ਫਿਰਨੀ ਪੱਕੀ ਹੈ ਤੇ ਪਹੁੰਚ ਮਾਰਗ ਵੀ ਪੱਕੇ ਹੋ ਗਏ ਹਨ। ਐਮਾ ਜੱਟਾਂ, ਚੱਕ ਸੂਨੀ ਤੇ ਰੀਹਲਾ ਪਿੰਡ ਜਾਣ ਲਈ ਪੱਕੀਆਂ ਸੜਕਾਂ ਹਨ। ਅਮਰਪ੍ਰੀਤ ਕੁੱਲ ਹਿੰਦ ਯੂਥ ਕਾਂਗਰਸ ਦਾ ਜਨਰਲ ਸਕੱਤਰ ਹੈ ਤੇ ਉਸ ਨੇ ਆਪਣਾ ਰਸੂਖ ਵਰਤ ਕੇ ਕੈਬਨਿਟ ਮੰਤਰੀ ਵਿਜੇ ਇੰਦਰ ਸਿੰਗਲਾ ਰਾਹੀਂ ਸੂਨੀ ਤੋਂ ਰੀਹਲਾ ਵਿਚਕਾਰ ਪੈਂਦੇ ਬਰਸਾਤੀ ਚੋਅ ਉੱਤੇ ਪੁਲ ਬਣਾਉਣ ਦਾ ਯਤਨ ਕੀਤਾ ਹੈ। ਬਰਸਾਤੀ ਪਾਣੀ ਬੱਚੇ-ਬੁੱਢਿਆਂ ਨੂੰ ਪ੍ਰੇਸ਼ਨ ਕਰਦਾ ਸੀ। ਪੁਲ ਦਾ ਨੀਂਹ ਪੱਥਰ ਸੀਨੀਅਰ ਕਾਂਗਰਸੀ ਆਗੂ ਬਖਤਾਵਰ ਸਿੰਘ ਮਜਾਰਾ ਡੀਂਗਰੀਆਂ ਨੇ ਰੱਖਿਆ, ਜਿਸ ਵਿਚ ਅਮਰਪ੍ਰੀਤ ਲਾਲੀ ਤੋਂ ਬਿਨਾ ਨਵਰਿੰਦਰਜੀਤ ਸਿੰਘ ਮਾਨ, ਜਨਰਲ ਸਕੱਤਰ ਪੰਜਾਬ ਯੂਥ ਕਾਂਗਰਸ, ਅਮਰਜੀਤ ਕੌਰ ਸੰਧੂ ਸਰਪੰਚ ਸੂਨੀ, ਸਾਬਕਾ ਸਰਪੰਚ ਅਮਨਦੀਪ ਸਿੰਘ ਸੰਧੂ, ਬਲਬੀਰ ਸਿੰਘ ਐਮਾ ਜੱਟਾਂ, ਨਿਸ਼ਾਨ ਸਿੰਘ ਚੱਕ ਸੂਨੀ ਤੇ ਹੋਰ ਪਤਵੰਤੇ ਸੱਜਣਾਂ ਨੇ ਸ਼ਿਰਕਤ ਕੀਤੀ। ਅਮਰਪ੍ਰੀਤ ਨੇ ਵਚਨ ਦਿੱਤਾ ਕਿ ਉਹਦੇ ਵਲੋਂ ਗੜ੍ਹਸ਼ੰਕਰ ਹਲਕੇ ਦੇ ਸਰਬਪੱਖੀ ਵਿਕਾਸ ਵੱਲ ਹਰ ਤਰ੍ਹਾਂ ਦਾ ਯਤਨ ਜਾਰੀ ਰਹੇਗਾ।

**ਅੰਤਿਕਾ: ਪ੍ਰੋ. ਮੋਹਨ ਸਿੰਘ (ਮਾਹਿਰ)**

ਰੱਬ ਇਕ ਗੁੰਝਲਦਾਰ ਬੁਝਾਰਤ
ਰੱਬ ਇਕ ਗੋਰਖਧੰਦਾ,
ਖੋਲ੍ਹਣ ਲੱਗਿਆਂ ਪੇਚ ਏਸ ਦੇ
ਕਾਫਰ ਹੋ ਜਾਏ ਬੰਦਾ।
ਕਾਫਰ ਹੋਣੋਂ ਮੂਲ ਨਾ ਡਰ ਸੈਂ
ਖੋਜੋਂ ਮੂਲ ਨਾ ਖੁੰਝੀਂ,
ਲਾਈਲਗ ਮੋਮਨ ਦੇ ਨਾਲੋਂ
ਖੋਜੀ ਕਾਫਰ ਚੰਗਾ।

# ਸੱਤਾਧਾਰੀਆਂ ਨੂੰ ਜਨਤਾ ਦਾ ਧਿਆਨ ਹੀ ਨਹੀਂ ਹੁੰਦਾ

ਦਲੀਪ ਸਿੰਘ ਵਾਸਨ
ਫੋਨ: 0175-5191856

ਹਕੂਮਤਾਂ ਦੇ ਨਾਮ ਬਦਲਦੇ ਰਹੇ ਹਨ, ਪਰ ਅੱਜ ਤੱਕ ਕਿਸੇ ਨੇ ਇਹ ਨਹੀਂ ਆਖਿਆ ਕਿ ਰਾਜ ਦਾ ਤਰੀਕਾ ਅਤੇ ਸਿਧਾਂਤ ਵੀ ਬਦਲ ਗਏ ਹਨ। ਇਸ ਕਰਕੇ ਜਨਤਾ ਦਾ ਦਰਜਾ ਚਾਹੇ ਮਾਲਕਾਂ ਵਾਲਾ ਬਣਾ ਦਿੱਤਾ ਗਿਆ ਹੈ, ਪਰ ਅਸੀਂ ਤਾਂ ਕੀ, ਦੁਨੀਆਂ ਦੇ ਕਿਸੇ ਵੀ ਦੇਸ਼ ਵਿਚ ਜਨਤਾ ਦਾ ਦਰਜਾ ਉਚੇਰਾ ਨਹੀਂ ਕੀਤਾ ਜਾ ਸਕਿਆ। ਸਾਨੂੰ ਵੋਟਾਂ ਪਾਉਣ ਦਾ ਅਧਿਕਾਰ ਤਾਂ ਦੇ ਦਿੱਤਾ ਗਿਆ ਹੈ, ਪਰ ਹਾਲੇ ਤਕ ਇਹ ਅਧਿਕਾਰ ਨਹੀਂ ਮਿਲਿਆ ਕਿ ਅਸੀਂ ਆਪਣਾ ਪ੍ਰਤੀਨਿਧ ਹੀ ਚੁਣ ਕੇ ਸਦਨ ਵਿਚ ਭੇਜ ਸਕੀਏ। ਅਸੀਂ ਜਿਸ ਵੀ ਆਦਮੀ ਨੂੰ ਵੋਟਾਂ ਪਾਈ ਜਾਂਦੇ ਹਾਂ, ਉਹ ਲੋਕਾਂ ਦਾ ਪ੍ਰਤੀਨਿਧ ਨਹੀਂ, ਸਗੋਂ ਕਿਸੇ ਵਿਅਕਤੀ ਵਿਸ਼ੇਸ਼ ਦਾ ਨਾਮਜ਼ਦ ਕੀਤਾ ਆਦਮੀ ਹੀ ਚੁਣੀ ਜਾਂਦੇ ਹਾਂ, ਤਾਂ ਕਿ ਕੋਈ ਵਿਅਕਤੀ ਵਿਸ਼ੇਸ਼ ਬਹੁਮਤ ਲੈ ਕੇ ਆਪਣਾ ਰਾਜ ਸਥਾਪਿਤ ਕਰ ਸਕੇ। ਇਹ ਆਦਮੀ ਸਦਨ ਵਿਚ ਜਾ ਕੇ ਲੋਕਾਂ ਦੀ ਪ੍ਰਤੀਨਿਧਤਾ ਨਹੀਂ ਕਰਦਾ, ਸਗੋਂ ਚੁਪ ਕਰਕੇ ਬੈਠਦਾ ਹੈ ਅਤੇ ਆਪਣੇ ਸਰਦਾਰ ਦੇ ਹਰ ਕੀਤੇ ਉਤੇ ਵਾਹ ਵਾਹ ਕਰੀ ਜਾਂਦਾ ਹੈ।

ਰਾਜ ਬਦਲਦੇ ਰਹੇ ਹਨ, ਪਰ ਹਾਕਮ ਸਦਾ ਹੀ ਵੱਖਰੇ ਰਹੇ ਹਨ ਅਤੇ ਜਨਤਾ ਵੀ ਸਦਾ ਹੀ ਵੱਖਰੀ ਰੱਖੀ ਗਈ ਹੈ। ਅੱਗੇ ਰਾਜਿਆਂ ਦੇ ਦਰਬਾਰਾਂ ਵਿਚ ਕੁਝ ਲੋਕ ਐਸੇ ਇਕੱਠੇ ਕੀਤੇ ਜਾਂਦੇ ਸਨ, ਜੋ ਦਰਬਾਰੀ ਅਖਵਾਉਂਦੇ ਸਨ, ਪਰ ਉਹ ਵੀ ਸਿਰਫ ਅਤੇ ਸਿਰਫ ਹਾਕਮ ਦੇ ਆਖਿਆਂ ਵਾਹ ਵਾਹ ਕਰਨ ਦੀ ਹੀ ਤਾਕਤ ਰੱਖਦੇ ਸਨ। ਕਿਸੇ ਵੀ ਦਰਬਾਰੀ ਪਾਸ ਇਹ ਅਧਿਕਾਰ ਨਹੀਂ ਸੀ ਹੁੰਦਾ ਕਿ ਉਹ ਆਪਣੀ ਰਾਏ ਦੇ ਸਕੇ ਅਤੇ ਅੱਜ ਇਹ ਜਿਹੜੀਆਂ ਸਦਨਾ ਬਣ ਆਈਆਂ ਹਨ, ਜਿਹੜੇ ਵਿਧਾਇਕ ਅਸੀਂ ਚੁਣਦੇ ਹਾਂ, ਇਹ ਸਦਨ ਵਿਚ ਜਾ ਕੇ ਬਸ ਦੋ ਹਿੱਸਿਆਂ ਵਿਚ ਵੰਡ ਦਿੱਤੇ ਜਾਂਦੇ ਹਨ। ਇਕ ਹਿੱਸਾ ਸਰਕਾਰੀ ਅਖਵਾਈ ਜਾਂਦਾ ਹੈ ਤੇ ਦੂਜਾ ਹਿੱਸਾ ਵਿਰੋਧੀ ਧਿਰਾਂ ਦਾ ਬਣ ਜਾਂਦਾ ਹੈ।

ਭਾਰਤ ਵਿਚ ਸਿਰਫ ਤੇ ਸਿਰਫ ਇਕ ਹੀ ਆਦਮੀ ਦੀ ਚਲਦੀ ਹੈ ਅਤੇ ਉਹ ਹੁੰਦਾ ਹੈ ਪ੍ਰਧਾਨ ਮੰਤਰੀ। ਸਰਕਾਰੀ ਧਿਰਾਂ ਅਖਵਾ ਰਹੇ ਵਿਧਾਇਕ ਤਾਂ ਬੋਲ ਹੀ ਨਹੀਂ ਸਕਦੇ ਅਤੇ ਸਿਰਫ ਵਾਹ ਵਾਹ ਹੀ ਕਰੀ ਜਾਂਦੇ ਹਨ। ਜਿਹੜੀਆਂ ਵਿਰੋਧੀ ਧਿਰਾਂ ਹਨ, ਉਹ ਪਹਿਲਾਂ ਤਾਂ ਬੋਲੀਦੀਆਂ ਹੀ ਨਹੀਂ ਅਤੇ ਜੇ ਕੋਈ ਬੋਲਣ ਦੀ ਹਿੰਮਤ ਕਰ ਵੀ ਲਵੇ ਤਾਂ ਉਸ ਦੀ ਕੋਈ ਵੀ ਨਹੀਂ ਸੁਣਦਾ। ਵਿਰੋਧੀ ਧਿਰਾਂ ਬਸ ਅਗਲੀਆਂ ਚੋਣਾਂ ਦੀ ਉਡੀਕ ਵਿਚ ਹੀ ਰਹਿੰਦੀਆਂ ਹਨ। ਕੋਈ ਬਿਲ ਵਗੈਰਾ ਬਣਾ ਕੇ ਪੇਸ਼ ਕਰਨ ਤੋਂ ਟਲਦੀਆਂ ਹਨ, ਕਿਉਂਕਿ ਡਰਦੀਆਂ ਹਨ ਕਿ ਗਿਣਤੀ ਘਟ ਹੋਣ ਕਾਰਨ ਸਰਕਾਰੀ ਧਿਰ ਨੇ ਪਾਸ ਹੀ ਨਹੀਂ ਹੋਣ ਦੇਣਾ। ਜਨਤਾ ਬਸ ਖਬਰਾਂ/ਤਬਸਰੇ ਸੁਣੀ ਜਾਂਦੀ ਹੈ। ਟੀਕਾ ਟਿੱਪਣੀ ਤਾਂ ਕੀਤੀ ਜਾਂਦੀ ਹੈ, ਪਰ ਇਹ ਸਦਨਾ ਤਕ ਪੁਜਦੀ ਹੀ ਨਹੀਂ ਹੈ। ਅਜੀਬ ਕਿਸਮ ਦਾ ਪਰਜਾਤੰਤਰ ਆ ਬਣਿਆ ਹੈ। ਅਰਥਾਤ ਸਾਡੇ ਲਈ ਆਜ਼ਾਦੀ ਤੇ ਇਹ ਪਰਜਾਤੰਤਰ ਕੋਈ ਮਾਅਨੇ ਨਹੀਂ ਰਖਦੇ।

ਜਨਤਾ ਦਾ ਦਰਜਾ ਬਸ ਇੰਨਾ ਹੀ ਹੈ ਕਿ ਚੋਣਾਂ ਵਕਤ ਵੱਡੇ ਵੱਡੇ ਲੀਡਰ ਬਣੇ ਫਿਰਦੇ ਆਦਮੀ ਵੀ ਉਸ ਤਕ ਪਹੁੰਚ ਕਰਦੇ ਹਨ ਅਤੇ ਜੇ ਕੋਈ ਮਜ਼ਦੂਰ ਬਹੁਤ ਹੀ ਦੂਰ ਦਿਹਾੜੀਆਂ ਕਰਨ ਗਿਆ ਹੋਇਆ ਹੈ ਤਾਂ ਉਸ ਦਾ ਕਿਰਾਇਆ ਤੇ ਦਿਹਾੜੀਆਂ ਦੇ ਕੇ ਉਸ ਨੂੰ ਬੁਲਾਇਆ ਜਾਂਦਾ ਹੈ ਅਤੇ ਵੋਟ ਪਾਉਣ ਤੋਂ ਪਹਿਲਾਂ ਉਸ ਦੀ ਕੀ ਹਾਲਤ ਸੀ ਤੇ ਵੋਟਾਂ ਪਾਉਣ ਬਾਅਦ ਵੀ ਉਸ ਦੀ ਹਾਲਤ ਕੀ ਬਣ ਜਾਂਦੀ ਹੈ, ਇਹ ਅਸਾਂ ਦੇਖ ਹੀ ਲਿਆ ਹੈ। ਵਿਧਾਇਕਾਂ ਨੇ, ਜੋ ਗਰੀਬਾਂ ਦੀਆਂ ਵੋਟਾਂ ਨਾਲ ਹੀ ਜਿੱਤਦੇ ਰਹੇ ਹਨ, ਅੱਜ ਤੱਕ ਕਿਸੇ ਵੀ ਸਦਨ ਵਿਚ ਗਰੀਬੀ ਦੂਰ ਕਰਨ ਲਈ ਕੋਈ ਸਕੀਮ ਬਣਾ ਕੇ ਨਹੀਂ ਦਿਖਾਈ ਹੈ।

ਸਰਕਾਰਾਂ ਚਾਹੇ ਇਹ ਮਿਥਿਹਾਸ ਦੀਆਂ ਸਨ, ਚਾਹੇ ਇਹ ਸਾਡੇ ਆਪਣੇ ਮੁਲਕ ਦੇ ਰਾਜਿਆਂ, ਮਹਾਰਾਜਿਆਂ ਤੇ ਸਮਰਾਟਾਂ ਦੀਆਂ ਸਨ ਅਤੇ ਚਾਹੇ ਬਾਅਦ ਵਿਚ ਮੁਗਲਾਂ ਦੀ ਗੁਲਾਮੀ ਦਾ ਵਕਤ ਸੀ-ਕਿਸੇ ਵੀ ਸਰਕਾਰ ਨੇ ਲੋਕਾਂ ਵੱਲ ਧਿਆਨ ਨਹੀਂ




ਸੀ ਦਿੱਤਾ ਅਤੇ ਇਕ ਤਰ੍ਹਾਂ ਨਾਲ ਲੋਕਾਂ ਦਾ ਜੀਵਨ ਬਸ ਗੁਲਾਮਾਂ ਵਰਗਾ ਹੀ ਸੀ। ਫਿਰ ਅੰਗਰੇਜ਼ ਆਏ ਅਤੇ ਇਹ ਸਰਕਾਰ ਵੀ ਬਾਹਰ ਇੰਗਲੈਂਡ ਵਿਚ ਬੈਠੀ ਸੀ ਤੇ ਸਾਡੇ ਉਤੇ ਮੁਲਾਜ਼ਮਾਂ ਰਾਹੀਂ ਰਾਜ ਕਰ ਰਹੀ ਸੀ।

ਇਹ ਅੱਜ ਜਿਹੜਾ ਵੀ ਲੋਕਾਂ ਵੱਲ ਧਿਆਨ ਦੇਣ ਦੀ ਗੱਲ ਹੈ, ਇਹ ਅੰਗਰੇਜ਼ ਸਰਕਾਰ ਦਾ ਸ਼ੁਰੂ ਕੀਤਾ ਹੋਇਆ ਹੈ। ਇਹ ਸਕੂਲ, ਕਾਲਜ, ਯੂਨੀਵਰਸਿਟੀਆਂ, ਸਿਖਲਾਈ ਕੇਂਦਰ, ਹਸਪਤਾਲ, ਕਾਰਖਾਨੇ, ਵੱਡੀਆਂ ਕੰਪਨੀਆਂ, ਰੇਲਾਂ, ਸੜਕਾਂ, ਬਿਜਲੀ, ਨੌਕਰੀਆਂ, ਤਨਖਾਹਾਂ, ਲਿਖਤੀ ਕਾਨੂੰਨ, ਪੁਲਿਸ, ਮਿਲਟਰੀ, ਸਾਰਾ ਪ੍ਰਸ਼ਾਸਨ, ਅਦਾਲਤਾਂ, ਲਿਖਤੀ ਨਿਯਮਾਵਲੀਆਂ ਆਦਿ ਅੰਗਰੇਜ਼ਾਂ ਦੀ ਦੇਣ ਹੈ ਅਤੇ ਇਹੀ ਅੱਜ ਤਕ ਚਲਦਾ ਆ ਰਿਹਾ ਹੈ। ਇਹ ਸਰਕਾਰ ਲੋਕਾਂ ਵਲ ਜਿੰਨਾ ਕੁ ਧਿਆਨ ਦੇ ਰਹੀ ਸੀ, ਸਿਲਸਿਲਾ ਬਸ ਉਨਾ ਕੁ ਹੀ ਅੱਜ ਤਕ ਚਲਦਾ ਆ ਰਿਹਾ ਹੈ। ਸਰਕਾਰ ਉਹ ਵੀ ਲੋਕਾਂ ਨੂੰ ਗੁਲਾਮ ਹੀ ਰੱਖ ਰਹੀ ਸੀ।

ਸਮੇਂ ਸਮੇਂ ਸੱਤਾ ਐਸੇ ਲੋਕਾਂ ਹੱਥ ਆਉਂਦੀ ਰਹੀ ਹੈ, ਜੋ ਮਾੜੀਆਂ ਮੋਟੀਆਂ ਰਿਆਇਤਾਂ ਹੀ ਦੇ ਕੇ ਕੰਮ ਸਾਰਦੇ ਰਹੇ ਹਨ। ਸਰਕਾਰਾਂ ਨੂੰ ਭਾਵੇਂ ਅਸੀਂ ਆਪ ਹੀ ਚੁਣ ਕੇ ਬਣਾਇਆ ਹੋਵੇ, ਉਹ ਵੀ ਜਨਤਾ ਤੋਂ ਦੂਰ ਹੀ ਰਹਿ ਕੇ ਆਪਣਾ ਸਮਾਂ ਕੱਟਦੀਆਂ ਹਨ। ਲੋਕਾਂ ਦੀਆਂ ਸਮੱਸਿਆਵਾਂ ਦਿਨੋ ਦਿਨ ਵਧ ਰਹੀਆਂ ਹਨ ਤੇ ਇਨ੍ਹਾਂ ਦਾ ਜ਼ਿਕਰ ਕਰਕੇ ਵੋਟਾਂ ਲਈਆਂ ਜਾਂਦੀਆਂ ਹਨ। ਲੋਕਾਂ ਦੀਆਂ ਸਮੱਸਿਆਵਾਂ ਹੀ ਨਾ ਹੋਣ ਤਾਂ ਸਿਆਸੀ ਲੋਕਾਂ ਨੂੰ ਵੋਟਾਂ ਕੌਣ ਪਾਵੇਗਾ?

# ਬੈਚ ਫੁੱਲ ਲਾਰਚ: ਹੀਣ-ਭਾਵਨਾ

*(ਪਿਛਲੇ ਸਫੇ ਦੀ ਬਾਕੀ)*

ਲਾਰਚ ਬਾਰੇ ਯਾਦ ਰੱਖਣ ਵਾਲੀ ਸਭ ਤੋਂ ਵੱਡੀ ਗੱਲ ਇਹ ਹੈ ਕਿ ਇਹ ਹੀਣ-ਭਾਵਨਾ ਦੂਰ ਕਰਦੀ ਹੈ। ਹੀਣ-ਭਾਵਨਾ ਕਿਸੇ ਵਿਅਕਤੀ ਦੇ ਸਬੰਧ ਵਿਚ ਹੀ ਹੋ ਸਕਦੀ ਹੈ, ਚੀਜ਼ ਵਸਤ ਦੇ ਸਬੰਧ ਵਿਚ ਨਹੀਂ। ਜੇ ਕੋਈ ਕਹੇ, ਮੇਰੇ ਕੋਲ ਕਿਤਾਬਾਂ ਜਾਂ ਲੈਪਟਾਪ ਨਹੀਂ, ਇਸ ਲਈ ਮੈਂ ਚੰਗਾ ਪੜ੍ਹ-ਲਿਖ ਨਹੀਂ ਸਕਦਾ, ਉਸ ਨੂੰ ਲਾਰਚ ਦੇਣੀ ਨਹੀਂ ਬਣਦੀ, ਕਿਉਂਕਿ ਉਸ ਨੇ ਇਕ ਤੱਥ ਬਿਆਨ ਕੀਤਾ ਹੈ, ਹੀਣ-ਭਾਵਨਾ ਜਾਹਰ ਨਹੀਂ ਕੀਤੀ। ਭਾਵ ਉਸ ਨੇ ਆਪਣੇ ਕਥਨ ਵਿਚ ਆਪਣੇ ਆਪ ਨੂੰ ਕਿਸੇ ਦੂਜੇ ਤੋਂ ਘੱਟ ਸਮਝ ਕੇ ਹੌਸਲਾ ਨਹੀਂ ਢਾਹਿਆ, ਪਰ ਜੇ ਉਹ ਕਹੇ ਕਿ ਮੈਂ ਉਨ੍ਹਾਂ ਦੀ ਰੀਸ ਨਹੀਂ ਕਰ ਸਕਦਾ, ਜਿਹੜੇ ਕਿਤਾਬਾਂ ਤੇ ਲੈਪਟਾਪ ਦੀ ਮਦਦ ਨਾਲ ਬਹੁਤ ਹੁਸ਼ਿਆਰ ਹੋ ਗਏ ਹਨ ਤਾਂ ਉਸ ਨੂੰ ਲਾਰਚ ਹੀ ਦਿਉ। ਜਿਹੜੇ ਆਪਣੇ ਬਾਰੇ ਵਾਰ ਵਾਰ ਇਹ ਕਹਿਣ, "ਕਿੱਥੇ ਰਾਜਾ ਭੋਜ ਤੇ ਕਿੱਥੇ ਗੰਗੂ ਤੇਲੀ," ਉਨ੍ਹਾਂ ਦੀ ਵੀ ਇਹੀ ਦਵਾਈ ਹੈ। ਜਿਹੜੇ ਦੂਜਿਆਂ ਦੇ ਮੁਕਾਬਲੇ ਆਪਣੀ ਤਿਆਰੀ ਨੂੰ ਤੁੱਛ ਸਮਝ ਕੇ ਘਬਰਾਉਂਦੇ ਹਨ ਤੇ ਆਪਣੇ ਟੈਸਟ ਦੇਣ ਨਹੀਂ ਜਾਂਦੇ, ਉਹ ਵੀ ਲਾਰਚ ਦੇ ਹੀ ਰੋਗੀ ਹੁੰਦੇ ਹਨ। ਜਿਹੜੇ ਪੁਰਾਣੀਆਂ ਅਣਸੁਖਾਵੀਆਂ ਘਟਨਾਵਾਂ ਵਿਚ ਦੂਜਿਆਂ ਦੀਆਂ ਵਧੀਕੀਆਂ ਬਾਰੇ ਸੋਚ ਕੇ ਨਿਮੋਝੂਣੇ ਹੋਈ ਜਾਂਦੇ ਹਨ, ਜਿਹੜੇ ਆਪਣੇ ਕੀਤੇ ਪਾਪਾਂ ਤੇ ਕੁਤਾਹੀਆਂ ਕਾਰਨ ਸ਼ਰਮਸ਼ਾਰ ਹੋਈ ਜਾਂਦੇ ਹਨ, ਤੇ ਜਿਹੜੇ ਆਪਣੀ ਢਾਹੂ ਮਨੋਦਸ਼ਾ ਕਾਰਨ ਦੂਜਿਆਂ ਸਾਹਮਣੇ ਅੱਖਾਂ ਨਹੀਂ ਚੁੱਕਦੇ, ਉਹ ਸਭ ਲਾਰਚ ਤੋਂ ਲਾਭ ਉਠਾ ਸਕਦੇ ਹਨ।

ਲਾਰਚ ਦੇ ਮਰੀਜ਼ ਅੰਤਰਮੁਖੀ (Introvert) ਹੁੰਦੇ ਹਨ। ਉਨ੍ਹਾਂ ਨੂੰ ਆਮ ਤੌਰ 'ਤੇ ਮਾਨਸਿਕ ਥਕੇਵਾਂ ਘੇਰੀ ਰੱਖਦਾ ਹੈ। ਉਹ ਸੁਸਤ, ਆਲਸੀ ਤੇ ਆਪਣੇ ਵਿਚ ਮਸਤ ਹੁੰਦੇ ਹਨ। ਚੁਸਤੀ, ਚਾਅ ਤੇ ਜਵਾਨ-ਰਸ ਉਨ੍ਹਾਂ ਨੇੜੇ ਨਹੀਂ ਲਗਦਾ। ਉਨ੍ਹਾਂ ਨੂੰ ਵਧੇਰੇ ਕਰਕੇ ਚਮੜੀ ਦੇ ਰੋਗ ਤੇ ਪਾਚਨ ਸਬੰਧੀ ਵਿਕਾਰ ਹੁੰਦੇ ਰਹਿੰਦੇ ਹਨ। ਇਸ ਤੋਂ ਇਲਾਵਾ ਉਹ ਸਿਰਦਰਦ ਦੇ ਦੌਰਿਆਂ (Migraines) ਤੇ ਮਿਹਦੇ ਦੇ ਫੋੜੇ ਦੇ ਵੀ ਸ਼ਿਕਾਰ ਹੋ ਸਕਦੇ ਹਨ। ਲਾਰਚ ਲੈਣ ਨਾਲ ਨਾ ਸਿਰਫ ਉਨ੍ਹਾਂ ਦੇ ਸਰੀਰਕ ਦੁਖ ਦੂਰ ਹੋ ਜਾਣਗੇ, ਸਗੋਂ ਉਨ੍ਹਾਂ ਦੇ ਮੈਦਾਨ ਵਿਚ ਨਾ ਨਿਤਰਨ ਜਾਂ ਮੈਦਾਨ ਛੱਡਣ ਜਿਹੇ ਲੱਛਣ ਵੀ ਖਤਮ ਹੋ ਜਾਣਗੇ। ਉਹ ਇਕ ਨਵੇਂ ਉਤਸ਼ਾਹ ਨਾਲ ਅੱਗੇ ਆ ਕੇ ਜੀਵਨ ਦੀਆਂ ਗਤੀਵਿਧੀਆਂ ਵਿਚ ਹਿੱਸਾ ਲੈ ਸਕਣਗੇ। ਲਾਰਚ ਦਵਾਈ ਉਨ੍ਹਾਂ ਵਿਚ ਇਕ ਨਵੀਂ ਤਾਕਤ ਤੇ ਤਾਕਤ ਅਜ਼ਮਾਈ ਦਾ ਹੁਨਰ ਪੈਦਾ ਕਰੇਗੀ। ਇਸ ਦੇ ਸੇਵਨ ਨਾਲ ਉਹ ਮੁੱਖਧਾਰਾ ਵਿਚ ਆ ਕੇ ਹੌਸਲੇ ਨਾਲ ਜੀਵਨ ਬਤੀਤ ਕਰਨ ਲੱਗਣਗੇ।

# ਜ਼ਿੰਦਗੀ ਦੀ ਉਦਾਸ ਸ਼ਾਮ ਦਾ ਨਾਟਕ 'ਬੁੱਢੀ ਮੈਨਾ ਦਾ ਗੀਤ'

*(ਸਫਾ 28 ਦੀ ਬਾਕੀ)*

ਇਨਸਾਫ ਕੀਤਾ। ਕੈਨੇਡਾ ਵਿਚ ਇਹ ਨਾਟਕ 'ਢਲਦੇ ਪਰਛਾਵੇਂ' ਦੇ ਨਾਂ ਹੇਠ ਖੇਡਿਆ ਗਿਆ। ਮੈਨੂੰ ਇਹ ਨਾਂ ਜ਼ਿਆਦਾ ਵਧੀਆ ਲੱਗਿਆ। ਕੈਨੇਡਾ ਦੀਆਂ ਕਈ ਸਭਿਆਚਾਰਕ ਸੰਸਥਾਵਾਂ ਵੱਲੋਂ ਮੋਹਨ ਬੱਗਨ ਦੇ ਸਨਮਾਨ ਵਿਚ ਵਿਸ਼ੇਸ਼ ਪ੍ਰੋਗਰਾਮ ਉਲੀਕੇ ਗਏ ਅਤੇ ਕੈਨੇਡਾ ਦੇ ਪ੍ਰਸਿੱਧ ਪੰਜਾਬੀ ਅਖਬਾਰਾਂ ਨੇ ਇਸ ਨਾਟਕ ਦੀਆਂ ਪੇਸ਼ਕਾਰੀਆਂ ਸਬੰਧੀ ਲਿਖਿਆ।

ਜਿੱਥੇ ਇਸ ਨਾਟਕ ਨਾਲ ਮੇਰੀਆਂ ਖੁਸ਼ਗਵਾਰ ਯਾਦਾਂ ਜੁੜੀਆਂ ਹੋਈਆਂ ਹਨ, ਉੱਥੇ ਇਕ ਕੌੜੀ-ਕੁਸੈਲੀ ਯਾਦ ਵੀ ਹੈ। ਮੈਨੂੰ ਭਾਸ਼ਾ ਵਿਭਾਗ ਪੰਜਾਬ ਵੱਲੋਂ 1987 ਵਿਚ ਮੇਰੇ ਨਾਟਕ ਸੰਗ੍ਰਹਿ 'ਦੋ ਬੂਹਿਆਂ ਵਾਲਾ ਘਰ' ਲਈ ਈਸ਼ਵਰ ਚੰਦਰ ਨੰਦਾ ਸਨਮਾਨ ਮਿਲਿਆ। ਮੈਂ ਉਸ ਸਮੇਂ ਦੀ ਡਿਪਟੀ ਡਾਇਰੈਕਟਰ ਮੈਡਮ ਵਾਲੀਆ ਨਾਲ 'ਬੁੱਢੀ ਮੈਨਾ ਦਾ ਗੀਤ' ਨਾਟਕ ਸਬੰਧੀ ਗੱਲ ਕੀਤੀ। ਨਾਟਕ ਦੀ ਕਹਾਣੀ ਸੁਣ ਕੇ ਉਹ ਬਹੁਤ ਪ੍ਰਭਾਵਿਤ ਹੋਏ। ਪੂਰਾ ਨਾਟਕ ਪੜ੍ਹ ਕੇ ਉਨ੍ਹਾਂ ਨੇ ਉਸ ਸਮੇਂ ਦੇ ਡਾਇਰੈਕਟਰ ਤੋਂ ਮਨਜ਼ੂਰੀ ਲੈ ਲਈ ਕਿ ਇਹ ਨਾਟਕ ਭਾਸ਼ਾ ਵਿਭਾਗ ਵੱਲੋਂ ਪ੍ਰਕਾਸ਼ਿਤ ਕੀਤਾ ਜਾਵੇਗਾ। ਭਾਸ਼ਾ ਵਿਭਾਗ ਨਾਲ ਇਹ ਮੇਰਾ ਪਹਿਲਾ ਵਾਹ ਸੀ। ਮੈਨੂੰ ਨਹੀਂ ਸੀ ਪਤਾ ਕਿ ਇਹ ਵਿਭਾਗ ਲੇਖਕਾਂ ਦੀਆਂ ਕਿਤਾਬਾਂ ਪ੍ਰਕਾਸ਼ਿਤ ਕਰਨ ਵਿਚ ਕਿੰਨਾ ਸਮਾਂ ਲਾਉਂਦਾ ਹੈ? ਮੇਰਾ ਇਹ ਨਾਟਕ ਛਾਪਣ ਨੂੰ ਵਿਭਾਗ ਨੇ ਵੀਹ ਸਾਲ ਤੋਂ ਵੀ ਉੱਪਰ ਦਾ ਸਮਾਂ ਲਾ ਦਿੱਤਾ। ਖੈਰ, ਇਹ ਲੰਬੀ ਕਹਾਣੀ ਹੈ।

ਮੈਂ 'ਬੁੱਢੀ ਮੈਨਾ ਦਾ ਗੀਤ' ਨਾਟਕ ਦੇ ਅਨੁਵਾਦ ਤੋਂ ਬਹੁਤ ਕੁਝ ਸਿੱਖਿਆ, ਇਸ ਦੀਆਂ ਪੇਸ਼ਕਾਰੀਆਂ ਨੂੰ ਯਾਦ ਕਰਕੇ ਹੁਣ ਵੀ ਰੂਹ ਖੁਸ਼ ਹੋ ਜਾਂਦੀ ਹੈ ਅਤੇ ਉਸ ਮਹਾਨ ਨਾਟਕਕਾਰ ਸ੍ਰੀ ਜੈਵੰਤ ਦਲਵੀ ਦੀ ਯਾਦ 'ਚ ਸਿਰ ਝੁਕ ਜਾਂਦਾ ਹੈ।

# ਸਿਨੇਮਾ ਦੀ ਪੜ੍ਹਾਈ ਸਿਖਲਾਈ ਦੀ ਵਿਆਕਰਨ 'ਸਿਟੀਜ਼ਨ ਕੇਨ'


## ਵਿਰਾਸਤ-ਏ-ਸਿਨੇਮਾ



**ਡਾ. ਕੁਲਦੀਪ ਕੌਰ**
ਫੋਨ: +91-98554-04330


*'ਸਿਟੀਜ਼ਨ ਕੇਨ' ਨੂੰ ਸਿਰਫ ਫਿਲਮ ਦੇ ਤੌਰ 'ਤੇ ਪੜ੍ਹਨਾ ਇਸ ਨਾਲ ਬੇਇਨਸਾਫੀ ਹੋਵੇਗੀ। ਇਹ ਉਸ ਦੌਰ ਦੇ ਰੇਡੀਓ ਤੇ ਸਟੂਡੀਓ ਆਧਾਰਿਤ ਸਿਨੇਮਾ ਦਾ ਸੱਚ ਸਾਹਮਣੇ ਲਿਆਉਂਦੀ ਹੈ। ਫਿਲਮ ਦੀ ਕਹਾਣੀ ਬੇਹੱਦ ਸਾਧਾਰਨ ਹੈ ਪਰ ਇੰਨੀ ਗੁੰਝਲਦਾਰ ਹੈ ਕਿ ਇਸ ਵਿਚੋਂ ਸੱਚ ਨਿਤਾਰਨਾ ਔਖਾ ਹੈ। ਜਦੋਂ 1941 ਵਿਚ ਇਹ ਫਿਲਮ ਰਿਲੀਜ਼ ਹੋਈ ਤਾਂ ਅਖਬਾਰ 'ਨਿਊਯਾਰਕ ਟਾਈਮਜ਼' ਦਾ ਕਹਿਣਾ ਸੀ ਕਿ ਸ਼ਾਇਦ ਇਹ ਸਿਨੇਮਾ ਦੀ ਸਭ ਤੋਂ ਮਹਾਨ ਫਿਲਮ ਸਾਬਿਤ ਹੋਵੇ। ਸੱਤਰ ਸਾਲਾਂ ਬਾਅਦ ਇਹੀ ਅਖਬਾਰ ਲਿਖਦਾ ਹੈ ਕਿ ਅੱਜ ਵੀ ਇਸ ਫਿਲਮ ਬਾਰੇ ਇਹੀ ਲਿਖਣਾ ਸਹੀ ਹੈ ਪਰ ਹੁਣ ਸ਼ਾਇਦ ਲਗਾਉਣ ਦੀ ਕੋਈ ਜ਼ਰੂਰਤ ਨਹੀਂ।*






*ਅਦਾਕਾਰ ਤੇ ਫਿਲਮਸਾਜ਼ ਓਰਸਨ ਵੈਲੇਸ ਅਤੇ (ਸੱਜੇ) ਫਿਲਮ 'ਸਿਟੀਜ਼ਨ ਕੇਨ' ਦਾ ਇਕ ਦ੍ਰਿਸ਼।*

ਸੰਸਾਰ ਸਿਨੇਮਾ ਦੇ ਇਤਿਹਾਸ ਵਿਚ ਬਹੁਤ ਘੱਟ ਅਜਿਹੀਆਂ ਫਿਲਮਾਂ ਹਨ ਜਿਨ੍ਹਾਂ ਦੇ ਤਕਨੀਕੀ ਤੱਤਾਂ ਅਤੇ ਫਿਲਮਾਂਕਣ ਦੇ ਤਰੀਕਿਆਂ ਬਾਰੇ ਲਗਾਤਾਰ ਖੋਜ ਕਾਰਜ ਜਾਰੀ ਰਹਿੰਦੇ ਹੋਣ ਤੇ ਲੱਗਭੱਗ ਪੂਰੀ ਸਦੀ ਉਹ ਫਿਲਮ ਸਾਰੇ ਫਿਲਮ-ਸਕੂਲਾਂ ਦੇ ਸਿਲੇਬਸ ਦਾ ਜ਼ਰੂਰੀ ਹਿੱਸਾ ਬਣੀ ਰਹੇ। ਜਦੋਂ 'ਸਿਟੀਜ਼ਨ ਕੇਨ' ਰਿਲੀਜ਼ ਹੋਈ ਤਾਂ ਬਹੁਤ ਬੁਰੀ ਤਰ੍ਹਾਂ ਫਲਾਪ ਹੋ ਗਈ। ਇਸ ਦਾ ਕਾਰਨ ਇਹ ਵੀ ਸੀ ਕਿ ਇਹ ਦੌਰ ਚਾਰਲੀ ਚੈਪਲਿਨ ਅਤੇ ਬਸਟਰ ਕੀਟਨ ਦਾ ਦੌਰ ਸੀ ਜਿਨ੍ਹਾਂ ਦੀਆਂ ਫਿਲਮਾਂ ਘੱਟ ਬਜਟ ਵਾਲੀਆਂ, ਬਿਨਾਂ ਕੱਟ ਵਾਲੇ ਸੰਪਾਦਨ ਤੇ ਲੌਂਗ ਕੱਟ ਵਾਲੀਆਂ ਹੁੰਦੀਆਂ ਸਨ। ਇਸ ਤੋਂ ਬਿਨਾਂ ਇਨ੍ਹਾਂ ਫਿਲਮਾਂ ਦਾ ਮੁੱਖ ਉਦੇਸ਼ ਹਲਕੇ-ਫੁਲਕੇ ਲਹਿਜੇ ਵਿਚ ਅਜਿਹੀਆਂ ਕਹਾਣੀਆਂ ਦੀ ਸਿਰਜਣਾ ਕਰਨਾ ਸੀ ਜਿਨ੍ਹਾਂ ਦਾ ਆਦਿ ਤੇ ਅੰਤ ਨਾਟਕ ਵਾਗ ਦਰਸ਼ਕਾਂ ਸਾਹਮਣੇ ਖੁੱਲ੍ਹਦਾ ਜਾਂਦਾ ਸੀ।

ਫਿਲਮ 'ਸਿਟੀਜ਼ਨ ਕੇਨ' ਰਿਲੀਜ਼ ਹੋਈ ਤਾਂ ਇਸ ਨੇ ਕਲਪਨਾ ਅਤੇ ਯਥਾਰਥ ਵਿਚਕਾਰ ਚਿਰਾਂ ਤੋਂ ਮਿਥੀ ਆ ਰਹੀ ਦੀਵਾਰ ਭੰਨ ਦਿੱਤੀ। ਅੱਜਕੱਲ੍ਹ ਦੇ ਥ੍ਰੀ-ਡੀ ਜਾਂ ਫੋਰ-ਡੀ ਵਾਲੇ ਦੌਰ ਤੋਂ ਧਿਆਨ ਹਟਾ ਕੇ ਉਸ ਦੌਰ ਦੀ ਕਲਪਨਾ ਕਰੋ ਜਦੋਂ ਦਰਸ਼ਕਾਂ ਲਈ ਇਸ ਗੱਲ ਦੀ ਕਲਪਨਾ ਕਰਨਾ ਹੀ ਅਸੁਭਾਵਿਕ ਸੀ ਕਿ ਸੁਪਨਿਆਂ ਤੇ ਯਾਦਾਂ ਨੂੰ ਵੀ ਫਲੈਸ਼ਬੈਕ ਦੀ ਅਦੁੱਤੀ ਤਕਨੀਕ ਰਾਹੀਂ ਸਕਰੀਨ ਤੇ ਦੇਖਿਆ ਜਾ ਸਕਦਾ ਹੈ। ਇਸ ਫਿਲਮ ਨੇ ਦਰਸ਼ਕਾਂ ਦਾ ਮਨੋਰੰਜਨ ਕਰਨ ਦੇ ਨਾਲ ਨਾਲ ਉਨ੍ਹਾਂ ਦੁਆਰਾ ਸੁਪਨੇ ਲੈਣ ਯਾਦ ਕਰਨ, ਕਿਸੇ ਵੀ ਘਟਨਾ ਦੇ ਦੁਹਰਾਉ ਤੇ ਘਟਨਾਵਾਂ ਨੂੰ ਵੱਖ ਵੱਖ ਕਿਰਦਾਰਾਂ ਦੁਆਰਾ ਬਿਆਨ ਕੀਤੇ ਜਾਣ ਨੂੰ ਦ੍ਰਿਸ਼ਾਂ ਤੇ ਆਵਾਜ਼ਾਂ ਦੁਆਰਾ ਸੰਭਵ ਸਾਬਿਤ ਕੀਤਾ ਤੇ ਇਸ ਨੂੰ ਮੁਮਕਿਨ ਕਰ ਕੇ ਦਿਖਾਇਆ।

ਇਸ ਫਿਲਮ ਨੂੰ ਇੰਨਾ ਸ਼ਾਨਦਾਰ ਬਣਾਉਣ ਵਿਚ ਇਸ ਫਿਲਮ ਦੇ ਸਿਨਮੈਟੋਗ੍ਰਾਫਰ ਗ੍ਰੈਗ ਟੋਲੈਂਡ ਦਾ ਵੱਡਾ ਰੋਲ ਹੈ। ਜਿਨ੍ਹਾਂ ਦਿਨਾਂ ਵਿਚ ਇਹ ਫਿਲਮ ਬਣਾਈ ਗਈ, ਉਹ ਲੈਂਨਜ਼ਾਂ ਅਤੇ ਲਾਈਟਿੰਗ ਦੇ ਮਾਮਲਿਆਂ ਵਿਚ ਕਈ ਨਵੇਂ ਤਜਰਬੇ ਕਰ ਰਿਹਾ ਸੀ। ਇਸ ਫਿਲਮ ਦੇ ਦ੍ਰਿਸ਼ਾਂ ਦੇ ਪਿੱਛੇ ਪਿੱਠ-ਭੂਮੀ ਵਿਚ ਵੀ ਕਈ ਦ੍ਰਿਸ਼ ਚੱਲਦੇ ਰਹਿੰਦੇ ਹਨ। ਮਿਸਾਲ ਵਜੋਂ ਜਦੋਂ ਛੋਟੇ ਕੇਨ ਦੇ ਘਰ ਉਸ ਨੂੰ ਲੈ ਕੇ ਜਾਣ ਲਈ ਉਨ੍ਹਾਂ ਦਾ ਲਾਲਚੀ ਰਿਸ਼ਤੇਦਾਰ ਉਸ ਦੇ ਮਾਪਿਆਂ ਨਾਲ ਗੱਲਬਾਤ ਕਰ ਰਿਹਾ ਹੁੰਦਾ ਹੈ ਤਾਂ ਛੋਟਾ ਕੇਨ ਇਸ ਸਭ ਤੋਂ ਬੇਖਬਰ ਆਪਣੀ ਖੇਡ ਵਿਚ ਮਸਤ ਹੈ ਅਤੇ ਉਹ ਘਰ ਦੀ ਖਿੜਕੀ ਵਿਚੋਂ ਦਰਸ਼ਕਾਂ ਨੂੰ ਨਜ਼ਰ ਵੀ ਆ ਰਿਹਾ ਹੈ। ਇਸ ਫਿਲਮ ਰਾਹੀਂ ਨਿਰਦੇਸ਼ਕ ਨੇ ਇਸ ਸਾਬਿਤ ਕਰ ਦਿੱਤਾ ਕਿ ਜ਼ਿੰਦਗੀ ਵਾਂਗ ਫਿਲਮ ਵਿਚ ਵੀ ਬਹੁਤ ਸਾਰੇ ਵਰਤਾਰੇ ਇੱਕੋ ਸਮੇਂ ਤੇ ਵਰਤਦੇ ਹੋ ਸਕਦੇ ਹਨ ਅਤੇ ਇਸ ਦੇ ਬਾਵਜੂਦ ਇੱਕ-ਦੂਜੇ ਤੋਂ ਬਿਲਕੁੱਲ ਅਣਜਾਣ ਤੇ ਅਣਭਿੱਜ ਹੋ ਸਕਦੇ ਹਨ।



*ਫਿਲਮ 'ਸਿਟੀਜ਼ਨ ਕੇਨ' ਦਾ ਸਿਨਮੈਟੋਗ੍ਰਾਫਰ ਗ੍ਰੈਗ ਟੋਲੈਂਡ।*

ਇਸ ਫਿਲਮ ਦੇ ਨਿਰਦੇਸ਼ਕ ਦੀ ਇਹ ਫਿਲਮ ਉਸ ਦੁਆਰਾ ਸਟੂਡੀਓ ਦੀ ਮਿੱਥ ਨੂੰ ਦਰਕਿਨਾਰ ਕਰਨ ਦੀ ਵੀ ਹੈ। ਉਸ ਨੇ ਇਹ ਫਿਲਮ ਕਿਸੇ ਵੱਡੇ ਸਟੂਡੀਓ ਜਾਂ ਨਿਰਮਾਤਾ ਦੀ ਸਹਾਇਤਾ ਤੋਂ ਬਿਨਾਂ ਬਣਾਈ। ਉਸ ਨੂੰ ਪਤਾ ਸੀ ਕਿ ਕਿ ਕਿਸੇ ਵੱਡੇ ਪ੍ਰੋਡਕਸ਼ਨ ਹਾਊਸ ਦਾ ਹੱਥ ਸਿਰ ਤੇ ਹੋਣ ਤੋਂ ਬਿਨਾਂ ਉਸ ਲਈ ਸਫਲ ਹੋਣਾ ਸੰਭਵ ਨਹੀਂ, ਇਸ ਦੇ ਬਾਵਜੂਦ ਉਸ ਨੇ ਇਹ ਫਿਲਮ ਬਣਾਉਣ ਦਾ ਜੋਖਿਮ ਲਿਆ। ਇਸ ਫਿਲਮ ਤੋਂ ਇਲਾਵਾ ਵੀ ਉਸ ਦੀ ਇੱਕ ਫਿਲਮ 'ਸਟ੍ਰੇਜ਼ਰ' ਹੀ ਸਫਲ ਰਹੀ ਤੇ ਇੱਕ ਦੌਰ ਅਜਿਹਾ ਵੀ ਆਇਆ ਕਿ ਉਹਨੂੰ ਦੂਜਿਆਂ ਦੀਆਂ ਫਿਲਮਾਂ ਵਿਚ ਅਦਾਕਾਰ ਦਾ ਰੋਲ ਕਰਨਾ ਪਿਆ ਤੇ ਨਿਰਦੇਸ਼ਨ ਦੇ ਆਪਣੇ ਜਨੂਨ ਨੂੰ ਅਲਵਿਦਾ ਕਹਿਣਾ ਪਿਆ। ਇਨ੍ਹਾਂ ਦਿਨਾਂ ਵਿਚ ਉਸ ਦੀ ਇਸ ਫਿਲਮ ਦੀ ਕਹਾਣੀ ਵਾਂਗ ਹੀ ਉਸ ਦੇ ਪਰਿਵਾਰਕ ਮੈਂਬਰ ਅਤੇ ਉਸ ਦੀ ਪਤਨੀ ਉਸ ਨੂੰ ਛੱਡ ਕੇ ਚਲੇ ਗਏ।

ਇਸ ਫਿਲਮ ਦੀ ਇੱਕ ਖਾਸੀਅਤ ਇਸ ਦਾ ਸੰਗੀਤ ਹੈ। ਅਜਿਹਾ ਸੰਗੀਤ ਤੇ ਪਿੱਠਭੂਮੀ ਵਿਚ ਚੱਲਣ ਵਾਲੀਆਂ ਆਵਾਜ਼ਾਂ ਬਾਰੇ ਚਰਚਾ ਕਰਨ ਤੋਂ ਪਹਿਲਾ ਇਹ ਜਾਣਨਾ ਮਹੱਤਵਪੂਰਨ ਹੈ ਕਿ ਓਰਸਨ ਵੈਲੇਸ ਇੱਕ ਰੇਡੀਓ ਸੰਪਾਦਕ ਅਤੇ ਐਂਕਰ ਸੀ। ਇਹ ਫਿਲਮ ਬਣਾਉਣ ਤੋਂ ਕੁਝ ਦਿਨ ਪਹਿਲਾਂ ਉਸ ਦਾ ਇੱਕ ਪ੍ਰੋਗਰਾਮ 'ਦਿ ਵਾਰ ਆਫ ਦਿ ਵਰਲਡ' ਵਿਵਾਦਾਂ ਵਿਚ ਘਿਰ ਚੁੱਕਿਆ ਸੀ ਜਿਸ ਰਾਹੀਂ ਉਸ ਨੇ ਅਮਰੀਕੀਆਂ ਨੂੰ ਸਿਰਫ ਆਵਾਜ਼ਾਂ ਦੀ ਵਰਤੋਂ ਰਾਹੀਂ ਇਹ ਯਕੀਨ ਦਿਵਾ ਦਿੱਤਾ ਸੀ ਕਿ ਉਨ੍ਹਾਂ ਉਪਰ ਮੰਗਲ ਗ੍ਰਹਿ ਵਾਲਿਆਂ ਨੇ ਹਮਲਾ ਕਰ ਦਿੱਤਾ ਹੈ। ਇਸ ਫਿਲਮ ਵਿਚ ਵੀ ਬਹੁਤੇ ਕਿਰਦਾਰਾਂ ਦੇ ਕਦਮਾਂ ਦੀ ਆਵਾਜ਼ ਨਾਟਕੀ ਹੈ ਤੇ ਦ੍ਰਿਸ਼ਾਂ ਦੇ ਵਾਪਰਨ ਨੂੰ ਯਥਾਰਥ ਰੂਪ ਦਿੰਦੀ ਹੈ।

ਫਿਲਮ 'ਸਿਟੀਜ਼ਨ ਕੇਨ' ਨੂੰ ਸਿਰਫ ਫਿਲਮ ਦੇ ਤੌਰ ਤੇ ਪੜ੍ਹਨਾ ਇਸ ਨਾਲ ਬੇਇਨਸਾਫੀ ਹੋਵੇਗੀ। ਇਹ ਉਸ ਦੌਰ ਦੇ ਰੇਡੀਓ ਤੇ ਸਟੂਡੀਓ ਆਧਾਰਿਤ ਸਿਨੇਮਾ ਦਾ ਸੱਚ ਵੀ ਸਾਹਮਣੇ ਲਿਆਉਂਦੀ ਹੈ। ਇਸ ਫਿਲਮ ਦੀ ਕਹਾਣੀ ਬੇਹੱਦ ਸਾਧਾਰਨ ਹੈ ਪਰ ਇੰਨੀ ਗੁੰਝਲਦਾਰ ਹੈ ਕਿ ਇਸ ਵਿਚੋਂ ਸੱਚ ਨਿਤਾਰਨਾ ਔਖਾ ਹੈ। ਜਦੋਂ 1941 ਵਿਚ ਇਹ ਫਿਲਮ ਰਿਲੀਜ਼ ਹੋਈ ਤਾਂ ਅਖਬਾਰ 'ਨਿਊਯਾਰਕ ਟਾਈਮਜ਼' ਦਾ ਕਹਿਣਾ ਸੀ ਕਿ ਸ਼ਾਇਦ ਇਹ ਸਿਨੇਮਾ ਦੀ ਸਭ ਤੋਂ ਮਹਾਨ ਫਿਲਮ ਸਾਬਿਤ ਹੋਵੇ। ਸੱਤਰ ਸਾਲਾਂ ਬਾਅਦ ਇਹੀ ਅਖਬਾਰ ਲਿਖਦਾ ਹੈ ਕਿ ਅੱਜ ਵੀ ਇਸ ਫਿਲਮ ਬਾਰੇ ਇਹੀ ਲਿਖਣਾ ਸਹੀ ਹੈ ਪਰ ਹੁਣ ਸ਼ਾਇਦ ਲਗਾਉਣ ਦੀ ਕੋਈ ਜ਼ਰੂਰਤ ਨਹੀਂ। ਇਹ ਅਖਬਾਰੀ ਕਹਾਣੀ ਹੈ ਪਰ ਇਹ ਅਖਬਾਰ ਦੀ ਕਹਾਣੀ ਵੀ ਹੈ। ਇਹ ਸੱਚ ਦੀ ਤਲਾਸ਼ ਦੀ ਫਿਲਮ ਹੈ ਜਿਸ ਵਿਚ ਅਸਲ ਸੱਚ ਨਾਮਾਤਰ ਹੈ। ਇਹ ਬੀਤ ਗਏ ਦੀ ਕਹਾਣੀ ਹੈ ਪਰ ਉਸ ਬੀਤ ਗਏ ਬਾਰੇ ਕਿਸੇ ਨੂੰ ਪਤਾ ਨਹੀਂ ਲੱਗ ਰਿਹਾ ਕਿ ਉਸ ਨੂੰ ਕਿਹੜੇ ਸ਼ਬਦਾਂ ਵਿਚ ਬਿਆਨ ਕੀਤਾ ਜਾਵੇ। ਇਹ ਸਫਲ ਇਨਸਾਨ ਦੀ ਕਹਾਣੀ ਹੈ ਜਿਹੜਾ ਆਪਣੇ ਹੱਥੋਂ ਹੀ ਹਾਰ ਚੁੱਕਿਆ ਹੈ। 1998 ਵਿਚ ਅਮਰੀਕਨ ਫਿਲਮ ਇੰਸਟੀਚਿਊਟ ਨੇ ਫਿਲਮ ਜਗਤ ਨਾਲ ਜੁੜੀਆਂ ਹਸਤੀਆਂ ਤੋਂ ਵੋਟਿੰਗ ਕਰਵਾਈ ਜਿਸ ਵਿਚ ਉਨ੍ਹਾਂ ਨੇ '100 ਸਾਲ-100 ਫਿਲਮਾਂ' ਤਹਿਤ ਚੋਣ ਕਰਨੀ ਸੀ। ਇਹ ਫਿਲਮ ਫਿਰ ਪਹਿਲੇ ਨੰਬਰ ਤੇ ਰਹੀ। ਇਉਂ ਹਰ ਬੀਤ ਰਹੇ ਵਰ੍ਹੇ ਨਾਲ ਇਸ ਦੀ ਨਵੀਂ ਤੋਂ ਨਵੀਂ ਵਿਆਖਿਆ ਸਾਹਮਣੇ ਆਉਂਦੀ ਰਹਿੰਦੀ ਹੈ ਤੇ ਇਸ ਦੀ ਮਹਾਨਤਾ ਨੂੰ ਸਥਾਈ ਬਣਾਈ ਰੱਖਦੀ ਹੈ।

# ਜੂਹੀ ਚਾਵਲਾ ਦੇ ਸਵਾਲ

ਫਿਲਮ ਅਦਾਕਾਰਾ ਅਤੇ ਵਾਤਾਵਰਨ ਪ੍ਰੇਮੀ ਜੂਹੀ ਚਾਵਲਾ ਨੇ ਸੋਸ਼ਲ ਮੀਡੀਆ 'ਤੇ ਕਿਹਾ ਕਿ ਉਹ 5-ਜੀ ਤਕਨੀਕ ਦੇ ਖਿਲਾਫ ਨਹੀਂ, ਉਹ ਅਤੇ ਉਸ ਦੇ ਸਾਥੀ ਸਿਰਫ ਇਹ ਜਾਣਨਾ ਚਾਹੁੰਦੇ ਹਨ ਕਿ ਇਹ ਸਭ ਲਈ ਸੁਰੱਖਿਅਤ ਹੈ ਜਾਂ ਨਹੀਂ। ਉਹਨੇ ਇੰਸਟਾਗ੍ਰਾਮ 'ਤੇ ਇਕ ਵੀਡੀਓ ਸਾਂਝੀ ਕਰਦਿਆਂ ਕਿਹਾ, "ਪਿਛਲੇ ਕੁਝ ਦਿਨਾਂ ਵਿਚ ਇੱਥੇ ਇੰਨਾ ਰੌਲਾ-ਰੱਪਾ ਸੀ ਕਿ ਮੈਂ ਆਪਣੇ ਆਪ ਨੂੰ ਵੀ ਨਹੀਂ ਸੁਣ ਸਕੀ ਅਤੇ ਮੈਂ ਮਹਿਸੂਸ ਕਰਦੀ ਹਾਂ ਕਿ ਇਸ ਰੌਲੇ ਵਿਚ ਇੱਕ ਬਹੁਤ ਹੀ ਮਹੱਤਵਪੂਰਨ ਸੰਦੇਸ਼ ਗੁੰਮ ਹੋ ਗਿਆ ਜੋ ਇਹ ਹੈ ਕਿ ਅਸੀਂ 5-ਜੀ ਦੇ ਵਿਰੁੱਧ ਨਹੀਂ ਸਗੋਂ ਅਸੀਂ ਤਾਂ ਇਸ ਦਾ ਸਵਾਗਤ ਕਰ ਰਹੇ ਹਾਂ, ਇਸ ਨੂੰ ਲਿਆਓ ਪਰ ਅਸੀਂ ਇਹ ਪੁੱਛ ਰਹੇ ਹਾਂ ਕਿ ਅਥਾਰਿਟੀ ਇਹ ਸਾਫ ਕਰੇ ਕਿ 5-ਜੀ ਸੁਰੱਖਿਅਤ ਹੈ। ਇਹ ਸਪਸ਼ਟ ਕੀਤਾ ਜਾਵੇ ਅਤੇ ਇਸ ਨੂੰ ਬਣਾਉਣ ਦੀ ਖੋਜ ਵਿਧੀ ਲੋਕਾਂ ਨੂੰ ਦੱਸੀ ਜਾਵੇ ਤਾਂ ਜੋ ਇਸ ਬਾਰੇ ਡਰ ਦੂਰ ਹੋ ਸਕੇ। ਅਸੀਂ ਸਿਰਫ ਇਹ ਜਾਣਨਾ ਚਾਹੁੰਦੇ ਹਾਂ ਕਿ ਇਹ ਬੱਚਿਆਂ, ਗਰਭਵਤੀ ਔਰਤਾਂ, ਅਣਜੰਮੇ ਬੱਚਿਆਂ ਲਈ ਅਤੇ ਬਜ਼ੁਰਗਾਂ ਲਈ ਸੁਰੱਖਿਅਤ ਹੈ। ਜੂਹੀ ਦੀ ਇਹ ਵੀਡੀਓ ਉਸ ਵੱਲੋਂ 5-ਜੀ ਵਾਇਰਲੈੱਸ ਨੈੱਟਵਰਕ ਵਿਰੁੱਧ ਦਿੱਲੀ ਹਾਈ ਕੋਰਟ ਵਿੱਚ ਦਾਇਰ ਕੀਤੀ ਸ਼ਿਕਾਇਤ ਦੇ ਖਾਰਜ ਹੋਣ ਤੋਂ ਕੁਝ ਦਿਨਾਂ ਬਾਅਦ ਆਈ ਹੈ। ਅਦਾਲਤ ਨੇ ਉਸ ਦੀ ਇਹ ਸ਼ਿਕਾਇਤ ਰੱਦ ਹੀ ਨਹੀਂ ਕੀਤੀ ਸਗੋਂ ਉਸ ਨੂੰ 20 ਲੱਖ ਰੁਪਏ ਦਾ ਜੁਰਮਾਨਾ ਵੀ ਕਰ ਦਿੱਤਾ ਹੈ।



# 'ਦੇਸ਼ਧ੍ਰੋਹੀ' ਆਇਸ਼ਾ ਸੁਲਤਾਨਾ

ਫਿਲਮ ਅਦਾਕਾਰਾ ਆਇਸ਼ਾ ਸੁਲਤਾਨਾ ਜਿਸ ਖਿਲਾਫ ਲਕਸ਼ਦੀਪ ਦੀ ਪੁਲਿਸ ਨੇ ਦੇਸ਼ਧ੍ਰੋਹ ਦਾ ਮੁਕੱਦਮਾ ਦਰਜ ਕੀਤਾ ਹੈ, ਨੇ ਕੇਰਲ ਹਾਈ ਕੋਰਟ ਵਿਚ ਅਗਾਊਂ ਜ਼ਮਾਨਤ ਲਈ ਅਰਜ਼ੀ ਦਾਖਲ ਕੀਤੀ ਹੈ। ਆਪਣੀ ਅਰਜ਼ੀ ਵਿਚ ਸੁਲਤਾਨਾ ਨੇ ਕਿਹਾ ਕਿ ਜੇ ਉਹ ਕਵਰੱਤੀ ਜਾਂਦੀ ਹੈ ਤਾਂ ਉਸ ਨੂੰ ਗ੍ਰਿਫਤਾਰ ਕੀਤਾ ਜਾ ਸਕਦਾ ਹੈ।

ਯਾਦ ਰਹੇ ਕਿ ਪੁਲਿਸ ਨੇ ਸੁਲਤਾਨਾ ਨੂੰ 20 ਜੂਨ ਨੂੰ ਕਵਰੱਤੀ ਥਾਣੇ ਵਿਚ ਪੇਸ਼ ਹੋਣ ਲਈ ਕਿਹਾ ਹੈ। ਸੁਲਤਾਨਾ ਵਿਰੁਧ ਇਕ ਭਾਜਪਾ ਆਗੂ ਨੇ ਸ਼ਿਕਾਇਤ ਦਿੱਤੀ ਸੀ ਅਤੇ ਪੁਲੀਸ ਨੇ ਉਸ ਖਿਲਾਫ 10 ਜੂਨ ਨੂੰ ਦੇਸ਼ਧ੍ਰੋਹ ਦਾ ਕੇਸ ਦਰਜ ਕਰ ਲਿਆ ਸੀ। ਭਾਜਪਾ ਆਗੂ ਨੇ ਦੋਸ਼ ਲਾਇਆ ਸੀ ਕਿ ਆਇਸ਼ਾ ਸੁਲਤਾਨਾ ਨੇ ਟੀ.ਵੀ. ਚੈਨਲ 'ਤੇ ਵਿਚਾਰ-ਚਰਚਾ ਦੌਰਾਨ ਕੋਵਿਡ ਫੈਲਣ ਬਾਰੇ ਝੂਠ ਫੈਲਾਇਆ ਸੀ। ਸ਼ਿਕਾਇਤ ਭਾਜਪਾ ਦੀ ਲਕਸ਼ਦੀਪ ਇਕਾਈ ਦੇ ਪ੍ਰਧਾਨ ਅਬਦੁੱਲ ਖਾਦਰ ਨੇ ਦਿੱਤੀ ਸੀ। ਖਾਦਰ ਦਾ ਕਹਿਣਾ ਹੈ ਕਿ ਸੁਲਤਾਨਾ ਨੇ ਟੀ.ਵੀ. ਚੈਨਲ ਦੇ ਇਕ ਪ੍ਰੋਗਰਾਮ ਵਿਚ ਦੋਸ਼ ਲਾਇਆ ਹੈ ਕਿ ਕੇਂਦਰ ਸਰਕਾਰ ਲਕਸ਼ਦੀਪ ਵਿਚ ਕੋਵਿਡ ਫੈਲਾਉਣ ਲਈ 'ਜੈਵਿਕ ਹਥਿਆਰ' ਵਰਤ ਰਹੀ ਹੈ।



ਸੁਲਤਾਨਾ ਨੇ ਮਾਡਲਿੰਗ ਦੇ ਨਾਲ-ਨਾਲ ਕਈ ਮਲਿਆਲਮ ਫਿਲਮਾਂ ਵਿਚ ਭੂਮਿਕਾਵਾਂ ਨਿਭਾਈਆਂ ਹਨ। ਇਸੇ ਦੌਰਾਨ, ਨੈਸ਼ਨਲ ਕਾਨਫਰੰਸ ਦੇ ਮੀਤ ਪ੍ਰਧਾਨ ਉਮਰ ਅਬਦੁੱਲਾ ਨੇ ਕਿਹਾ ਹੈ ਕਿ ਲੋਕਤੰਤਰ ਵਿਚ ਉਚੇ ਅਹੁਦਿਆਂ 'ਤੇ ਬੈਠੇ ਲੋਕਾਂ ਦੀ ਆਲੋਚਨਾ ਕਰਨਾ ਹਰ ਨਾਗਰਿਕ ਦਾ ਅਧਿਕਾਰ ਹੈ ਅਤੇ 'ਅਸਹਿਣਸ਼ੀਲ ਆਗੂਆਂ' ਨੂੰ ਪੁਰਾਣੇ ਕਾਨੂੰਨਾਂ ਦੀ ਆੜ ਨਹੀਂ ਲੈਣੀ ਚਾਹੀਦੀ ਹੈ। ਟਵਿਟਰ 'ਤੇ ਉਨ੍ਹਾਂ ਕਿਹਾ, "ਲਕਸ਼ਦੀਪ ਦੇ ਪ੍ਰਸ਼ਾਸਕ ਪ੍ਰਫੁੱਲ ਪਟੇਲ ਦੀ ਆਲੋਚਨਾ ਨਾਲ ਦੇਸ਼ਧ੍ਰੋਹ ਦਾ ਕੇਸ ਨਹੀਂ ਬਣਦਾ ਹੈ।" ਹੋਰ ਕਈ ਕਲਾਕਾਰਾਂ ਅਤੇ ਸ਼ਖਸੀਅਤਾਂ ਨੇ ਵੀ ਆਇਸ਼ਾ ਸੁਲਤਾਨਾ ਦਾ ਸਮਰਥਨ ਕੀਤਾ ਹੈ ਅਤੇ ਕਿਹਾ ਕਿ ਭਾਜਪਾ ਆਗੂ ਆਪਣੇ ਖਿਲਾਫ ਆਵਾਜ਼ ਬੁਲੰਦ ਕਰਵਾਉਣ ਵਾਲਿਆਂ ਨੂੰ ਡਰਾ ਰਹੇ ਹਨ। ਯਾਦ ਰਹੇ ਕਿ ਲਕਸ਼ਦੀਪ ਵਿਚ ਪ੍ਰਫੁੱਲ ਪਟੇਲ ਦੀਆਂ ਵਧੀਖੀਆਂ ਖਿਲਾਫ ਲੋਕ ਵੱਡੀ ਪੱਧਰ 'ਤੇ ਰੋਸ ਪ੍ਰਗਟਾ ਰਹੇ ਹਨ।

# Golden State Realty

Real Estate and Loans Under One Roof

ਘਰਾਂ ਦੀ ਵਧੀਆ ਡੀਲ ਤੇ ਘਟ ਤੋਂ ਘਟ ਵਿਆਜ ਦਰਾਂ ’ਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

**Selling Homes from Gilroy to Sacramento, CA**

Call us before visiting new model homes to save big time.

ਪਿਛਲੇ 34 ਸਾਲਾਂ ਤੋਂ ਬਿਜਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

**Time to buy new home in Tracy, Manteca, Lothrop and Stockton**

Pinnacle Award Winner 2014, 2015, 2016 & 2017

Grand Master Award Winner 2013, 2018, 2019 & 2020

Active listings: 14721 Kit Carson Dr., Marina, CA 93933 (4 Bed, 3 Bath; Asking: $1,193,000)

*Call for Listing Special 2021*

## Ph: 510-304-9292 or 408-666-8279



Anmol Singh Gill
REALTOR
Bre. # 02062952



Jaswinder (Jassi) Gill
M.Sc (PAU)
CA BRE# 00966763
Broker/Owner/Notary



Harjot Singh Gill
REALTOR
Bre. # 02036421
Ph: 408.413.8350



Rakesh Pabla
REALTOR
Lic no: 01507068
Ph: 408.531.5464

Fremont Office: 86 Pilgrim Loop, Fremont CA 94539
Tel: 510-440-9292

Visit us @ www.jassigill.com for hot listings

## Recent Sales

1. 46925 Chemult Cmn #50 Fremont, CA, 94539
2. 426 King Ave, Fremont, CA, 94536
3. 3337 Prado Ln, San Jose, CA, 95148
4. 721 Saffron Dr, Tracy, CA, 95377
5. 3551 Santiago Ave, Merced, CA, 95348
6. 139 Vivid Lane, Hayward, CA 94544
7. 491 Millpond Ave, Lathrop, CA 95330
8. 1863 San Andres Dr, Pittsburg, CA 94565
9. 891 Greenfield Ave, Clovis, CA 93611
10. 6765 E Sussex Way, Fresno, CA 93727
11. 2555 Elderberry Ave, Tracy, CA 95377
12. 451 Helen Dr, Ripon, CA 95366

Market is hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.

## Purchase Loan and Refinance

15 & 30 Yr Fixed Rates Are Still Better!!! Refinance Now At Zero Cost

Call Sukhveer (Sukhi) Gill Ph: 510-207-9067
DHMS, Loan Broker
CA BRE Lic.#01180969
NMLS# 352095



**We support Farmers**

ਆਓ, ਕਿਸਾਨੀ ਸੰਘਰਸ਼ ਲਈ ਜੂਝ ਰਹੇ ਕਿਰਤੀਆਂ-ਕਿਸਾਨਾਂ ਦੀ ਚੜ੍ਹਦੀ ਕਲਾ ਲਈ ਅਰਦਾਸ ਕਰੀਏ ਅਤੇ ਉਨ੍ਹਾਂ ਦੀ ਹਮਾਇਤ ’ਚ ਆਪਣਾ ਬਣਦਾ ਯੋਗਦਾਨ ਪਾਈਏ

